
## Thinking Real Estate?



**BUYERS** we'll find the right home for you.
We have a common goal: Making you a homeowner.
**SELLERS** we know your local markets

*Pradeep Singh*
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

COLDWELL BANKER
Residential Brokerage

## BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet — Mon to Sat. 11am to 3pm, Sunday 2pm to 7pm



*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

## Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.



Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com *Associate Broker*



Twenty-Second Year of Publication ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 12, March 20, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਕਿਸਾਨ ਅੰਦੋਲਨ ਨੂੰ ਚੜ੍ਹਿਆ ਨਵਾਂ ਰੰਗ

## ਪੂਰੇ ਮੁਲਕ ਵਿਚ ਸੰਘਰਸ਼ ਦਾ ਪਿੜ ਬੱਝਣ ਲੱਗਾ

**ਚੰਡੀਗੜ੍ਹ:** ਖੇਤੀ ਕਾਨੂੰਨ ਰੱਦ ਕਰਵਾਉਣ, ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਸਣੇ ਹੋਰ ਮੰਗਾਂ ਨੂੰ ਲੈ ਕੇ ਪਿਛਲੇ 3 ਮਹੀਨਿਆਂ ਤੋਂ ਦਿੱਲੀ ਦੀਆਂ ਹੱਦ ਉਤੇ ਚੱਲ ਰਹੇ ਕਿਸਾਨ ਅੰਦੋਲਨ ਨੂੰ ਨਵਾਂ ਰੰਗ ਚੜ੍ਹਨ ਲੱਗਾ ਹੈ। ਇਸ ਅੰਦੋਲਨ ਨੇ ਮੋਦੀ ਸਰਕਾਰ ਦੇ ਰਵੱਈਏ ਤੋਂ ਖਫਾ ਹਰ ਧਿਰ/ਵਰਗ ਨੂੰ ਉਠ ਖੜ੍ਹੇ ਹੋਣ ਦੀ ਅਜਿਹੀ ਹੱਲਾਸ਼ੇਰੀ ਦਿੱਤੀ ਹੈ ਕਿ ਪੂਰੇ ਮੁਲਕ ਵਿਚ ਸੰਘਰਸ਼ ਦਾ ਪਿੜ ਬੱਝਣ ਲੱਗਾ ਹੈ।

ਮਹਿੰਗਾਈ ਅਤੇ ਨਿੱਜੀਕਰਨ ਦੇ ਮੁੱਦੇ ਨੇ ਲੋਕਾਂ ਵਿਚ ਰੋਹ ਭਰ ਦਿੱਤਾ ਹੈ। ਵਪਾਰੀ ਵਰਗ ਤੋਂ ਲੈ ਕੇ ਬੈਂਕ ਮੁਲਜ਼ਮ ਤੱਕ ਸਰਕਾਰ ਦੀ ਧੱਕੇਸ਼ਾਹੀ ਖਿਲਾਫ ਇਕਜੁਟ ਹੋ ਗਏ ਹਨ। ਹਾਲਾਤ ਇਹ ਹਨ ਕਿ ਗੱਲ ਸਿਰਫ ਭਾਰਤ ਤੱਕ ਸੀਮਤ ਨਹੀਂ ਰਹੀ। ਹੋਰ ਮੁਲਕਾਂ ਦੀਆਂ ਸੰਸਦਾਂ ਵਿਚ ਮੋਦੀ ਸਰਕਾਰ ਦੀਆਂ ਧੱਕੇਸ਼ਾਹੀਆਂ ਖਿਲਾਫ ਆਵਾਜ਼ ਚੁੱਕੀ ਜਾਣ ਲੱਗੀ ਹੈ। ਪਿਛਲੇ ਹਫਤੇ ਯੂ.ਕੇ. ਦੀ ਸੰਸਦ ਵਿਚ ਕਿਸਾਨ ਸੰਘਰਸ਼ ਦੇ ਮੁੱਦੇ ਉਤੇ ਵਿਚਾਰ ਚਰਚਾ ਤੋਂ ਮੋਦੀ ਸਰਕਾਰ ਦੇ ਹਾਲਾਤ ਅਜਿਹੇ ਹਨ ਕਿ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਅੰਤਰ-ਸੰਸਦੀ ਯੂਨੀਅਨ (ਆਈ.ਪੀ.ਯੂ.) ਨੂੰ ਉਲਾਂਭਾ ਦਿੰਦੇ ਹੋਏ ਕਹਿਣਾ ਪਿਆ ਕਿ ਕਿਸੇ ਵੀ ਸੰਸਦ ਨੂੰ ਦੂਜੇ ਮੁਲਕਾਂ ਦੀ ਵਿਧਾਨਪਾਲਿਕਾ ਵੱਲੋਂ ਪਾਸ ਕਾਨੂੰਨਾਂ ਉਤੇ ਚਰਚਾ ਨਹੀਂ ਕਰਨੀ ਚਾਹੀਦੀ।

ਇਥੋਂ ਤੱਕ ਕਿ ਕੇਂਦਰ ਸਰਕਾਰ ਦੇ ਵਿਵਾਦਤ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਨੂੰ ਰੱਦ ਕਰਵਾਉਣ ਲਈ ਮੁੜ ਤੋਂ ਮੰਗ ਉਠਣ ਲੱਗੀ ਹੈ। ਯਾਦ ਰਹੇ ਕਿ 2019 ਵਿਚ ਸੀ.ਏ.ਏ. ਖਿਲਾਫ ਵੱਡਾ ਸੰਘਰਸ਼ ਹੋਇਆ ਸੀ ਪਰ ਇਸ ਨੂੰ ਸੰਘਰਸ਼ ਨੂੰ ਦਿੱਲੀ ਵਿਚ ਹੋਏ ਦੰਗਿਆਂ ਅਤੇ ਕਰੋਨਾ



ਮਹਾਮਾਰੀ ਦੀ ਆੜ ਵਿਚ ਅਜਿਹੇ ਢੰਗ ਨਾਲ ਦਬਾਇਆ ਕਿ ਕਿਸੇ ਧਿਰ ਨੇ ਮੁੜ ਉਠਣ ਦੀ ਹਿੰਮਤ ਨਹੀਂ ਕੀਤੀ। ਹੁਣ ਕਿਸਾਨ ਅੰਦੋਲਨ ਨੇ ਸਰਕਾਰ ਦੀਆਂ ਧੱਕੇਸ਼ਾਹੀਆਂ ਖਿਲਾਫ ਚੁੱਪ ਬੈਠੀ ਹਰ ਧਿਰ ਨੂੰ ਹਲੂਣਿਆਂ ਹਨ। ਧਾਰਾ 370 ਖਤਮ ਕਰਨ ਪਿੱਛੋਂ ਸਖਤ ਪਾਬੰਦੀਆਂ ਦਾ ਸਾਹਮਣੇ ਕਰ ਰਹੇ ਕਸ਼ਮੀਰੀ ਲੋਕ ਵੀ ਸੜਕਾਂ ਉਤੇ ਆ ਡਟੇ

*(ਬਾਕੀ ਸਫਾ 6 ਉਤੇ)*

## ਹੁਣ ਦਿੱਲੀ ਦੀ ਸੱਤਾ ਹਥਿਆਉਣ ਦੀ ਤਿਆਰੀ?

**ਨਵੀਂ ਦਿੱਲੀ:** ਦਿੱਲੀ ਸਰਕਾਰ ਸੋਧ ਬਿੱਲ ਦਾ ਮੁੱਦਾ ਭਖ ਗਿਆ ਹੈ। ਕੇਂਦਰ ਸਰਕਾਰ ਨੇ ਇਸ ਬਿੱਲ ਰਾਹੀਂ ਦਿੱਲੀ ਦੇ ਉਪ ਰਾਜਪਾਲ ਦੀਆਂ ਸ਼ਕਤੀਆਂ ਵਿਚ ਵਾਧਾ ਕਰ ਦਿੱਤਾ ਹੈ। ਹੁਣ ਸਵਾਲ ਉਠ ਰਹੇ ਹਨ ਕਿ ਉਪ ਰਾਜਪਾਲ ਨੂੰ ਇੰਨੀਆਂ ਸ਼ਕਤੀਆਂ ਦੇਣ ਪਿੱਛੋਂ ਦਿੱਲੀ ਵਿਚ ਲੋਕਾਂ ਵੱਲੋਂ ਚੁਣੀ ਸਰਕਾਰ ਦੀ ਕੀ ਵੁਕਅਤ ਰਹੇ ਜਾਵੇਗੀ। ਦਿੱਲੀ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਇਸ ਖਿਲਾਫ ਸੰਘਰਸ਼ ਖੜ੍ਹਾ ਕਰਨ ਦਾ ਐਲਾਨ ਕਰ ਦਿੱਤਾ ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਕਹਿਣਾ ਹੈ ਕਿ ਭਾਜਪਾ ਪਰਦੇ ਦੇ ਪਿੱਛੇ ਸੱਤਾ ਹਥਿਆਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਵੱਲੋਂ ਦਿੱਤੇ ਗਏ ਫੈਸਲੇ ਦੇ ਉਲਟ ਹੈ। ਕੇਜਰੀਵਾਲ ਨੇ ਟਵੀਟ ਕੀਤਾ 'ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਰਫ 8 ਸੀਟਾਂ ਤੇ ਨਿਗਮ ਚੋਣਾਂ ਵਿਚ ਇਕ ਵੀ ਸੀਟ ਨਾ ਮਿਲਣ 'ਤੇ ਭਾਜਪਾ ਨੇ ਹੁਣ ਪਰਦੇ ਪਿੱਛਿਓਂ ਸੱਤਾ ਹਥਿਆਉਣ ਦੀ ਤਿਆਰੀ ਕਰ ਲਈ ਹੈ।

# ਅਕਾਲੀ ਦਲ ਵੱਲੋਂ ਵਿਧਾਨ ਸਭਾ ਚੋਣਾਂ ਦਾ ਬਿਗਲ

**ਚੰਡੀਗੜ੍ਹ:** ਪੰਜਾਬ ਵਿਚ 2022 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਖਰੇ ਹੀ ਰੰਗ ਵਿਚ ਰੰਗਿਆ ਨਜ਼ਰ ਆ ਰਿਹਾ ਹੈ। ਚੋਣਾਂ ਵਿਚ ਅਜੇ ਤਕਰੀਬਨ ਇਕ ਸਾਲ ਦਾ ਸਮਾਂ ਬਾਕੀ ਹੈ ਪਰ ਅਕਾਲੀ ਦਲ ਇੰਨੀ ਕਾਹਲੀ ਵਿਚ ਹੈ ਕਿ ਉਸ ਨੇ ਹੁਣ ਤੋਂ ਹੀ ਆਪਣੇ ਉਮੀਦਵਾਰਾਂ ਦਾ ਐਲਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਅਕਾਲੀ ਦਲ ਨੇ ਜਲਾਲਾਬਾਦ ਤੋਂ ਸੁਖਬੀਰ ਸਿੰਘ ਬਾਦਲ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ।

ਇਸ ਤੋਂ ਇਲਾਵਾ ਖੇਮਕਰਨ ਹਲਕੇ ਲਈ ਵਿਰਸਾ ਸਿੰਘ ਵਲਟੋਹਾ ਨੂੰ ਪਾਰਟੀ ਦਾ ਉਮੀਦਵਾਰ ਐਲਾਨਿਆ ਹੈ। ਸੁਖਬੀਰ ਨੇ ਇਹ ਐਲਾਨ ਖੇਮਕਰਨ ਹਲਕੇ ਦੇ ਕਸਬਾ ਅਮਰਕੋਟ ਵਿਚ ਵਿਰਸਾ ਸਿੰਘ ਵਲਟੋਹਾ ਵੱਲੋਂ ਕਰਵਾਈ ਰੈਲੀ ਨੂੰ ਸੰਬੋਧਨ ਕਰਦਿਆਂ ਕਰ ਦਿੱਤਾ। ਇਸ ਤਰ੍ਹਾਂ ਅਕਾਲੀ ਦਲ ਨੇ ਦੋ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਾਰੀਆਂ ਧਿਰਾਂ ਤੋਂ ਪਛੜ ਕੇ ਉਮੀਦਵਾਰ ਐਲਾਨਣ ਵਾਲੇ ਅਕਾਲੀ ਦਲ ਦੀ ਇਸ ਫੁਰਤੀ ਤੋਂ ਸਿਆਸੀ ਹਲਕੇ ਵੀ ਹੈਰਾਨ ਹਨ।



ਅਕਾਲੀ ਦਲ ਨੇ ਸਿਰਫ ਉਮੀਦਵਾਰਾਂ ਦਾ ਐਲਾਨ ਹੀ ਨਹੀਂ ਕਰ ਰਿਹਾ ਹੈ ਸਗੋਂ ਚੋਣ ਮੈਨੀਫੈਸਟੋ ਦੇ ਹਿੱਸੇ ਵਜੋਂ ਵੱਡੇ ਵਾਅਦੇ ਵੀ ਕੀਤੇ ਜਾ ਰਹੇ ਹਨ। ਅਕਾਲੀ ਦਲ ਵੱਲੋਂ ਕੈਪਟਨ ਅਮਰਿੰਦਰ ਸਿੰਘ 'ਤੇ ਧਾਰਮਿਕ ਗੁਟਕੇ ਦੀ ਝੂਠੀ ਸਹੁੰ ਖਾਣ, ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਨਾ ਕਰਨ, ਸਮਾਜ ਭਲਾਈ ਦੀਆਂ ਸਕੀਮਾਂ ਬੰਦ ਕਰ ਦੇਣ ਦੇ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ ਜਾ ਰਿਹਾ ਹੈ। ਅਕਾਲੀ ਦਲ ਦਾ ਦਾਅਵਾ ਹੈ ਕਿ ਉਨ੍ਹਾਂ ਕੈਪਟਨ ਸਰਕਾਰ ਖਿਲਾਫ ਜੰਗ ਸ਼ੁਰੂ ਕੀਤੀ ਹੈ ਤੇ ਲੋਕ ਇਸ ਵਾਰ 'ਪੰਥਕ ਪਾਰਟੀ' ਦਾ ਸਾਥ ਦੇਣਗੇ।

ਅਕਾਲੀ ਦਲ ਇਹ ਐਲਾਨ ਉਸ ਸਮੇਂ ਕਰ ਰਿਹਾ ਹੈ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਜਾਂਚ ਟੀਮ ਨੇ ਦਾਅਵਾ ਕੀਤਾ ਕਿ ਪੜਤਾਲ ਮੁਕੰਮਲ ਕਰ ਲਈ ਹੈ ਤੇ ਜਾਂਚ ਰਿਪੋਰਟ ਦੇ ਸਫਾ ਨੰਬਰ-41 ਵਿਚ ਕੋਟਕਪੂਰਾ ਗੋਲੀ ਕਾਂਡ ਦੀ ਸਾਜ਼ਿਸ਼ ਵਿਚ ਉਸ ਵੇਲੇ ਦੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਵੀ ਜ਼ਿਕਰ ਹੈ। ਪਿਛਲੀ ਵਾਰ ਬੇਅਦਬੀ ਤੇ ਬਦਅਮਨੀ ਖਿਲਾਫ ਰੋਹ ਕਾਰਨ ਸੱਤਾ ਗਵਾਉਣ ਵਾਲੀ ਅਕਾਲੀ ਸਰਕਾਰ ਲਈ ਆਉਣ ਵਾਲੇ ਦਿਨ ਵੱਡੀ ਚੁਣੌਤੀ ਵਾਲੇ ਮੰਨੇ ਜਾ ਰਹੇ ਹਨ।


## India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People

## Amber Indian Restaurant
*Restaurant-Fine Indian Cuisine*



12510 N. Meridian St.,
Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

## MOVING To INDIANA?
ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ
*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ
*ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ
*ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
Contact me today to BUY/SELL/INVEST in Indiana.
Ph: (317) 670-1055
Beenu.sikand@gmail.com
www.LegacyHomesInternational.com
*Successfully Selling Real Estate for 17 Years!*



*Beenu Sikand*
*Legacy Homes Intl.*
*Broker Owner,*
*Realtor, CRS, MBA*

## FRONTIER FUEL CARD
No obligation or contracts
*(cancel anytime)*
No minimum amount of fuel to buy
Minimal up front to put down
Receive detailed fuel reports
Jagdeep Bains
Jbains@frontierfundinginc.com
Ph: 417-818-1054

Now Open 7 Days a Week
## Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds



Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ


DEMOCRATS FOR PALATINE TOWNSHIP
VOTE APRIL 6, 2021
Elect Democrats
To Palatine Township Board
Tracy Boland
Clerk
Melissa Ortega
Supervisor
Matt Flamm
Highway
Commissioner
Deanna Santman
Trustee
Nathaniel Groh
Trustee
Megan Gawlik
Trustee
Thakar S. Basati
Trustee
TRANSPARENT-UNITED-INNOVATIVE
EVERY VOTE COUNTS!!
Apply for a mail ballot at https://www.cookcountyclerkil.gov/agency/vote-mail
Early Voting Starts March 22
Election Day is April 6
www.d4pt.org
Paid for by Greater Palatine Area Democrats. A copy of our report filed with the Illinois State Board of Elections is (or will be) available on the Board's Official Website, wwwelectionsil.gov, or for purchase from the State Board of Elections, Springfield, IL.
DEMOCRATS
FOR
PALATINE
TOWNSHIP

# ਚੋਣਾਂ ਵਾਲੇ ਸੂਬਿਆਂ ਵਿਚ ਭਾਜਪਾ ਨੂੰ ਸੇਕ ਲਾਉਣ ਦੀ ਰਣਨੀਤੀ

**ਕੋਲਕਾਤਾ:** ਵੱਖ-ਵੱਖ ਕਿਸਾਨ ਜਥੇਬੰਦੀਆਂ ਦੀ ਸਾਂਝੀ ਜਥੇਬੰਦੀ ਸੰਯੁਕਤ ਕਿਸਾਨ ਮੋਰਚੇ ਨੇ ਪੱਛਮੀ ਬੰਗਾਲ ਦੇ ਲੋਕਾਂ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਵੋਟ ਨਾ ਪਾਉਣ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ 'ਚ ਕਰਾਰੀ ਹਾਰ ਨਾਲ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੂੰ ਤਿੰਨੋਂ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਕਿਸਾਨ ਅਸਾਮ, ਕੇਰਲ, ਪੁੱਡੂਚੇਰੀ, ਤਾਮਿਲਨਾਡੂ ਤੇ ਪੱਛਮੀ ਬੰਗਾਲ 'ਚ ਸੱਤਾ ਦੀ ਭੁੱਖੀ ਅਤੇ ਕਿਸਾਨ ਵਿਰੋਧੀ ਭਾਜਪਾ ਨੂੰ ਚੰਗਾ ਸਬਕ ਸਿਖਾ ਸਕਦੇ ਹਨ। 'ਜੇ ਤੁਸੀਂ ਸਬਕ ਸਿਖਾਉਣ ਦੀ ਕੋਸ਼ਿਸ਼ ਕਰੋਗੇ ਤਾਂ ਭਾਜਪਾ ਦਾ ਹੰਕਾਰ ਟੁੱਟ ਸਕਦਾ ਹੈ ਅਤੇ ਅਸੀਂ ਸਰਕਾਰ ਤੋਂ ਕਿਸਾਨ ਅੰਦੋਲਨ ਦੀਆਂ ਮੰਗਾਂ ਮਨਵਾ ਸਕਦੇ ਹਾਂ।'



ਕਿਸਾਨਾਂ ਨੇ ਪੱਛਮੀ ਬੰਗਾਲ ਦੇ ਬਹੁਚਰਚਿਤ ਹਲਕੇ ਨੰਦੀਗ੍ਰਾਮ ਅਤੇ ਰਾਜਧਾਨੀ ਕੋਲਕਾਤਾ 'ਚ ਮਹਾਪੰਚਾਇਤਾਂ ਕਰਕੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਵੋਟ ਨਾ ਪਾਉਣ। ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਹੋਈਆਂ ਮਹਾਪੰਚਾਇਤਾਂ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਉਸ ਦਾ ਇਰਾਦਾ ਕਿਸਾਨਾਂ ਅਤੇ ਉਨ੍ਹਾਂ ਦੇ ਅੰਦੋਲਨ ਨੂੰ ਕੁਚਲਣਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਲੁਟੇਰਿਆਂ ਦੀ ਸਰਕਾਰ ਕਰਾਰ ਦਿੱਤਾ ਅਤੇ ਕਿਹਾ ਕਿ ਜਦੋਂ ਕੰਪਨੀਆਂ ਸੰਸਦ ਚਲਾਉਣਗੀਆਂ ਤਾਂ ਅਜਿਹੀਆਂ ਸਰਕਾਰਾਂ ਗੱਲਬਾਤ ਨਹੀਂ ਕਰਦੀਆਂ, ਉਹ ਵਪਾਰ ਕਰਦੀਆਂ ਹਨ ਅਤੇ ਵਿਦੇਸ਼ੀ ਕੰਪਨੀਆਂ ਹਰ ਖੇਤਰ ਨੂੰ ਤਬਾਹ ਕਰ ਦੇਣਗੀਆਂ। ਉਨ੍ਹਾਂ ਦੋਸ਼ ਲਾਇਆ ਕਿ ਰੇਲਗੱਡੀ ਦੇ ਰੂਟ ਤੱਕ ਵੇਚੇ ਜਾ ਚੁੱਕੇ ਹਨ ਅਤੇ ਕਰੋਨਾ ਦਾ ਤਾਂ ਐਵੇਂ ਹੀ ਬਹਾਨਾ ਲਾਇਆ ਜਾ ਰਿਹਾ ਹੈ। ਸਾਰਿਆਂ ਨੂੰ ਕੇਂਦਰ ਸਰਕਾਰ ਤੋਂ ਬਚਣ ਦੀ ਅਪੀਲ ਕਰਦਿਆਂ ਉਨ੍ਹਾਂ ਭਾਜਪਾ ਖਿਲਾਫ ਵੋਟ ਪਾਉਣ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ,"ਕਿਸੇ ਨੂੰ ਵੀ ਵੋਟ ਪਾਓ ਪਰ ਭਾਜਪਾ ਨੂੰ ਜਰੂਰ ਹਰਾਓ।" ਉਨ੍ਹਾਂ ਕਿਹਾ ਕਿ ਭੁੱਖ ਦਾ ਵਪਾਰ ਰੋਕਣ ਲਈ ਰੋਟੀ ਨੂੰ ਤਿਜੋਰੀ ਵਿੱਚ ਬੰਦ ਨਾ ਹੋਣ ਦਿੱਤਾ ਜਾਵੇ। ਸ੍ਰੀ ਟਿਕੈਤ ਨੇ ਕਿਹਾ ਕਿ ਵਾਲਮਾਰਟ ਵਰਗੀਆਂ ਕੰਪਨੀਆਂ ਪੂੰਜੀ ਲਗਾ ਕੇ ਕੀਮਤਾਂ ਨੂੰ ਪ੍ਰਭਾਵਿਤ ਕਰਨਗੀਆਂ। 'ਕੇਂਦਰ ਸਰਕਾਰ ਨਾਲ ਵੱਡੀ ਲੜਾਈ ਹੈ ਅਤੇ ਕੋਈ ਵੀ ਪਿੱਛੇ ਨਹੀਂ ਹਟੇਗਾ ਕਿਉਂਕਿ ਬੱਚੇ-ਬੱਚੇ ਦੀ ਜੁਬਾਨ ਉਪਰ 'ਘਰ ਵਾਪਸੀ ਨਹੀਂ ਹੈ। ਜਿੱਤੇ ਬਿਨਾਂ ਘਰ ਨਹੀਂ ਜਾਣਾ ਹੈ।' ਉਨ੍ਹਾਂ ਹਰੇ ਰੰਗ ਦੇ ਸਾਫ਼ੇ ਨੂੰ ਹਵਾ ਵਿਚ ਲਹਿਰਾ ਕੇ ਕੇਂਦਰ ਸਰਕਾਰ ਨੂੰ ਚੁਣੌਤੀ ਦਿੱਤੀ। ਉਨ੍ਹਾਂ ਸਪੱਸ਼ਟ ਕੀਤਾ ਕਿ ਬੰਗਾਲ 'ਚ ਉਹ ਕਿਸੇ ਹੋਰ ਪਾਰਟੀ ਦੀ ਹਮਾਇਤ ਨਹੀਂ ਕਰ ਰਹੇ ਹਨ। ਇਸ ਦੌਰਾਨ ਨਰਮਦਾ ਬਚਾਓ ਅੰਦੋਲਨ ਦੀ ਮੁਖੀ ਮੇਧਾ ਪਾਟੇਕਰ ਨੇ ਨਰਿੰਦਰ ਮੋਦੀ ਸਰਕਾਰ ਦੇ 'ਨਾਪਾਕ ਮਨਸੂਬਿਆਂ' ਖਿਲਾਫ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੇ ਹੱਕ ਤੋਂ ਵਾਂਝਾ ਕਰਨ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨੰਦੀਗ੍ਰਾਮ ਦੇ ਲੋਕਾਂ ਨੂੰ ਭਾਜਪਾ ਖਿਲਾਫ ਵੋਟਾਂ ਪਾ ਕੇ ਹੋਰਾਂ ਨੂੰ ਰਾਹ ਦਿਖਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ,"ਇਹ ਰਾਬਿੰਦਰਨਾਥ ਟੈਗੋਰ ਅਤੇ ਸੁਭਾਸ਼ ਚੰਦਰ ਬੋਸ ਵਰਗੀਆਂ ਮਹਾਨ ਹਸਤੀਆਂ ਦੀ ਧਰਤੀ ਹੈ। ਬੰਗਾਲ ਦੀ ਧਰਤੀ ਵੰਡੀਆਂ ਪਾਉਣ ਵਾਲੀਆਂ ਤਾਕਤਾਂ ਨੂੰ ਇਥੇ ਪੈਰ ਜਮਾਉਣ ਨਹੀਂ ਦੇਵੇਗੀ। ਇਥੋਂ ਦੇ ਕਿਸਾਨ ਈਸਟ ਇੰਡੀਆ ਕੰਪਨੀ ਵਾਂਗ ਹੋਰ ਤਾਕਤਾਂ ਨੂੰ ਸੱਤਾ ਹਾਸਲ ਨਹੀਂ ਕਰਨ ਦੇਣਗੇ।"

ਹੋਰ ਕਿਸਾਨ ਆਗੂਆਂ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਦੇਸ਼ ਨੂੰ ਬਚਾਉਣ ਲਈ ਸਾਰੇ ਸੂਬਿਆਂ ਦੇ ਹਰ ਵਰਗਾਂ ਦੇ ਲੋਕਾਂ ਨੂੰ ਇਕਜੁੱਟ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਕਾਰਪੋਰੇਟ ਘਰਾਣਿਆਂ ਦੀ ਜਕੜ 'ਚ ਹੈ। ਸਰਕਾਰ ਨੂੰ ਕਿਸਾਨ ਵਿਰੋਧੀ ਦੱਸਦਿਆਂ ਉਨ੍ਹਾਂ ਕਿਹਾ ਕਿ ਅੰਦੋਲਨ ਦੌਰਾਨ ਕਰੀਬ 300 ਕਿਸਾਨ ਸ਼ਹੀਦ ਹੋ ਚੁੱਕੇ ਹਨ ਪਰ ਸਰਕਾਰ ਨੇ ਦੋ ਮਿੰਟ ਦਾ ਮੌਨ ਤੱਕ ਨਹੀਂ ਰੱਖਿਆ। ਉਨ੍ਹਾਂ ਕਿਹਾ ਕਿ ਸਰਕਾਰ ਕਾਰਪੋਰੇਟਾਂ ਦੇ ਹੱਥ ਵਿੱਚ ਹੈ, ਇਸ ਕਰਕੇ ਉਹ ਕਿਸਾਨਾਂ ਨਾਲ ਗੱਲ ਨਹੀਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ ਬਚਾਉਣ ਲਈ ਭਾਜਪਾ ਨੂੰ ਸਬਕ ਸਿਖਾਉਣਾ ਪਵੇਗਾ ਨਹੀਂ ਤਾਂ ਜਨਤਕ ਖੇਤਰ ਤਬਾਹ ਹੋ ਕੇ ਰਹਿ ਜਾਵੇਗਾ।

## ਮੋਦੀ ਭਾਰਤ ਲਈ ਪਾਕਿ ਤੋਂ ਵੀ ਵੱਡਾ ਖਤਰਾ: ਰਾਜੇਵਾਲ

**ਕੋਲਕਾਤਾ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਨੰਦੀਗ੍ਰਾਮ ਵਿਚ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਲਈ ਪਾਕਿਸਤਾਨ ਤੋਂ ਵੀ ਵੱਡਾ ਖਤਰਾ ਹਨ। ਉਨ੍ਹਾਂ ਪੱਛਮੀ ਬੰਗਾਲ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਨੂੰ ਵੀ ਵੋਟ ਪਾ ਦੇਣ ਪਰ ਭਾਜਪਾ ਨੂੰ ਨਾ ਪਾਉਣ। ਕਿਸਾਨ ਮਹਾਪੰਚਾਇਤ ਵਿਚ ਰਾਜੇਵਾਲ ਨੇ ਕਿਹਾ ਕਿ ਭਾਜਪਾ ਸਿਰਫ ਵੋਟਾਂ ਦੀ ਰਾਜਨੀਤੀ ਜਾਣਦੀ ਹੈ। ਲੋਕਾਂ ਕੋਲ ਵੋਟ ਦੇ ਰੂਪ ਵਿਚ ਵੱਡਾ ਹਥਿਆਰ ਹੈ। ਕਿਰਪਾ ਕਰ ਕੇ ਇਹ ਵੋਟ ਉਹ ਮੋਦੀ ਨੂੰ ਨਾ ਦੇਣ, ਚਾਹੇ ਹੋਰ ਕਿਸੇ ਨੂੰ ਵੀ ਦੇ ਦੇਣ। ਰਾਜੇਵਾਲ ਨੇ ਇਸ ਮੌਕੇ ਈ.ਵੀ.ਐਮ. ਦਾ ਮੁੱਦਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਮੁੱਕਣ 'ਤੇ ਇਸ ਬਾਰੇ ਵੀ ਕੁਝ ਕੀਤਾ ਜਾਵੇਗਾ।


## ਬਿਜਲੀ ਬਿੱਲ ਦਾ ਖਰੜਾ ਜਨਤਕ ਕੀਤਾ ਜਾਵੇ: ਮੋਰਚਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚਾ ਨੇ ਭਾਰਤ ਸਰਕਾਰ ਵੱਲੋਂ ਸੰਸਦ ਵਿਚ ਬਿਜਲੀ ਸੋਧ ਬਿੱਲ 2021 ਪੇਸ਼ ਕਰਨ ਦੇ ਕਦਮ ਦਾ ਵਿਰੋਧ ਕੀਤਾ ਤੇ ਮੰਗ ਕੀਤੀ ਕਿ ਸੰਸਦ ਦੇ ਮੌਜੂਦਾ ਸੈਸ਼ਨ ਵਿਚ ਪੇਸ਼ ਕਰਨ ਲਈ ਸੂਚੀਬੱਧ ਬਿੱਲ ਦਾ ਖਰੜਾ ਜਨਤਕ ਕੀਤਾ ਜਾਵੇ। ਕਿਸਾਨ ਆਗੂ ਜਗਮੋਹਨ ਸਿੰਘ ਨੇ ਕਿਹਾ ਕਿ ਪੰਜਾਬ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਈ.ਡੀ. ਦੇ ਛਾਪਿਆਂ ਨਾਲ ਪਰੇਸ਼ਾਨ ਕੀਤਾ ਜਾ ਰਿਹਾ ਹੈ ਤੇ ਇਸ ਦੀ ਸੰਯੁਕਤ ਕਿਸਾਨ ਮੋਰਚਾ ਨਿਖੇਧੀ ਕਰਦਾ ਹੈ। ਸੁਖਪਾਲ ਖਹਿਰਾ ਕਿਸਾਨ ਅੰਦੋਲਨ ਲਈ ਆਵਾਜ਼ ਉਠਾ ਰਹੇ ਸਨ ਤੇ 26 ਜਨਵਰੀ ਨੂੰ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋਏ ਨਵਰੀਤ ਸਿੰਘ ਦੀ ਮੌਤ ਦੀ ਜਾਂਚ ਦੀ ਮੰਗ ਕਰ ਰਹੇ ਹਨ।

# ਚਾਰ ਸਾਲਾਂ ਵਿਚ 170 ਵਿਧਾਇਕਾਂ ਨੇ ਛੱਡੀ ਕਾਂਗਰਸ

**ਨਵੀਂ ਦਿੱਲੀ:** ਪੀ.ਸੀ. ਚਾਕੋ, ਜੋਤੀਰਾਦਿੱਤਿਆ ਸਿੰਧੀਆ, ਹਿਮਾਂਤਾ ਬਿਸਵਾ ਸ਼ਰਮਾ ਅਜਿਹੇ ਕਈ ਨਾਂ ਹਨ ਜਿਨ੍ਹਾਂ ਨੇ ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਕਾਰਨਾਂ ਕਰਕੇ ਕਾਂਗਰਸ ਦਾ ਸਾਥ ਛੱਡ ਦਿੱਤਾ ਹੈ। ਜ਼ਿਆਦਾਤਰ ਨੇ ਸਾਥ ਛੱਡਣ ਤੋਂ ਬਾਅਦ ਕੇਂਦਰੀ ਲੀਡਰਸ਼ਿਪ ਉਤੇ ਸਵਾਲ ਵੀ ਉਠਾਏ ਹਨ। ਚੋਣ ਅਤੇ ਸਿਆਸੀ ਸੁਧਾਰਾਂ ਦੀ ਸੰਸਥਾ 'ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮ' ਵੱਲੋਂ ਜਾਰੀ ਇਕ ਰਿਪੋਰਟ ਨੇ ਅੰਕੜੇ ਪੇਸ਼ ਕਰਦਿਆਂ ਕਿਹਾ ਕਿ ਪਿਛਲੇ 4 ਸਾਲਾਂ 'ਚ ਕਾਂਗਰਸ ਦੇ 170 ਵਿਧਾਇਕਾਂ ਨੇ ਪਾਰਟੀ ਨੂੰ ਅਲਵਿਦਾ ਕਿਹਾ ਹੈ ਜਦਕਿ ਇਸ ਦੌਰਾਨ ਭਾਜਪਾ ਦੇ ਸਿਰਫ 18 ਵਿਧਾਇਕ ਹੀ ਦੂਜੀ ਪਾਰਟੀ 'ਚ ਸ਼ਾਮਲ ਹੋਏ ਹਨ। ਏ.ਡੀ.ਆਰ. ਵੱਲੋਂ ਜਨਤਕ ਕੀਤੀ ਇਕ ਰਿਪੋਰਟ ਮੁਤਾਬਕ 2016-2020 ਦੌਰਾਨ ਪਾਲਾ ਬਦਲ ਕੇ ਫਿਰ ਤੋਂ ਚੋਣ ਮੈਦਾਨ 'ਚ ਉਤਰਨ ਵਾਲੇ 405 ਵਿਧਾਇਕਾਂ 'ਚੋਂ 182 ਭਾਜਪਾ ਵਿਚ ਸ਼ਾਮਲ ਹੋਏ ਤਾਂ 28 ਵਿਧਾਇਕ ਕਾਂਗਰਸ ਅਤੇ 25 ਵਿਧਾਇਕ ਤੇਲੰਗਾਨਾ ਰਾਸ਼ਟਰ ਸਮਿਤੀ ਦਾ ਹਿੱਸਾ ਬਣੇ। ਏ.ਡੀ.ਆਰ. ਨੇ ਇਹ ਵੀ ਕਿਹਾ ਕਿ ਗੌਰ ਕਰਨ ਵਾਲੀ ਗੱਲ ਹੈ ਕਿ ਮੱਧ ਪ੍ਰਦੇਸ਼, ਗੋਆ, ਮਨੀਪੁਰ, ਅਰੁਣਾਂਚਲ ਪ੍ਰਦੇਸ਼ ਤੇ ਕਰਨਾਟਕ 'ਚ ਸਰਕਾਰਾਂ ਦਾ ਬਣਨਾ, ਵਿਗੜਨਾ ਵਿਧਾਇਕਾਂ ਦੇ ਪਾਲਾ ਬਦਲਣ ਦੀ ਬੁਨਿਆਦ 'ਤੇ ਹੋਇਆ ਸੀ।

Low Interest Rates in History
No Cost Refinancing Available!
Call Madan Khatri
Ph: 847-530-1550
Madan@MoonstarMortgage.com
An Illinois Mortgage Loan Licensee
Who Can Work With You From Beginning to End!
Call Now For Quote.
Moonstar Mortgage Inc.
NMLS # 217352
Ph: 1-847-278-7220
Licensed in IL, CA, NJ, IN, and MA
953 Plum Grove Road, Unit B, Schaumburg, IL 60173



Madan Khatri
NMLS # 1980752
MOONSTAR Mortgage

"Serving All Your Real Estate Needs"
Columbus, Ohio is one of the fastest growing city in USA and With Best Schools.
ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:
ਰਾਜਵਿੰਦਰ ਗਿੱਲ, ਫੋਨ: 740-621-4455
Email: Realtorgill1@gmail.com
Website: www.gill-realty.com



Rajwinder Gill
(Your Real Estate Pro.)
MBA (Finance)
Red 1 Realty

LAW OFFICES OF VIVEK MALIK
Follow us on :
ACCOMPLISHED IMMIGRATION Attorneys help FAMILIES REUNITE in the UNITED STATES



Our Global & Nationwide Services in the field of U.S. Immigration & Nationality Law
Come talk to an experienced immigration attorney
Toll Free No. 866-424-4000
OUR OFFICES
• 432 S Emerson Ave, Suite 220, Greenwood, IN 46143 Phone: 317.560.4777
• 1067 N Mason Rd., Suite 4, St Louis, Missouri 63141 Phone: 314.416.8000
• 2440 W Shaw Ave., Suite 205, Fresno, California 93711 Phone: 559.578.4344
www.usa-immigrationlaw.com
Business Immigration & Worksite Compliance
ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ
Languages SPOKEN Punjabi | Hindi | Urdu | Spanish & English

# ਭਾਜਪਾ ਖਿਲਾਫ ਚੋਣ ਪ੍ਰਚਾਰ ਲਈ ਜਾਣਗੇ ਮਾਲਵੇ ਦੇ ਕਿਸਾਨ



**ਮਾਨਸਾ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਚੋਣਾਂ ਵਾਲੇ 5 ਸੂਬਿਆਂ ਪੱਛਮੀ ਬੰਗਾਲ, ਅਸਾਮ, ਕਰੇਲਾ, ਤਾਮਿਲਨਾਡੂ, ਪੁਡੂਚੇਰੀ ਵਿਚ ਭਾਰਤੀ ਜਨਤਾ ਪਾਰਟੀ ਖਿਲਾਫ ਪ੍ਰਚਾਰ ਕਰਨ ਲਈ ਮਾਲਵਾ ਖੇਤਰ 'ਚੋਂ ਵੀ ਕਿਸਾਨਾਂ ਦੇ ਜਥੇ ਰਵਾਨਾ ਹੋਣਗੇ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਉਥੋਂ ਦੇ ਕਿਸਾਨਾਂ-ਮਜ਼ਦੂਰਾਂ ਸਮੇਤ ਹੋਰਨਾਂ ਧਿਰਾਂ ਨੂੰ ਖੇਤੀ ਕਾਨੂੰਨਾਂ ਤੋਂ ਜਾਣੂ ਕਰਵਾ ਕੇ ਭਾਜਪਾ ਖਿਲਾਫ ਲਾਮਬੰਦ ਕੀਤਾ ਜਾਵੇਗਾ ਅਤੇ ਭਾਜਪਾ ਨੂੰ ਵੋਟਾਂ ਨਾ ਦੇਣ ਦਾ ਸੱਦਾ ਦਿੱਤਾ ਜਾਵੇਗਾ। ਮਾਨਸਾ ਦੇ ਰੇਲਵੇ ਸਟੇਸ਼ਨ ਨੇੜੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਮੇਜਰ ਸਿੰਘ ਦੂਲੋਵਾਲ ਨੇ ਕਿਹਾ ਕਿ ਹੁਣ ਇਕ ਜਾਂ ਦੂਜੀ ਪਾਰਟੀ ਤੋਂ ਮੁੱਦਿਆਂ ਦੇ ਹੱਲ ਦੀ ਝਾਕ ਮੁਕਾ ਕੇ ਆਪਣੀ ਜਥੇਬੰਦ ਤਾਕਤ ਨੂੰ ਹੋਰ ਮਜ਼ਬੂਤ ਕਰਨ ਅਤੇ ਸੰਘਰਸ਼ ਵਿਚ ਆਪਣੀ ਨਿਹਚਾ ਨੂੰ ਹੋਰ ਡੂੰਘੀ ਕਰਨ ਦੀ ਲੋੜ ਹੈ ਤਾਂ ਕਿ ਕਿਸਾਨ-ਮਜ਼ਦੂਰ ਵਿਰੋਧੀ ਸਿਆਸੀ ਪਾਰਟੀਆਂ ਨੂੰ ਗੋਡਿਆਂ ਭਾਰ ਕੀਤਾ ਜਾ ਸਕੇ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀਬਾਘਾ ਨੇ ਕਿਹਾ ਕਿ ਵੱਖ-ਵੱਖ ਸੂਬਿਆਂ ਅੰਦਰ ਹੋ ਰਹੀਆਂ ਚੋਣਾਂ ਸਬੰਧੀ ਬਣੇ ਸਿਆਸੀ ਮਾਹੌਲ ਦਰਮਿਆਨ ਖੇਤੀ ਕਾਨੂੰਨਾਂ ਦੇ ਵਿਰੋਧ ਸਮੇਤ ਕਿਸਾਨੀ ਦੇ ਭਖਦੇ ਮੁੱਦੇ ਪੂਰੇ ਜ਼ੋਰ ਨਾਲ ਉਭਾਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨ ਰੱਦ ਕਰਾਉਣ ਸਮੇਤ ਹੋਰਨਾਂ ਮੰਗਾਂ ਲਈ ਚੱਲ ਰਹੇ ਅੰਦੋਲਨ ਨੂੰ ਜਿੱਤ ਤਕ ਪਹੁੰਚਾਉਣ ਲਈ ਸੰਘਰਸ਼ ਦੇ ਹਥਿਆਰ 'ਤੇ ਆਪਣੀ ਟੇਕ ਰੱਖਣ ਦੀ ਲੋੜ ਹੈ।

## ਮਾਪਿਆਂ ਦੀ ਮਰਜ਼ੀ ਖਿਲਾਫ ਵਿਆਹ ਕਰਵਾਉਣ ਵਾਲਿਆਂ ਲਈ ਸੁਰੱਖਿਅਤ ਘਰ ਦੇਣ ਦਾ ਸੁਝਾਅ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੁਝਾਅ ਦਿੱਤਾ ਹੈ ਕਿ ਆਪਣੇ ਪਰਿਵਾਰਾਂ ਦੀ ਮਰਜ਼ੀ ਖਿਲਾਫ ਵਿਆਹ ਕਰਵਾਉਣ ਵਾਲੇ ਜੋੜਿਆਂ ਦੀ ਜ਼ਿੰਦਗੀ ਅਤੇ ਆਜ਼ਾਦੀ ਦੀ ਰਾਖੀ ਲਈ ਪੰਜਾਬ ਤੇ ਹਰਿਆਣਾ ਤੋਂ ਇਲਾਵਾ ਚੰਡੀਗੜ੍ਹ ਵਿਚ ਵੀ ਸੁਰੱਖਿਅਤ ਘਰ ਉਪਲਬਧ ਕਰਵਾਏ ਜਾਣ। ਜਸਟਿਸ ਅਵਨੀਸ਼ ਝਿੰਗਨ ਨੇ ਅੰਤ੍ਰਿਮ ਹੁਕਮ 'ਚ ਕਿਹਾ ਕਿ ਮਾਪਿਆਂ ਤੇ ਰਿਸ਼ਤੇਦਾਰਾਂ ਦੀ ਮਰਜ਼ੀ ਖਿਲਾਫ ਵਿਆਹ ਕਰਵਾਉਣ ਵਾਲੇ ਜੋੜਿਆਂ ਵੱਲੋਂ ਅਦਾਲਤ 'ਚ ਅਜਿਹੀਆਂ ਪਟੀਸ਼ਨਾਂ ਪਾਈਆਂ ਜਾ ਰਹੀਆਂ ਹਨ। 'ਲਿਵ-ਇਨ-ਰਿਲੇਸ਼ਨਸ਼ਿਪ' ਵਿਚ ਰਹਿ ਰਹੇ ਜੋੜਿਆਂ ਵੱਲੋਂ ਵੀ ਅਦਾਲਤ ਦਾ ਬੂਹਾ ਖੜਕਾਇਆ ਜਾ ਰਿਹਾ ਹੈ।

ਅਦਾਲਤ ਨੇ ਕਿਹਾ ਕਿ ਅਜਿਹੇ ਜੋੜਿਆਂ ਨੂੰ ਆਪਣੀਆਂ ਸ਼ਿਕਾਇਤਾਂ ਰੱਖਣ ਲਈ ਇਕ ਵੈੱਬਸਾਈਟ ਜਾਂ ਆਨਲਾਈਨ ਮੋਡਿਊਲ ਮੁਹੱਈਆ ਕਰਵਾਇਆ ਜਾਵੇ। ਕੋਰਟ ਨੇ ਕਿਹਾ ਹੈ ਕਿ ਪੁਲਿਸ ਵਿਭਾਗ ਵਿਚ ਮੌਜੂਦਾ ਸੈੱਲ ਜਾਂ ਨਵਾਂ ਸੈੱਲ ਸਥਾਪਤ ਕੀਤਾ ਜਾ ਸਕਦਾ ਹੈ, ਜੋ ਸਮਾਂਬੱਧ ਢੰਗ ਨਾਲ ਅਜਿਹੀਆਂ ਅਰਜ਼ੀਆਂ ਦਾ ਨਿਪਟਾਰਾ ਕਰੇ, ਜਿਨ੍ਹਾਂ ਦੇ ਹੱਲ ਲਈ ਕਿਸੇ ਵੀ ਹਾਲਤ 'ਚ 48 ਘੰਟਿਆਂ ਤੋਂ ਵੱਧ ਸਮਾਂ ਨਾ ਲੱਗੇ।


ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ

ਸੰਪਰਕ ਕਰੋ, ਮਿਸਟਰ ਸਿੰਘ

ਫੋਨ: 608-886-2500

12+


# ਕੇਂਦਰ ਦੀਆਂ ਨਿੱਜੀਕਰਨ ਨੀਤੀਆਂ ਦੇ ਵਿਰੋਧ ਦਾ ਸੱਦਾ




**ਸੁਲਤਾਨਪੁਰ ਲੋਧੀ:** ਸੁਲਤਾਨਪੁਰ ਲੋਧੀ ਦੀ ਅਨਾਜ ਮੰਡੀ ਵਿਚ ਹੋਈ ਕਿਸਾਨ ਮਹਾਂਰੈਲੀ ਦੌਰਾਨ ਬੁਲਾਰਿਆਂ ਨੇ ਸੱਦਾ ਦਿੱਤਾ ਕਿ ਕੇਂਦਰ ਸਰਕਾਰ ਦੀਆਂ ਨਿੱਜੀਕਰਨ ਪੱਖੀ ਨੀਤੀਆਂ ਦਾ ਡਟ ਕੇ ਵਿਰੋਧ ਕੀਤਾ ਜਾਵੇ। ਕਿਸਾਨ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੰਬਾਨੀਆਂ-ਅਡਾਨੀਆਂ ਅੱਗੇ ਦੇਸ਼ ਗਹਿਣੇ ਧਰ ਦਿੱਤਾ ਹੈ। ਕਿਸਾਨ ਆਗੂਆਂ ਨੇ 26 ਮਾਰਚ ਨੂੰ ਭਾਰਤ ਬੰਦ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਵੀ ਕੀਤੀ।

ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਕਰਵਾਈ ਮਹਾਂਰੈਲੀ ਨਨਕਾਣਾ ਸਾਹਿਬ ਅਤੇ ਦਿੱਲੀ ਦੇ ਸ਼ਹੀਦਾਂ ਨੂੰ ਸਮਰਪਿਤ ਸੀ। ਇਸ ਦੌਰਾਨ 26 ਜਨਵਰੀ ਨੂੰ ਗ੍ਰਿਫਤਾਰੀ ਕੀਤੇ ਕਿਸਾਨਾਂ ਦੀ ਰਿਹਾਈ ਦੀ ਮੰਗ ਕੀਤੀ ਗਈ। ਕਿਸਾਨਾਂ ਨੇ ਖੇਤੀ ਕਾਨੂੰਨ ਰੱਦ ਕਰਨ, ਅੰਦੋਲਨ ਦੌਰਾਨ ਸ਼ਹੀਦ ਹੋਏ ਮਜ਼ਦੂਰਾਂ ਤੇ ਕਿਸਾਨਾਂ ਦੇ ਪਰਿਵਾਰਾਂ ਨੂੰ 10-10 ਲੱਖ ਦਾ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ ਗਈ।

ਇਸ ਦੌਰਾਨ ਸਰਵਣ ਸਿੰਘ ਬਾਊਪੁਰ, ਪਰਮਜੀਤ ਸਿੰਘ ਅਮਰਜੀਤਪੁਰ, ਸੁਖਪ੍ਰੀਤ ਸਿੰਘ ਰਾਮੇ ਵੱਲੋਂ ਨਵਰੀਤ ਸਿੰਘ ਡਿਬਡਿਬਾ ਦੇ ਪਰਿਵਾਰ ਸਮੇਤ ਪੰਜ ਹੋਰ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਕਬੱਡੀ ਕਲੱਬ ਵੱਲੋਂ ਇਨ੍ਹਾਂ 6 ਸ਼ਹੀਦ ਪਰਿਵਾਰਾਂ ਨੂੰ 51-51 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਵੀ ਦਿੱਤੀ ਗਈ ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਵੀ ਭੇਟ ਕੀਤੀ। ਕਿਸਾਨ ਆਗੂ ਸਤਨਾਮ ਸਿੰਘ ਪੰਨੂ, ਸੁਖਵਿੰਦਰ ਸਿੰਘ ਸਭਰਾ, ਗੁਰਲਾਲ ਸਿੰਘ ਪੰਡੋਰੀ ਰਣ ਸਿੰਘ ਨੇ ਐਲਾਨ ਕੀਤਾ ਕਿ 26 ਮਾਰਚ ਨੂੰ ਭਾਰਤ ਬੰਦ ਦੇ ਸੱਦੇ ਤਹਿਤ ਪੰਜਾਬ ਪੂਰੀ ਤਰ੍ਹਾਂ ਬੰਦ ਕੀਤਾ ਜਾਵੇਗਾ। ਨਵਰੀਤ ਸਿੰਘ ਦੇ ਦਾਦਾ ਹਰਦੀਪ ਸਿੰਘ ਡਿਬਡਿਬਾ ਨੇ ਮੋਦੀ ਸਰਕਾਰ ਦੀ ਤੁਲਨਾ ਔਰੰਗਜ਼ੇਬ ਨਾਲ ਕੀਤੀ ਅਤੇ ਆਖਿਆ ਕਿ ਸ਼ਹੀਦ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਹੀ ਇਕੋ ਇਕ ਰਾਹ ਹੈ। ਉਨ੍ਹਾਂ ਕਿਹਾ ਕਿ ਸੰਘਰਸ਼ ਹਮੇਸ਼ਾਂ ਕੁਰਬਾਨੀਆਂ ਮੰਗਦਾ ਆਇਆ ਹੈ ਤੇ ਉਨ੍ਹਾਂ ਦੇ ਪਰਿਵਾਰ ਨੇ ਪਹਿਲਾਂ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਵੀ ਕੁਰਬਾਨੀ ਦਿੱਤੀ ਸੀ ਤੇ ਹੁਣ ਕਿਸਾਨ ਅੰਦੋਲਨ ਦੌਰਾਨ ਵੀ ਉਨ੍ਹਾਂ ਦਾ ਪੋਤਾ ਪੁਲੀਸ ਦੀ ਗੋਲੀ ਨਾਲ ਸ਼ਹੀਦ ਹੋਇਆ ਹੈ।

## ਸਿੰਘੂ ਬਾਰਡਰ 'ਤੇ ਮਕਾਨ ਬਣਾਉਣ ਵਾਲਿਆਂ ਖਿਲਾਫ ਕੇਸ ਦਰਜ

**ਨਵੀਂ ਦਿੱਲੀ:** ਕਿਸਾਨਾਂ ਵੱਲੋਂ ਨਵੇਂ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੇ ਸਿੰਘੂ ਬਾਰਡਰ 'ਤੇ ਲਾਏ ਗਏ ਮੋਰਚਿਆਂ 'ਤੇ ਹੁਣ ਪੱਕੇ ਮਕਾਨ ਬਣਾਉਣ ਦੀ ਕਾਰਵਾਈ ਸਬੰਧੀ ਸੋਨੀਪਤ (ਹਰਿਆਣਾ) ਜ਼ਿਲ੍ਹੇ ਦੇ ਪ੍ਰਸ਼ਾਸਨ ਨੇ ਸਖਤੀ ਵਰਤਦਿਆਂ ਕਿਸਾਨਾਂ ਖਿਲਾਫ ਕੇਸ ਦਰਜ ਕਰ ਲਿਆ ਹੈ।

ਜਾਣਕਾਰੀ ਅਨੁਸਾਰ ਕਿਸਾਨਾਂ ਨੇ ਕੌਮੀ ਸ਼ਾਹਰਾਹ ਨੰਬਰ-1 'ਤੇ ਸੋਨੀਪਤ ਜ਼ਿਲ੍ਹੇ ਦੇ ਕੁੰਡਲੀ ਕਸਬੇ ਵਿਚ ਪੈਂਦੇ ਖੇਤਰ 'ਚ ਕੇ.ਐਫ.ਸੀ. ਮਾਲ ਨੇੜੇ ਪੱਕੇ ਮਕਾਨ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਪਿਆਊ ਮਨਿਆਰੀ ਵਾਲੇ ਪਾਸੇ ਅਤੇ ਸਿੰਘੂ ਵੱਲ ਨੂੰ ਜਾਂਦਿਆਂ ਕਰੀਬ 25 ਮਕਾਨ ਉਸਾਰੇ ਗਏ ਹਨ। ਇਨ੍ਹਾਂ ਝੌਪੜੀਨੁਮਾ ਘਰਾਂ ਦੀਆਂ ਕੰਧਾਂ ਪੱਕੀਆਂ ਇੱਟਾਂ ਨਾਲ ਬਣਾਈਆਂ ਜਾ ਰਹੀਆਂ ਹਨ ਅਤੇ ਉਪਰ ਛੱਤਾਂ ਸਲਵਾੜ ਨਾਲ ਪਾਈਆਂ ਜਾ ਰਹੀਆਂ ਹਨ। ਕਿਸਾਨਾਂ ਮੁਤਾਬਕ ਇਹ ਗਰਮੀ ਤੋਂ ਬਚਣ ਦਾ ਆਮ ਅਤੇ ਸਸਤਾ ਹੱਲ ਹੈ। ਕਿਸਾਨਾਂ ਨੇ ਸਿੰਘੂ ਬਾਰਡਰ ਨੇੜੇ ਕਿਸਾਨ ਨਗਰ ਬਣਾਉਣ ਦਾ ਇਰਾਦਾ ਵੀ ਜ਼ਾਹਿਰ ਕੀਤਾ ਹੈ। ਟਿਕਰੀ ਮੋਰਚੇ 'ਤੇ ਵੀ ਕਿਸਾਨ ਸੋਸ਼ਲ ਆਰਮੀ ਨੇ ਅਜਿਹੇ ਮਕਾਨ ਬਣਾਏ ਹਨ। ਕਿਸਾਨ ਸੋਸ਼ਲ ਆਰਮੀ ਦੇ ਆਗੂ ਅਨਿਲ ਮਲਿਕ ਨੇ ਕਿਹਾ ਕਿ ਅਜਿਹੇ ਕਰੀਬ 1000 ਮਕਾਨ ਬਣਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਉਧਰ, ਕੌਮੀ ਸ਼ਾਹਰਾਹ ਅਥਾਰਿਟੀ ਅਤੇ ਕੁੰਡਲੀ ਨਗਰ ਕੌਂਸਲ ਦੀ ਸ਼ਿਕਾਇਤ 'ਤੇ ਨਿਯਮਾਂ ਖਿਲਾਫ ਜਾ ਕੇ ਕੌਮੀ ਸ਼ਾਹਰਾਹ 'ਤੇ ਪੱਕੀਆਂ ਉਸਾਰੀਆਂ ਕਰਨ ਦੇ ਦੋਸ਼ ਹੇਠ ਕੁੰਡਲੀ ਥਾਣੇ ਵਿਚ ਕਿਸਾਨਾਂ ਖਿਲਾਫ ਇਕ ਕੇਸ ਦਰਜ ਕੀਤਾ ਗਿਆ ਹੈ।

ਕੌਮੀ ਸ਼ਾਹਰਾਹ ਅਥਾਰਿਟੀ ਦੇ ਪ੍ਰੋਜੈਕਟ ਅਧਿਕਾਰੀ ਆਨੰਦ ਤੇ ਕੌਂਸਲ ਦੇ ਅਧਿਕਾਰੀ ਪਵਨ ਦੀ ਸ਼ਿਕਾਇਤ 'ਤੇ ਇਹ ਕੇਸ ਦਰਜ ਕੀਤਾ ਗਿਆ ਹੈ। ਪੱਕੇ ਮੋਰਚੇ 'ਤੇ ਬੈਠੇ ਕਿਸਾਨਾਂ ਨੇ ਟਿਕਰੀ ਤੇ ਸਿੰਘੂ ਵਿਚ ਟਿਊਬਵੈੱਲ ਲਾਉਣੇ ਵੀ ਸ਼ੁਰੂ ਕਰ ਦਿੱਤੇ ਹਨ। ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਅਤੇ ਕਿਸਾਨ ਸੰਘਰਸ਼ ਲੰਬਾ ਚੱਲਣ ਦੇ ਖਦਸ਼ਿਆਂ ਕਾਰਨ ਕਿਸਾਨਾਂ ਵੱਲੋਂ ਇਹ ਵਿਉਂਤਬੰਦੀ ਕੀਤੀ ਗਈ ਹੈ।

# ਹਰ ਵਰਗ ਦੇ ਲੋਕਾਂ ਨੂੰ ਸੰਘਰਸ਼ ਵਿਚ ਸ਼ਾਮਲ ਹੋਣ ਦਾ ਹੋਕਾ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਖੇਤੀ ਸੁਧਾਰਾਂ ਦੇ ਨਾਂ 'ਤੇ ਲਿਆਂਦੇ ਗਏ ਨਵੇਂ ਖੇਤੀ ਕਾਨੂੰਨਾਂ ਖਿਲਾਫ ਕੌਮੀ ਰਾਜਧਾਨੀ ਦਿੱਲੀ ਵਿਚ ਪਿਛਲੇ ਸਾਢੇ ਤਿੰਨ ਮਹੀਨਿਆਂ ਤੋਂ ਚੱਲ ਰਹੇ ਕਿਸਾਨੀ ਘੋਲ ਦੀ ਹਮਾਇਤ ਵਿਚ ਸਾਬਕਾ ਆਈ.ਏ.ਐਸ., ਆਈ.ਪੀ.ਐਸ., ਫੌਜੀ ਤੇ ਸੂਬਾਈ ਸਿਵਲ ਸੇਵਾਵਾਂ ਨਾਲ ਸਬੰਧਤ ਅਧਿਕਾਰੀ ਨਿੱਤਰ ਕੇ ਸਾਹਮਣੇ ਆ ਗਏ ਹਨ।

ਇਨ੍ਹਾਂ ਅਧਿਕਾਰੀਆਂ ਵੱਲੋਂ ਚੰਡੀਗੜ੍ਹ ਦੇ ਸੈਕਟਰ-16 ਵਿਚ ਸਥਿਤ ਕਲਾ ਭਵਨ 'ਚ ਕਿਸਾਨ ਅੰਦੋਲਨ ਬਾਰੇ ਇਕ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਸੇਵਾਮੁਕਤ ਚੀਫ ਜਸਟਿਸ ਐਮ.ਐਸ. ਲਿਬਰਾਹਨ, ਖੇਤੀ ਖੇਤਰ ਦੇ ਮਾਹਿਰ ਦਵਿੰਦਰ ਸ਼ਰਮਾ, ਪ੍ਰੋ. ਆਰ.ਐਸ. ਘੁੰਮਣ, ਪ੍ਰੋ. ਅਨੁਪਮਾ, ਐਸ.ਐਸ. ਬੋਪਾਰਾਏ, ਹਰਵੰਤ ਸਿੰਘ ਤੇ ਐਸ.ਆਰ. ਲੱਧੜ ਸਣੇ ਹੋਰਨਾਂ ਸੇਵਾਮੁਕਤ ਅਧਿਕਾਰੀਆਂ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਦੇਸ਼ ਦਾ ਪੇਟ ਭਰਨ ਵਾਲਾ ਅੰਨਦਾਤਾ ਆਪਣੇ ਹੱਕਾਂ ਲਈ ਸੰਘਰਸ਼ ਕਰ ਰਿਹਾ ਹੈ ਪਰ ਕੇਂਦਰ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਕਿਸਾਨੀ ਨੂੰ ਤਬਾਹ ਕਰ ਦੇਣਗੇ। ਖੇਤੀ ਖੇਤਰ ਦੇ ਮਾਹਿਰ ਦਵਿੰਦਰ ਸ਼ਰਮਾ ਨੇ ਕਿਹਾ ਕਿ ਮੌਜੂਦਾ ਸਮੇਂ ਕਿਸਾਨਾਂ ਨੂੰ ਦਿੱਤੀ ਜਾਂਦੀ ਐਮ.ਐਸ.ਪੀ. ਪਹਿਲਾਂ ਹੀ ਲਾਗਤ ਨਾਲੋਂ ਘੱਟ ਹੈ ਜਿਸ ਨੂੰ ਵਧਾਉਣ ਦੀ ਥਾਂ ਕੇਂਦਰ ਸਰਕਾਰ ਕਿਸਾਨੀ ਨੂੰ ਪੂੰਜੀਪਤੀਆਂ ਦੇ ਹਵਾਲੇ ਕਰ ਰਹੀ ਹੈ ਜਿਨ੍ਹਾਂ ਦਾ ਮੁੱਖ ਮੰਤਵ ਮੁਨਾਫਾਖੋਰੀ ਹੈ। ਉਨ੍ਹਾਂ ਕਿਹਾ ਕਿ ਪੂੰਜੀਪਤੀ ਕਿਸਾਨਾਂ ਦੀਆਂ ਫ਼ਸਲਾਂ ਮਨਮਰਜ਼ੀ ਦੇ ਭਾਅ 'ਤੇ ਖਰੀਦ ਕੇ ਮਹਿੰਗੇ ਭਾਅ ਵੇਚਣਗੇ ਜਿਸ ਦਾ ਅਸਰ ਹਰੇਕ ਵਰਗ ਦੇ ਲੋਕਾਂ 'ਤੇ ਪਵੇਗਾ।

ਸ੍ਰੀ ਸ਼ਰਮਾ ਨੇ ਕਿਹਾ ਕਿ ਕਿਸਾਨਾਂ ਨੂੰ ਹਰ ਫਸਲ 'ਤੇ ਐਮ.ਐਸ.ਪੀ. ਦਿੱਤੀ ਜਾਣੀ ਚਾਹੀਦੀ ਹੈ। ਕਿਸਾਨ ਨੂੰ ਦੂਰ-ਦੁਰਾਡੇ ਮੰਡੀਆਂ ਵਿਚ ਫਸਲ ਵੇਚਣ ਲਈ ਜਾਣਾ ਪੈਂਦਾ ਹੈ, ਇਸ ਵਾਸਤੇ ਸਰਕਾਰ ਨੂੰ ਹਰੇਕ ਪੰਜ ਕਿਲੋਮੀਟਰ 'ਤੇ ਸਰਕਾਰੀ ਮੰਡੀ ਸਥਾਪਤ ਕਰਨੀ ਚਾਹੀਦੀ ਹੈ। ਪ੍ਰੋ. ਅਨੁਪਮਾ ਨੇ ਕਾਰਪੋਰੇਟ ਘਰਾਣਿਆਂ ਵੱਲੋਂ ਫਸਲਾਂ ਦੀ ਖਰੀਦ ਨਾਲ ਕਿਸਾਨਾਂ 'ਤੇ ਪੈਣ ਵਾਲੇ ਅਸਰ ਬਾਰੇ ਜਾਣਕਾਰੀ ਦਿੱਤੀ। ਸੇਵਾਮੁਕਤ ਆਈ.ਏ.ਐਸ. ਅਧਿਕਾਰੀ ਐਸ.ਆਰ. ਲੱਧੜ ਨੇ ਖੇਤੀ ਕਾਨੂੰਨਾਂ ਦੇ ਨਾਲ ਕਿਰਤੀਆਂ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਕਿਰਤ ਕਾਨੂੰਨਾਂ ਵਿਚ ਬਦਲਾਅ ਕਰ ਕੇ ਕਿਰਤੀਆਂ ਲਈ ਵੱਡੀਆਂ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਕਿਰਤੀ ਆਪਣੇ ਹੱਕਾਂ ਲਈ ਕਿਰਤ ਅਦਾਲਤਾਂ ਦਾ ਦਰਵਾਜਾ ਨਹੀਂ ਖੜਕਾ ਸਕਣਗੇ। ਇਸ ਤੋਂ ਇਲਾਵਾ ਕਿਰਤ ਨਾਲ ਸਬੰਧਤ 44 ਕਾਨੂੰਨਾਂ ਵਿਚ ਬਦਲਾਅ ਕਰਦੇ ਹੋਏ ਚਾਰ ਨਵੇਂ ਕਾਨੂੰਨ ਤਿਆਰ ਕੀਤੇ ਗਏ ਹਨ ਜੋ ਕਿ ਲੋਕਾਂ ਲਈ ਘਾਤਕ ਸਾਬਤ ਹੋਣਗੇ। ਇੰਦਰਮੋਹਨ ਸਿੰਘ, ਬੀ.ਐਸ. ਭਾਟੀਆ ਤੇ ਸਾਬਕਾ ਮੁੱਖ ਸਕੱਤਰ ਰਾਜਨ ਕਸ਼ਯਪ ਨੇ ਕਿਹਾ ਕਿ ਖੇਤੀ ਪ੍ਰਣਾਲੀ ਵਿਚ ਕਾਰਪੋਰੇਟ ਘਰਾਣਿਆਂ ਦੇ ਦਖਲ ਨਾਲ ਮਹਿੰਗਾਈ ਬਹੁਤ ਵਧ ਜਾਵੇਗਾ, ਜਿਸ ਦਾ ਸਿੱਧਾ ਅਸਰ ਆਮ ਲੋਕਾਂ ਦੇ ਜੀਵਨ 'ਤੇ ਪਵੇਗਾ।


Hiring

Wholesaler and distributor in Elk Grove Village, IL are looking to hire for Warehouse Manager, Warehouse helper, Drivers, Office Help.

Please Contact:

Ph: 847-387-2923

8-11

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973

DHMS-Gold Medalist, BAMS, MDEh.- India

Well Experienced as:

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

EX Member: The California Homeopathic Society

National Center For Homeopathy- USA



Gurdip Singh Sandhu

Live on Jas TV

Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

## ਪੁਸ਼ਪਿੰਦਰ ਸਿੰਘ ਪੂਨੀਆ ਸਵਰਗਵਾਸ



**ਸ਼ਿਕਾਗੋ (ਬਿਊਰੋ):** ਸ਼ਿਕਾਗੋ ਏਰੀਏ ਦੀ ਜਾਣੀ ਪਛਾਣੀ ਸ਼ਖਸੀਅਤ ਪੁਸ਼ਪਿੰਦਰ ਸਿੰਘ ਪੂਨੀਆ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ 56 ਸਾਲ ਦੇ ਸਨ। ਉਹ ਆਪਣੇ ਪਿਛੇ ਮਾਤਾ ਦਲਜੀਤ ਕੌਰ ਪੂਨੀਆ, ਬੇਟਾ ਜਸਪਾਲ ਸਿੰਘ ਪੂਨੀਆ, ਬੇਟੀ ਸਨੋਬਰ ਪੂਨੀਆ ਅਤੇ ਪੋਤਰਾ ਟਵਿਸਟਨ ਛਡ ਗਏ ਹਨ। ਉਹ ਪਿਛਲੇ ਕਰੀਬ 40 ਸਾਲਾਂ ਤੋਂ ਸ਼ਿਕਾਗੋ ਵਿਚ ਵਸੇ ਹੋਏ ਸਨ ਅਤੇ ਪੰਜਾਬ ਵਿਚੋਂ ਸੰਗਰੂਰ ਜਿਲੇ ਤੋਂ ਸਨ।

ਸਵਰਗੀ ਪੁਸ਼ਪਿੰਦਰ ਸਿੰਘ ਪੂਨੀਆ ਦਾ ਅੰਤਿਮ ਸਸਕਾਰ ਬੁੱਧਵਾਰ ਸਵੇਰੇ 11 ਤੋਂ ਦੁਪਹਿਰ ਇਕ ਵਜੇ ਦਰਮਿਆਨ ਕੰਟਰੀਸਾਈਡ ਫਿਊਨਰਲ ਹੋਮ (950 ਸਾਊਥ ਬਾਰਟਲੈਟ ਰੋਡ) ਬਾਰਟਲੈਟ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਵ੍ਹੀਟਨ ਵਿਖੇ ਹੋਵੇਗੀ।

## ਪਾਵਰਕੌਮ ਦੀ ਜੀਓ ਨਾਲ ਸਾਂਝ ਤੋਂ ਕਿਸਾਨ ਭੜਕੇ

**ਬਨੂੜ:** ਪਾਵਰਕੌਮ ਵੱਲੋਂ ਪਹਿਲੀ ਅਪਰੈਲ ਤੋਂ ਰਿਲਾਇੰਸ ਜੀਓ ਦੇ ਸਿਮ ਵਰਤੋਂ ਵਿਚ ਲਿਆਉਣ ਦੇ ਫੈਸਲੇ ਵਿਰੁੱਧ ਕਿਸਾਨਾਂ ਵਿਚ ਭਾਰੀ ਰੋਹ ਹੈ। ਇਥੋਂ ਜ਼ੀਰਕਪੁਰ ਨੂੰ ਜਾਂਦੇ ਅਜ਼ੀਜ਼ਪੁਰ ਟੋਲ ਪਲਾਜ਼ਾ ਉਤੇ ਕਿਸਾਨਾਂ ਦੀ ਭਰਵੀਂ ਇਕੱਤਰਤਾ ਹੋਈ ਤੇ ਉਨ੍ਹਾਂ ਪਾਵਰਕੌਮ ਅਤੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਕਿਸਾਨ ਆਗੂਆਂ ਨੇ ਪਾਵਰਕੌਮ ਦੇ ਫੈਸਲੇ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਇਕ ਪਾਸੇ ਪੰਜਾਬ ਸਰਕਾਰ ਕਿਸਾਨ ਸੰਘਰਸ਼ ਦੀ ਹਮਾਇਤ ਦੇ ਦਾਅਵੇ ਕਰਦੀ ਹੈ ਪਰ ਦੂਜੇ ਪਾਸੇ ਪਾਵਰਕੌਮ ਵੱਲੋਂ ਰਿਲਾਇੰਸ ਨੂੰ ਲਾਭ ਪਹੁੰਚਾਉਣ ਲਈ ਜੀਓ ਸਿੰਮ ਦੀ ਵਰਤੋਂ ਅਰੰਭਣ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਜੀਓ ਦੇ ਸਿਮ ਵਰਤਣ ਦਾ ਟੈਂਡਰ ਰੱਦ ਕਰਾਉਣ ਦੀ ਮੰਗ ਕਰਦਿਆਂ ਕਿਹਾ ਕਿ ਅਜਿਹਾ ਨਾ ਹੋਣ ਦੀ ਸੂਰਤ ਵਿਚ ਕਿਸਾਨ ਡਟ ਕੇ ਵਿਰੋਧ ਕਰਨਗੇ।

## ਸਕੂਲ ਸਿੱਖਿਆ ਬੋਰਡ ਵੱਲੋਂ ਕਿਤਾਬਾਂ ਦੀਆਂ ਕੀਮਤਾਂ 'ਚ ਭਾਰੀ ਵਾਧਾ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਕਾਰਨ ਆਰਥਿਕ ਸੰਕਟ 'ਚ ਫਸੇ ਆਮ ਲੋਕਾਂ ਨੂੰ ਸਰਕਾਰ ਵੱਲੋਂ ਰਾਹਤ ਦੇਣ ਦੀ ਬਜਾਏ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 2021-22 ਸੈਸ਼ਨ ਲਈ ਕਿਤਾਬਾਂ ਦੇ ਰੇਟਾਂ 'ਚ 40 ਫੀਸਦੀ ਤੋਂ ਲੈ ਕੇ ਕਰੀਬ 150 ਫੀਸਦੀ ਤੱਕ ਵਾਧਾ ਕਰ ਦਿੱਤਾ ਹੈ, ਗਰੀਬ ਲੋਕਾਂ ਲਈ ਵੱਡੀ ਮੁਸੀਬਤ ਇਹ ਹੋਵੇਗੀ ਕਿ ਬੋਰਡ ਨੇ ਕੁਝ ਕਿਤਾਬਾਂ ਦੇ ਸਿਲੇਬਸ 'ਚ ਤਬਦੀਲੀ ਕਰ ਦਿੱਤੀ ਹੈ, ਇਸ ਲਈ ਵਿਦਿਆਰਥੀ ਪੁਰਾਣੀਆਂ ਕਿਤਾਬਾਂ ਨਹੀਂ ਖਰੀਦ ਸਕਣਗੇ।

ਨਿੱਜੀ ਸਕੂਲ ਦੇ ਇਕ ਪ੍ਰਬੰਧਕ ਨੇ ਨਾਂ ਨਾ ਛਾਪਣ ਦੀ ਸ਼ਰਤ ਉਤੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰਕਾਸ਼ਨ ਸ਼ਾਖਾ ਵੱਲੋਂ ਜ਼ਿਲ੍ਹਿਆਂ ਦੇ ਬੁੱਕ ਡਿਪੂ ਮੈਨੇਜਰਾਂ, ਏਜੰਸੀ ਵਾਲਿਆਂ ਨੂੰ ਕਿਤਾਬਾਂ ਦੀਆਂ ਕੀਮਤਾਂ 'ਚ ਕੀਤੇ ਵਾਧੇ ਬਾਰੇ ਪੱਤਰ ਰਾਹੀਂ ਜਾਣਕਾਰੀ ਦਿੱਤੀ ਗਈ ਹੈ ਅਤੇ ਕਿਤਾਬਾਂ ਦੀ ਨਵੀਂ ਰੇਟ ਲਿਸਟ ਵੀ ਭੇਜ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਛੇਵੀਂ ਕਲਾਸ ਦੀ ਹਿਸਾਬ ਦੀ ਇੰਗਲਿਸ਼ ਮੀਡੀਅਮ ਦੀ ਕਿਤਾਬ ਜੋ ਪਿਛਲੇ ਸਾਲ 61 ਰੁਪਏ ਦੀ ਸੀ, ਦੀ ਕੀਮਤ 160 ਰੁਪਏ ਕਰ ਦਿੱਤੀ ਹੈ, ਜਦਕਿ ਪੰਜਾਬੀ ਮੀਡੀਅਮ ਦੀ ਕਿਤਾਬ ਦੀ ਕੀਮਤ ਵੀ 61 ਤੋਂ ਵਧਾ ਕੇ 144 ਰੁਪਏ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਕਈ ਜਮਾਤਾਂ ਦੀਆਂ ਕਿਤਾਬਾਂ ਦੀਆਂ ਕੀਮਤਾਂ 'ਚ ਵਾਧਾ ਕੀਤਾ ਗਿਆ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਿਸੇ ਵੀ ਨਿੱਜੀ ਸਕੂਲ ਨੂੰ 8 ਫੀਸਦੀ ਤੋਂ ਜ਼ਿਆਦਾ ਫੀਸ ਵਧਾਉਣ ਨਹੀਂ ਦਿੱਤੀ ਗਈ ਹੈ ਪਰ ਬੋਰਡ ਨੇ ਕਿਤਾਬਾਂ ਦੀਆਂ ਕੀਮਤਾਂ 'ਚ ਭਾਰੀ ਵਾਧਾ ਕਰਕੇ ਆਮ ਲੋਕਾਂ 'ਤੇ ਵੱਡਾ ਵਿੱਤੀ ਬੋਝ ਪਾ ਦਿੱਤਾ ਹੈ।

## ਸ੍ਰੀਲੰਕਾ ਬੁਰਕੇ ਉਤੇ ਲਗਾਏਗਾ ਪਾਬੰਦੀ

**ਕੋਲੰਬੋ:** ਸ੍ਰੀਲੰਕਾ 'ਬੁਰਕਾ' ਪਹਿਨਣ ਅਤੇ ਦੇਸ਼ 'ਚ ਇਕ ਮਦਰੱਸਿਆਂ ਨੂੰ ਬੰਦ ਕਰਨ ਦੀ ਯੋਜਨਾ ਬਣਾ ਰਿਹਾ ਹੈ। ਕੌਮੀ ਸੁਰੱਖਿਆ ਦਾ ਹਵਾਲਾ ਦਿੰਦਿਆਂ ਇਨ੍ਹਾਂ ਪਾਬੰਦੀਆਂ ਦੀ ਯੋਜਨਾ ਬਾਰੇ ਐਲਾਨ ਕੀਤਾ ਗਿਆ। ਲੋਕ ਸੁਰੱਖਿਆ ਮੰਤਰੀ ਸ਼ਰਤ ਵੀਰਸੇਕਰਾ ਨੇ ਕਿਹਾ ਕਿ ਉਨ੍ਹਾਂ ਬੁਰਕਾ ਪਹਿਨਣ 'ਤੇ ਪਾਬੰਦੀ ਲਾਉਣ ਬਾਰੇ ਵਜ਼ਾਰਤ ਵੱਲੋਂ ਆਗਿਆ ਮੰਗੇ ਜਾਣ ਵਾਲੇ ਦਸਤਾਵੇਜ਼ 'ਤੇ ਦਸਤਖ਼ਤ ਕੀਤੇ ਹਨ। ਇਕ ਸਮਾਗਮ ਦੌਰਾਨ ਉਨ੍ਹਾਂ ਕਿਹਾ ਕਿ ਬੁਰਕੇ ਦਾ ਕੌਮੀ ਸੁਰੱਖਿਆ 'ਤੇ ਸਿੱਧਾ ਪ੍ਰਭਾਵ ਹੈ। ਸਰਕਾਰ 1,000 ਤੋਂ ਵੱਧ ਮਦਰੱਸਿਆਂ 'ਤੇ ਵੀ ਪਾਬੰਦੀ ਲਗਾਏਗੀ, ਕਿਉਂਕਿ ਇਹ ਵਿਭਾਗਾਂ ਕੋਲ ਰਜਿਸਟਰਡ ਨਹੀਂ ਹਨ ਅਤੇ ਕੌਮੀ ਸਿੱਖਿਆ ਨੀਤੀ ਦੀ ਪਾਲਣਾ ਨਹੀਂ ਕਰਦੇ। ਸ੍ਰੀਲੰਕਾ ਦੀ ਆਬਾਦੀ ਲਗਭਗ 2 ਕਰੋੜ 20 ਲੱਖ ਹੈ, ਜਿਸ 'ਚ 9% ਆਬਾਦੀ ਮੁਸਲਮਾਨਾਂ ਦੀ ਹੈ।

## Matrimonials

### ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com

Sikh (Jatt) parents invite matrimonial alliance for their daughter 35yrs old, 5'- 10" tall, beautiful, family oriented, never married. Masters in Bio-Engineering Management-executive position in Bay Area, California. The boy should be good-natured, professionally qualified; tall and well settled in USA with family values. Serious inquiries only. Please respond with latest photo and bio-data to kaurprincess11@yahoo.com 8-11

### ਲੜਕੇ ਦੀ ਲੋੜ ਹੈ

Chicago based Shajdhari Sikh Khatri family looking for suitable match for her Daughter 30 year, MBA. Working in financing company downtown Chicago. Prefer Chicago based Khatri match. Contact: raviunited@aol.com 8-11

### ਲੜਕੀ ਦੀ ਲੋੜ ਹੈ

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 9-12

Match for Arora Sikh clean shaven graduate boy 30 years, 6'-2', business man at Patiala. Contact, Balkar Singh Ph: +91-93163-01328 or balkarsingh@gmail.com 8-11

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

*To Advertise with Punjab Times Call: 847-359-0746*
*Visit us on the web:* ***wwwpunjabtimesusa.com***


KULJEET (KJ) SINGH
Managing Broker Realtor
GAYA Realty

Interested in:
Buying Selling
Investing Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ



Kuljeet Singh
Over 20 Years of Experience
Contact Information:
Cell: 224-305-3250
Email: ksingh4622@gmail.com
MLS REALTOR
Serving All Chicagoland & Surrounding Suburbs
Looking for new agents.


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways



Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Imperial Tax Services
29090 Currier Ave., Westland, MI 48186
Individual & Small Business
Tax Returns
Visa, OCI, Renunciation & Passport Applications.
Citizenship Forms, Sponsorship & Power of Attorneys.
IRS AUTHORIZED NOTARY PUBLIC
Call or Text to make an appointment
Paramvir Singh
(Master's degree in Mathematics)
Ph: 206-475-6075
Email: Imperialtaxservices81@Yahoo.com
9-12

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

**Punjab Times**

**Established in 2000**
**22nd Year in Publication**

Published every Saturday
by **A B Publication Inc.**


20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395


Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**


**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


## ਬਹਿਬਲ ਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਮੁਕੰਮਲ

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਜਾਂਚ ਟੀਮ ਨੇ ਦਾਅਵਾ ਕੀਤਾ ਕਿ ਟੀਮ ਨੇ ਪੜਤਾਲ ਮੁਕੰਮਲ ਕਰ ਲਈ ਹੈ ਅਤੇ ਹੁਣ ਤੱਕ 8 ਚਲਾਨ ਅਦਾਲਤ ਵਿਚ ਪੇਸ਼ ਕੀਤੇ ਜਾ ਚੁੱਕੇ ਹਨ। ਇਕ ਚਲਾਨ ਆਉਣਾ ਅਜੇ ਬਾਕੀ ਹੈ। ਜਾਂਚ ਟੀਮ ਦੇ ਮੈਂਬਰ ਕੁੰਵਰਵਿਜੈ ਪ੍ਰਤਾਪ ਸਿੰਘ, ਜ਼ਿਲ੍ਹਾ ਅਟਾਰਨੀ ਰਜਨੀਸ਼ ਗੋਇਲ ਅਤੇ ਸਹਾਇਕ ਜ਼ਿਲ੍ਹਾ ਅਟਾਰਨੀ ਪੰਕਜ ਤਨੇਜਾ ਨੇ ਇਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰੀਬ ਦੋ ਸਾਲ ਚੱਲੀ ਪੜਤਾਲ ਦੌਰਾਨ ਜੋ ਵੀ ਸਬੂਤ ਅਤੇ ਗਵਾਹ ਜਾਂਚ ਟੀਮ ਨੂੰ ਮਿਲੇ, ਉਹ ਅਦਾਲਤ ਵਿਚ ਪੇਸ਼ ਕਰ ਦਿੱਤੇ ਗਏ ਹਨ।

ਆਈ.ਜੀ. ਕੁੰਵਰਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਪੜਤਾਲ ਦੌਰਾਨ ਉਨ੍ਹਾਂ ਨੂੰ ਕਾਫੀ ਪਰੇਸ਼ਾਨੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾਉਣ ਦੇ ਕੇਸ ਵਿਚ ਮੁਆਫੀ ਦੇਣ ਮਗਰੋਂ ਪੈਦਾ ਹੋਏ ਹਾਲਾਤ ਨਾਲ ਨਜਿੱਠਣ ਲਈ ਗੋਲੀ ਕਾਂਡ ਕਰਵਾਇਆ ਗਿਆ। ਜਾਂਚ ਟੀਮ ਨੇ ਆਪਣੀ ਰਿਪੋਰਟ ਦੇ ਸਫਾ ਨੰਬਰ-41 ਵਿਚ ਦਾਅਵਾ ਕੀਤਾ ਹੈ ਕਿ ਕੋਟਕਪੂਰਾ ਗੋਲੀ ਕਾਂਡ ਦੀ ਸਾਜ਼ਿਸ਼ ਵਿਚ ਉਸ ਵੇਲੇ ਦੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਕਥਿਤ ਤੌਰ 'ਤੇ ਸ਼ਾਮਲ ਸਨ। ਹਾਲਾਂਕਿ ਜਾਂਚ ਟੀਮ ਨੇ ਸੁਖਬੀਰ ਬਾਦਲ ਖਿਲਾਫ ਅਦਾਲਤ ਵਿਚ ਕੋਈ ਚਲਾਨ ਪੇਸ਼ ਨਹੀਂ ਕੀਤਾ। ਪੜਤਾਲ ਰਿਪੋਰਟ ਨੂੰ ਹਰ ਪੱਖ ਤੋਂ ਮੁਕੰਮਲ ਦੱਸਦਿਆਂ ਜਾਂਚ ਟੀਮ ਨੇ ਕਿਹਾ ਕਿ ਹੁਣ ਅਦਾਲਤ ਇਸ ਮਾਮਲੇ 'ਚ ਸੁਣਵਾਈ ਕਰੇਗੀ।

## ਗੁਰੂ ਤੇਗ ਬਹਾਦਰ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਸ਼ੁਰੂ

**ਰਈਆ:** ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਰੰਭੀ ਲੜੀ ਤਹਿਤ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਤਿੰਨ ਦਿਨ ਚੱਲਣ ਵਾਲੇ ਸਮਾਗਮਾਂ ਦੀ ਸ਼ੁਰੂਆਤ ਪੰਜ ਹਜ਼ਾਰ ਸਹਿਜ ਪਾਠਾਂ ਦੇ ਭੋਗ ਨਾਲ ਹੋਈ। ਇਹ ਸਹਿਜ-ਪਾਠ ਸੰਗਤ ਵੱਲੋਂ ਕੀਤੇ ਗਏ ਸਨ। ਇਸੇ ਦੌਰਾਨ ਕਰੀਬ ਮਹੀਨੇ ਤੋਂ ਚੱਲ ਰਹੇ ਗੁਰਬਾਣੀ ਪਾਠ ਬੋਧ ਸਮਾਗਮ ਦੀ ਵੀ ਸਮਾਪਤੀ ਕੀਤੀ ਗਈ।

ਵਿਸ਼ਾਲ ਪੰਡਾਲ ਅੰਦਰ ਸਜਾਏ ਗਏ ਗੁਰਮਤਿ ਸਮਾਗਮ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਜਿੱਥੇ ਗੁਰਬਾਣੀ ਪਾਠ ਬੋਧ ਸਮਾਗਮ ਦੌਰਾਨ ਸੰਥਿਆ ਅਤੇ ਸੰਪੂਰਨ ਸਹਿਜ-ਪਾਠ ਕਰਨ ਵਾਲੀਆਂ ਸੰਗਤਾਂ ਨੂੰ ਵਧਾਈ ਦਿੱਤੀ, ਉਥੇ ਹੀ ਨੌਵੇਂ ਪਾਤਸ਼ਾਹ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਗੁਰੂ ਸਾਹਿਬ ਦੇ ਉਪਦੇਸ਼ਾਂ 'ਤੇ ਚੱਲਣ ਦੀ ਸੰਗਤ ਨੂੰ ਪ੍ਰੇਰਨਾ ਦਿੱਤੀ।

ਉਨ੍ਹਾਂ ਕਿਹਾ ਕਿ ਨੌਵੇਂ ਪਾਤਸ਼ਾਹ ਦਾ 400 ਸਾਲਾ ਪ੍ਰਕਾਸ਼ ਗੁਰਪੁਰਬ 1 ਮਈ 2021 ਨੂੰ ਕੌਮਾਂਤਰੀ ਪੱਧਰ ਦੇ ਸਮਾਗਮ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਕੀਤਾ ਜਾਵੇਗਾ, ਜਿਸ ਤੋਂ ਪਹਿਲਾਂ ਪੂਰੇ ਦੇਸ਼ ਅੰਦਰ ਵੱਖ-ਵੱਖ ਸਮਾਗਮ ਸਜਾਏ ਜਾ ਰਹੇ ਹਨ।

## ਕਨੈਕਟੀਕਟ ਵਿਚ 'ਨਿਸ਼ਾਨ ਸਾਹਿਬ' ਨੂੰ ਮਾਨਤਾ

**ਵਾਸ਼ਿੰਗਟਨ:** ਕਨੈਕਟੀਕਟ ਸਟੇਟ ਵਿਚ ਸਿੱਖ ਧਰਮ ਦੇ ਝੰਡੇ 'ਨਿਸ਼ਾਨ ਸਾਹਿਬ' ਅਤੇ ਸਿੱਖ ਇਤਿਹਾਸਕ ਦਿਵਸ 11 ਮਾਰਚ ਨੂੰ 'ਸਿੱਖ ਝੰਡਾ ਦਿਵਸ' ਵਜੋਂ ਮਾਨਤਾ ਮਿਲੀ ਹੈ। ਇਸ ਤੋਂ ਪਹਿਲਾਂ ਸੂਬੇ ਵੱਲੋਂ ਨਵੰਬਰ, 1984 ਸਿੱਖ ਨਸਲਕੁਸ਼ੀ ਨੂੰ ਵੀ ਮਾਨਤਾ ਦਿੱਤੀ ਜਾ ਚੁੱਕੀ ਹੈ। ਇਸ ਦਾ ਖੁਲਾਸਾ ਵਰਲਡ ਸਿੱਖ ਪਾਰਲੀਮੈਂਟ ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਸਿੱਖ ਆਗੂਆਂ ਨੇ ਕੀਤਾ ਹੈ।

ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿੰਮਤ ਸਿੰਘ, ਬੁਲਾਰੇ ਅਮਰਜੀਤ ਸਿੰਘ ਵਾਸ਼ਿੰਗਟਨ ਤੇ ਹੋਰਾਂ ਨੇ ਦੱਸਿਆ ਕਿ ਕਨੈਕਟੀਕਟ ਸਰਕਾਰ ਵੱਲੋਂ 'ਨਿਸ਼ਾਨ ਸਾਹਿਬ' ਨੂੰ ਮਾਨਤਾ ਦਿੱਤੀ ਗਈ ਹੈ, ਜਿਸ ਨਾਲ ਅਮਰੀਕਾ ਵਿਚ ਵਸਦਾ ਸਮੁੱਚਾ ਸਿੱਖ ਭਾਈਚਾਰਾ ਖੁਸ਼ ਹੈ। ਉਨ੍ਹਾਂ ਦੱਸਿਆ ਕਿ 11 ਮਾਰਚ 1783, ਜਦੋਂ ਬਾਬਾ ਬਘੇਲ ਸਿੰਘ ਦੀ ਅਗਵਾਈ ਹੇਠ ਸਿੱਖ ਫੌਜ ਨੇ ਦਿੱਲੀ ਫਤਹਿ ਕਰਦਿਆਂ ਲਾਲ ਕਿਲੇ 'ਤੇ ਨਿਸ਼ਾਨ ਸਾਹਿਬ ਚੜ੍ਹਾਇਆ ਗਿਆ ਸੀ, ਨੂੰ ਵੀ ਸਿੱਖ ਝੰਡਾ ਦਿਵਸ (ਨਿਸ਼ਾਨ ਸਾਹਿਬ) ਵਜੋਂ ਮਾਨਤਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜਥੇਬੰਦੀ ਦੇ ਮੈਂਬਰ ਤੇ ਸੂਬੇ ਦੇ ਨੁਮਾਇੰਦੇ ਸਵਰਨਜੀਤ ਸਿੰਘ ਖਾਲਸਾ ਅਤੇ ਮਨਮੋਹਨ ਸਿੰਘ ਭਰਾਰਾ ਨੇ ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਅਹਿਮ ਭੂਮਿਕਾ ਨਿਭਾਈ ਹੈ। ਹੈਮਡੇਨ ਦੇ ਗੁਰਦੁਆਰੇ ਵਿਚ ਨੌਰਵਿਚ ਸ਼ਹਿਰ ਦੇ ਮੇਅਰ ਪੀਟਰ ਨਾਈਸਟਰੋਮ, ਅਸੈਂਬਲੀ ਮੈਂਬਰ ਕੇਵਿਨ ਰਿਆਨ ਤੇ ਹੋਰਨਾਂ ਨੇ ਇਸ ਸਬੰਧੀ ਮਾਨਤਾ ਪੱਤਰ ਪੜ੍ਹਿਆ।

## ਬਾਟਲਾ ਹਾਊਸ ਮੁਕਾਬਲਾ: ਆਰਿਜ਼ ਖਾਨ ਨੂੰ ਮੌਤ ਦੀ ਸਜ਼ਾ

**ਨਵੀਂ ਦਿੱਲੀ:** ਸੰਨ 2008 ਦੇ ਬਾਟਲਾ ਹਾਊਸ ਮੁਕਾਬਲੇ ਵਿਚ ਪੁਲਿਸ ਇੰਸਪੈਕਟਰ ਮੋਹਨ ਚੰਦ ਸ਼ਰਮਾ ਦੇ ਕਤਲ ਲਈ ਦੋਸ਼ੀ ਠਹਿਰਾਏ ਗਏ ਆਰਿਜ਼ ਖਾਨ ਨੂੰ ਦਿੱਲੀ ਦੀ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੈ। ਦਿੱਲੀ ਪੁਲਿਸ ਨੇ ਖਾਨ ਲਈ ਮੌਤ ਦੀ ਸਜ਼ਾ ਮੰਗੀ ਸੀ। ਸਰਕਾਰੀ ਵਕੀਲ ਏ.ਟੀ. ਅੰਸਾਰੀ ਨੇ ਪੁਲਿਸ ਵੱਲੋਂ ਪੇਸ਼ ਹੁੰਦਿਆਂ ਕਿਹਾ ਕਿ ਆਰਿਜ਼ ਨੂੰ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ ਤੇ ਫਾਂਸੀ ਦਿੱਤੀ ਜਾਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਆਰਿਜ਼ ਖਾਨ ਇੰਡੀਅਨ ਮੁਜਾਹਿਦੀਨ ਨਾਲ ਜੁੜਿਆ ਹੋਇਆ ਸੀ। ਪੁਲਿਸ ਨੇ ਅਦਾਲਤ ਵਿਚ ਕਿਹਾ ਕਿ ਇਹ ਮਹਿਜ਼ ਕਤਲ ਨਹੀਂ ਹੈ ਸਗੋਂ ਕਾਨੂੰਨ ਦੇ ਰਖਵਾਲੇ ਇਕ ਪੁਲਿਸ ਅਧਿਕਾਰੀ ਦੀ ਹੱਤਿਆ ਹੈ। ਵਧੀਕ ਸੈਸ਼ਨ ਜੱਜ ਸੰਦੀਪ ਯਾਦਵ ਨੇ ਆਰਿਜ਼ 'ਤੇ 11 ਲੱਖ ਰੁਪਏ ਜੁਰਮਾਨਾ ਵੀ ਲਾਇਆ ਹੈ। ਆਰਿਜ਼ ਦੇ ਵਕੀਲ ਨੇ ਇਸ ਤੋਂ ਪਹਿਲਾਂ ਮੌਤ ਦੀ ਸਜ਼ਾ ਦਾ ਅਦਾਲਤ ਵਿਚ ਵਿਰੋਧ ਕੀਤਾ। ਇੰਸਪੈਕਟਰ ਸ਼ਰਮਾ ਨੂੰ ਦੱਖਣੀ ਦਿੱਲੀ ਦੇ ਜਾਮੀਆ ਨਗਰ ਵਿਚ 2008 'ਚ ਹੋਏ ਬਾਟਲਾ ਹਾਊਸ ਮੁਕਾਬਲੇ ਵਿਚ ਗੋਲੀ ਲੱਗੀ ਸੀ ਤੇ ਮੌਤ ਹੋ ਗਈ ਸੀ। ਟਰਾਇਲ ਅਦਾਲਤ ਇੰਡੀਅਨ ਮੁਜਾਹਿਦੀਨ ਦੇ ਅਤਿਵਾਦੀ ਸ਼ਹਿਜ਼ਾਦ ਅਹਿਮਦ ਨੂੰ ਇਸ ਕੇਸ ਵਿਚ ਜੁਲਾਈ 2013 'ਚ ਉਮਰ ਕੈਦ ਦੀ ਸਜ਼ਾ ਸੁਣਾ ਚੁੱਕੀ ਹੈ।

## ਕਿਸਾਨ ਅੰਦੋਲਨ ਨੂੰ ਚੜ੍ਹਿਆ ਨਵਾਂ ਰੰਗ

*(ਸਫਾ ਇਕ ਦੀ ਬਾਕੀ)*

ਹਨ। ਉਨ੍ਹਾਂ ਦੇ ਹੱਥਾਂ ਵਿਚ ਮਹਿੰਗਾਈ ਤੇ ਮੋਦੀ ਸਰਕਾਰ ਦੀਆਂ ਧੱਕੇਸ਼ਾਹੀਆਂ ਨਾਲ ਸਬੰਧਤ ਬੋਰਡ ਸਨ। ਕਿਸਾਨ ਜਥੇਬੰਦੀਆਂ ਵੀ ਮੋਦੀ ਨੀਤੀਆਂ ਦੀ ਸ਼ਿਕਾਰ ਹਰ ਧਿਰ ਨੂੰ ਗਲੇ ਲਾਉਣ ਅੱਗੇ ਆਈਆਂ ਹਨ।

ਕਿਸਾਨਾਂ ਨੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਦੇਸ਼ ਦੀਆਂ ਮੁੱਖ ਟਰੇਡ ਯੂਨੀਅਨਾਂ ਦੇ ਮੋਢੇ ਨਾਲ ਮੋਢਾ ਜੋੜਦਿਆਂ 'ਨਿੱਜੀਕਰਨ ਤੇ ਕਾਰਪੋਰੇਟ ਵਿਰੋਧੀ ਦਿਵਸ' ਮਨਾ ਕੇ ਸਰਕਾਰ ਨੂੰ ਸਖਤ ਸੁਨੇਹਾ ਦਿੱਤਾ ਹੈ। ਕਿਸਾਨਾਂ ਨੇ ਭਾਰਤੀ ਸੰਵਿਧਾਨ ਦੀਆਂ ਧਾਰਨਾਵਾਂ ਨੂੰ ਮਿੱਧ ਕੇ ਭਵਿੱਖ ਨਾਲ ਜੁੜੀਆਂ ਨੀਤੀਆਂ, ਜਨਤਕ ਅਦਾਰੇ ਤੇ ਆਮ ਲੋਕਾਂ ਦੀਆਂ ਸਹੂਲਤਾਂ ਕਾਰਪੋਰੇਟ ਘਰਾਣਿਆਂ ਦੇ ਫਾਇਦੇ ਲਈ ਅਮੀਰਾਂ ਹਵਾਲੇ ਕਰਨ ਖਿਲਾਫ ਆਵਾਜ਼ ਬੁਲੰਦ ਕੀਤੀ।

ਸੰਯੁਕਤ ਕਿਸਾਨ ਮੋਰਚੇ ਨੇ ਨਵੇਂ ਖੇਤੀ ਕਾਨੂੰਨਾਂ, ਕਿਰਤ ਕਾਨੂੰਨਾਂ, ਨਿੱਜੀਕਰਨ ਤੇ ਅਸਮਾਨੀ ਪੁੱਜੀਆਂ ਤੇਲ ਤੇ ਰਸੋਈ ਗੈਸ ਕੀਮਤਾਂ ਖਿਲਾਫ ਸ਼ਾਂਤਮਈ ਪ੍ਰਦਰਸ਼ਨ ਕੀਤਾ। ਦੇਸ਼ ਭਰ ਦੀਆਂ ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ ਅਤੇ ਮੁਲਾਜ਼ਮ ਜਥੇਬੰਦੀਆਂ ਨੇ ਇਕਜੁੱਟਤਾ ਪ੍ਰਗਟਾਉਂਦਿਆਂ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਵਧ ਰਹੀਆਂ ਕੀਮਤਾਂ ਖਿਲਾਫ ਪ੍ਰਧਾਨ ਮੰਤਰੀ ਦੇ ਨਾਂ ਮੰਗ-ਪੱਤਰ ਭੇਜੇ ਗਏ। ਕਿਸਾਨੀ ਤੋਂ ਬਾਅਦ ਇਸ ਸਮੇਂ ਸਭ ਤੋਂ ਵੱਡਾ ਮੁੱਦਾ ਨਿੱਜੀਕਰਨ ਦਾ ਬਣਦਾ ਜਾ ਰਿਹਾ ਹੈ। ਰੇਲਵੇ ਤੇ ਬੈਂਕ ਮੁਲਾਜ਼ਮ ਇਸ ਖਿਲਾਫ ਵੱਡਾ ਸੰਘਰਸ਼ ਖੜ੍ਹਾ ਕਰਨ ਲਈ ਉਤਾਰੂ ਹਨ। ਖੇਤੀ ਕਾਨੂੰਨਾਂ ਖਿਲਾਫ ਡਟੇ ਸੰਯੁਕਤ ਕਿਸਾਨ ਮੋਰਚਾ ਨੇ ਦੇਸ਼ ਨੂੰ ਸਰਮਾਏਦਾਰਾਂ ਤੇ ਪੂੰਜੀਪਤੀਆਂ ਹੱਥ ਵਿਕਣ ਤੋਂ ਰੋਕਣ ਲਈ ਨੌਜਵਾਨਾਂ ਨੂੰ ਨੀਂਦ ਤੋਂ ਜਾਗਣ ਦਾ ਸੱਦਾ ਦਿੱਤਾ ਹੈ।

ਆਗੂਆਂ ਨੇ ਦਾਅਵਾ ਕੀਤਾ ਹੈ ਕਿ ਸਾਲ 2021 ਅੰਦੋਲਨਾਂ ਦਾ ਸਾਲ ਹੋਵੇਗਾ। ਚੇਤੇ ਰਹੇ ਕਿ ਮੋਰਚੇ ਵੱਲੋਂ 26 ਮਾਰਚ ਨੂੰ 'ਭਾਰਤ ਬੰਦ' ਦਾ ਸੱਦਾ ਦਿੱਤਾ ਹੈ। ਕਿਸਾਨ ਆਗੂਆਂ ਨੇ ਮੋਦੀ ਸਰਕਾਰ ਵੱਲੋਂ ਦੇਸ਼ ਕਾਰਪੋਰੇਟਾਂ ਕੋਲ ਗਹਿਣੇ ਧਰਨ ਦੀ ਤਿਆਰੀ ਖਿਚਣ ਦੀ ਦੁਹਾਈ ਦਿੰਦਿਆਂ ਹਰ ਵਰਗ ਨੂੰ ਬੰਦ ਦਾ ਸਮਰਥਨ ਕਰਨ ਦੀ ਅਪੀਲ ਕੀਤੀ ਹੈ। ਹਾਲਾਤ ਇਹ ਬਣਦੇ ਜਾ ਰਹੇ ਹੈ ਕਿ ਹੁਣ ਭਾਰਤੀ ਜਨਤਾ ਪਾਰਟੀ ਦੇ ਅੰਦਰ ਵੀ ਹਿੱਲਜੁਲ ਦੇ ਸੰਕੇਤ ਮਿਲ ਰਹੇ ਹਨ। ਭਾਜਪਾ ਦੇ ਸੀਨੀਅਰ ਆਗੂ ਤੇ ਮੇਘਾਲਿਆ ਦੇ ਰਾਜਪਾਲ ਸਤਿਆਪਾਲ ਮਲਿਕ ਨੇ ਕੇਂਦਰ ਸਰਕਾਰ ਨੂੰ ਸਲਾਹ ਦਿੱਤੀ ਹੈ ਕਿ ਸਰਕਾਰ ਅੰਦੋਲਨਕਾਰੀ ਕਿਸਾਨਾਂ ਪ੍ਰਤੀ ਦਮਨਕਾਰੀ ਨੀਤੀ ਨਾ ਅਪਨਾਏ। ਪੰਜਾਬ ਦੇ ਕਿਸਾਨਾਂ ਦੇ ਪ੍ਰਸੰਗ ਵਿਚ ਗੱਲ ਕਰਦਿਆਂ ਰਾਜਪਾਲ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਨ੍ਹਾਂ ਕਿਸਾਨਾਂ ਨੂੰ ਬਿਨਾਂ ਕੁਝ ਦਿੱਤੇ ਵਾਪਸ ਜਾਣਾ ਪਿਆ ਤਾਂ ਉਹ ਇਸ ਬੇਇਨਸਾਫੀ ਨੂੰ ਬਹੁਤ ਲੰਮੀ ਦੇਰ ਤੱਕ ਨਹੀਂ ਭੁੱਲਣਗੇ। ਇਸੇ ਦੌਰਾਨ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਕਰਨ ਦੀ ਵਕਾਲਤ ਕੀਤੀ ਹੈ। ਕਿਸਾਨਾਂ ਨਾਲ ਟਕਰਾਅ ਦੇ ਕਾਰਨ ਹੀ ਪੰਜਾਬ ਅਤੇ ਹਰਿਆਣਾ ਵਿਚ ਭਾਜਪਾ ਦੇ ਸਮਾਗਮਾਂ ਦਾ ਬਾਈਕਾਟ ਕੀਤਾ ਜਾ ਰਿਹਾ ਹੈ। ਹੋਰਾਂ ਸੂਬਿਆਂ ਅੰਦਰ ਵੀ ਇਹ ਦਬਾਅ ਬਣਨਾ ਸੁਭਾਵਿਕ ਹੈ। ਕੌਮਾਂਤਰੀ ਮੰਚ ਉਤੇ ਮਸ਼ਹੂਰ ਕਾਮੇਡੀਅਨ ਲਿੱਲੀ ਸਿੰਘ ਨੇ 63ਵੇਂ ਗ੍ਰੈਮੀ ਐਵਾਰਡ ਸਮਾਗਮ ਦੌਰਾਨ ਕਿਸਾਨਾਂ ਦਾ ਸਮਰਥਨ ਕਰਨ ਵਾਲਾ ਮਾਸਕ ਲਗਾ ਕੇ ਇਸ ਮੁੱਦੇ ਨੂੰ ਦੁਨੀਆਂ ਦੀ ਨਜ਼ਰ 'ਚ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਕਈ ਦੇਸ਼ਾਂ ਦੀਆਂ ਸੰਸਦਾਂ ਅਤੇ ਕੌਮਾਂਤਰੀ ਮੰਚਾਂ 'ਤੇ ਹੋਈਆਂ ਬਹਿਸਾਂ ਤੋਂ ਸੰਕੇਤ ਮਿਲਦਾ ਹੈ ਕਿ ਇਹ ਅੰਦੋਲਨ ਦੇਸ਼-ਵਿਦੇਸ਼ 'ਚ ਲੋਕਾਂ ਦੀਆਂ ਨਜ਼ਰਾਂ 'ਚ ਪ੍ਰਵਾਨ ਚੜ੍ਹ ਚੁੱਕਾ ਹੈ।

26 ਜਨਵਰੀ ਨੂੰ ਵਾਪਰੀਆਂ ਘਟਨਾਵਾਂ ਤੋਂ ਬਾਅਦ ਹੁਣ ਤੱਕ ਸਰਕਾਰ ਮਸਲੇ ਦੇ ਹੱਲ ਲਈ ਗੱਲਬਾਤ ਤੋਂ ਲਗਾਤਾਰ ਭੱਜ ਰਹੀ ਹੈ। ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਕਿਹਾ ਸੀ ਕਿ ਸਰਕਾਰ ਕਿਸਾਨਾਂ ਤੋਂ ਇਕ ਫੋਨ ਕਾਲ ਦੂਰ ਹੈ ਪਰ 22 ਜਨਵਰੀ ਤੋਂ ਬਾਅਦ ਸਰਕਾਰ ਅਤੇ ਕਿਸਾਨ ਆਗੂਆਂ ਦਰਮਿਆਨ ਕੋਈ ਅਧਿਕਾਰਤ ਗੱਲਬਾਤ ਨਹੀਂ ਹੋਈ ਹੈ। ਭਾਜਪਾ ਆਗੂ ਖਾਸ ਤੌਰ ਉਤੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਪੰਜ ਰਾਜਾਂ ਦੀਆਂ ਚੋਣਾਂ ਵਿਚ ਮਸਰੂਫ ਹਨ। ਸਰਕਾਰ ਦੀ ਢਿੱਲਮੱਠ ਨੂੰ ਵੇਖਦਿਆਂ ਸੰਯੁਕਤ ਕਿਸਾਨ ਮੋਰਚੇ ਨੇ ਵੀ ਪੰਜ ਰਾਜਾਂ ਵਿਚ ਭਾਜਪਾ ਦੇ ਉਮੀਦਵਾਰਾਂ ਨੂੰ ਹਰਾਉਣ ਦਾ ਸੱਦਾ ਦਿੱਤਾ ਹੋਇਆ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਭਾਜਪਾ ਇਸ ਸਮੇਂ ਕਸੂਤੀ ਸਥਿਤੀ ਵਿਚ ਫਸੀ ਹੋਈ ਹੈ। ਸ਼ਾਇਦ ਉਹ ਕਿਸਾਨ ਦੇ ਰੋਹ ਬਾਰੇ ਗਲਤ ਅੰਦਾਜ਼ਾ ਲਾ ਬੈਠੀ। ਇਸ ਅੰਦੋਲਨ ਨੂੰ ਕੁਚਲਣ ਦਾ ਹਰ ਹਰਬਾ ਹੁਣ ਤੱਕ ਭਾਜਪਾ ਨੂੰ ਪੁੱਠਾ ਪਿਆ ਹੈ। ਹੁਣ ਸਿਆਸੀ ਤੌਰ ਉਤੇ ਲੱਗਦੇ ਸੇਕ ਤੋਂ ਫਿਕਰਮੰਦੀ ਸਾਫ ਦਿਸ ਰਹੀ ਹੈ। ਪੰਜ ਰਾਜਾਂ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਜ਼ੋਰ ਫੜ ਚੁੱਕਾ ਹੈ। ਇਹ ਚੋਣਾਂ ਦੇਸ਼ ਪੱਧਰੀ ਕਿਸਾਨ ਅੰਦੋਲਨ ਵਿਚਾਲੇ ਹੋ ਰਹੀਆਂ ਹਨ ਅਤੇ ਕੁਝ ਰਾਜਾਂ ਵਿਚ ਨਵੇਂ ਖੇਤੀ ਕਾਨੂੰਨਾਂ ਖਿਲਾਫ ਤੇਜ਼ ਅੰਦੋਲਨ ਵੀ ਹੋ ਰਹੇ ਹਨ। ਜਿਨ੍ਹਾਂ ਰਾਜਾਂ ਵਿਚ ਤੇਜ਼ ਅੰਦੋਲਨ ਹੋ ਰਹੇ ਹਨ, ਉਨ੍ਹਾਂ ਸਭ ਵਿਚ ਹੋਏ ਸਥਾਨਕ ਨਗਰ ਨਿਗਮ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਹਾਰੀ ਹੈ। ਉਹ ਹਰਿਆਣਾ ਦੇ ਨਗਰ ਨਿਗਮ ਦੀਆਂ ਦੋਵਾਂ ਵਿਚ ਹਾਰੀ, ਉਸ ਤੋਂ ਬਾਅਦ ਰਾਜਸਥਾਨ ਦੇ ਸਥਾਨਕ ਨਗਰ ਨਿਗਮ ਦੀਆਂ ਚੋਣਾਂ ਵਿਚ ਹਾਰੀ। ਪੰਜਾਬ ਵਿਚ ਤਾਂ ਉਸ ਦੀ ਬੁਰੀ ਹਾਲਤ ਹੋ ਗਈ ਹੈ। ਇਨ੍ਹਾਂ ਹਾਰਾਂ ਨੂੰ ਦੇਖਦੇ ਹੋਏ ਹਰਿਆਣਾ ਦੀ ਭਾਜਪਾ ਸਰਕਾਰ ਸੂਬੇ ਦੀਆਂ ਗ੍ਰਾਮ ਪੰਚਾਇਤ ਚੋਣਾਂ ਕਰਾਉਣ ਦੀ ਹਿੰਮਤ ਹੀ ਨਹੀਂ ਕਰ ਰਹੀ। ਕੁੱਲ ਮਿਲਾ ਕੇ ਭਾਜਪਾ ਨੂੰ ਇਹ ਸਮਝ ਆਉਣ ਲੱਗੀ ਹੈ ਕਿ ਕਿਸਾਨ ਅੰਦੋਲਨ ਆਸਰੇ ਮੁਲਕ ਵਿਚ ਉਠ ਰਿਹਾ ਰੋਹ ਉਸ ਲਈ (ਭਾਜਪਾ) ਮਾਰੂ ਸਿੱਧ ਹੋਵੇਗਾ ਪਰ ਹੁਣ ਹਾਲਾਤ ਹੀ ਅਜਿਹੇ ਬਣ ਗਏ ਹਨ ਕਿ ਭਗਵਾ ਧਿਰ ਸੋਚਾਂ ਵਿਚ ਹੈ ਕਿ ਉਹ ਕਿਸ ਮੂੰਹ ਨਾਲ ਪਿੱਛੇ ਹਟੇ।

## ਸਭ ਤੋਂ ਵੱਧ ਗ੍ਰੈਮੀ ਐਵਾਰਡ ਜਿੱਤਣ ਵਾਲੀ ਮਹਿਲਾ ਕਲਾਕਾਰ ਬਣੀ ਬਿਓਂਸੇ

**ਲਾਸ ਏਂਜਲਸ:** ਪੌਪ ਸਟਾਰ ਬਿਓਂਸੇ 2021 ਵਿਚ ਚਾਰ ਹੋਰ ਗ੍ਰੈਮੀ ਐਵਾਰਡ ਜਿੱਤ ਕੇ ਸਭ ਤੋਂ ਵੱਧ 28 ਗ੍ਰੈਮੀ ਐਵਾਰਡ ਜਿੱਤਣ ਵਾਲੀ ਪਹਿਲੀ ਮਹਿਲਾ ਕਲਾਕਾਰ ਬਣ ਗਈ ਹੈ। 'ਰਿਕਾਰਡਿੰਗ ਅਕਾਦਮੀ' ਵੱਲੋਂ ਕਰਵਾਏ 63ਵੇਂ ਗ੍ਰੈਮੀ ਐਵਾਰਡ ਸਮਾਗਮ ਵਿਚ ਬਿਓਂਸੇ ਨੂੰ ਨੌਂ ਵਰਗਾਂ ਵਿਚ ਨਾਮਜ਼ਦ ਕੀਤਾ ਗਿਆ ਸੀ। ਉਨ੍ਹਾਂ ਨੂੰ ਮੇਗਨ ਥੀ ਸਟਾਲਿਯਾਨ (ਰੈਪਰ) ਨਾਲ 'ਸੈਵੇਜ (ਰੀਮਿਕਸ)' ਲਈ 'ਬੈਸਟ ਰੈਪ' ਵਰਗ ਵਿਚ ਐਵਾਰਡ ਮਿਲਿਆ। 'ਬਲੈਕ ਪਰੇਡ' ਲਈ ਸਰਵੋਤਮ 'ਆਰਐਂਡਬੀ' ਪੇਸ਼ਕਾਰ ਐਵਾਰਡ, 'ਬਰਾਊਨ ਸਕਿਨ ਗਰਲ' ਲਈ 'ਸਰਵੋਤਮ ਸੰਗੀਤ ਵੀਡੀਓ' ਅਤੇ 'ਸੈਵੇਜ' ਲਈ ਇਕ ਹੋਰ ਐਵਾਰਡ ਮਿਲਿਆ। ਇਨ੍ਹਾਂ ਚਾਰ ਐਵਾਰਡਾਂ ਨਾਲ ਕੁਲ 28 ਗ੍ਰੈਮੀ ਐਵਾਰਡ ਜਿੱਤ ਕੇ ਬਿਓਂਸੇ ਨੇ ਉੱਘੀ ਗਾਇਕਾ ਐਲੀਸਨ ਕਰਾਊਸ ਦਾ ਰਿਕਾਰਡ ਤੋੜਿਆ। ਬ੍ਰਿਟਸ ਆਰਕੈਸਟਰਾ ਅਤੇ ਆਪਰੇਟਿਵ ਕੰਡਕਟਰ ਸਰ ਜੌਰਜ ਸੋਲਟੀ ਦੇ ਨਾਂ ਸਭ ਤੋਂ ਵੱਧ 31 ਗ੍ਰੈਮੀ ਜਿੱਤਣ ਦਾ ਰਿਕਾਰਡ ਹੈ। ਇਸੇ ਦੌਰਾਨ ਮੇਗਨ ਥੀ ਸਟਾਲਿਯਾਨ 'ਬੈਸਟ ਨਿਊ ਆਰਟਿਸਟ', 'ਬੈਸਟ ਰੈਪ ਸੌਂਗ' ਅਤੇ 'ਬੈਸਟ ਰੈਪ ਪ੍ਰਾਫਾਰਮੈਂਸ' ਰਾਹੀਂ ਤਿੰਨ ਟਰਾਫੀਆਂ ਜਿੱਤ ਕੇ 63ਵੇਂ ਗਰੈਮੀ ਐਵਾਰਡ ਦੀ ਵੱਡੀ ਜੇਤੂ ਰਹੀ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿੱਲੋਂ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਹਰਿਆਣਾ ਵਿਚ ਭਾਜਪਾ ਅਤੇ ਜੇ.ਜੇ.ਪੀ. ਆਗੂਆਂ ਦਾ ਬਾਈਕਾਟ

**ਚੰਡੀਗੜ੍ਹ:** ਹਰਿਆਣਾ ਸਰਕਾਰ ਖਿਲਾਫ ਲਿਆਂਦੇ ਗਏ ਬੇਭਰੋਸਗੀ ਮਤੇ ਦੀ ਖਿਲਾਫਤ ਕਰਨ ਵਾਲੇ ਭਾਜਪਾ-ਜੇ.ਜੇ.ਪੀ. ਗੱਠਜੋੜ ਦੇ ਨਾਲ-ਨਾਲ ਆਜ਼ਾਦ ਵਿਧਾਇਕਾਂ ਖਿਲਾਫ ਕਿਸਾਨਾਂ ਦਾ ਗੁੱਸਾ ਵਧਦਾ ਜਾ ਰਿਹਾ ਹੈ। ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨੀ ਸੰਘਰਸ਼ ਦੌਰਾਨ ਹਰਿਆਣਾ ਵਿਚ ਭਾਜਪਾ ਅਤੇ ਜੇ.ਜੇ.ਪੀ. ਦੀਆਂ ਮੁਸ਼ਕਲਾਂ ਘਟਣ ਦਾ ਨਾਂ ਨਹੀਂ ਲੈ ਰਹੀਆਂ। ਜਿਥੇ ਕਿਸਾਨਾਂ ਨੇ ਪਹਿਲਾਂ ਭਾਜਪਾ-ਜੇ.ਜੇ.ਪੀ. ਆਗੂਆਂ ਦੇ ਰਾਜਨੀਤਕ ਸਮਾਗਮਾਂ ਦਾ ਬਾਈਕਾਟ ਕੀਤਾ ਸੀ, ਉਥੇ ਹੁਣ ਵਿਧਾਇਕਾਂ ਸਣੇ ਸੀਨੀਅਰ ਆਗੂਆਂ ਦੇ ਸਮਾਜਿਕ ਬਾਈਕਾਟ ਦਾ ਐਲਾਨ ਕਰ ਦਿੱਤਾ ਗਿਆ ਹੈ। ਪਿੰਡਾਂ ਦੇ ਬਾਹਰ ਬੋਰਡ ਲਗਾ ਕੇ ਵਿਧਾਇਕਾਂ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਪਾਬੰਦੀ ਦੇ ਬਾਵਜੂਦ ਦਾਖਲ ਹੋਣ 'ਤੇ ਜਾਨ ਮਾਲ ਦੀ ਰਾਖੀ ਖੁਦ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ। ਹਰਿਆਣਾ ਦੇ ਹਿਸਾਰ, ਕੁਰੂਕਸ਼ੇਤਰ, ਉਚਾਣਾ, ਅੰਬਾਲਾ, ਭਿਵਾਨੀ, ਜੀਂਦ ਅਤੇ ਕੈਥਲ ਸਣੇ ਸੂਬੇ ਦੇ ਵੱਡੀ ਗਿਣਤੀ ਵਿਚ ਪਿੰਡਾਂ ਦੇ ਬਾਹਰ ਖਾਪ ਪੰਚਾਇਤਾਂ ਅਤੇ ਕਿਸਾਨਾਂ ਵੱਲੋਂ ਬੋਰਡ ਲਗਾ ਕੇ ਭਾਜਪਾ ਅਤੇ ਜੇ.ਜੇ.ਪੀ. ਦੇ ਆਗੂਆਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਦਾ ਵਿਰੋਧ ਪਾਣੀਪਤ, ਸੋਨੀਪਤ ਤੇ ਸਿਰਸਾ ਵਿਚ ਵੀ ਦਿਖਾਈ ਦੇ ਰਿਹਾ ਹੈ।




ਕਿਸਾਨਾਂ ਦਾ ਕਹਿਣਾ ਹੈ ਕਿ ਭਾਜਪਾ-ਜੇ.ਜੇ.ਪੀ. ਨੇ ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਕਾਂਗਰਸ ਵਲੋਂ ਲਿਆਂਦੇ ਬੇਭਰੋਸਗੀ ਮਤੇ ਦੀ ਖਿਲਾਫਤ ਕਰ ਕੇ ਕਿਸਾਨੀ ਵਿਰੋਧੀ ਚਿਹਰਾ ਸਪੱਸ਼ਟ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇੰਨੇ ਵਿਰੋਧ ਦੇ ਬਾਵਜੂਦ ਉਕਤ ਆਗੂਆਂ ਨੂੰ ਬੁਲਾਉਣ ਵਾਲੇ ਲੋਕਾਂ ਦਾ ਵੀ ਵਿਰੋਧ ਕੀਤਾ ਜਾਵੇਗਾ। ਕਿਸਾਨ ਆਗੂ ਆਜ਼ਾਦ ਪਲਵਾ ਨੇ ਕਿਹਾ ਕਿ ਦੇਸ਼ ਦਾ ਅੰਨਦਾਤਾ ਆਪਣੇ ਹੱਕਾਂ ਲਈ ਸ਼ਾਂਤਮਈ ਢੰਗ ਨਾਲ ਵਿਰੋਧ ਕਰ ਰਿਹਾ ਹੈ ਤਾਂ ਪਹਿਲਾਂ ਹਰਿਆਣਾ ਸਰਕਾਰ ਨੇ ਦਿੱਲੀ ਕੂਚ ਕਰ ਰਹੇ ਕਿਸਾਨਾਂ 'ਤੇ ਅੱਤਿਆਚਾਰ ਕੀਤਾ ਜਿਸ ਤੋਂ ਬਾਅਦ ਖਾਲਿਸਤਾਨੀ, ਅਤਿਵਾਦੀ ਤੇ ਮਾਓਵਾਦੀ ਕਹਿ ਕੇ ਕਿਸਾਨੀ ਸੰਘਰਸ਼ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਕਿਸਾਨ ਆਪਣੇ ਹੱਕ ਲਈ ਲੜਾਈ ਲੜ ਰਹੇ ਹਨ। ਇਸ ਲੜਾਈ ਵਿਚ ਜੋ ਵੀ ਕਿਸਾਨਾਂ ਨਾਲ ਖੜ੍ਹੇਗਾ, ਭਵਿੱਖ ਵਿਚ ਕਿਸਾਨ ਵੀ ਉਸੇ ਦੇ ਨਾਲ ਖੜ੍ਹਨਗੇ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਵੀ ਭਾਜਪਾ ਆਗੂਆਂ ਦਾ ਵਿਰੋਧ ਕੀਤਾ ਜਾਵੇਗਾ।

ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਹਰਿਆਣਾ ਦੇ ਕਿਸਾਨਾਂ ਵੱਲੋਂ ਭਾਜਪਾ-ਜੇ.ਜੇ.ਪੀ. ਦੇ ਆਗੂਆਂ ਦਾ ਸਮਾਜਿਕ ਬਾਈਕਾਟ ਕਰਦਿਆਂ ਉਨ੍ਹਾਂ ਦੇ ਸਾਰੇ ਸਮਾਗਮਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਹਰਿਆਣਾ ਦੇ ਝੱਜਰ, ਉਕਲਾਣਾ ਵਿਚ ਦੋ ਸਮਾਗਮ ਰੱਖੇ ਗਏ ਸਨ, ਪਰ ਕਿਸਾਨਾਂ ਦੇ ਵਿਰੋਧ ਕਾਰਨ ਦੋਵੇਂ ਸਮਾਗਮ ਰੱਦ ਕਰ ਦਿੱਤੇ ਗਏ। ਪਿਛਲੇ ਹਫਤੇ ਹਰਿਆਣਾ ਵਿਚ ਗੱਠਜੋੜ ਦੇ ਪੰਜ ਵੱਡੇ ਸਮਾਗਮ ਰੱਖੇ ਗਏ ਸਨ ਜਿਨ੍ਹਾਂ ਵਿਚ ਭਾਜਪਾ ਦੇ ਸੂਬਾ ਪ੍ਰਧਾਨ ਓਪੀ ਧਨਖੜ, ਇਕ ਸੰਸਦ ਮੈਂਬਰ ਅਤੇ ਤਿੰਨ ਵਿਧਾਇਕਾਂ ਨੇ ਪਹੁੰਚਣਾ ਸੀ ਪਰ ਕਿਸਾਨਾਂ ਵੱਲੋਂ ਇਨ੍ਹਾਂ ਸਮਾਗਮਾਂ ਦੇ ਵਿਰੋਧ ਵਿਚ ਕੀਤੇ ਗਏ ਰੋਸ ਪ੍ਰਦਰਸ਼ਨਾਂ ਕਰ ਕੇ ਸਾਰੇ ਸਮਾਗਮ ਰੱਦ ਕਰਨੇ ਪਏ। ਇਸ ਦੌਰਾਨ ਕਿਸਾਨ ਆਗੂਆਂ ਨੇ ਗੱਠਜੋੜ ਸਰਕਾਰ ਨਾਲ ਸਬੰਧ ਰੱਖਣ ਵਾਲੇ ਵਿਧਾਇਕਾਂ, ਸੰਸਦ ਮੈਂਬਰਾਂ ਅਤੇ ਹੋਰਨਾਂ ਆਗੂਆਂ ਦੇ ਸਿਆਸੀ ਤੇ ਸਮਾਜਿਕ ਸਮਾਗਮਾਂ ਦਾ ਬਾਈਕਾਟ ਕਰਨ ਦਾ ਐਲਾਨ ਵੀ ਕੀਤਾ। ਝੱਜਰ ਦੇ ਗੁਰੂਕੁਲ ਵਿੱਚ ਰੱਖੇ ਸਾਲਾਨਾ ਸਮਾਗਮ ਵਿਚ ਭਾਜਪਾ ਸੂਬਾ ਪ੍ਰਧਾਨ ਓਪੀ ਧਨਖੜ ਨੇ ਬਤੌਰ ਮੁੱਖ ਮਹਿਮਾਨ ਜਾਣਾ ਸੀ ਪਰ ਧਨਖੜ ਦੇ ਪਹੁੰਚਣ ਤੋਂ ਪਹਿਲਾਂ ਹੀ ਕਿਸਾਨ ਆਗੂਆਂ ਨੇ ਗੁਰੂਕੁਲ ਨੂੰ ਜਾਣ ਵਾਲੀਆਂ ਸੜਕਾਂ 'ਤੇ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ। ਕਿਸਾਨਾਂ ਦੇ ਰੋਸ ਨੂੰ ਦੇਖਦਿਆਂ ਧਨਖੜ ਉਕਤ ਸਮਾਗਮ ਵਿੱਚ ਨਹੀਂ ਗਏ। ਇਸੇ ਤਰ੍ਹਾਂ ਭਿਵਾਨੀ ਦੇ ਪਿੰਡ ਇਸਰਵਾਲ ਵਿਚ ਸੰਸਦ ਮੈਂਬਰ ਧਰਮਵੀਰ ਨੇ ਆਪਣੇ ਸਿਆਸੀ ਗੁਰੂ ਅਤੇ ਸਾਬਕਾ ਮੰਤਰੀ ਜਗਨਨਾਥ ਦੇ ਸ਼ਰਧਾਂਜਲੀ ਸਮਾਗਮ ਵਿਚ ਜਾਣਾ ਸੀ। ਕਿਸਾਨਾਂ ਨੇ ਸਮਾਗਮ ਨੂੰ ਜਾਣ ਵਾਲੀਆਂ ਸੜਕਾਂ 'ਤੇ ਟਰੈਕਟਰ ਖੜ੍ਹੇ ਕਰ ਕੇ ਸਾਰੇ ਰਾਹ ਬੰਦ ਕਰ ਦਿੱਤੇ ਜਿਸ ਕਰ ਕੇ ਸੰਸਦ ਮੈਂਬਰ ਧਰਮਵੀਰ ਨੂੰ ਆਪਣਾ ਸਮਾਗਮ ਰੱਦ ਕਰਨਾ ਪਿਆ।

ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਦੇ ਪਿਤਾ ਅਜੈ ਚੌਟਾਲਾ ਦੇ ਜਨਮ ਦਿਨ ਸਬੰਧੀ ਕੁਰੂਕਸ਼ੇਤਰ ਦੇ ਸਰਕਟ ਹਾਊਸ ਵਿਚ ਸਮਾਗਮ ਰੱਖਿਆ ਹੋਇਆ ਸੀ ਜਿੱਥੇ ਜੇ.ਜੇ.ਪੀ. ਵਿਧਾਇਕ ਰਾਮ ਕੁਮਾਰ ਕਾਲਾ ਨੇ ਪਹੁੰਚ ਕੇ ਸਫਾਈ ਕਰਮਚਾਰੀਆਂ ਦਾ ਸਨਮਾਨ ਕਰਨਾ ਸੀ। ਸਮਾਗਮ ਦੀ ਜਾਣਕਾਰੀ ਮਿਲਦੇ ਹੀ ਕਿਸਾਨਾਂ ਨੇ ਨਾਅਰੇਬਾਜ਼ੀ ਕਰਦਿਆਂ ਸਰਕਟ ਹਾਊਸ ਦੇ ਬਾਹਰ ਜਿੰਦਰਾ ਲਗਾ ਦਿੱਤਾ। ਕਿਸਾਨਾਂ ਦੇ ਰੋਹ ਦੇ ਮੱਦੇਨਜ਼ਰ ਜੇ.ਜੇ.ਪੀ. ਆਗੂਆਂ ਨੂੰ ਸਮਾਗਮ ਰੱਦ ਕਰਨਾ ਪਿਆ। ਕੁਰੂਕਸ਼ੇਤਰ ਵਿਚ ਹੀ ਵਿਧਾਇਕ ਰਣਧੀਰ ਗੋਲਨ ਨੇ ਸਿਆਸੀ ਮੀਟਿੰਗ ਵਿਚ ਜਾਣਾ ਸੀ ਜਿਥੇ ਉਹ ਨਾ ਪਹੁੰਚ ਸਕੇ। ਇਸੇ ਤਰ੍ਹਾਂ ਆਜ਼ਾਦ ਵਿਧਾਇਕ ਧਰਮਪਾਲ ਗੋਂਦਰ ਨੇ ਕਰਨਾਲ ਦੇ ਪਿੰਡ ਨੀਲੋਖੇੜੀ ਦੀ ਗਊਸ਼ਾਲਾ ਦੇ ਸਾਲਾਨਾ ਸਮਾਗਮ ਵਿਚ ਜਾਣਾ ਸੀ ਪਰ ਕਿਸਾਨਾਂ ਦੇ ਰੋਹ ਕਾਰਨ ਉਹ ਨਹੀਂ ਗਏ।

## ਦਸੰਬਰ ਤੱਕ ਚੱਲ ਸਕਦਾ ਹੈ ਕਿਸਾਨ ਅੰਦੋਲਨ: ਟਿਕੈਤ

**ਪ੍ਰਯਾਗਰਾਜ:** ਕੇਂਦਰ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਭਾਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਚੱਲ ਰਿਹਾ ਕਿਸਾਨ ਅੰਦੋਲਨ ਇਸ ਸਾਲ ਦਸੰਬਰ ਤੱਕ ਚੱਲਣ ਦੀ ਸੰਭਾਵਨਾ ਹੈ। ਇਹ ਗੱਲ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਕਹੀ ਹੈ। ਪੱਛਮੀ ਬੰਗਾਲ ਦਾ ਦੌਰਾਨ ਕਰਨ ਮਗਰੋਂ ਪ੍ਰਯਾਗਰਾਜ ਪਹੁੰਚੇ ਟਿਕੈਤ ਨੇ ਝਲਵਾ 'ਚ ਕਿਹਾ, 'ਇਹ ਅੰਦੋਲਨ ਨਵੰਬਰ-ਦਸੰਬਰ ਤੱਕ ਚੱਲਣ ਦੀ ਆਸ ਹੈ।' ਪੱਛਮੀ ਬੰਗਾਲ 'ਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਆਪਣੇ ਬੰਗਾਲ ਦੌਰੇ ਬਾਰੇ ਟਿਕੈਤ ਨੇ ਦੱਸਿਆ, 'ਦਿੱਲੀ 'ਚ ਸਰਕਾਰ ਦੇ ਲੋਕ ਪੱਛਮੀ ਬੰਗਾਲ ਦੇ ਕਿਸਾਨਾਂ ਤੋਂ ਇਕ ਮੁੱਠੀ ਅਨਾਜ ਮੰਗ ਰਹੇ ਹਨ। ਅਸੀਂ ਕਿਸਾਨਾਂ ਨੂੰ ਕਿਹਾ ਕਿ ਜਦੋਂ ਉਹ ਚੌਲ ਦੇਣ ਤਾਂ ਅਨਾਜ ਮੰਗਣ ਵਾਲਿਆਂ ਨੂੰ ਕਹਿਣ ਕਿ ਉਹ ਇਸ 'ਤੇ ਐਮ.ਐਸ.ਪੀ. ਵੀ ਤੈਅ ਕਰਵਾ ਦੇਣ ਅਤੇ 1850 ਰੁਪਏ ਦਾ ਭਾਅ ਦਿਵਾਉਣ।'

## ਕਿਸਾਨਾਂ ਨੇ ਭਾਜਪਾ ਦਾ ਸਿਖਲਾਈ ਕੈਂਪ ਰੁਕਵਾਇਆ

**ਜੀਂਦ:** ਵਿਧਾਨ ਸਭਾ ਨਰਵਾਣਾ ਦੇ ਭਾਜਪਾ ਕਾਰਕੁਨਾਂ ਦੇ ਇਕ ਰੋਜ਼ਾ ਸਿਖਲਾਈ ਕੈਂਪ ਦਾ ਵੱਡੀ ਗਿਣਤੀ ਕਿਸਾਨਾਂ ਨੇ ਵਿਰੋਧ ਕੀਤਾ ਜਿਸ ਕਾਰਨ ਹਾਲਾਤ ਤਣਾਅ ਵਾਲੇ ਬਣੇ ਰਹੇ। ਪ੍ਰਾਪਤ ਜਾਣਕਾਰੀ ਅਨੁਸਾਰ ਨਰਵਾਣਾ ਦੇ ਆਦਰਸ਼ ਸਕੂਲ 'ਚ ਭਾਜਪਾ ਕਾਰਕੁਨਾਂ ਦਾ ਸਿਖਲਾਈ ਕੈਂਪ ਰੱਖਿਆ ਗਿਆ ਸੀ। ਇਸ ਦੀ ਜਾਣਕਾਰੀ ਮਿਲਦੇ ਹੀ ਵੱਡੀ ਗਿਣਤੀ 'ਚ ਕਿਸਾਨ ਤੇ ਕਿਸਾਨ ਬੀਬੀਆਂ ਨੇ ਮੌਕੇ 'ਤੇ ਪਹੁੰਚ ਕੇ ਸਕੂਲ ਦਾ ਘਿਰਾਓ ਕਰ ਲਿਆ ਤੇ ਭਾਜਪਾ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਕਿਸਾਨਾਂ ਦੇ ਵਿਰੋਧ ਦੀ ਸੂਚਨਾ ਮਿਲਦਿਆਂ ਹੀ ਭਾਜਪਾ ਕਾਰਕੁਨਾਂ ਨੇ ਸਕੂਲ ਦੇ ਮੁੱਖ ਗੇਟ ਨੂੰ ਤਾਲਾ ਲਗਾ ਦਿੱਤਾ ਪਰ ਕਿਸਾਨ ਸਕੂਲ ਗੇਟ ਉਤੇ ਹੀ ਖੜ੍ਹੇ ਨਾਅਰੇਬਾਜ਼ੀ ਕਰਦੇ ਰਹੇ। ਸੂਚਨਾ ਮਿਲਣ 'ਤੇ ਮੌਕੇ 'ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਕਿਸਾਨਾਂ ਤੇ ਭਾਜਪਾ ਆਗੂਆਂ ਦਾ ਟਕਰਾਅ ਰੋਕਿਆ ਤਾਂ ਰੁਕਵਾ ਦਿੱਤਾ ਪਰ ਜਦੋਂ ਤੱਕ ਪ੍ਰੋਗਰਾਮ ਬੰਦ ਨਹੀਂ ਕਰ ਦਿੱਤਾ ਗਿਆ ਉਦੋਂ ਤੱਕ ਕਿਸਾਨਾਂ ਨਾਅਰੇਬਾਜ਼ੀ ਕਰਦੇ ਰਹੇ। ਪ੍ਰਸ਼ਾਸਨ ਨੇ ਕਈ ਸ਼ਿਫਟਾਂ ਵਿਚ ਭਾਜਪਾ ਕਾਰਕੁਨਾਂ ਨੂੰ ਸਕੂਲ ਤੋਂ ਬਾਹਰ ਕੱਢਿਆ।

# ਕਿਸਾਨ ਸਮਰਥਨ ਵਾਲਾ ਮਾਸਕ ਪਾ ਕੇ ਗ੍ਰੈਮੀ ਸਮਾਗਮ ਪੁੱਜੀ ਲਿਲੀ ਸਿੰਘ

**ਲਾਸ ਏਂਜਲਸ:** ਭਾਰਤੀ-ਕੈਨੇਡਿਆਈ ਯੂਟਿਊਬਰ ਅਤੇ 'ਲੇਟ ਨਾਈਟ ਟਾਕ ਸ਼ੋਅ' ਦੀ ਮੇਜ਼ਬਾਨ ਲਿਲੀ ਸਿੰਘ ਸਰਕਾਰ ਦੇ 3 ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਦੇ ਸਮਰਥਨ ਵਾਲਾ ਮਾਸਕ ਪਹਿਨ ਕੇ ਗ੍ਰੈਮੀ ਐਵਾਰਡ-2021 ਦੇ ਸਮਾਗਮ ਵਿਚ ਸ਼ਾਮਲ ਹੋਈ। ਉਸ ਦੇ ਮਾਸਕ 'ਤੇ 'ਆਈ ਸਟੈਂਡ ਵਿਦ ਫਾਰਮਰਜ਼' ਲਿਖਿਆ ਹੋਇਆ ਸੀ। ਲਿਲੀ ਸਿੰਘ ਨੇ ਟਵਿੱਟਰ 'ਤੇ ਆਪਣੀ ਇਹ ਤਸਵੀਰ ਪੋਸਟ ਕੀਤੀ। ਉਸ ਨੇ ਲਿਖਿਆ ਕਿ ਰੈੱਡ ਕਾਰਪੈੱਟ ਨੂੰ ਮੀਡੀਆ ਵਿਚ ਚੰਗੀ ਕਵਰੇਜ ਮਿਲਦੀ ਹੈ, ਇਸ ਲਈ ਇਹ ਕਿਸਾਨਾਂ ਪ੍ਰਤੀ ਇਕਜੁੱਟਤਾ ਪ੍ਰਗਟਾਉਣ ਦਾ ਸਹੀ ਮੌਕਾ ਸੀ। ਉਸ ਨੇ ਤਸਵੀਰ ਦੀ ਕੈਪਸ਼ਨ ਵਿਚ ਲਿਖਿਆ, "ਮੈਂ ਜਾਣਦੀ ਹਾਂ ਕਿ ਰੈੱਡ ਕਾਰਪੈਟ/ਐਵਾਰਡ ਸਮਾਗਮ ਦੀਆਂ ਤਸਵੀਰਾਂ ਸਭ ਤੋਂ ਵਧ ਪ੍ਰਸਾਰਿਤ ਕੀਤੀਆਂ ਜਾਂਦੀਆਂ ਹਨ, ਇਸ ਲਈ ਮੈਂ ਮੀਡੀਆ ਲਈ ਇਹ ਤਸਵੀਰ ਸਾਂਝੀ ਕਰ ਰਹੀ ਹਾਂ। ਇਸ ਨੂੰ ਬਿਨਾਂ ਝਿਜਕ ਪ੍ਰਸਾਰਿਤ ਕਰੋ।" ਇਸ ਤੋਂ ਪਹਿਲਾਂ ਉਸ ਨੇ ਅੰਦੋਲਨ ਕਰ ਰਹੇ ਕਿਸਾਨਾਂ ਦਾ ਸਮਰਥਨ ਕਰਨ ਲਈ ਪੌਪ ਸਟਾਰ ਰਿਹਾਨਾ ਦਾ ਧੰਨਵਾਦ ਕੀਤਾ ਸੀ।

# ਮੇਘਾਲਿਆ ਦੇ ਰਾਜਪਾਲ ਵੱਲੋਂ ਮੋਦੀ ਨੂੰ ਮੌਕਾ ਸਾਂਭਣ ਦੀ ਸਲਾਹ

**ਬਾਗਪਤ (ਯੂਪੀ):** ਮੇਘਾਲਿਆ ਦੇ ਰਾਜਪਾਲ ਮਲਿਕ ਸਤਿਆਪਾਲ ਨੇ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਕਰ ਰਹੇ ਕਿਸਾਨਾਂ ਦਾ ਪੱਖ ਲੈਂਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਕਿ ਜਬਰ ਰਾਹੀਂ ਉਨ੍ਹਾਂ ਦਾ ਦਮਨ ਨਾ ਕੀਤਾ ਜਾਵੇ। ਰਾਜਪਾਲ ਨੇ ਦਾਅਵਾ ਕੀਤਾ ਕਿ ਕਿਸਾਨ ਰਾਕੇਸ਼ ਟਿਕੈਤ ਦੀ ਗ੍ਰਿਫਤਾਰੀ ਅਫਵਾਹ ਸੁਣਨ ਮਗਰੋਂ ਉਨ੍ਹਾਂ ਅਜਿਹਾ ਕੀਤੇ ਜਾਣ ਵਰਜਿਆ ਸੀ।

ਆਪਣੇ ਪਿਤਰੀ ਜ਼ਿਲ੍ਹੇ 'ਚ ਇਕ ਸਮਾਗਮ ਦੌਰਾਨ ਸ੍ਰੀ ਮਲਿਕ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦਿੰਦੀ ਹੈ ਤਾਂ ਕਿਸਾਨ ਨਰਮ ਪੈ ਜਾਣਗੇ। ਉਨ੍ਹਾਂ ਕਿਹਾ, 'ਕੋਈ ਵੀ ਕਾਨੂੰਨ ਕਿਸਾਨਾਂ ਦੇ ਪੱਖ 'ਚ ਨਹੀਂ ਹੈ। ਜਦੋਂ ਕਿਸੇ ਨੇ ਇਸ ਦਾ ਵਿਰੋਧ ਕੀਤਾ, ਉਸ 'ਤੇ ਲਾਠੀਚਾਰਜ ਕੀਤਾ ਗਿਆ।' ਮਲਿਕ ਨੇ ਇਹ ਵੀ ਕਿਹਾ, 'ਉਸ ਮੁਲਕ ਨੂੰ ਕੋਈ ਨਹੀਂ ਬਚਾਅ ਸਕਦਾ, ਜਿਥੇ ਕਿਸਾਨ ਅਤੇ ਫੌਜੀ ਸੰਤੁਸ਼ਟ ਨਹੀਂ ਹਨ। ਮਲਿਕ ਨੇ ਕਿਹਾ, 'ਸਰਦਾਰ ਕੌਮ ਪਿੱਛੇ ਕਿਵੇਂ ਹਟ ਸਕਦੀ ਹੈ ਅਤੇ ਤਿੰਨ ਸੌ ਸਾਲਾਂ ਮਗਰੋਂ ਵੀ ਗੱਲ ਨਹੀਂ ਭੁੱਲਦੀ। ਇੰਦਰਾ ਗਾਂਧੀ (ਸਾਬਕਾ ਪ੍ਰਧਾਨ ਮੰਤਰੀ) ਨੇ ਵੀ ਅਪਰੇਸ਼ਨ ਬਲੂ ਸਟਾਰ ਤੋਂ ਬਾਅਦ 'ਮਹਾਮ੍ਰਿਤੁੰਜਯ ਮੰਤਰ ਦਾ ਜਾਪ ਕਰਵਾਇਆ ਸੀ।'



# ਕਾਰੋਬਾਰੀ ਘਰਾਣਿਆਂ ਨੂੰ ਬੈਂਕ ਵੇਚਣੇ ਵੱਡੀ ਗਲਤੀ: ਰਘੂਰਾਮ ਰਾਜਨ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਦੋ ਬੈਂਕਾਂ ਦੇ ਨਿੱਜੀਕਰਨ ਬਾਰੇ ਕਿਹਾ ਹੈ ਕਿ ਬੈਂਕਾਂ ਨੂੰ ਕਾਰੋਬਾਰੀ ਘਰਾਣਿਆਂ ਨੂੰ ਵੇਚਣਾ ਵੱਡੀ ਗਲਤੀ ਹੋਵੇਗੀ। ਚੰਗੇ ਤੇ ਵੱਡੇ ਬੈਂਕਾਂ ਨੂੰ ਵਿਦੇਸ਼ੀ ਬੈਂਕਾਂ ਕੋਲ ਵੇਚਣਾ ਸਿਆਸੀ ਨਜ਼ਰੀਏ ਤੋਂ ਵੀ ਵਿਹਾਰਕ ਨਹੀਂ ਹੋਵੇਗਾ। ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਨੇ ਕਿਹਾ ਕਿ ਹੋ ਸਕਦਾ ਹੈ ਕਿ ਨਿੱਜੀ ਖੇਤਰ ਦਾ ਇਕ ਬੈਂਕ ਜਨਤਕ ਖੇਤਰ ਦੇ ਬੈਂਕ ਨੂੰ ਗ੍ਰਹਿਣ ਕਰਨ ਦੀ ਸਥਿਤੀ ਵਿਚ ਹੋਵੇ ਪਰ ਉਹ ਇਸ ਗੱਲ ਨੂੰ ਲੈ ਕੇ ਨਿਸ਼ਚਿਤ ਨਹੀਂ ਹਨ ਕਿ ਉਹ ਇਸ ਗੱਲ ਦੀ ਇੱਛਾ ਜ਼ਾਹਿਰ ਕਰੇਗਾ। ਉਨ੍ਹਾਂ ਕਿਹਾ ਕਿ ਭਾਰਤੀ ਮੁਦਰਾ ਨੀਤੀ ਢਾਂਚੇ ਵਿਚ ਵੱਡੀ ਤਬਦੀਲੀ ਨਾਲ ਬਾਂਡ ਬਾਜ਼ਾਰ ਪ੍ਰਭਾਵਿਤ ਹੋ ਸਕਦਾ ਹੈ ਕਿਉਂਕਿ ਮੌਜੂਦਾ ਪ੍ਰਣਾਲੀ ਨੇ ਮਹਿੰਗਾਈ ਨੂੰ ਰੋਕਣ ਅਤੇ ਵਿਕਾਸ ਨੂੰ ਹੁਲਾਰਾ ਦੇਣ ਵਿਚ ਮਦਦ ਕੀਤੀ ਹੈ। ਪੀ.ਟੀ.ਆਈ. ਨੂੰ ਦਿੱਤੇ ਇਕ ਇੰਟਰਵਿਊ ਵਿਚ ਰਾਜਨ ਨੇ ਕਿਹਾ, "ਮੇਰਾ ਮੰਨਣਾ ਹੈ ਕਿ ਮੁਦਰਾ ਨੀਤੀ ਢਾਂਚੇ ਨੇ ਮਹਿੰਗਾਈ ਘਟਾਉਣ ਵਿਚ ਮਦਦ ਕੀਤੀ ਹੈ। ਇਸ ਵਿਚ ਭਾਰਤੀ ਰਿਜ਼ਰਵ ਬੈਂਕ ਲਈ ਅਰਥਚਾਰੇ ਨੂੰ ਸਮਰਥਨ ਦੇਣ ਦੀ ਗੁੰਜਾਇਸ਼ ਵੀ ਹੈ। ਇਹ ਸੋਚਣਾ ਵੀ ਮੁਸ਼ਕਲ ਹੈ ਕਿ ਜੇਕਰ ਅਜਿਹਾ ਢਾਂਚਾ ਨਾ ਹੁੰਦਾ ਤਾਂ ਅਸੀਂ ਐਨਾ ਵੱਡਾ ਵਿੱਤੀ ਘਾਟਾ ਕਿਵੇਂ ਝੱਲਦੇ।" ਉਨ੍ਹਾਂ ਤੋਂ ਸਵਾਲ ਕੀਤਾ ਗਿਆ ਸੀ ਕਿ ਕੀ ਉਹ ਮੁਦਰਾ ਨੀਤੀ ਢਾਂਚੇ ਤਹਿਤ ਮਹਿੰਗਾਈ ਦੇ ਦੋ ਤੋਂ ਛੇ ਫੀਸਦ ਤੱਕ ਦੇ ਟੀਚੇ ਦੀ ਸਮੀਖਿਆ ਦੇ ਪੱਖ ਵਿਚ ਹਨ। ਭਾਰਤੀ ਰਿਜ਼ਰਵ ਬੈਂਕ ਨੂੰ ਪ੍ਰਚੂਨ ਮਹਿੰਗਾਈ ਚਾਰ ਫੀਸਦ (ਦੋ ਫੀਸਦ ਉੱਪਰ ਜਾਂ ਥੱਲੇ) ਰੱਖਣ ਦਾ ਟੀਚਾ ਦਿੱਤਾ ਗਿਆ ਹੈ। ਰਿਜ਼ਰਵ ਬੈਂਕ ਦੇ ਗਵਰਨਰ ਦੀ ਅਗਵਾਈ ਵਾਲੀ ਕੇਂਦਰੀ ਬੈਂਕ ਦੀ ਛੇ ਮੈਂਬਰੀ ਮੁਦਰਾ ਨੀਤੀ ਕਮੇਟੀ ਇਸ ਨੂੰ ਧਿਆਨ ਵਿਚ ਰੱਖ ਕੇ ਨੀਤੀਗਤ ਦਰਾਂ ਤੈਅ ਕਰਦੀ ਹੈ। ਮੌਜੂਦਾ ਮੱਧਮ ਕਾਲ ਮਹਿੰਗਾਈ ਟੀਚਾ ਜੋ ਅਗਸਤ 2016 ਵਿਚ ਤੈਅ ਕੀਤਾ ਗਿਆ ਸੀ, ਇਸੇ ਸਾਲ 31 ਮਾਰਚ ਨੂੰ ਖਤਮ ਹੋ ਰਿਹਾ ਹੈ। ਅਗਲੇ ਪੰਜ ਸਾਲਾਂ ਲਈ ਮਹਿੰਗਾਈ ਦਾ ਟੀਚਾ ਪਹਿਲੀ ਅਪਰੈਲ ਤੋਂ ਸ਼ੁਰੂ ਹੋਣਾ ਹੈ ਜਿਸ ਨੂੰ ਇਸੇ ਮਹੀਨੇ ਨੋਟੀਫਾਈ ਕੀਤੇ ਜਾਣ ਦੀ ਆਸ ਹੈ।



ਇਸੇ ਸਬੰਧੀ ਰਾਜਨ ਨੇ ਕਿਹਾ, "ਜੇਕਰ ਅਸੀਂ ਢਾਂਚੇ ਵਿਚ ਵੱਡੀ ਤਬਦੀਲੀ ਕਰਦੇ ਹਾਂ ਤਾਂ ਇਸ ਨਾਲ ਬਾਂਡ ਬਾਜ਼ਾਰ ਪ੍ਰਭਾਵਿਤ ਹੋਣ ਦਾ ਖਤਰਾ ਪੈਦਾ ਹੋ ਜਾਵੇਗਾ। ਮੇਰਾ ਮੰਨਣਾ ਕਿ ਵੱਡਾ ਬਦਲਾਅ ਕਰਨ ਲਈ ਇਹ ਸ਼ਾਇਦ ਗਲਤ ਸਮਾਂ ਹੈ।" ਸੋਧੇ ਮਾਪਦੰਡਾਂ ਸਬੰਧੀ ਸ੍ਰੀ ਰਾਜਨ ਨੇ ਕਿਹਾ ਕਿ 2021-22 ਦੇ ਬਜਟ ਵਿਚ ਨਿੱਜੀਕਰਨ 'ਤੇ ਕਾਫੀ ਜੋਰ ਦਿੱਤਾ ਗਿਆ ਹੈ। ਨਿੱਜੀਕਰਨ ਸਬੰਧੀ ਸਰਕਾਰ ਦਾ ਰਿਕਾਰਡ ਕਾਫੀ ਉਤਾਰ-ਚੜ੍ਹਾਓ ਵਾਲਾ ਰਿਹਾ ਹੈ ਅਤੇ ਇਸ ਵਾਰ ਇਹ ਕਿਵੇਂ ਵੱਖ ਹੋਵੇਗਾ।" ਉਨ੍ਹਾਂ ਕਿਹਾ ਕਿ ਇਸ ਵਾਰ ਦੇ ਬਜਟ ਵਿਚ ਕਾਫੀ ਹੱਦ ਤੱਕ ਖਰਚੇ ਤੇ ਪ੍ਰਾਪਤੀਆਂ ਨੂੰ ਲੈ ਪਾਰਦਰਸ਼ਤਾ ਦਿਖਦੀ ਹੈ। ਪਹਿਲਾਂ ਦੇ ਬਜਟ ਵਿਚ ਅਜਿਹਾ ਨਹੀਂ ਸੀ ਦਿਖਦਾ। ਹਾਲਾਂਕਿ, ਇਸ ਦੇ ਨਾਲ ਹੀ ਰਾਜਨ ਨੇ ਕਿਹਾ ਕਿ ਬਜਟ ਵਿਚ ਮਾਲੀਆ ਇਕੱਤਰ ਕਰਨ ਤੇ ਵਿੱਤੀ ਖੇਤਰ ਦੇ ਸੁਧਾਰਾਂ ਸਬੰਧੀ ਚੀਜ਼ਾਂ ਜ਼ਿਆਦਾ ਸਪੱਸ਼ਟ ਨਹੀਂ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰ ਦਾ 2024-25 ਤੱਕ ਭਾਰਤ ਨੂੰ ਪੰਜ ਖਰਬ ਅਮਰੀਕੀ ਡਾਲਰ ਦਾ ਅਰਥਚਾਰਾ ਬਣਾਉਣ ਦਾ ਟੀਚਾ ਲੋੜ ਤੋਂ ਜ਼ਿਆਦਾ ਉਤਸ਼ਾਹੀ ਹੈ, ਹਾਲਾਂਕਿ ਮਹਾਮਾਰੀ ਤੋਂ ਪਹਿਲਾਂ ਵੀ ਇਸ ਟੀਚੇ ਸਬੰਧੀ ਸਾਵਧਾਨੀ ਨਾਲ ਗਿਣਤੀ-ਮਿਣਤੀ ਨਹੀਂ ਕੀਤੀ ਗਈ।

## ਮੋਦੀ ਨੇ ਪੂੰਜੀਪਤੀਆਂ ਨੂੰ ਵੇਚੀਆਂ ਸਰਕਾਰੀ ਸੰਪਤੀਆਂ: ਭਗਵੰਤ

**ਮੋਗਾ:** ਆਮ ਆਦਮੀ ਪਾਰਟੀ ਦੇ ਸੂਬਾਈ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਮੋਗਾ ਜ਼ਿਲ੍ਹੇ ਦੇ ਕਈ ਪਿੰਡਾਂ ਵਿਚ ਜਨ ਸਭਾਵਾਂ ਕਰਕੇ ਲੋਕਾਂ ਨੂੰ ਬਾਘਾਪੁਰਾਣਾ ਵਿਚ 21 ਮਾਰਚ ਨੂੰ ਹੋ ਰਹੇ ਕਿਸਾਨ ਮਹਾਂਸੰਮੇਲਨ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਪ੍ਰਧਾਨ ਮੰਤਰੀ ਮੋਦੀ 'ਤੇ ਹਮਲਾ ਕਰਦਿਆਂ ਆਖਿਆ ਕਿ ਉਨ੍ਹਾਂ ਵੱਡੀਆਂ-ਵੱਡੀਆਂ ਸਰਕਾਰੀ ਕੰਪਨੀਆਂ ਪੂੰਜੀਪਤੀਆਂ ਨੂੰ ਵੇਚ ਦਿੱਤੀਆਂ, ਖੇਤੀਬਾੜੀ ਬਾਕੀ ਰਹਿ ਗਈ ਸੀ, ਜਿਸ ਨੂੰ ਉਹ ਹੁਣ ਵੇਚਣ ਲੱਗੇ ਹੋਏ ਹਨ। ਉਨ੍ਹਾਂ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲਾਂ 'ਤੇ ਵਰ੍ਹਦਿਆਂ ਆਖਿਆ ਕਿ ਕੈਪਟਨ ਅਮਰਿੰਦਰ ਅਤੇ ਬਾਦਲ ਨੇ ਕਦੇ ਖੇਤੀ ਨਹੀਂ ਕੀਤੀ, ਇਸ ਲਈ ਕਿਸਾਨਾਂ ਦੇ ਦੁੱਖ ਦਰਦ ਨੂੰ ਨਹੀਂ ਸਮਝ ਸਕਦੇ। ਉਨ੍ਹਾਂ ਲੋਕਾਂ ਨੂੰ 21 ਮਾਰਚ ਦੇ ਬਾਘਾ ਪੁਰਾਣਾ ਕਿਸਾਨ ਮਹਾਂਸੰਮੇਲਨ ਵਿਚ ਭਰਵੀਂ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

## ਅਡਾਨੀ ਦੀ ਆਮਦਨ 50 ਫੀਸਦ ਕਿਵੇਂ ਵਧੀ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸਵਾਲ ਕੀਤਾ ਹੈ ਕਿ ਜਦੋਂ ਕੋਵਿਡ-19 ਮਹਾਮਾਰੀ ਕਾਰਨ ਹਰ ਕੋਈ ਸੰਘਰਸ਼ ਕਰ ਰਿਹਾ ਹੈ ਤਾਂ ਕਾਰੋਬਾਰੀ ਗੌਤਮ ਅਡਾਨੀ ਆਪਣੀ ਆਮਦਨ 50 ਫੀਸਦ ਤੱਕ ਵਧਾਉਣ 'ਚ ਕਿਵੇਂ ਕਾਮਯਾਬ ਰਿਹਾ। ਰਾਹੁਲ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਨਵੀਂ ਰਿਪੋਰਟ 'ਚ ਕਿਹਾ ਗਿਆ ਹੈ ਕਿ ਅਡਾਨੀ ਦੀ ਆਮਦਨ 'ਚ 16.2 ਅਰਬ ਡਾਲਰ ਦਾ ਹੋਰ ਵਾਧਾ ਹੋਇਆ ਹੈ ਅਤੇ ਉਸ ਦੀ ਕੁੱਲ ਸੰਪਤੀ 2021 'ਚ ਵਧ ਕੇ 50 ਅਰਬ ਡਾਲਰ ਹੋ ਗਈ ਹੈ। ਆਪਣੇ ਟਵੀਟ 'ਚ ਕਾਂਗਰਸ ਆਗੂ ਨੇ ਖਬਰ ਨੱਥੀ ਕਰਦਿਆਂ ਪੁੱਛਿਆ ਹੈ,"ਤੁਹਾਡੀ (ਲੋਕਾਂ ਦੀ) ਆਮਦਨ 2020 'ਚ ਕਿੰਨੀ ਵਧੀ? ਸਿਫਰ। ਤੁਸੀਂ ਜਿਊਣ ਲਈ ਸੰਘਰਸ਼ ਕਰ ਰਹੇ ਹੋ ਜਦਕਿ ਉਸ ਨੇ (ਅਡਾਨੀ) 12 ਲੱਖ ਕਰੋੜ ਰੁਪਏ ਦੀ ਆਮਦਨ ਬਣਾਈ ਹੈ ਅਤੇ ਉਸ ਦੀ ਕਮਾਈ 50 ਫੀਸਦੀ ਤੱਕ ਵਧੀ ਹੈ।

# ਜੀ.ਐਸ.ਟੀ.: ਜਾਅਲੀ ਬਿੱਲ 'ਤੇ 700 ਕਰੋੜ ਦਾ ਘਪਲਾ ਬੇਨਕਾਬ

**ਚੰਡੀਗੜ੍ਹ:** ਪੰਜਾਬ ਸਟੇਟ ਜੀ.ਐਸ.ਟੀ. ਦੇ ਪੜਤਾਲੀਆ ਵਿੰਗ ਨੇ ਅੰਤਰਰਾਜੀ ਜਾਅਲੀ ਬਿੱਲਾਂ ਦੇ ਮਾਮਲੇ 'ਚ ਤਕਰੀਬਨ 700 ਕਰੋੜ ਦਾ ਘਪਲਾ ਬੇਪਰਦ ਕੀਤਾ ਹੈ। ਪੰਜਾਬ, ਦਿੱਲੀ ਅਤੇ ਹਰਿਆਣਾ ਸਣੇ ਵੱਖ-ਵੱਖ ਸੂਬਿਆਂ ਵਿਚ ਜਾਅਲੀ ਬਿੱਲਾਂ ਦਾ ਨੈੱਟਵਰਕ ਬਣਾਉਣ ਤੇ ਚਲਾਉਣ ਅਤੇ ਸਰਕਾਰ ਨੂੰ ਟੈਕਸ ਦੀ ਅਦਾਇਗੀ ਕੀਤੇ ਬਿਨਾਂ ਧੋਖਾਧੜੀ ਨਾਲ ਵੱਖ-ਵੱਖ ਫਰਮਾਂ ਨੂੰ 122 ਕਰੋੜ ਰੁਪਏ ਤੋਂ ਵੱਧ ਦੀ ਆਈ.ਟੀ.ਸੀ. ਪਾਸ ਕਰਨ ਤੇ ਫਾਇਦਾ ਕਮਾਉਣ ਦੇ ਦੋਸ਼ ਵਿਚ ਪੰਜ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ।

ਸਟੇਟ ਟੈਕਸ ਕਮਿਸ਼ਨਰ ਨੀਲਕੰਠ ਐਸ. ਅਵਹਦ (ਆਈ.ਏ.ਐਸ.) ਵੱਲੋਂ ਸੱਤ ਜਣਿਆਂ ਨੂੰ ਗ੍ਰਿਫਤਾਰ ਕਰਨ ਦੀ ਆਗਿਆ ਦਿੱਤੀ ਗਈ। ਟੀਮ ਨੇ ਮੁਲਜ਼ਮਾਂ ਦੀ ਰਿਹਾਇਸ਼ ਸਣੇ ਖੰਨਾ ਸ਼ਹਿਰ ਵਿਚ ਕਈ ਥਾਵਾਂ 'ਤੇ ਤਲਾਸ਼ੀ ਤੇ ਬਰਾਮਦਗੀ ਦੀ ਕਾਰਵਾਈ ਕੀਤੀ। ਮੋਬਾਈਲ ਵਿੰਗ ਜਲੰਧਰ ਨੂੰ ਲੰਘੇ ਵਰ੍ਹੇ ਤਾਂਬੇ ਦਾ ਸਕ੍ਰੈਪ ਲਿਜਾ ਰਹੇ ਵਾਹਨ ਨੂੰ ਫੜਨ ਤੋਂ ਬਾਅਦ ਇਸ ਘਪਲੇ ਦਾ ਪਤਾ ਲੱਗਾ ਸੀ। ਇਹ 44 ਫਰਮਾਂ ਦਾ ਨੈੱਟਵਰਕ ਹੈ। ਤਲਾਸ਼ੀ ਮੁਹਿੰਮਾਂ ਦੌਰਾਨ ਵੱਖ-ਵੱਖ ਫਰਮਾਂ ਨਾਲ ਸਬੰਧਤ




ਦਸਤਾਵੇਜ਼ ਤੇ ਤਿਆਰ ਕੀਤੇ ਗਏ ਜਾਅਲੀ ਇਨਵੁਆਇਸ ਅਤੇ ਈ-ਵੇਅ ਸ਼ੇਅਰ ਕਰਨ ਲਈ ਵਰਤੇ ਗਏ ਮੋਬਾਈਲ ਫੋਨ ਜ਼ਬਤ ਕਰ ਲਏ ਗਏ। ਨੈੱਟਵਰਕ ਵੱਲੋਂ ਕੁੱਲ ਜਾਅਲੀ ਬਿਲਿੰਗ 700 ਕਰੋੜ ਤੋਂ ਵੱਧ ਹੋਣ ਦੀ ਸੰਭਾਵਨਾ ਹੈ ਜਦੋਂਕਿ ਤਿਆਰ ਕੀਤੀ ਆਈ.ਟੀ.ਸੀ. ਤੇ ਟੈਕਸ ਚੋਰੀ 122 ਕਰੋੜ ਤੋਂ ਵੱਧ ਹੈ।

ਸੱਤ ਮੁਲਜ਼ਮਾਂ ਵਿਚੋਂ ਪੰਜ ਨੂੰ ਗ੍ਰਿਫਤਾਰ ਕੀਤਾ ਗਿਆ ਜਿਨ੍ਹਾਂ ਨੂੰ ਡਿਊਟੀ ਮੈਜਿਸਟਰੇਟ ਨੇ 14 ਦਿਨਾਂ ਦੀ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਮੁਲਜ਼ਮਾਂ ਵਿਚ ਵਿਚ ਵਿਨੋਦ ਕੁਮਾਰ, ਮਨਿੰਦਰ ਸ਼ਰਮਾ, ਸੰਦੀਪ ਸਿੰਘ, ਅਮਰਿੰਦਰ ਸਿੰਘ ਅਤੇ ਸੰਨੀ ਮਹਿਤਾ ਸ਼ਾਮਲ ਹਨ। ਮੁਲਜ਼ਮ ਲੁਧਿਆਣਾ ਜ਼ਿਲ੍ਹੇ ਦੇ ਕਸਬਾ ਖੰਨਾ ਨਾਲ ਸਬੰਧਤ ਹਨ।

# ਚਾਰ ਵਰ੍ਹਿਆਂ ਦੀਆਂ ਪ੍ਰਾਪਤੀਆਂ ਬਾਰੇ ਸਵਾਲਾਂ ਦੇ ਜਵਾਬ ਲੱਭਣ ਲੱਗੀ ਕੈਪਟਨ ਸਰਕਾਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਰਾਜ ਸਰਕਾਰ ਦੀਆਂ ਚਾਰ ਵਰ੍ਹਿਆਂ ਦੀਆਂ ਪ੍ਰਾਪਤੀਆਂ ਦੱਸਣ ਲਈ ਕੀਤੀ ਜਾਣ ਵਾਲੀ ਪ੍ਰੈਸ ਕਾਨਫਰੰਸ ਲਈ ਪੰਜਾਬ ਸਰਕਾਰ ਵੱਲੋਂ ਮੀਡੀਆ ਤੋਂ ਅਗਾਊਂ ਸੁਆਲ ਮੰਗੇ ਜਾਣ 'ਤੇ ਸੁਆਲ ਖੜ੍ਹੇ ਹੋਏ ਹਨ। ਮੁੱਖ ਮੰਤਰੀ ਦੀ ਪਿਛਲੇ ਅਰਸੇ ਦੌਰਾਨ ਦੀ ਇਹ ਦੂਸਰੀ ਪ੍ਰੈਸ ਕਾਨਫਰੰਸ ਹੋਣੀ ਹੈ ਜਿਸ ਵਾਸਤੇ ਮੀਡੀਆ ਤੋਂ ਸੁਆਲਾਂ ਦੀ ਅਗਾਊਂ ਮੰਗ ਕੀਤੀ ਗਈ ਹੈ। ਆਮ ਤੌਰ 'ਤੇ ਅਜਿਹਾ ਨਹੀਂ ਹੁੰਦਾ ਹੈ ਕਿਉਂਕਿ ਮੀਡੀਆ ਤਰਫੋਂ ਮੌਕੇ 'ਤੇ ਹੀ ਮੁੱਖ ਮੰਤਰੀ ਨੂੰ ਸੁਆਲ ਕੀਤੇ ਜਾਂਦੇ ਹਨ।

ਪੰਜਾਬ ਸਰਕਾਰ ਤਰਫੋਂ ਮੀਡੀਆ ਨੂੰ ਇਹ ਸੁਨੇਹੇ ਭੇਜੇ ਗਏ ਹਨ ਕਿ ਉਹ ਆਪੋ ਆਪਣੇ ਸੁਆਲ ਅਗਾਊਂ ਭੇਜ ਦੇਣ। ਮੁੱਖ ਮੰਤਰੀ ਦੀ ਪਿਛਲੀ ਪ੍ਰੈੱਸ ਕਾਨਫਰੰਸ ਵਿਚ ਵੀ ਏਦਾਂ ਹੀ ਹੋਇਆ ਸੀ ਕਿ ਚੋਣਵੇਂ ਸੁਆਲ ਮੁੱਖ ਮੰਤਰੀ ਅੱਗੇ ਰੱਖੇ ਗਏ ਸਨ। ਮੀਡੀਆ ਵਿਚ ਇਸ ਗੱਲੋਂ ਅੰਦਰੋਂ ਅੰਦਰੀ ਇਤਰਾਜ਼ ਵੀ ਹੈ ਕਿ ਇਹ ਕਿਥੋਂ ਦੀ ਰਵਾਇਤ ਹੈ ਕਿ ਪੱਤਰਕਾਰ ਪ੍ਰੈਸ ਕਾਨਫਰੰਸ



ਤੋਂ ਪਹਿਲਾਂ ਹੀ ਸਰਕਾਰ ਕੋਲ ਆਪਣੇ ਸੁਆਲ ਭੇਜ ਦੇਣ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਜਾਰੀ ਪ੍ਰੈੱਸ ਬਿਆਨ 'ਚ ਕਿਹਾ ਕਿ ਕਾਂਗਰਸ ਸਰਕਾਰ ਲੋਕਾਂ ਦਾ ਸਾਹਮਣਾ ਕਰਨ ਦੀ ਤਾਂ ਗੱਲ ਹੀ ਛੱਡੋ, ਹੁਣ ਮੀਡੀਆ ਦਾ ਸਾਹਮਣਾ ਕਰਨ ਦੇ ਵੀ ਯੋਗ ਨਹੀਂ ਰਹੀ। ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਮੀਡੀਆ ਵਾਲਿਆਂ ਤੋਂ ਪਹਿਲਾਂ ਸੁਆਲ ਮੰਗੇ ਗਏ ਹਨ। ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਦੱਸਣ ਕਿ ਉਹ ਪਹਿਲਾਂ ਤੋਂ ਫਿਕਸ ਪ੍ਰੈਸ ਕਾਨਫਰੰਸ ਕਿਉਂ ਕਰਨਾ ਚਾਹੁੰਦੇ ਹਨ।

ਅਕਾਲੀ ਆਗੂ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਅਜਿਹੀਆਂ ਸਖਤ ਹਦਾਇਤਾਂ ਜਾਰੀ ਕਰ ਕੇ ਲੋਕਤੰਤਰ ਦੇ ਚੌਥੇ ਥੰਮ੍ਹ ਦਾ ਅਪਮਾਨ ਕੀਤਾ ਹੈ। ਅਜਿਹਾ ਵਿਵਹਾਰ ਲੋਕਤੰਤਰ ਵਾਸਤੇ ਚੰਗਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਬਹੁਤ ਕੁਝ ਛੁਪਾਉਣਾ ਚਾਹ ਰਹੀ ਹੈ ਤੇ ਮੁੱਖ ਮੰਤਰੀ ਇਹ ਨਹੀਂ ਦੱਸਣਾ ਚਾਹੁੰਦੇ ਕਿ ਉਨ੍ਹਾਂ ਨੇ ਪਵਿੱਤਰ ਗੁਟਕਾ ਸਾਹਿਬ ਦੀ ਝੂਠੀ ਸਹੁੰ ਕਿਉਂ ਚੁੱਕੀ ਤੇ ਕਿਸਾਨਾਂ ਲਈ ਪੂਰਨ ਕਰਜ਼ਾ ਮੁਆਫੀ, ਹਰ ਘਰ ਨੌਕਰੀ, 2500 ਰੁਪਏ ਬੇਰੁਜ਼ਗਾਰੀ ਭੱਤੇ ਤੋਂ ਇਲਾਵਾ ਬਹੁਤ ਸਾਰੀਆਂ ਸਮਾਜ ਭਲਾਈ ਸਕੀਮਾਂ ਦਾ ਝੂਠਾ ਵਾਅਦਾ ਕਿਉਂ ਕੀਤਾ।

# ਨਿਹੰਗ ਮੁਖੀ ਦੇ ਕਤਲ ਦੀ ਯੋਜਨਾ ਬਣਾਉਣ ਵਾਲੇ ਗ੍ਰਿਫਤਾਰ



## ਬੁੱਢਾ ਦਲ ਮੁਖੀ ਜ਼ੈਡ ਪਲੱਸ ਸੁਰੱਖਿਆ ਨਾ ਦੇਣ 'ਤੇ ਖਫਾ

**ਪਟਿਆਲਾ:** ਨਿਹੰਗ ਸਿੰਘਾਂ ਦੀ ਧੜੇਬੰਦੀ ਕਾਰਨ ਆਪਣੇ ਪਿਤਾ, ਦੋ ਭਰਾਵਾਂ ਅਤੇ ਇਕ ਭਤੀਜੇ ਸਮੇਤ ਦਸ ਦੇ ਕਰੀਬ ਸਾਥੀ ਨਿਹੰਗ ਸਿੰਘਾਂ ਦੀਆਂ ਜਾਨਾਂ ਗੁਆਉਣ ਵਾਲੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਜ਼ੈਡ ਪਲੱਸ ਸੁਰੱਖਿਆ ਨਾ ਮਿਲਣ ਡੀ.ਜੀ.ਪੀ. ਤੋਂ ਖਫਾ ਹਨ। ਹਾਲ ਵਿਚ ਦਿੱਲੀ ਪੁਲਿਸ ਨੇ ਬਾਬਾ ਬਲਬੀਰ ਸਿੰਘ ਦੀ ਹੱਤਿਆ ਦੀ ਸਾਜ਼ਿਸ਼ ਨੂੰ ਬੇਨਕਾਬ ਕਰਦਿਆਂ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਉਹ ਆਪਣੀ ਸੁਰੱਖਿਆ ਵਧਾਉਣ ਦੀ ਮੰਗ ਕਰ ਰਹੇ ਹਨ ਪਰ ਉਨ੍ਹਾਂ ਦੀ ਸੁਰੱਖਿਆ ਕਥਿਤ ਪਹਿਲਾਂ ਨਾਲੋਂ ਵੀ ਘਟਾ ਦਿੱਤੀ ਹੈ, ਜਿਸ ਤੋਂ ਉਹ ਬੇਹੱਦ ਦੁਖੀ ਹਨ। ਉਹ ਚਾਰ ਵਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਛੇ ਵਾਰ ਡੀ.ਜੀ.ਪੀ. ਦਿਨਕਰ ਗੁਪਤਾ ਨੂੰ ਮਿਲ ਚੁੱਕੇ ਹਨ। ਉਨ੍ਹਾਂ ਕੋਲ ਪਹਿਲਾਂ ਸੁਰੱਖਿਆ ਲਈ 33 ਕਰਮੀ ਹੁੰਦੇ ਸਨ, ਜਿਨ੍ਹਾਂ ਦੀ ਗਿਣਤੀ ਹੁਣ ਅੱਠ ਰਹਿ ਗਈ ਹੈ। ਹਾਲਾਂਕਿ ਉਹ ਜ਼ੈਡ ਪਲੱਸ ਸੁਰੱਖਿਆ ਦੀ ਮੰਗ ਕਰ ਰਹੇ ਹਨ।

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਨਿਹੰਗ ਸਿੱਖ ਜਥੇਬੰਦੀ ਦੇ ਇਕ ਧੜੇ ਦੇ ਮੁਖੀ ਨੂੰ ਮਾਰਨ ਦੀ ਸਾਜ਼ਿਸ਼ ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਜੋ ਇਕ ਨਿਹੰਗ ਜਥੇਬੰਦੀ ਦੇ ਮੁਖੀ ਨੂੰ ਮਾਰਨ ਦੀ ਯੋਜਨਾ ਬਣਾ ਰਹੇ ਸਨ। ਮੁਲਜ਼ਮਾਂ ਦੀ ਪਛਾਣ ਮਲਕੀਤ ਸਿੰਘ ਉਰਫ ਜੁਝਾਰ ਸਿੰਘ ਤੇ ਭੁਪਿੰਦਰ ਸਿੰਘ ਨੂੰ ਦਿੱਲੀ ਦੇ ਸ਼ਾਲੀਮਾਰ ਬਾਗ ਤੋਂ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਦੋ ਪਿਸਤੌਲ ਤੇ 20 ਰੌਂਦ ਬਰਾਮਦ ਕੀਤੇ ਗਏ ਹਨ। ਮੁਲਜ਼ਮਾਂ ਦਾ 2010 ਦੇ ਕਤਲ ਕੇਸ ਵਿਚ ਇਕ ਗਵਾਹ ਨੂੰ ਖਤਮ ਕਰਨ ਦਾ ਇਰਾਦਾ ਵੀ ਸੀ ਜਿਸ ਵਿਚ ਮਲਕੀਤ ਇਸ ਸਮੇਂ ਪੈਰੋਲ 'ਤੇ ਬਾਹਰ ਹੈ ਤੇ ਉਸ ਦੀ ਮਾਂ ਜਸਬੀਰ ਕੌਰ ਨੂੰ ਉਮਰ ਕੈਦ ਹੋਈ ਹੈ।

ਦਿੱਲੀ ਪੁਲਿਸ ਵੱਲੋਂ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦੀ ਹੱਤਿਆ ਦੀ ਸਾਜ਼ਿਸ਼ ਬੇਨਕਾਬ ਕਰਦਿਆਂ, ਦੋ ਨਿਹੰਗ ਸਿੰਘਾਂ ਨੂੰ ਗ੍ਰਿਫਤਾਰ ਕਰਨ ਦੀ ਕਾਰਵਾਈ ਨਾਲ ਪੰਜਾਬ, ਖਾਸ ਕਰਕੇ ਪਟਿਆਲਾ 'ਚ ਵੀ ਵੱਖ-ਵੱਖ ਤਰ੍ਹਾਂ ਦੀ ਹਲਚਲ ਨਜ਼ਰ ਆਈ ਹੈ। ਡੇਢ ਦਹਾਕਾ ਪਹਿਲਾਂ ਬਾਬਾ ਬਲਬੀਰ ਸਿੰਘ ਦੇ ਚਾਰ ਪਰਿਵਾਰਕ ਮੈਂਬਰਾਂ ਦੀ ਪਟਿਆਲਾ 'ਚ ਹੋਈ ਹੱਤਿਆ ਦੀ ਘਟਨਾ ਮਗਰੋਂ ਪੁਲਿਸ ਵੱਲੋਂ ਨਿਹੰਗ ਮੁਖੀ ਨੂੰ ਬੁਲੇਟ ਪਰੂਫ ਗੱਡੀ ਸਮੇਤ ਆਧੁਨਿਕ ਹਥਿਆਰਾਂ ਨਾਲ ਲੈਸ ਦਰਜਨ ਭਰ ਪੁਲਿਸ ਮੁਲਾਜ਼ਮ ਵੀ ਪੱਕੇ ਤੌਰ 'ਤੇ ਦਿੱਤੇ ਹੋਏ ਹਨ। ਇੰਨੇ ਹੀ ਹਥਿਆਰਬੰਦ ਨਿਹੰਗ ਸਿੰਘ ਵੀ ਨਿਹੰਗ ਮੁਖੀ ਨਾਲ ਤਾਇਨਾਤ ਰਹਿੰਦੇ ਹਨ। ਪਰ ਦਿੱਲੀ ਪੁਲਿਸ ਦੇ ਤਾਜ਼ਾ ਖੁਲਾਸੇ ਮਗਰੋਂ ਜਿਥੇ ਪੰਜਾਬ ਦੀਆਂ ਸੁਰੱਖਿਆ ਏਜੰਸੀਆਂ ਸਰਗਰਮ ਨਜ਼ਰ ਆਈਆਂ, ਉਥੇ ਹੀ ਇਸ ਗੁੱਟ ਦੇ ਨਿਹੰਗ ਸਿੰਘ ਵੀ ਹਰਕਤ 'ਚ ਆਏ ਨਜ਼ਰੀਂ ਪਏ।

ਜ਼ਿਕਰਯੋਗ ਹੈ ਕਿ ਬਾਬਾ ਬਲਬੀਰ ਸਿੰਘ ਕਈ ਦਹਾਕਿਆਂ ਤੱਕ ਬੁੱਢਾ ਦਲ ਦੇ ਮੁਖੀ ਰਹੇ ਸੰਤਾ ਸਿੰਘ ਦੇ ਅਤਿ ਕਰੀਬੀ ਬਣ ਕੇ ਵਿਚਰੇ। 21 ਸਤੰਬਰ 2007 ਨੂੰ ਪਟਿਆਲਾ ਸਥਿਤ ਨਿਹੰਗ ਸਿੰਘਾਂ ਦੀ ਬਗੀਚੀ 'ਚ ਸੰਤਾ ਸਿੰਘ ਨੂੰ ਮਿਲਣ ਦੇ ਮਾਮਲੇ ਨੂੰ ਲੈ ਕੇ ਹੋਏ ਟਕਰਾਅ ਦੌਰਾਨ ਦੂਜੇ ਧੜੇ ਨੇ ਬਾਬਾ ਬਲਬੀਰ ਸਿੰਘ ਦੇ ਪਿਤਾ, ਦੋ ਭਰਾਵਾਂ ਅਤੇ ਇਕ ਭਤੀਜੇ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਜਦਕਿ ਚਾਚੇ ਨੂੰ ਜ਼ਖਮੀ ਕਰ ਦਿੱਤਾ। ਥਾਣਾ ਸਿਵਲ ਲਾਈਨ ਪਟਿਆਲਾ 'ਚ ਦਰਜ ਕਤਲ ਕੇਸ ਵਿਚ 25 ਨਿਹੰਗ ਸਿੰਘਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜਿਨ੍ਹਾਂ ਵਿਚੋਂ ਦੋ ਦੀ ਜੇਲ੍ਹ 'ਚ ਹੀ ਮੌਤ ਹੋ ਗਈ ਸੀ। ਫਿਰ 2 ਜੁਲਾਈ 2016 ਨੂੰ ਅੱਠ ਨਿਹੰਗ ਸਿੰਘਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ ਅਦਾਲਤ ਨੇ ਬਾਕੀਆਂ ਨੂੰ ਬਰੀ ਕਰ ਦਿੱਤਾ ਸੀ। ਦਿੱਲੀ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਨਿਹੰਗ ਸਿੰਘ (ਮਲਕੀਤ ਸਿੰਘ) ਵੀ ਇਸ ਕਤਲ ਕੇਸ ਵਿਚੋਂ ਬਰੀ ਹੋਣ ਵਾਲਿਆਂ ਵਿਚ ਸ਼ਾਮਲ ਸੀ। ਤਲਵੰਡੀ ਸਾਬੋ 'ਚ ਬਾਬਾ ਬਲਵੀਰ ਸਿੰਘ ਦੇ ਕਾਫਲੇ 'ਤੇ ਗੋਲੀਆਂ ਚਲਾਉਣ ਸਮੇਤ ਵਾਪਰੀ ਇਕ ਹੋਰ ਵੱਡੀ ਘਟਨਾ ਨਾਲ ਵੀ ਮਲਕੀਤ ਸਿੰਘ ਦਾ ਨਾਮ ਜੁੜਦਾ ਰਿਹਾ ਹੈ। ਸੂਤਰਾਂ ਮੁਤਾਬਕ ਪੁਲਿਸ ਦੀਆਂ ਸੁਰੱਖਿਆ ਏਜੰਸੀਆਂ ਦਿਨ ਭਰ ਇਸੇ ਮਾਮਲੇ ਨੂੰ ਲੈ ਕੇ ਸਰਗਰਮੀਆਂ 'ਚ ਰੁੱਝੀਆਂ ਰਹੀਆਂ। ਇਸ ਗੁੱਟ ਨਾਲ ਸਬੰਧਤ ਨਿਹੰਗ ਸਿੰਘ ਵੀ ਸਰਗਰਮ ਨਜ਼ਰ ਆਏ।

# ਗੁਰਦੀਪ ਸਿੰਘ ਨੇ ਪਾਕਿ ਅਸੈਂਬਲੀ ਦੇ ਉਪਰਲੇ ਸਦਨ ਦੇ ਮੈਂਬਰ ਵਜੋਂ ਸਹੁੰ ਚੁੱਕੀ

**ਇਸਲਾਮਾਬਾਦ:** ਪਾਕਿਸਤਾਨ ਦੀ ਸੱਤਾਧਾਰੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੇ ਗੁਰਦੀਪ ਸਿੰਘ ਨੇ ਕੌਮੀ ਅਸੈਂਬਲੀ ਦੇ ਉਪਰਲੇ ਸਦਨ ਦੇ ਸੈਨੇਟਰ ਵਜੋਂ ਸਹੁੰ ਚੁੱਕੀ ਅਤੇ ਉਹ ਪਾਕਿਸਤਾਨ ਦੀ ਅਸੈਂਬਲੀ ਦੇ ਉਪਰਲੇ ਸਦਨ ਵਿਚ ਪਹਿਲੇ ਸਿੱਖ ਹਨ। ਸ੍ਰੀ ਗੁਰਦੀਪ ਸਿੰਘ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਦੇ ਉਮੀਦਵਾਰ ਸਨ। ਉਨ੍ਹਾਂ ਨੇ ਚੋਣ ਦੌਰਾਨ 145 ਮੈਂਬਰੀ ਸਦਨ ਵਿਚੋਂ 103 ਵੋਟਾਂ ਪ੍ਰਾਪਤ ਕੀਤੀਆਂ, ਜਦੋਂਕਿ ਜਮੀਅਤ ਉਲੇਮਾ-ਇਸਲਾਮ (ਫਜ਼ਲੂਰ) ਦੇ ਉਮੀਦਵਾਰ ਰਣਜੀਤ ਸਿੰਘ ਨੇ ਮਹਿਜ 25 ਵੋਟਾਂ ਪ੍ਰਾਪਤ ਕੀਤੀਆਂ। ਅਵਾਮੀ ਨੈਸ਼ਨਲ ਪਾਰਟੀ ਦੇ ਆਸਿਫ ਭੱਟੀ ਨੂੰ 12 ਵੋਟਾਂ ਮਿਲੀਆਂ।



ਸਵਾਤ ਜ਼ਿਲ੍ਹੇ ਨਾਲ ਸਬੰਧਤ ਗੁਰਦੀਪ ਸਿੰਘ ਨੇ ਹਲਫ ਲੈਣ ਮਗਰੋਂ ਖਬਰ ਏਜੰਸੀ ਨੂੰ ਕਿਹਾ ਕਿ ਉਹ ਮੁਲਕ 'ਚ ਘੱਟ ਗਿਣਤੀ ਭਾਈਚਾਰੇ ਦੀ ਬਿਹਤਰੀ ਲਈ ਕੰਮ ਕਰੇਗਾ। ਉਨ੍ਹਾਂ ਭਰੋਸਾ ਜਤਾਇਆ ਕਿ ਸੈਨੇਟਰ ਬਣਨ ਮਗਰੋਂ ਉਹ ਸਿੱਖਾਂ ਦੀ ਵਧੀਆ ਢੰਗ ਨਾਲ ਸੇਵਾ ਕਰ ਸਕਣਗੇ।

ਹੁਕਮਰਾਨ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਪਾਰਟੀ ਦੇ ਸਮਰਥਕ ਉਮੀਦਵਾਰ ਸਾਦਿਕ ਸੰਜਰਾਨੀ ਦੂਜੀ ਵਾਰ ਸੈਨੇਟ ਦੇ ਚੇਅਰਮੈਨ ਬਣਨ 'ਚ ਕਾਮਯਾਬ ਰਹੇ। ਉਨ੍ਹਾਂ ਵਿਰੋਧੀ ਉਮੀਦਵਾਰ ਅਤੇ ਸਾਬਕਾ ਪ੍ਰਧਾਨ ਮੰਤਰੀ ਯੂਸੁਫ ਰਜ਼ਾ ਗਿਲਾਨੀ ਨੂੰ ਹਰਾਇਆ। 99 ਮੈਂਬਰੀ ਸੈਨੇਟ 'ਚ ਸੰਜਰਾਨੀ ਨੂੰ 48 ਜਦਕਿ ਗਿਲਾਨੀ ਨੂੰ 42 ਵੋਟਾਂ ਮਿਲੀਆਂ। ਸਾਂਝੀ ਵਿਰੋਧੀ ਧਿਰ ਲਈ ਇਹ ਵੱਡਾ ਝਟਕਾ ਹੈ ਕਿਉਂਕਿ ਉਪਰਲੇ ਸਦਨ 'ਚ ਉਨ੍ਹਾਂ ਨੂੰ ਬਹੁਮਤ ਹਾਸਲ ਹੈ। ਚੋਣਾਂ ਦੌਰਾਨ ਕੁੱਲ 98 ਮੈਂਬਰਾਂ ਨੇ ਵੋਟਾਂ ਪਾਈਆਂ। ਗਿਲਾਨੀ ਨੂੰ ਪਏ ਸੱਤ ਵੋਟ ਰੱਦ ਕੀਤੇ ਜਾਣ ਮਗਰੋਂ ਵਿਰੋਧੀ ਧਿਰ ਨੇ ਚੋਣ ਨਤੀਜਿਆਂ ਨੂੰ ਚੁਣੌਤੀ ਦਿੱਤੀ ਸੀ ਪਰ ਪ੍ਰੀਜ਼ਾਇਡਿੰਗ ਅਫਸਰ ਸੱਯਦ ਮੁਜ਼ੱਫਰ ਹੁਸੈਨ ਸ਼ਾਹ ਨੇ ਉਨ੍ਹਾਂ ਦੇ ਇਤਰਾਜ਼ ਨੂੰ ਖਾਰਜ ਕਰ ਦਿੱਤਾ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸੈਨੇਟਰ ਮਿਰਜ਼ਾ ਮੁਹੰਮਦ ਅਫਰੀਦੀ ਨੂੰ ਡਿਪਟੀ ਚੇਅਰਮੈਨ ਦੇ ਅਹੁਦੇ ਲਈ ਨਾਮਜ਼ਦ ਕੀਤਾ ਸੀ। ਇਸ ਤੋਂ ਪਹਿਲਾਂ ਪਾਕਿਸਤਾਨ ਪੀਪਲਜ਼ ਪਾਰਟੀ ਦੇ ਸੈਨੇਟਰ ਮੁਸਤਫਾ ਨਵਾਜ਼ ਖੋਖਰ ਨੇ ਦਾਅਵਾ ਕੀਤਾ ਸੀ ਕਿ ਸੈਨੇਟ ਦੇ ਚੇਅਰਮੈਨ ਅਤੇ ਡਿਪਟੀ ਚੇਅਰਮੈਨ ਦੀ ਚੋਣ ਲਈ ਪਾਈਆਂ ਜਾ ਰਹੀਆਂ ਵੋਟਾਂ ਦੌਰਾਨ ਪੋਲਿੰਗ ਬੂਥਾਂ 'ਤੇ ਜਾਸੂਸੀ ਕੈਮਰੇ ਲਗਾਏ ਗਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਅਤੇ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ.ਐਮ.ਐਲ-ਐਨ) ਦੇ ਸੈਨੇਟਰ ਮੁਸੱਦਿਕ ਮਲਿਕ ਨੇ ਪੋਲਿੰਗ ਬੂਥਾਂ 'ਤੇ ਜਾਸੂਸੀ ਕੈਮਰੇ ਦੇਖੇ ਹਨ। ਉਨ੍ਹਾਂ ਦੇ ਵਿਰੋਧ ਜਤਾਏ ਜਾਣ ਮਗਰੋਂ ਪ੍ਰੀਜ਼ਾਈਡਿੰਗ ਅਫਸਰ ਨੂੰ ਪੋਲਿੰਗ ਬੂਥ ਬਦਲਣ ਦੇ ਨਿਰਦੇਸ਼ ਦੇਣੇ ਪਏ।

# ਪ੍ਰਾਈਵੇਟ ਹਸਪਤਾਲਾਂ ਵੱਲੋਂ ਫਰਜ਼ੀ ਬਿੱਲਾਂ ਰਾਹੀਂ ਸਿਹਤ ਬੀਮਾ ਯੋਜਨਾ ਵਿਚ ਘੁਟਾਲਾ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਦੇ ਕੁਝ ਨਿੱਜੀ ਹਸਪਤਾਲਾਂ ਵੱਲੋਂ 'ਪ੍ਰਧਾਨ ਮੰਤਰੀ ਜਨ ਅਰੋਗਯਾ ਯੋਜਨਾ' (ਆਯੁਸ਼ਮਾਨ ਭਾਰਤ) ਅਧੀਨ ਲਾਭਪਾਤਰੀਆਂ ਦਾ ਇਲਾਜ ਕਰਨ ਦੇ ਨਾਂ ਹੇਠ ਫਰਜ਼ੀ ਡਾਕਟਰੀ ਬਿੱਲਾਂ ਰਾਹੀਂ ਪ੍ਰਤੀਪੂਰਤੀ ਦੇ ਕਲੇਮਾਂ ਵਿਚ ਕਰੋੜਾਂ ਰੁਪਏ ਦੀ ਘਪਲੇਬਾਜ਼ੀ ਕਰਕੇ ਮੋਟੀਆਂ ਰਕਮਾਂ ਦੇ ਬੀਮਾ ਕਲੇਮ ਹਾਸਲ ਕੀਤੇ ਜਾਣ ਦਾ ਪਰਦਾਫਾਸ਼ ਕੀਤਾ ਹੈ।

ਇਸ ਦੌਰਾਨ ਅਧਿਕਾਰਤ ਇਫਕੋ ਟੋਕੀਓ ਬੀਮਾ ਕੰਪਨੀ ਵੱਲੋਂ ਸਰਕਾਰੀ ਹਸਪਤਾਲਾਂ ਦੇ ਬੀਮਾ ਕਲੇਮ ਵੱਡੀ ਗਿਣਤੀ ਵਿਚ ਰੱਦ ਕਰ ਦਿੱਤੇ ਗਏ, ਜਿਸ ਕਰਕੇ ਰਾਜ ਸਰਕਾਰ ਦੇ ਖਜ਼ਾਨੇ ਨੂੰ ਕਰੋੜਾਂ ਦਾ ਘਾਟਾ ਪਿਆ ਹੈ। ਵਿਜੀਲੈਂਸ ਬਿਊਰੋ ਦੇ ਮੁੱਖ ਡਾਇਰੈਕਟਰ ਤੇ ਡੀ.ਜੀ.ਪੀ. ਬੀ.ਕੇ. ਉਪਲ ਨੇ ਦੱਸਿਆ ਕਿ ਆਯੁਸ਼ਮਾਨ ਭਾਰਤ ਯੋਜਨਾ ਵਿਚ ਚੱਲ ਰਹੇ ਇਸ ਘੁਟਾਲੇ ਦੀ ਹਰ ਪੱਖ ਤੋਂ ਡੂੰਘਾਈ ਤੱਕ ਜਾਂਚ ਕਰਨ ਇਕ ਵਿਜੀਲੈਂਸ ਇਨਕੁਆਰੀ ਦਰਜ ਕੀਤੀ ਗਈ ਹੈ ਤਾਂ ਜੋ ਇਸ ਯੋਜਨਾ ਅਧੀਨ ਪ੍ਰਾਈਵੇਟ ਹਸਪਤਾਲਾਂ ਵੱਲੋਂ ਕੀਤੀਆਂ ਜਾ ਰਹੀਆਂ ਬੇਨਿਯਮੀਆਂ ਦਾ ਪਰਦਾਫਾਸ਼ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਦਲਜਿੰਦਰ ਸਿੰਘ ਢਿੱਲੋਂ ਐਸ.ਐਸ.ਪੀ. ਵਿਜੀਲੈਂਸ ਬਿਊਰੋ, ਜਲੰਧਰ ਰੇਂਜ ਜਲੰਧਰ ਵੱਲੋਂ ਇਕੱਤਰ ਕੀਤੀ ਗਈ ਮੁਢਲੀ ਜਾਂਚ ਅਨੁਸਾਰ ਆਯੁਸ਼ਮਾਨ ਭਾਰਤ ਸਕੀਮ ਤਹਿਤ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਦੇ ਕਈ ਵੱਡੇ ਨਾਮੀ-ਗਰਾਮੀ ਹਸਪਤਾਲਾਂ ਵੱਲੋਂ ਸਮਾਰਟ ਸਿਹਤ ਕਾਰਡ ਧਾਰਕਾਂ ਦੇ ਨਾਮ ਉਤੇ ਮੋਟੀਆਂ ਰਕਮਾਂ ਦੇ ਫਰਜ਼ੀ ਡਾਕਟਰੀ ਬਿੱਲ ਤਿਆਰ ਕਰਕੇ ਬੀਮਾ ਕਲੇਮ ਹਾਸਲ ਕੀਤੇ ਜਾ ਰਹੇ ਹਨ।

ਇਨ੍ਹਾਂ ਤਿੰਨ ਜ਼ਿਲ੍ਹਿਆਂ ਵਿਚ ਕੁੱਲ 35 ਸਰਕਾਰੀ ਹਸਪਤਾਲ ਅਤੇ 77 ਪ੍ਰਾਈਵੇਟ ਹਸਪਤਾਲ ਇਸ ਯੋਜਨਾ ਅਧੀਨ ਰਾਜ ਸਰਕਾਰ ਵੱਲੋਂ ਸੂਚੀਬੱਧ ਕੀਤੇ ਗਏ ਹਨ। ਜ਼ਿਲ੍ਹਾ ਕਪੂਰਥਲਾ ਦੇ ਸੁਲਤਾਨਪੁਰ ਲੋਧੀ ਕਸਬੇ ਵਿਚ ਚੱਲ ਰਹੇ



ਇਕ ਨਾਮੀ ਹਸਪਤਾਲ ਨੇ ਇਸ ਸਾਲ ਦੌਰਾਨ ਕਰੀਬ 1282 ਵਿਅਕਤੀਆਂ ਦੇ ਇਲਾਜ ਲਈ ਕੁੱਲ 4,43,98,450 ਰੁਪਏ ਦਾ ਬੀਮਾ ਕਲੇਮ ਕੀਤਾ, ਜਿਸ ਵਿਚੋਂ ਇਸ ਹਸਪਤਾਲ ਦੇ 519 ਕਲੇਮ ਰੱਦ ਹੋ ਗਏ ਅਤੇ ਬਾਕੀ ਰਹਿੰਦੇ ਕੇਸਾਂ ਵਿਚੋਂ ਕੁੱਲ 4,23,48,050 ਰੁਪਏ ਦੇ ਕਲੇਮ ਸਟੇਟ ਹੈਲਥ ਅਥਾਰਿਟੀ ਪੰਜਾਬ ਵੱਲੋਂ ਪਾਸ ਕੀਤੇ ਗਏ ਹਨ। ਪਾਸ ਹੋਈ ਇਸ ਰਾਸ਼ੀ 4,43,98,450 ਰੁਪਏ ਵਿਚੋਂ ਹੁਣ ਤਕ 1,86,59,150 ਰੁਪਏ ਦੀ ਰਕਮ ਦੀ ਅਦਾਇਗੀ ਬੀਮਾ ਕੰਪਨੀ 'ਇਫਕੋ ਟੋਕੀਓ' ਵੱਲੋਂ ਉਕਤ ਹਸਪਤਾਲ ਨੂੰ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਇਸੇ ਲੜੀ ਵਿਚ ਜ਼ਿਲ੍ਹਾ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਦੇ ਨਾਮੀ ਗਰਾਮੀ ਪ੍ਰਾਈਵੇਟ ਹਸਪਤਾਲਾਂ ਵੱਲੋਂ ਵੱਡੇ ਪੱਧਰ 'ਤੇ ਇਸ ਤਰ੍ਹਾਂ ਦੇ ਫਰਜ਼ੀਵਾੜੇ ਨੂੰ ਅੰਜਾਮ ਦੇ ਕੇ ਇਫਕੋ ਟੋਕੀਓ ਬੀਮਾ ਕੰਪਨੀ ਕੋਲੋਂ ਜਾਅਲੀ ਕਲੇਮ ਹਾਸਲ ਕੀਤੇ ਗਏ ਹਨ ਅਤੇ ਕੀਤੇ ਜਾ ਰਹੇ ਹਨ।

## ਸੱਤਾ ਦੀ ਸ਼ਹਿ ਤੋਂ ਬਗੈਰ ਖਜ਼ਾਨੇ ਨੂੰ ਰਗੜਾ ਅਸੰਭਵ: ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਦੇ ਨਿੱਜੀ ਹਸਪਤਾਲਾਂ ਵੱਲੋਂ ਆਯੁਸ਼ਮਾਨ ਸਕੀਮ ਦੇ ਨਾਂ 'ਤੇ ਕੀਤੇ ਜਾ ਰਹੇ ਘੁਟਾਲੇ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਬਿਨਾਂ ਸੱਤਾ ਦੀ ਸ਼ਹਿ ਤੋਂ ਸਰਕਾਰੀ ਖਜ਼ਾਨੇ ਨੂੰ ਚੂਨਾ ਲਗਾਉਣਾ ਅਸੰਭਵ ਹੈ। ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਜੀਲੈਂਸ ਵੱਲੋਂ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਵਿਚ ਕੀਤੀ ਜਾਂਚ ਨੇ ਸਾਹਮਣੇ ਲਿਆ ਦਿੱਤਾ ਹੈ ਕਿ ਕਿਵੇਂ ਗਰੀਬਾਂ ਦੇ ਨਾਂ 'ਤੇ ਸਰਕਾਰੀ ਖਜ਼ਾਨਾ ਲੁੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਨਿੱਜੀ ਸੰਸਥਾ ਦੀ ਇਹ ਹਿੰਮਤ ਨਹੀਂ ਕਿ ਉਹ ਕਿਸੇ ਸੱਤਾਧਾਰੀ ਪਾਰਟੀ ਦੇ ਆਗੂਆਂ ਤੋਂ ਬਿਨਾਂ ਕਰੋੜਾਂ ਰੁਪਏ ਦਾ ਘਪਲਾ ਕਰ ਲਵੇ।

# ਕਣਕ ਦੀ ਖਰੀਦ: ਕੇਂਦਰ ਦੇ ਅੜਿੱਕੇ ਬਣੇ ਕੈਪਟਨ ਸਰਕਾਰ ਲਈ ਵੱਡੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਲਈ ਐਤਕੀਂ ਕਣਕ ਦੀ ਖਰੀਦ ਦੇ ਪ੍ਰਬੰਧ ਪ੍ਰੀਖਿਆ ਤੋਂ ਘੱਟ ਨਹੀਂ ਹੋਣਗੇ। ਕੇਂਦਰ ਸਰਕਾਰ ਜਿਥੇ ਨਵੀਂ ਖਰੀਦ ਤੇ ਅਦਾਇਗੀ ਨੀਤੀ ਰਾਹੀਂ ਅੜਿੱਕੇ ਖੜ੍ਹੇ ਕਰ ਰਹੀ ਹੈ, ਉਥੇ ਪੰਜਾਬ ਸਰਕਾਰ ਵੀ ਅਵੇਸਲੀ ਨਜ਼ਰ ਆ ਰਹੀ ਹੈ। ਹਾੜ੍ਹੀ ਦੀ ਫਸਲ ਦੀ ਖਰੀਦ ਤੋਂ ਪਹਿਲਾਂ ਕਣਕ ਭੰਡਾਰਨ, ਸਿੱਧੀ ਅਦਾਇਗੀ, ਬਾਰਦਾਨੇ ਦਾ ਪ੍ਰਬੰਧ ਅਤੇ ਸੀ.ਸੀ.ਐਲ. ਆਦਿ ਜਿਹੇ ਕਈ ਸੰਕਟ ਦਰਪੇਸ਼ ਹਨ।

ਆੜ੍ਹਤੀਏ ਸਿੱਧੀ ਅਦਾਇਗੀ ਨੂੰ ਲੈ ਕੇ ਪਹਿਲਾਂ ਹੀ ਸੰਘਰਸ਼ ਦਾ ਬਿਗਲ ਵਜਾ ਚੁੱਕੇ ਹਨ। ਨੇਮਾਂ ਮੁਤਾਬਕ ਪਹਿਲੀ ਅਪਰੈਲ ਤੋਂ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਹੋਣੀ ਹੈ। ਇਸ ਲਿਹਾਜ਼ ਨਾਲ ਪੰਜਾਬ ਸਰਕਾਰ ਕੋਲ ਕਰੀਬ ਤਿੰਨ ਹਫਤੇ ਤੋਂ ਘੱਟ ਦਾ ਸਮਾਂ ਬਚਿਆ ਹੈ, ਪਰ ਸਰਕਾਰ ਨੇ ਅਜੇ ਤੱਕ ਖਰੀਦ ਪਾਲਿਸੀ ਜਾਰੀ ਨਹੀਂ ਕੀਤੀ, ਜੋ ਕਿ ਪਹਿਲਾਂ ਫਰਵਰੀ ਦੇ ਅਖੀਰ ਤੱਕ ਜਾਰੀ ਹੋ ਜਾਂਦੀ ਹੈ। ਉਪਰੋਂ ਖੁਰਾਕ ਤੇ ਸਪਲਾਈ ਵਿਭਾਗ ਦੇ ਮੁੱਖ ਦਫਤਰ (ਅਨਾਜ ਭਵਨ) ਦੇ ਕਰੀਬ 60 ਮੁਲਾਜ਼ਮ ਤੇ ਅਧਿਕਾਰੀ ਕੋਵਿਡ-19 ਦੀ ਲਾਗ ਲਈ ਪਾਜੀਟਿਵ ਪਾਏ ਗਏ ਹਨ, ਜਿਸ ਕਰਕੇ ਮੁੱਖ ਦਫਤਰ ਬੰਦ ਕਰ ਦਿੱਤਾ ਗਿਆ।

ਸੂਤਰਾਂ ਮੁਤਾਬਕ ਸੂਬੇ ਵਿਚ ਕਣਕ ਦੀ ਖਰੀਦ ਲਈ 2800 ਖਰੀਦ ਕੇਂਦਰ ਬਣਾਏ ਜਾਣੇ ਸਨ, ਪਰ ਕਰੋਨਾ ਵਾਇਰਸ ਦਾ ਪ੍ਰਕੋਪ ਮੁੜ ਵਧਣ ਕਰਕੇ ਖਰੀਦ ਕੇਂਦਰਾਂ ਦੀ ਗਿਣਤੀ ਚਾਰ ਹਜ਼ਾਰ ਕੀਤੀ ਜਾ ਰਹੀ ਹੈ।




ਪਿਛਲੇ ਸਾਲ ਮੰਡੀਆਂ 'ਚੋਂ 127.25 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਸੀ ਤੇ ਐਤਕੀਂ ਮੰਡੀਆਂ ਵਿਚ 132 ਲੱਖ ਮੀਟਰਿਕ ਟਨ ਫਸਲ ਆਉਣ ਦਾ ਅਨੁਮਾਨ ਹੈ। ਸਰਕਾਰ ਫਸਲ ਦੇ ਭੰਡਾਰਨ ਨੂੰ ਲੈ ਕੇ ਫਿਕਰਮੰਦ ਹੈ ਕਿਉਂਕਿ ਸਾਲ 2018-19 ਦੀ ਕਰੀਬ 6.73 ਲੱਖ ਮੀਟਰਿਕ ਟਨ ਕਣਕ ਅਜੇ ਵੀ ਗੁਦਾਮਾਂ ਵਿਚ ਪਈ ਹੈ। ਕਰੀਬ 55 ਲੱਖ ਮੀਟਰਿਕ ਟਨ ਚੌਲ ਲਾਉਣ ਲਈ ਵੀ ਜਗ੍ਹਾ ਨਹੀਂ ਹੈ ਅਤੇ ਸਿਰਫ 13 ਲੱਖ ਮੀਟਰਿਕ ਟਨ ਸਪੇਸ ਹੀ ਮੌਜੂਦ ਹੈ। ਪੁਰਾਣਾ ਸਟਾਕ ਕਲੀਅਰ ਨਾ ਹੋਣ ਦੀ ਸੂਰਤ 'ਚ ਨਵੀਂ ਫਸਲ ਲਈ ਸੀ.ਸੀ.ਐਲ. ਲੈਣ ਵਿਚ ਮੁਸ਼ਕਲ ਆਏਗੀ।

ਐਤਕੀਂ ਵੱਡਾ ਮਸਲਾ ਬਾਰਦਾਨੇ ਦਾ ਵੀ ਹੈ ਕਿਉਂਕਿ ਜੂਟ ਮਿੱਲਾਂ ਦੀ ਮੰਗ ਮੁਤਾਬਕ ਸਮਰੱਥਾ ਨਹੀਂ ਹੈ। ਚੌਲਾਂ ਲਈ ਵੀ ਕਰੀਬ 20 ਫੀਸਦੀ ਬਾਰਦਾਨੇ ਦੀ ਕਮੀ ਹੈ। ਕਣਕ ਦੀ ਫਸਲ ਲਈ ਕਰੀਬ 3.80 ਲੱਖ ਗੱਠਾਂ ਬਾਰਦਾਨੇ ਦੀ ਲੋੜ ਹੈ, ਪਰ ਕੇਂਦਰ ਸਰਕਾਰ ਨੇ ਅਜੇ ਤੱਕ ਸਿਰਫ 1.41 ਲੱਖ ਗੱਠਾਂ ਬਾਰਦਾਨਾ ਦੇਣ ਦੀ ਹਾਮੀ ਭਰੀ ਹੈ। ਕੁਝ ਮਾਤਰਾ ਵਿਚ ਪਲਾਸਟਿਕ ਬਾਰਦਾਨਾ ਵੀ ਵਰਤਿਆ ਜਾਣਾ ਹੈ। ਸਮੇਂ ਸਿਰ ਬਾਰਦਾਨੇ ਦਾ ਇੰਤਜ਼ਾਮ ਨਾ ਹੋਇਆ ਤਾਂ ਮੰਡੀਆਂ ਵਿਚ ਫਸਲ ਦੇ ਅੰਬਾਰ ਲੱਗ ਸਕਦੇ ਹਨ। ਕੈਪਟਨ ਸਰਕਾਰ ਦੇ ਮੌਜੂਦਾ ਕਾਰਜਕਾਲ ਦੀ ਇਹ ਕਣਕ ਦੀ ਫਸਲ ਦੀ ਆਖਰੀ ਖਰੀਦ ਹੈ ਅਤੇ ਅੱਗੇ ਚੋਣਾਂ ਵੀ ਨੇੜੇ ਹੀ ਹਨ। ਕੇਂਦਰ ਕਣਕ ਦੀ ਸਿੱਧੀ ਅਦਾਇਗੀ ਨੂੰ ਲੈ ਕੇ ਬਜ਼ਿਦ ਹੈ ਤੇ ਖਰੀਦ ਏਜੰਸੀਆਂ ਨੇ ਕਿਸਾਨਾਂ ਦੇ ਖਾਤਿਆਂ ਦਾ ਰਿਕਾਰਡ ਅਪਲੋਡ ਕਰਨਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਵਿਚ ਕਰੀਬ 30 ਹਜ਼ਾਰ ਆੜ੍ਹਤੀਏ ਹਨ, ਜਿਨ੍ਹਾਂ ਜਿਣਸ ਦੀ ਖਰੀਦ ਦੇ ਦਿਨਾਂ ਵਿਚ ਸੰਘਰਸ਼ ਨੂੰ ਹੋਰ ਤੇਜ਼ ਕਰਨਾ ਹੈ।

ਉਧਰ, ਪੰਜਾਬ ਦੇ ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕਿਹਾ ਕਿ ਕਿਸਾਨਾਂ ਦਾ ਦਾਣਾ ਦਾਣਾ ਖਰੀਦਿਆ ਜਾਵੇਗਾ। ਕਿਸਾਨ ਮੰਡੀਆਂ ਵਿਚ ਫਸਲ ਲੈ ਕੇ ਆਉਣ, ਸਾਰੀ ਫਸਲ ਖਰੀਦੀ ਜਾਵੇਗੀ। ਉਨ੍ਹਾਂ ਮੰਨਿਆ ਕਿ ਮੁੱਖ ਦਫਤਰ ਵਿਚ ਕੋਵਿਡ-19 ਦੇ ਕੇਸ ਆਉਣ ਕਰਕੇ ਅਗਲੀ ਫਸਲ ਦੇ ਪ੍ਰਬੰਧਾਂ ਦਾ ਕੰਮ ਪ੍ਰਭਾਵਿਤ ਜ਼ਰੂਰ ਹੋਇਆ ਹੈ। ਉਨ੍ਹਾਂ ਕਿਹਾ ਕਿ ਕਣਕ ਭੰਡਾਰਨ ਲਈ ਲੋੜੀਂਦੇ ਪ੍ਰਬੰਧ ਹੋ ਜਾਣਗੇ। ਉਨ੍ਹਾਂ ਖਰੀਦ ਕੇਂਦਰਾਂ ਦੀ ਗਿਣਤੀ ਚਾਰ ਹਜ਼ਾਰ ਕੀਤੇ ਜਾਣ ਦੀ ਪੁਸ਼ਟੀ ਕੀਤੀ।

## ਆੜ੍ਹਤੀਆਂ ਵੱਲੋਂ ਪੱਕਾ ਮੋਰਚਾ ਲਾਉਣ ਦੀ ਚਿਤਾਵਨੀ

**ਪਟਿਆਲਾ:** ਕੇਂਦਰ ਸਰਕਾਰ ਦੀ ਨਵੀਂ ਖਰੀਦ ਅਤੇ ਅਦਾਇਗੀ ਨੀਤੀ ਬਾਰੇ ਪੰਜਾਬ ਸਰਕਾਰ ਵਲੋਂ ਦਿੱਤੀ ਗਈ ਸਹਿਮਤੀ ਵਿਰੁੱਧ ਪੰਜਾਬ ਆੜ੍ਹਤੀ ਐਸੋਸੀਏਸ਼ਨ ਨੇ 20 ਮਾਰਚ ਤੋਂ ਚੰਡੀਗੜ੍ਹ ਵਿਚ ਪੱਕੇ ਮੋਰਚੇ ਲਾਉਣ ਦਾ ਐਲਾਨ ਕੀਤਾ ਹੈ। ਆੜ੍ਹਤੀ ਇਸ ਸਮੱਸਿਆ ਲਈ ਕੇਂਦਰ ਅਤੇ ਸੂਬਾ ਸਰਕਾਰ ਦੋਵਾਂ ਨੂੰ ਹੀ ਬਰਾਬਰ ਦੀਆਂ ਜ਼ਿੰਮੇਵਾਰ ਗਰਦਾਨ ਰਹੇ ਹਨ। ਆੜ੍ਹਤੀ ਐਸੋਸੀਏਸ਼ਨ ਨੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਸਰਕਾਰ ਨੂੰ 19 ਮਾਰਚ ਤੱਕ ਦਾ ਅਲਟੀਮੇਟਮ ਦਿੱਤਾ ਹੈ। ਅਜਿਹਾ ਨਾ ਹੋਣ ਦੀ ਸੂਰਤ 'ਚ ਆੜ੍ਹਤੀਆਂ ਅਤੇ ਕਿਸਾਨਾਂ ਨੇ 20 ਮਾਰਚ ਤੋਂ ਚੰਡੀਗੜ੍ਹ ਵਿਚ ਪੱਕਾ ਮੋਰਚਾ ਲਾਉਣ ਦਾ ਐਲਾਨ ਕੀਤਾ ਹੈ।

# ਕਰੋਨਾ: ਪੰਜਾਬ 'ਚ ਸਕੂਲ ਤੇ ਆਂਗਣਵਾੜੀ ਕੇਂਦਰ ਬੰਦ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੋਵਿਡ-19 ਦੇ ਪਸਾਰ ਨੂੰ ਦੇਖਦੇ ਹੋਏ ਸਕੂਲਾਂ ਤੋਂ ਬਾਅਦ ਹੁਣ ਸੂਬੇ ਭਰ ਦੇ 27 ਹਜ਼ਾਰ ਆਂਗਣਵਾੜੀ ਕੇਂਦਰ ਅਗਲੇ ਹੁਕਮਾਂ ਤੱਕ ਬੰਦ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਇਸ ਦੌਰਾਨ ਬੱਚਿਆਂ ਨੂੰ ਰਾਸ਼ਨ ਘਰ ਪਹੁੰਚਾਉਣ ਦਾ ਫੈਸਲਾ ਕੀਤਾ ਗਿਆ ਹੈ। ਦੇਸ਼ ਭਰ ਵਿਚ ਸਭ ਤੋਂ ਵੱਧ ਫੈਲਾਅ ਵਾਲੇ ਸੱਤ ਸੂਬਿਆਂ 'ਚੋਂ ਪੰਜਾਬ ਹੁਣ ਤੀਜੇ ਸਥਾਨ 'ਤੇ ਹੈ। ਇਸ ਨੂੰ ਦੇਖਦੇ ਹੋਏ ਸਰਕਾਰ ਮੁੜ ਚੌਕਸ ਹੋ ਗਈ ਹੈ।



ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਅਰੁਣਾ ਚੌਧਰੀ ਨੇ ਦੱਸਿਆ ਕਿ ਕੋਵਿਡ ਦੇ ਮਾਮਲਿਆਂ ਵਿਚ ਮੁੜ ਉਭਾਰ ਦੇ ਮੱਦੇਨਜ਼ਰ ਆਂਗਣਵਾੜੀ ਕੇਂਦਰਾਂ ਨੂੰ ਅਗਲੇ ਹੁਕਮਾਂ ਤੱਕ ਬੰਦ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਇਹ ਫੈਸਲਾ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਤੇ ਹੋਰ ਲਾਭਪਾਤਰੀਆਂ ਨੂੰ ਰਾਸ਼ਨ ਅਤੇ ਹੋਰ ਸਮੱਗਰੀ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਰਾਹੀਂ ਘਰ-ਘਰ ਪਹੁੰਚਾਈ ਜਾਂਦੀ ਰਹੇਗੀ। ਉਨ੍ਹਾਂ ਕਰੋਨਾ ਤੋਂ ਬਚਾਅ ਲਈ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਕਿਹਾ। ਸ੍ਰੀਮਤੀ ਚੌਧਰੀ ਨੇ ਕਿਹਾ ਕਿ ਵਰਕਰ ਅਤੇ ਹੈਲਪਰ ਪੜਾਅਵਾਰ ਢੰਗ ਨਾਲ ਇਹ ਯਕੀਨੀ ਬਣਾਉਣਗੇ ਕਿ ਵਿਭਾਗ ਦੁਆਰਾ ਦਿੱਤੀ ਸਮਾਂ ਸੀਮਾ ਦੇ ਅੰਦਰ ਬੱਚਿਆਂ ਦੇ ਸਰੀਰਕ ਵਾਧੇ ਦਾ ਨਿਗਰਾਨੀ ਰਿਕਾਰਡ ਤਿਆਰ ਕੀਤਾ ਜਾਵੇ।

ਕੇਂਦਰ ਸਰਕਾਰ ਤਰਫੋਂ ਜੋ ਸੱਤ ਸੂਬਿਆਂ ਵਿਚ ਕੇਂਦਰੀ ਟੀਮਾਂ ਵਿਚ ਭੇਜੀਆਂ ਗਈਆਂ ਹਨ, ਵਿਚ ਪੰਜਾਬ ਵੀ ਸ਼ਾਮਲ ਹੈ। ਕੋਵਿਡ ਦੇ ਇਸ ਵੇਲੇ 88 ਫੀਸਦੀ ਕੇਸ ਇਕੱਲੇ ਇਨ੍ਹਾਂ ਸੱਤ ਸੂਬਿਆਂ ਵਿਚ ਹਨ ਜਿਨ੍ਹਾਂ ਵਿਚ ਪੰਜਾਬ ਤੀਜੇ ਨੰਬਰ 'ਤੇ ਹੈ। ਕੋਵਿਡ ਨਾਲ ਮੌਤਾਂ ਦੇ ਮਾਮਲੇ ਵਿਚ ਪੰਜਾਬ ਇਸ ਵੇਲੇ ਦੇਸ਼ 'ਚੋਂ ਦੂਜੇ ਨੰਬਰ 'ਤੇ ਹੈ।

# ਫਸਲ ਬੀਮਾ ਯੋਜਨਾ ਨੇ ਕਿਸਾਨਾਂ ਦੀ ਥਾਂ ਕਾਰਪੋਰੇਟਾਂ ਦੀ ਆਮਦਨ ਦੁਗਣੀ ਕੀਤੀ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਦੇ ਤਹਿਤ ਨਿੱਜੀ ਕੰਪਨੀਆਂ ਨੇ ਪਿਛਲੇ ਚਾਰ ਸਾਲ ਤੋਂ 20,000 ਕਰੋੜ ਰੁਪਏ ਤੋਂ ਜ਼ਿਆਦਾ ਕਮਾਇਆ ਹੈ, ਜਿਸ 'ਚ ਰਿਲਾਇੰਸ ਕੰਪਨੀ ਨੇ ਸਭ ਤੋਂ ਜ਼ਿਆਦਾ ਚਾਰ ਸਾਲ 'ਚ ਲਗਭਗ 3000 ਕਰੋੜ ਰੁਪਏ ਤੋਂ ਜ਼ਿਆਦਾ ਕਮਾਈ ਕੀਤੀ ਹੈ।



ਇਸੇ ਤਰ੍ਹਾਂ ਨਿੱਜੀ ਕੰਪਨੀਆਂ ਨੇ ਕੁੱਲ ਪ੍ਰੀਮੀਅਮ ਦਾ ਲਗਭਗ 73 ਫੀਸਦੀ ਮੁਨਾਫਾ ਕਮਾਇਆ ਅਤੇ ਕਿਸਾਨਾਂ ਦੀ ਸੁਰੱਖਿਆ ਕਵਰ ਨੂੰ ਰੱਬ ਆਸਰੇ ਛੱਡ ਦਿੱਤਾ। ਇਸ ਦਾ ਖੁਲਾਸਾ ਆਰ.ਟੀ.ਆਈ. ਕਾਰਕੁੰਨ ਅਤੇ ਆਮ ਆਦਮੀ ਪਾਰਟੀ ਰੋਪੜ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਦਿਨੇਸ਼ ਚੱਢਾ ਅਤੇ 'ਆਪ' ਦੇ ਸਟੇਟ ਮੀਡੀਆ ਕੁਆਰਡੀਨੇਟਰ ਦਿਗਵਿਜੈ ਧੰਜੂ ਨੇ ਆਰ.ਟੀ.ਆਈ. ਰਾਹੀਂ ਮਿਲੀ ਜਾਣਕਾਰੀ ਨੂੰ ਨਸ਼ਰ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਆਰ.ਟੀ.ਆਈ. ਦੇ ਦਸਤਾਵੇਜ਼ਾਂ ਤੋਂ ਸਾਫ ਪਤਾ ਲੱਗਦਾ ਹੈ ਕਿ ਨਿੱਜੀ ਬੀਮਾ ਕੰਪਨੀਆਂ ਨੇ ਕਿਸਾਨਾਂ ਦੀਆਂ ਫਸਲਾਂ ਦੇ ਬੀਮੇ ਦੇ ਪੈਸਿਆਂ ਨਾਲ ਹਜ਼ਾਰਾਂ ਕਰੋੜ ਰੁਪਏ ਕਮਾਏ, ਜਦਕਿ ਪਬਲਿਕ ਬੀਮਾ ਕੰਪਨੀਆਂ ਨੂੰ 3122 ਕਰੋੜ ਦਾ ਨੁਕਸਾਨ ਹੋਇਆ ਹੈ। ਦਿਨੇਸ਼ ਚੱਢਾ ਨੇ ਕਿਹਾ ਕਿ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦੀ ਗੱਲ ਕਰ ਮੋਦੀ ਨੇ ਆਪਣੇ ਸਾਥੀ ਉਦਯੋਗਪਤੀਆਂ ਦੀ ਆਮਦਨ ਦੁੱਗਣੀ ਕੀਤੀ ਹੈ।

ਭਾਰਤ ਸਰਕਾਰ ਨੇ ਪਿਛਲੇ 4 ਸਾਲ 'ਚ ਪ੍ਰੀਮੀਅਮ ਦੇ ਹਿੱਸੇ ਵਜੋਂ 44,183 ਕਰੋੜ ਰੁਪਏ ਦਾ ਭੁਗਤਾਨ ਕੀਤਾ। ਇਸ 'ਚੋਂ ਲਗਭਗ ਅੱਧਾ ਪੈਸਾ ਨਿੱਜੀ ਕੰਪਨੀਆਂ ਨੇ ਲਾਭ ਵਜੋਂ ਕਮਾਇਆ, ਵਿਸ਼ੇਸ਼ ਤੌਰ ਉਤੇ ਮੋਦੀ ਦੇ ਮੁੱਖ ਫੰਡਦਾਤਾ ਰਿਲਾਇੰਸ ਨੂੰ 2642 ਕਰੋੜ ਦਾ ਭੁਗਤਾਨ ਕੀਤਾ ਗਿਆ, ਜਿਸ ਕਾਰਨ ਕੰਪਨੀ ਨੇ ਰਿਕਾਰਡ 2862 ਕਰੋੜ ਰੁਪਏ ਦਾ ਲਾਭ ਦਰਜ ਕੀਤਾ।

## ਬਹਿਬਲ-ਕੋਟਕਪੂਰਾ ਕੇਸ ਦੀ ਸੁਣਵਾਈ 2 ਅਪਰੈਲ ਤੱਕ ਟਲੀ

**ਫਰੀਦਕੋਟ:** ਬਹਿਬਲ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਮਾਮਲੇ ਦੀ ਇਥੇ ਸੈਸ਼ਨ ਜੱਜ ਫਰੀਦਕੋਟ ਦੀ ਅਦਾਲਤ ਵਿਚ ਸੁਣਵਾਈ ਹੋਣੀ ਸੀ ਪਰ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਮੈਂਬਰਾਂ ਦੀ ਹੜਤਾਲ ਹੋਣ ਕਾਰਨ ਇਸ ਕੇਸ 'ਚ ਕੋਈ ਸੁਣਵਾਈ ਨਹੀਂ ਹੋ ਸਕੀ। ਅਦਾਲਤ ਦੋਹਾਂ ਕੇਸਾਂ ਦੀ ਸੁਣਵਾਈ ਹੁਣ 2 ਅਪਰੈਲ ਨੂੰ ਕਰੇਗੀ। ਜ਼ਿਲ੍ਹਾ ਅਟਾਰਨੀ ਰਜਨੀਸ਼ ਗੋਇਲ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਮੁਲਜ਼ਮਾਂ ਖਿਲਾਫ ਚਲਾਨ ਸੈਸ਼ਨ ਕੋਰਟ 'ਚ ਆ ਚੁੱਕਾ ਹੈ, ਉਨ੍ਹਾਂ ਖਿਲਾਫ ਸੁਣਵਾਈ ਸ਼ੁਰੂ ਕਰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਖਿਲਾਫ ਵੀ ਚਲਾਨ ਇਲਾਕਾ ਮੈਜਿਸਟਰੇਟ ਦੀ ਅਦਾਲਤ 'ਚ ਪੇਸ਼ ਹੋ ਚੁੱਕਾ ਹੈ ਪਰ ਹਾਲੇ ਇਹ ਕੇਸ ਸੁਣਵਾਈ ਲਈ ਸੈਸ਼ਨ ਕੋਰਟ ਵਿਚ ਨਹੀਂ ਆਇਆ। ਇਸ ਲਈ ਇਸ ਕੇਸ ਦੀ ਅਲੱਗ ਤੋਂ ਸੁਣਵਾਈ ਕੀਤੀ ਜਾਵੇ। ਸੈਸ਼ਨ ਜੱਜ ਸੁਮੀਤ ਮਲਹੋਤਰਾ ਨੇ ਕਿਹਾ ਕਿ ਪਰਮਰਾਜ ਸਿੰਘ ਉਮਰਾਨੰਗਲ ਤੇ ਸੁਮੇਧ ਸੈਣੀ ਖਿਲਾਫ ਚਲਾਨ ਇਲਾਕਾ ਮੈਜਿਸਟਰੇਟ ਦੀ ਅਦਾਲਤ 'ਚੋਂ ਜਲਦ ਸੈਸ਼ਨ ਕੋਰਟ 'ਚ ਪੁੱਜਣ ਵਾਲਾ ਹੈ। ਇਸ ਲਈ ਸਾਰੇ ਮੁਲਜ਼ਮਾਂ ਖਿਲਾਫ ਇਕੋ ਵੇਲੇ ਸੁਣਵਾਈ ਸ਼ੁਰੂ ਕੀਤੀ ਜਾਵੇਗੀ। ਉਮਰਾਨੰਗਲ ਬਿਮਾਰ ਹੋਣ ਕਾਰਨ ਅਦਾਲਤ 'ਚ ਹਾਜ਼ਰ ਨਹੀਂ ਹੋਏ। ਐਸ.ਪੀ. ਪਰਮਜੀਤ ਸਿੰਘ ਸੀ.ਬੀ.ਆਈ. ਦੀ ਅਦਾਲਤ 'ਚ ਦਿੱਲੀ ਗਏ ਸਨ।

# ਗੁਰਦੇਵ ਰੁਪਾਣਾ ਦੀ ਪੁਸਤਕ 'ਆਮ-ਖਾਸ' ਨੂੰ ਸਾਹਿਤ ਅਕਾਦਮੀ ਪੁਰਸਕਾਰ

**ਚੰਡੀਗੜ੍ਹ:** ਭਾਰਤੀ ਸਾਹਿਤ ਅਕਾਦਮੀ ਨੇ ਸੰਨ 2020 ਲਈ ਸਾਹਿਤ ਅਕਾਦਮੀ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਵਾਰ ਪੰਜਾਬੀ ਸਾਹਿਤ ਲਈ ਇਹ ਸਨਮਾਨ ਗੁਰਦੇਵ ਸਿੰਘ ਰੁਪਾਣਾ ਨੂੰ ਉਨ੍ਹਾਂ ਦੀ ਕਹਾਣੀਆਂ ਦੀ ਕਿਤਾਬ 'ਆਮ-ਖਾਸ' ਲਈ ਦਿੱਤਾ ਗਿਆ ਹੈ। ਇਸ ਕਿਤਾਬ ਨੂੰ ਪਹਿਲਾਂ 'ਢਾਹਾਂ ਪੁਰਸਕਾਰ' ਵੀ ਮਿਲ ਚੁੱਕਾ ਹੈ।

ਇਸ ਤੋਂ ਇਲਾਵਾ ਸਿਆਸਤਦਾਨ-ਲੇਖਕ ਐਮ. ਵੀਰੱਪਾ ਮੋਇਲੀ, ਕਵਿੱਤਰੀ ਅਰੁੰਧਤੀ ਸੁਬਰਾਮਣੀਅਮ ਵੀ ਉਨ੍ਹਾਂ 20 ਲੇਖਕਾਂ ਵਿਚ ਸ਼ੁਮਾਰ ਹਨ ਜਿਨ੍ਹਾਂ ਨੂੰ ਸਾਹਿਤ ਅਕਾਦਮੀ ਸਨਮਾਨ ਨਾਲ ਨਿਵਾਜਿਆ ਜਾਵੇਗਾ। ਸੁਬਰਾਮਣੀਅਮ ਨੂੰ ਇਹ ਸਨਮਾਨ ਉਸ ਦੇ ਕਾਵਿ ਸੰਗ੍ਰਹਿ 'ਵੈੱਨ ਗੌਡ ਇਜ਼ ਏ ਟਰੈਵਲਰ' (ਅੰਗਰੇਜ਼ੀ) ਲਈ ਦਿੱਤਾ ਗਿਆ ਹੈ। ਜਦਕਿ ਮੋਇਲੀ ਨੂੰ ਇਹ ਸਨਮਾਨ ਕੰਨੜ ਭਾਸ਼ਾ ਵਿਚ ਉਨ੍ਹਾਂ ਦੇ ਮਹਾਂ ਕਾਵਿ 'ਸ੍ਰੀ ਬਾਹੂਬਲੀ ਅਹਿੰਸਾਦਿਗਵਿਜਯਮ' ਲਈ ਦਿੱਤਾ ਗਿਆ ਹੈ। ਇਨਾਮਾਂ ਦੀ ਸੂਚੀ ਵਿਚ ਸੱਤ ਕਵਿਤਾਵਾਂ ਦੀਆਂ ਪੁਸਤਕਾਂ, ਚਾਰ ਨਾਵਲ, ਪੰਜ ਲਘੂ ਕਹਾਣੀਆਂ, ਦੋ ਨਾਟਕ ਤੇ ਹੋਰ ਰਚਨਾਵਾਂ ਸ਼ਾਮਲ ਹਨ। ਇਹ 20 ਭਾਰਤੀ ਭਾਸ਼ਾਵਾਂ ਵਿਚ ਹਨ। ਸੁਬਰਾਮਣੀਅਮ ਤੋਂ ਇਲਾਵਾ ਅਨਾਮਿਕਾ ਨੂੰ ਹਿੰਦੀ ਭਾਸ਼ਾ ਲਈ, ਹਰੀਸ਼ ਮੀਨਾਕਸ਼ੀ ਨੂੰ ਗੁਜਰਾਤੀ ਲਈ, ਨੰਦਾ ਖਰੇ ਨੂੰ ਮਰਾਠੀ ਲਈ ਸਾਹਿਤ ਅਕਾਦਮੀ ਸਨਮਾਨ ਦਿੱਤਾ ਗਿਆ ਹੈ। ਗਿਆਨ ਸਿੰਘ ਨੂੰ ਡੋਗਰੀ ਤੇ ਜੇਠੋ ਲਾਲਵਾਨੀ ਨੂੰ ਸਿੰਧੀ ਭਾਸ਼ਾ ਦੇ ਨਾਟਕਾਂ ਲਈ ਸਾਹਿਤ ਅਕਾਦਮੀ ਸਨਮਾਨ ਮਿਲਿਆ ਹੈ।

ਗੁਰਦੇਵ ਸਿੰਘ ਰੁਪਾਣਾ ਨੇ ਆਪਣੇ ਨਾਵਲਾਂ ਤੇ ਕਹਾਣੀਆਂ ਵਿਚ ਮਾਲਵੇ ਦੇ ਜਨਜੀਵਨ ਨੂੰ ਬਹੁਤ ਜੀਵੰਤ ਢੰਗ ਨਾਲ ਚਿਤਰਿਆ ਹੈ। ਉਸ ਨੇ ਸਮਾਜਿਕ ਯਥਾਰਥ ਦੇ ਨਾਲ-ਨਾਲ ਮਨੁੱਖੀ ਮਨ ਦੀ ਮਨੋਵਿਗਿਆਨਕ ਤਹਿ ਦੀ ਥਾਹ ਪਾਉਣ ਦੀ ਕੋਸ਼ਿਸ਼ ਵੀ ਕੀਤੀ ਹੈ। ਰੁਪਾਣਾ ਦੇ ਨਾਵਲ 'ਗੋਰੀ' ਨੂੰ ਕਲਾਸਿਕ ਮੰਨਿਆ ਜਾਂਦਾ ਹੈ ਤੇ ਇਸ ਦਾ ਕਈ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਆਲੋਚਕਾਂ ਦਾ ਕਹਿਣਾ ਹੈ ਕਿ 'ਗੋਰੀ' ਔਰਤ ਮਨ ਦੀਆਂ ਗਹਿਰਾਈਆਂ ਨੂੰ ਚਿਤਰਣ ਵਾਲਾ ਮਿਸਾਲੀ ਨਾਵਲ ਹੈ। ਉਸ ਦੀ ਕਹਾਣੀ 'ਸ਼ੀਸ਼ਾ' ਦੀ ਤੁਲਨਾ ਵੰਡ ਬਾਰੇ ਸਆਦਤ ਹਸਨ ਮੰਟੋ ਅਤੇ ਰਾਜਿੰਦਰ ਸਿੰਘ ਬੇਦੀ ਦੀਆਂ ਬਿਹਤਰੀਨ ਕਹਾਣੀਆਂ ਨਾਲ ਕੀਤੀ ਜਾਂਦੀ ਹੈ। 'ਜਲ ਦੇਵ', ਆਸੋ ਦਾ ਟੱਬਰ' ਅਤੇ 'ਸ੍ਰੀ ਪਾਰਵਾ' ਰੁਪਾਣਾ ਦੇ ਚਰਚਿਤ ਨਾਵਲ ਹਨ। ਉਸ ਦੇ ਕਹਾਣੀ ਸੰਗ੍ਰਹਿ 'ਇਕ ਟੋਟਾ ਔਰਤ', 'ਆਪਣੀ ਅੱਖ ਦਾ ਜਾਦੂ', 'ਡਿਫੈਂਸ ਲਾਈਨ', 'ਸ਼ੀਸ਼ਾ' ਤੇ ਹੋਰਨਾਂ ਵਿਚ ਪੰਜਾਬੀ ਦੀਆਂ ਯਾਦਗਾਰੀ ਕਹਾਣੀਆਂ ਸ਼ਾਮਲ ਹਨ। ਗੁਰਦੇਵ ਸਿੰਘ ਰੁਪਾਣਾ ਨੂੰ ਇਨਾਮ ਦੇਣ ਵਾਲੀ ਜਿਊਰੀ ਵਿਚ ਸ਼ਾਇਰ ਮੋਹਨਜੀਤ, ਕਹਾਣੀਕਾਰ ਤੇ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਅਤੇ ਆਲੋਚਕ ਡਾ. ਸਤਿੰਦਰ ਸਿੰਘ ਸ਼ਾਮਲ ਸਨ।

## ਦੀਪਕ ਧਲੇਵਾਂ ਨੂੰ ਯੁਵਾ ਤੇ ਕਰਨੈਲ ਸੋਮਲ ਨੂੰ ਬਾਲ ਇਨਾਮ

ਸਾਹਿਤ ਅਕਾਦਮੀ ਨੇ ਬਾਲ ਸਾਹਿਤ ਤੇ ਯੁਵਾ ਪੁਰਸਕਾਰ ਜੇਤੂਆਂ ਦਾ ਐਲਾਨ ਵੀ ਕੀਤਾ ਹੈ। ਸੰਨ 2020 ਲਈ ਇਹ ਸਨਮਾਨ 18 ਜਣਿਆਂ ਨੂੰ ਦਿੱਤਾ ਜਾਵੇਗਾ। ਪੰਜਾਬੀ ਦੇ ਨੌਜਵਾਨ ਕਵੀ ਤੇ ਆਲੋਚਕ ਦੀਪਕ ਕੁਮਾਰ ਧਲੇਵਾਂ ਨੂੰ ਯੁਵਾ ਪੁਰਸਕਾਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕਰਨੈਲ ਸਿੰਘ ਸੋਮਲ ਨੂੰ ਬਾਲ ਸਾਹਿਤ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਅੰਗਰੇਜ਼ੀ ਭਾਸ਼ਾ ਲਈ ਯੁਵਾ ਪੁਰਸਕਾਰ ਯਸ਼ਿਕਾ ਦੱਤ ਤੇ ਹਿੰਦੀ ਲਈ ਅੰਕਿਤ ਨਰਵਾਲ ਨੂੰ ਦਿੱਤਾ ਗਿਆ ਹੈ। ਸਾਕਿਬ ਫਰੀਦੀ ਨੂੰ ਉਰਦੂ ਲਈ ਯੁਵਾ ਪੁਰਸਕਾਰ ਦਿੱਤਾ ਗਿਆ ਹੈ। ਹਿੰਦੀ ਲਈ ਬਾਲਸਵਰੂਪ ਰਾਹੀ ਨੂੰ ਬਾਲ ਸਾਹਿਤ ਪੁਰਸਕਾਰ ਦਿੱਤਾ ਗਿਆ ਹੈ।

## ਡਾ. ਅਰਵਿੰਦਰ ਤੇ ਹੰਸਾ ਸਿੰਘ ਨੂੰ ਹਲਵਾਰਵੀ ਪੁਰਸਕਾਰ

**ਰਾਏਕੋਟ:** ਪਿੰਡ ਹਲਵਾਰਾ ਦੇ ਗੁਰੂ ਰਾਮ ਦਾਸ ਕਾਲਜ ਵਿਚ ਕਾਮਰੇਡ ਰਤਨ ਸਿੰਘ ਹਲਵਾਰਾ ਯਾਦਗਾਰੀ ਟਰੱਸਟ ਹਲਵਾਰਾ ਵੱਲੋਂ ਚੌਥਾ ਹਰਭਜਨ ਹਲਵਾਰਵੀ ਪੁਰਸਕਾਰ ਤੇ ਕਵੀ ਦਰਬਾਰ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰਧਾਨ ਪ੍ਰੋ. ਰਵਿੰਦਰ ਭੱਠਲ ਨੇ ਕੀਤੀ। ਆਸਟਰੇਲੀਆ ਵਸਦੇ ਸੱਭਿਆਚਾਰਕ ਕਾਮੇ ਦਲਬੀਰ ਸਿੰਘ ਹਲਵਾਰਵੀ ਪਰਿਵਾਰ ਵੱਲੋਂ ਸਥਾਪਤ ਕੀਤੇ ਗਏ ਇਸ ਟਰੱਸਟ ਨੇ ਇਹ ਸਮਾਗਮ ਕਿਰਤੀ ਕਿਸਾਨ ਸੰਘਰਸ਼ ਨੂੰ ਸਮਰਪਿਤ ਕੀਤਾ। ਉਪਰੰਤ ਕਿਸਾਨ ਮੋਰਚੇ 'ਚ ਯੋਗਦਾਨ ਪਾਉਣ ਵਾਲੀ ਅਗਾਂਹਵਧੂ ਪੰਜਾਬੀ ਲੇਖਕਾ ਤੇ ਸਮਾਲੋਚਕ ਡਾ. ਅਰਵਿੰਦਰ ਕੌਰ ਕਾਕੜਾ ਅਤੇ ਕਿਸਾਨ ਮਜ਼ਦੂਰ ਸੰਘਰਸ਼ ਲਈ ਨਾਟਕ ਖੇਡਦਿਆਂ ਜਾਨ ਕੁਰਬਾਨ ਕਰਨ ਵਾਲੇ ਨਾਟਕਕਾਰ ਤੇ ਰੰਗਕਰਮੀ ਹੰਸਾ ਸਿੰਘ ਬਿਆਸ ਨੂੰ 'ਹਰਭਜਨ ਹਲਵਾਰਵੀ ਪੁਰਸਕਾਰ' ਨਾਲ ਸਨਮਾਨਿਆ ਗਿਆ।

# ਹੁਣ ਸ਼੍ਰੋਮਣੀ ਕਮੇਟੀ ਦੀ ਕਿਸਾਨਾਂ ਨੂੰ ਹਮਾਇਤ ਉਤੇ ਭਾਜਪਾ ਨੂੰ ਉਜ਼ਰ

**ਅੰਮ੍ਰਿਤਸਰ:** ਖੇਤੀ ਕਾਨੂੰਨਾਂ ਖਿਲਾਫ ਪਿਛਲੇ 3 ਮਹੀਨਿਆਂ ਤੋਂ ਵੱਧ ਸਮੇਂ ਤੋਂ ਦਿੱਲੀ ਦੀਆਂ ਹੱਦਾਂ ਉਤੇ ਡਟੇ ਕਿਸਾਨਾਂ ਨੂੰ ਧਾਰਮਿਕ ਸੰਸਥਾਵਾਂ ਤੋਂ ਮਿਲ ਰਹੀ ਮਦਦ ਭਾਜਪਾ ਨੂੰ ਚੁੱਭਣ ਲੱਗੀ ਹੈ। ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਦੇ ਨਾਂ ਇਕ ਪੱਤਰ ਭੇਜ ਕੇ ਦੋਸ਼ ਲਾਇਆ ਕਿ ਸਿੱਖ ਸੰਸਥਾ ਕਿਸਾਨ ਅੰਦੋਲਨ ਨੂੰ ਫਿਰਕੂ ਰੰਗਤ ਦੇ ਰਹੀ ਹੈ।

ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਕਿਸਾਨਾਂ ਨੂੰ ਦਿੱਲੀ ਮੋਰਚੇ ਵਿਖੇ ਸ਼ੈੱਡ ਬਣਾ ਕੇ ਦੇਣ ਅਤੇ ਪੱਖੇ ਲਵਾਉਣ ਦੇ ਫੈਸਲੇ 'ਤੇ ਇਤਰਾਜ਼ ਕਰਦਿਆਂ ਕਿਹਾ ਕਿ ਗੁਰੂ ਦੀ ਗੋਲਕ ਵਿਚ ਸ਼ਰਧਾਲੂਆਂ ਵੱਲੋਂ ਦਿੱਤੀ ਜਾਂਦੀ ਮਾਇਆ ਸਿੱਖ ਗੁਰਦੁਆਰਾ ਐਕਟ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ ਦੇ ਪ੍ਰਬੰਧ, ਧਰਮ ਪ੍ਰਚਾਰ ਤੇ ਇਸ ਦੇ ਪਸਾਰ ਵਾਸਤੇ ਖਰਚੀ ਜਾਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕਿਸਾਨ ਅੰਦੋਲਨ ਦੌਰਾਨ ਜਾਨ ਗੁਆ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ ਵਿੱਤੀ ਮਦਦ ਸਣੇ ਲੰਗਰ ਅਤੇ ਆਰਜ਼ੀ ਪਖਾਨਿਆਂ ਦੀ ਸੇਵਾ ਦੇਣ ਦਾ ਐਲਾਨ ਗੁਰਦੁਆਰਾ ਐਕਟ ਦੇ ਉਲਟ ਹੈ।

ਉਧਰ, ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਖਿਆ ਕਿ ਸਿੱਖ ਸੰਸਥਾ ਸੰਘਰਸ਼ੀ ਕਿਸਾਨਾਂ ਦੀ ਮਦਦ ਜਾਰੀ ਰੱਖੇਗੀ ਅਤੇ ਇਸ ਤੋਂ ਪਿਛਾਂਹ ਨਹੀਂ ਹਟੇਗੀ। ਉਨ੍ਹਾਂ ਨੇ ਭਾਜਪਾ ਦੇ ਆਗੂ ਅਤੇ ਸਾਬਕਾ ਕੌਮੀ ਸਕੱਤਰ ਹਰਜੀਤ ਸਿੰਘ ਗਰੇਵਾਲ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਆਪਣੀ ਸਾਖ ਬਹਾਲ ਰੱਖਣ ਲਈ ਕਿਸਾਨਾਂ ਦੀ ਮਦਦ ਨਾ ਕਰਨ ਦੇ ਸੁਝਾਅ ਨੂੰ ਮੁੱਢੋਂ ਰੱਦ ਕਰ ਦਿੱਤਾ।

ਬੀਬੀ ਜਗੀਰ ਕੌਰ ਨੇ ਭਾਜਪਾ ਆਗੂ ਦੀ ਟਿੱਪਣੀ 'ਤੇ ਸਖਤ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਭਾਜਪਾ ਆਗੂ ਸਿੱਖ ਰਵਾਇਤਾਂ ਦੇ ਖਿਲਾਫ ਗੱਲ ਕਰ ਰਹੇ ਹਨ। ਉਨ੍ਹਾਂ ਨੂੰ ਸਿੱਖ ਧਰਮ ਦੇ ਸਿਧਾਂਤਾਂ ਬਾਰੇ ਗਿਆਨ ਨਹੀਂ ਹੈ। ਗੁਰੂ ਸਾਹਿਬਾਨ ਨੇ ਹਮੇਸ਼ਾ ਹੀ ਸੇਵਾ ਕਾਰਜਾਂ ਨੂੰ ਪ੍ਰਮੁਖਤਾ ਦਿੱਤੀ ਹੈ ਅਤੇ ਸਮਾਜ ਦਾ ਸਾਥ ਦੇਣਾ ਸਿਖਾਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੈ। ਗੁਰੂ ਨਾਨਕ ਦੇਵ ਜੀ ਨੇ ਖੁਦ ਖੇਤੀ ਕਰਕੇ ਮਾਰਗ ਦਰਸ਼ਨ ਕੀਤਾ ਹੈ ਅਤੇ ਸ਼੍ਰੋਮਣੀ ਕਮੇਟੀ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਕਿਸਾਨਾਂ ਦੇ ਨਾਲ ਹਮੇਸ਼ਾ ਖੜ੍ਹੀ



ਰਹੇਗੀ। ਸੰਘਰਸ਼ੀ ਕਿਸਾਨਾਂ ਲਈ ਲੰਗਰ-ਪਾਣੀ, ਰਹਿਣ ਲਈ ਪ੍ਰਬੰਧ, ਦਵਾਈਆਂ ਤੇ ਹੋਰ ਸੇਵਾਵਾਂ ਪਹਿਲਾਂ ਵਾਂਗ ਜਾਰੀ ਰੱਖੀਆਂ ਜਾਣਗੀਆਂ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਐਕਟ ਤੋਂ ਭਲੀਭਾਂਤ ਜਾਣੂ ਹੈ ਅਤੇ ਉਸ ਦੇ ਘੇਰੇ ਹੇਠ ਹੀ ਸਾਰੇ ਕੰਮ ਕਰ ਰਹੀ ਹੈ। ਭਾਜਪਾ ਆਗੂ ਨੂੰ ਕਿਸਾਨਾਂ ਦੀ ਮਦਦ ਕੀਤੇ ਜਾਣ 'ਤੇ ਉਜ਼ਰ ਨਹੀਂ ਕਰਨਾ ਚਾਹੀਦਾ ਸਗੋਂ ਅਜਿਹੇ ਸਮੇਂ ਕਿਸਾਨਾਂ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਸ ਨੂੰ (ਹਰਜੀਤ ਗਰੇਵਾਲ) ਨੂੰ ਆਪਣੀ ਨਸੀਹਤ ਆਪਣੇ ਕੋਲ ਰੱਖਣੀ ਚਾਹੀਦੀ ਹੈ, ਕਿਉਂਕਿ ਭਾਜਪਾ ਆਗੂ ਨੂੰ ਬਤੌਰ ਸਿੱਖ ਅਜਿਹੇ ਬਿਆਨ ਸ਼ੋਭਾ ਨਹੀਂ ਦਿੰਦੇ।

## ਕਿਸਾਨਾਂ ਲਈ ਲੰਗਰ ਲਾਉਣਾ ਗੁਨਾਹ ਨਹੀਂ: ਜਥੇਦਾਰ

ਕਿਸਾਨ ਸੰਘਰਸ਼ ਦੇ ਚੱਲਦਿਆਂ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਵੱਲੋਂ ਸ਼੍ਰੋਮਣੀ ਕਮੇਟੀ ਖਿਲਾਫ ਪ੍ਰਗਟਾਏ ਇਤਰਾਜ਼ ਬਾਰੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਸੰਸਥਾ ਆਪਣੇ ਫਰਜ਼ਾਂ ਦੀ ਪੂਰਤੀ ਕਰਦਿਆਂ ਲੋੜਵੰਦਾਂ ਨੂੰ ਲੰਗਰ ਦੀ ਸੇਵਾ ਮੁਹੱਈਆ ਕਰ ਰਹੀ ਹੈ। ਸੰਘਰਸ਼ ਕਰ ਰਹੇ ਕਿਸਾਨ ਸਾਡੇ ਪਿੰਡਾਂ ਤੇ ਨਗਰਾਂ ਦੇ ਹਨ, ਉਨ੍ਹਾਂ ਨੂੰ ਲੰਗਰ ਮੁਹੱਈਆ ਕਰਨਾ ਗੁਨਾਹ ਨਹੀਂ ਹੈ।

## ਅੰਦੋਲਨ ਨੂੰ ਹਮਾਇਤ ਤੋਂ ਮੋਦੀ ਸਰਕਾਰ ਘਬਰਾਈ: ਉਗਰਾਹਾਂ

**ਜਲੰਧਰ:** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੀ ਅਗਵਾਈ ਹੇਠ ਮਜ਼ਦੂਰ ਕਿਸਾਨ ਸੰਘਰਸ਼ ਹਮਾਇਤੀ ਕਮੇਟੀ ਨੇ ਮੁਠੱਡਾ ਕਲਾਂ ਵਿਚ ਕੀਤੇ ਇਕੱਠ ਦੌਰਾਨ ਮਜ਼ਦੂਰਾਂ ਦੀ ਕਿਸਾਨਾਂ ਨਾਲ ਸਾਂਝ ਹੋਰ ਪਕੇਰੀ ਕਰਨ ਦਾ ਸੱਦਾ ਦਿੱਤਾ। 'ਮਜ਼ਦੂਰ ਕਿਸਾਨ ਏਕਤਾ ਮਹਾਂਰੈਲੀ' ਨੂੰ ਸੰਬੋਧਨ ਕਰਦਿਆਂ ਬੀ.ਕੇ.ਯੂ. ਏਕਤਾ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਲੋਕ ਅੰਦੋਲਨ ਵਿਚ ਬਦਲ ਚੁੱਕੇ ਕਿਸਾਨੀ ਸੰਘਰਸ਼ ਨੇ ਨੈਤਿਕ ਤੌਰ 'ਤੇ ਜਿੱਤ ਪ੍ਰਾਪਤ ਕਰ ਲਈ ਹੈ ਅਤੇ ਇਸ ਅੰਦੋਲਨ ਨੂੰ ਦੁਨੀਆਂ ਭਰ ਤੋਂ ਮਿਲ ਰਹੀ ਹਮਾਇਤ ਕਾਰਨ ਕੇਂਦਰ ਸਰਕਾਰ ਡਰੀ ਬੈਠੀ ਹੈ।

# ਸ਼੍ਰੋਮਣੀ ਕਮੇਟੀ ਮੈਂਬਰ ਸੁਖਦਰਸ਼ਨ ਸਿੰਘ ਮਰਾੜ ਦਾ ਦੇਹਾਂਤ



**ਸ੍ਰੀ ਮੁਕਤਸਰ ਸਾਹਿਬ:** ਮੁਕਤਸਰ ਦੇ ਸਾਬਕਾ ਵਿਧਾਇਕ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸੁਖਦਰਸ਼ਨ ਸਿੰਘ ਮਰਾੜ ਦਾ ਕਰੋਨਾ ਵਾਇਰਸ ਕਾਰਨ ਦੇਹਾਂਤ ਹੋ ਗਿਆ। ਉਹ ਪਿਛਲੇ ਕਾਫੀ ਦਿਨਾਂ ਤੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ 'ਚ ਦਾਖਲ ਸਨ। ਸ੍ਰੀ ਮਰਾੜ ਦੇ ਪੁੱਤਰ ਅਤੇ ਪੁਲਿਸ ਅਧਿਕਾਰੀ ਰਾਜਬਲਵਿੰਦਰ ਸਿੰਘ ਮਰਾੜ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੂੰ ਅਚਾਨਕ ਬੁਖਾਰ ਤੇ ਸਾਹ ਲੈਣ ਦੀ ਤਕਲੀਫ ਹੋ ਗਈ ਸੀ ਜਿਸ ਮਗਰੋਂ ਟੈਸਟ ਕਰਾਉਣ 'ਤੇ ਉਨ੍ਹਾਂ ਨੂੰ ਕਰੋਨਾ ਪਾਜੀਟਿਵ ਪਾਇਆ ਗਿਆ।

ਜ਼ਿਕਰਯੋਗ ਹੈ ਕਿ ਸੁਖਦਰਸ਼ਨ ਸਿੰਘ ਆਪਣੇ 79 ਸਾਲ ਦੇ ਸਫਰ ਦੌਰਾਨ ਸਰਪੰਚੀ ਤੋਂ ਲੈ ਕੇ ਬੈਂਕਾਂ ਦੇ ਕੌਮੀ ਅਹੁਦੇ ਤੱਕ ਤਾਇਨਾਤ ਰਹੇ। ਉਹ ਪੰਜਾਬ ਦੀ ਸਿਆਸਤ ਵਿਚ ਉਸ ਸਮੇਂ ਚਰਚਾ ਵਿਚ ਆਏ ਸਨ ਜਦੋਂ 2002 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਨ੍ਹਾਂ ਆਜ਼ਾਦ ਉਮੀਦਵਾਰ ਵਜੋਂ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਨੂੰ ਹਰਾਇਆ ਸੀ। ਉਹ ਨੈਸ਼ਨਲ ਸਹਿਕਾਰੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕ ਫੈਡਰੇਸ਼ਨ ਲਿਮਿਟਡ ਮੁੰਬਈ, ਪੰਜਾਬ ਸਟੇਟ ਖੇਤੀਬਾੜੀ ਸਹਿਕਾਰੀ ਵਿਕਾਸ ਬੈਂਕ ਚੰਡੀਗੜ੍ਹ, ਦਿ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਮੁਕਤਸਰ ਅਤੇ ਮਾਰਕਿਟ ਕਮੇਟੀ ਬਰੀਵਾਲਾ ਦੇ ਚੇਅਰਮੈਨ ਵੀ ਰਹੇ।

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ ਭਿੱਟੇਵੱਡ, ਜੂਨੀਅਰ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ, ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਮੈਂਬਰਾਂ ਤੇ ਅਧਿਕਾਰੀਆਂ ਨੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਨਵੇਂ ਵਰ੍ਹੇ ਸੰਮਤ 553 ਦਾ ਨਾਨਕਸ਼ਾਹੀ ਕੈਲੰਡਰ ਜਾਰੀ

**ਅੰਮ੍ਰਿਤਸਰ:** ਨਵੇਂ ਵਰ੍ਹੇ ਸੰਮਤ 553 ਦਾ ਨਾਨਕਸ਼ਾਹੀ ਕੈਲੰਡਰ ਇਥੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਰਿਲੀਜ਼ ਕੀਤਾ ਗਿਆ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੀਆਂ ਪ੍ਰਮੁੱਖ ਸ਼ਖਸੀਅਤਾਂ ਵੀ ਹਾਜ਼ਰ ਸਨ। ਇਹ ਕੈਲੰਡਰ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤਾ ਗਿਆ ਹੈ। ਨਾਨਕਸ਼ਾਹੀ ਕੈਲੰਡਰ ਮੁਤਾਬਕ ਨਵਾਂ ਵਰ੍ਹਾ 14 ਮਾਰਚ (1 ਚੇਤ) ਤੋਂ ਸ਼ੁਰੂ ਹੋ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਕੀਤੇ ਇਸ ਕੈਲੰਡਰ ਵਿਚ ਗੁਰੂ ਤੇਗ ਬਹਾਦਰ ਨਾਲ ਸਬੰਧਤ ਇਤਿਹਾਸਕ ਗੁਰਦੁਆਰਿਆਂ ਦੀਆਂ ਤਸਵੀਰਾਂ ਸ਼ਾਮਲ ਹਨ।



ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਗੁਰਪੁਰਬ ਤੇ ਹੋਰ ਇਤਿਹਾਸਕ ਦਿਹਾੜੇ ਇਸ ਕੈਲੰਡਰ ਅਨੁਸਾਰ ਮਨਾਉਣ। ਸਿੱਖ ਸੰਗਤ ਨੂੰ ਨਵੇਂ ਵਰ੍ਹੇ ਦੀ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਸੰਗਤ ਸਿੱਖ ਪਰੰਪਰਾ ਅਨੁਸਾਰ ਹਰ ਸਾਲ ਨਾਨਕਸ਼ਾਹੀ ਵਰ੍ਹੇ ਦੀ ਆਮਦ ਮੌਕੇ ਗੁਰਮਤਿ ਸਮਾਗਮ ਕਰ ਕੇ ਖੁਸ਼ੀ ਦਾ ਇਜ਼ਹਾਰ ਕਰੇ। ਉਨ੍ਹਾਂ ਨੇ ਦੇਸ਼ ਵਿਦੇਸ਼ ਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਗੁਰੂ ਤੇਗ ਬਹਾਦਰ ਸਾਹਿਬ ਦਾ 400 ਸਾਲਾ ਪ੍ਰਕਾਸ਼ ਪੁਰਬ ਖਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਵੇ। ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਬਾਰੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਪੈਦਾ ਹੋਏ ਮਤਭੇਦ ਹੱਲ ਕਰਨ ਦਾ ਯਤਨ ਜਾਰੀ ਹੈ ਤੇ ਵੱਡੇ ਪੱਧਰ 'ਤੇ ਮਤਭੇਦ ਦੂਰ ਵੀ ਹੋ ਚੁੱਕੇ ਹਨ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਪਾਕਿਸਤਾਨ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ ਤਾਲਮੇਲ ਵਾਲਾ ਮਾਹੌਲ ਕਾਇਮ ਕਰਨ।

# ਸ਼ਤਾਬਦੀ ਸਮਾਗਮ: ਕੇਂਦਰ ਨੇ ਸਿੱਕਿਆਂ ਦੇ ਡਿਜ਼ਾਈਨ ਲਈ ਸੁਝਾਅ ਮੰਗੇ

**ਅੰਮ੍ਰਿਤਸਰ:** ਸਾਕਾ ਨਨਕਾਣਾ ਸਾਹਿਬ ਦੀ ਸ਼ਤਾਬਦੀ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਜਾਣ ਤੋਂ ਰੋਕੇ ਜਾਣ ਕਾਰਨ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਪ੍ਰਤੀ ਨਾਰਾਜ਼ਗੀ ਪ੍ਰਗਟਾਈ ਸੀ ਪਰ ਕੇਂਦਰ ਨੇ ਸ਼੍ਰੋਮਣੀ ਕਮੇਟੀ ਦੇ ਇਕ ਪੱਤਰ ਦੇ ਜਵਾਬ ਵਿਚ ਗੁਰੂ ਤੇਗ ਬਹਾਦਰ ਦੀ 400 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਵਿਚ ਸ਼ਮੂਲੀਅਤ ਦੀ ਇੱਛਾ ਪ੍ਰਗਟਾਈ ਹੈ।

ਕੇਂਦਰ ਦੇ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਨੇ ਸ਼੍ਰੋਮਣੀ ਕਮੇਟੀ ਨੂੰ ਪੱਤਰ ਭੇਜ ਕੇ ਸ਼ਤਾਬਦੀ ਮੌਕੇ ਜਾਰੀ ਕੀਤੀ ਜਾਣ ਵਾਲੀ ਡਾਕ ਟਿਕਟ, ਡਾਕ ਲਿਫਾਫਾ ਅਤੇ ਸਿੱਕਿਆਂ ਦੇ ਡਿਜ਼ਾਈਨ ਬਾਰੇ ਸੁਝਾਅ ਮੰਗਿਆ ਹੈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਪੱਤਰ ਮਿਲਣ ਦੀ ਪੁਸ਼ਟੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਡਿਜ਼ਾਈਨ ਤਿਆਰ ਕਰਨ ਵਾਸਤੇ ਇਕ ਕਮੇਟੀ ਬਣਾਈ ਗਈ ਹੈ, ਜੋ ਇਸ ਸਬੰਧੀ ਮਾਹਿਰਾਂ ਦੇ ਸੁਝਾਅ ਲਵੇਗੀ ਅਤੇ ਜਲਦੀ ਹੀ ਕੇਂਦਰ ਸਰਕਾਰ ਨੂੰ ਇਸ ਬਾਰੇ ਆਪਣੇ ਸੁਝਾਅ ਭੇਜੇਗੀ।

ਕੇਂਦਰ ਸਰਕਾਰ ਵੱਲੋਂ ਇਹ ਡਾਕ ਟਿਕਟ, ਲਿਫਾਫੇ ਅਤੇ ਸਿੱਕੇ ਗੁਰੂ ਤੇਗ ਬਹਾਦਰ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਪਹਿਲੀ ਮਈ ਨੂੰ ਜਾਰੀ ਕੀਤੇ ਜਾ ਸਕਦੇ ਹਨ।

# ਕੇਂਦਰ ਨੇ ਦਿੱਲੀ ਕਮੇਟੀ ਨੂੰ ਵਿਦੇਸ਼ਾਂ ਤੋਂ ਭੇਟਾ ਲੈਣ ਦੀ ਦਿੱਤੀ ਪ੍ਰਵਾਨਗੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨੁੱਖਤਾ ਦੀ ਕੀਤੀ ਜਾ ਰਹੀ ਸੇਵਾ ਨੂੰ ਵੇਖਦਿਆਂ ਭਾਰਤ ਸਰਕਾਰ ਨੇ ਕਮੇਟੀ ਨੂੰ ਵਿਦੇਸ਼ਾਂ ਤੋਂ (ਐਫ.ਸੀ.ਆਰ.ਏ. ਤਹਿਤ) ਭੇਟਾ ਸਵੀਕਾਰ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਪ੍ਰਵਾਨਗੀ ਉਦੋਂ ਮਿਲੀ ਹੈ ਜਦੋਂ ਦਿੱਲੀ ਗੁਰਦੁਆਰਾ ਕਮੇਟੀ ਨੇ ਮਨੁੱਖਤਾ ਦੀ ਸੇਵਾ ਵਾਸਤੇ ਕਈ ਪਹਿਲਕਦਮੀਆਂ ਕੀਤੀਆਂ ਹਨ।

ਕਰੋਨਾ ਲੌਕਡਾਊਨ ਵੇਲੇ ਰੋਜ਼ਾਨਾ 2 ਲੱਖ ਲੋਕਾਂ ਨੂੰ ਲੰਗਰ ਛਕਾਉਣ ਤੋਂ ਇਲਾਵਾ ਕਮੇਟੀ ਨੇ ਕਰੋਨਾ ਮਰੀਜ਼ਾਂ ਲਈ ਮੁਫਤ ਐਂਬੂਲੈਂਸ ਸੇਵਾ ਸ਼ੁਰੂ ਕੀਤੀ ਸੀ। ਹਾਲ ਹੀ ਵਿਚ ਦਿੱਲੀ ਕਮੇਟੀ ਨੇ ਤਿੰਨ ਥਾਵਾਂ 'ਤੇ ਬਾਲਾ ਪ੍ਰੀਤਮ ਦਵਾਖਾਨੇ ਖੋਲ੍ਹੇ ਹਨ ਜਿਥੇ ਬਾਜ਼ਾਰ ਨਾਲੋਂ 10 ਤੋਂ 90 ਫੀਸਦੀ ਦਵਾਈਆਂ ਸਸਤੀਆਂ ਮਿਲਦੀਆਂ ਹਨ। ਗੁਰੂ ਹਰਿਕ੍ਰਿਸ਼ਨ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਐਂਡ ਰਿਸਰਚ 'ਚ ਦੇਸ਼ ਦਾ ਸਭ ਤੋਂ ਵੱਡਾ ਕਿਡਨੀ ਡਾਇਲੇਸਿਸ ਹਸਪਤਾਲ ਖੋਲ੍ਹਿਆ ਗਿਆ ਹੈ ਜਿਥੇ ਮਰੀਜ਼ਾਂ ਦੇ ਡਾਇਲੇਸਿਸ ਤੇ ਕਿਡਨੀ ਇਲਾਜ ਤੋਂ ਇਲਾਵਾ ਲੰਗਰ ਵੀ ਕਮੇਟੀ ਵੱਲੋਂ ਛਕਾਇਆ ਜਾ ਰਿਹਾ ਹੈ।

# ਦਿੱਲੀ-ਅੰਮ੍ਰਿਤਸਰ ਸ਼ਤਾਬਦੀ ਰੇਲ ਸੇਵਾ ਬਹਾਲ

**ਅੰਮ੍ਰਿਤਸਰ:** ਪਹਿਲਾਂ ਕਰੋਨਾ ਕਾਲ ਤੇ ਮੁੜ ਕਿਸਾਨ ਅੰਦੋਲਨ ਕਾਰਨ ਰੁਕੀਆਂ ਰੇਲ ਗੱਡੀਆਂ ਵਿਚ ਸ਼ਾਮਲ ਸ਼ਤਾਬਦੀ ਐਕਸਪ੍ਰੈੱਸ ਰੇਲ ਗੱਡੀ ਦਿੱਲੀ-ਅੰਮ੍ਰਿਤਸਰ ਰੇਲ ਮਾਰਗ 'ਤੇ ਮੁੜ ਚੱਲੀ ਹੈ। ਇਸ ਨਾਲ ਯਾਤਰੂਆਂ ਤੋਂ ਇਲਾਵਾ ਰੇਲਵੇ ਸਟੇਸ਼ਨ 'ਤੇ ਕੰਮ ਕਰਦੇ ਕੁੱਲੀਆਂ ਅਤੇ ਸਾਮਾਨ ਵੇਚਣ ਵਾਲਿਆਂ ਵਿਚ ਖੁਸ਼ੀ ਦਾ ਮਾਹੌਲ ਹੈ। ਦਿੱਲੀ ਤੋਂ ਚੱਲੀ ਸ਼ਤਾਬਦੀ ਐਕਸਪ੍ਰੈੱਸ ਰੇਲ ਗੱਡੀ ਅੰਮ੍ਰਿਤਸਰ ਪੁੱਜੀ। ਇਸ ਰੇਲ ਗੱਡੀ ਵਿਚ ਆਪਣੇ ਪਰਿਵਾਰ ਸਣੇ ਆਏ ਹਰਜੀਤ ਸਿੰਘ ਨੇ ਆਖਿਆ ਕਿ ਉਹ ਇਸ ਰੇਲ ਗੱਡੀ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ, ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਅਤੇ ਕਈ ਵਾਰ ਵਪਾਰ ਸਬੰਧੀ ਸਫਰ ਕਰ ਚੁੱਕਾ ਹੈ। ਉਨ੍ਹਾਂ ਆਖਿਆ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਰੇਲ ਮਾਰਗ 'ਤੇ ਮੁੜ ਆਵਾਜਾਈ ਬਹਾਲ ਹੋ ਸਕੇ।

# ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਮੌਕੇ ਰੁਸ਼ਨਾਏਗੀ ਗੁਰੂ ਕੀ ਨਗਰੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਇਥੇ ਕਮੇਟੀ ਦੇ ਮਾਝਾ ਅਤੇ ਦੋਆਬਾ ਖੇਤਰ ਨਾਲ ਸਬੰਧਤ ਮੈਂਬਰਾਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਮੌਕੇ ਗੁਰੂ ਨਗਰੀ ਅੰਮ੍ਰਿਤਸਰ ਨੂੰ ਫੁੱਲਾਂ ਅਤੇ ਰੰਗੀਨ ਰੌਸ਼ਨੀਆਂ ਨਾਲ ਸਜਾਉਣ ਦਾ ਫੈਸਲਾ ਲਿਆ ਗਿਆ, ਤਾਂ ਜੋ ਇਥੇ ਆਉਣ ਵਾਲੀ ਸੰਗਤ ਲਈ ਮੁੱਖ ਸਮਾਗਮ ਯਾਦਗਾਰੀ ਬਣ ਸਕੇ। ਮੀਟਿੰਗ ਮਗਰੋਂ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਨੌਵੇਂ ਗੁਰੂ ਦਾ ਜਨਮ ਅਸਥਾਨ ਗੁਰਦੁਆਰਾ ਗੁਰੂ ਕਾ ਮਹਿਲ ਅੰਮ੍ਰਿਤਸਰ ਵਿਚ



ਹੈ, ਇਸ ਲਈ ਸ਼ਤਾਬਦੀ ਦੇ ਮੁੱਖ ਸਮਾਗਮ ਇਥੇ ਖਾਲਸਾਈ ਜਾਹੋ-ਜਲਾਲ ਨਾਲ ਮਨਾਏ ਜਾਣਗੇ। ਮੁੱਖ ਸਮਾਗਮ ਪਹਿਲੀ ਮਈ ਨੂੰ ਹੋਵੇਗਾ। ਇਸ ਤੋਂ ਪਹਿਲਾਂ ਹਫਤਾ ਭਰ ਵੱਖ-ਵੱਖ ਸਮਾਗਮ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਸਮੇਤ ਬੰਗਲਾਦੇਸ਼ ਵਿਚ ਵੀ ਸਮਾਗਮ ਹੋਣਗੇ। ਇਸੇ ਤਹਿਤ ਅੰਮ੍ਰਿਤਸਰ ਨੂੰ ਖਾਸ ਢੰਗ ਨਾਲ ਸਜਾਉਣ ਲਈ ਵਿਉਂਤਬੰਦੀ ਕੀਤੀ ਜਾਵੇਗੀ।

## ਪਾਕਿਸਤਾਨ ਨੇ ਸਿੱਖ ਸ਼ਰਧਾਲੂਆਂ ਦਾ ਜਥਾ ਸੱਦਿਆ

**ਅੰਮ੍ਰਿਤਸਰ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਣ ਲਈ ਸ਼੍ਰੋਮਣੀ ਕਮੇਟੀ ਨੂੰ ਸੱਦਾ ਪੱਤਰ ਭੇਜਿਆ ਹੈ। ਇਸ ਸਬੰਧੀ ਮੁੱਖ ਸਮਾਗਮ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨਅਬਦਾਲ ਵਿਚ ਹੋਣਗੇ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਹ ਸੱਦਾ ਪੱਤਰ ਮਿਲਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 12 ਅਪਰੈਲ ਨੂੰ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਵੇਗਾ, ਜੋ 21 ਅਪਰੈਲ ਤੱਕ ਪਾਕਿਸਤਾਨ 'ਚ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਮਗਰੋਂ 22 ਨੂੰ ਵਾਪਸ ਭਾਰਤ ਪਰਤੇਗਾ।

# ਕੈਪਟਨ ਸਰਕਾਰ ਨੇ 'ਵਿਕਾਸ' ਲਈ ਸਰਕਾਰੀ ਜਾਇਦਾਦਾਂ ਨੂੰ ਲਾਇਆ ਵਾਢਾ

**ਚੰਡੀਗੜ੍ਹ:** ਪੰਜਾਬ ਸਰਕਾਰ ਜਿਥੇ 'ਵਿਕਾਸ' ਲਈ ਕਰਜ਼ਾ ਚੁੱਕ ਰਹੀ ਹੈ, ਉਥੇ ਨਾਲੋਂ ਨਾਲ ਸਰਕਾਰੀ ਜ਼ਮੀਨਾਂ ਵੀ ਵੇਚ ਰਹੀ ਹੈ। ਲੰਘੇ ਪੰਜ ਵਰ੍ਹਿਆਂ ਵਿਚ ਤਕਰੀਬਨ 650 ਕਰੋੜ ਦੀ ਸ਼ਹਿਰੀ ਜਾਇਦਾਦ ਵੇਚ ਦਿੱਤੀ ਗਈ ਹੈ। ਇਹ ਸੰਪਤੀ ਸਿਰਫ ਸਥਾਨਕ ਸਰਕਾਰਾਂ ਵਿਭਾਗ ਨਾਲ ਸਬੰਧਤ ਹੈ ਜਦੋਂਕਿ ਬਾਕੀ ਦਰਜਨਾਂ ਵਿਭਾਗਾਂ ਨੇ ਵੱਖਰੀ ਜਾਇਦਾਦ ਨਿਲਾਮੀ 'ਤੇ ਲਾਈ ਹੋਈ ਹੈ ਜਿਸ ਦਾ ਕੋਈ ਗਾਹਕ ਨਹੀਂ ਲੱਭ ਰਿਹਾ ਹੈ।

ਬੀਤੇ ਇਕ ਦਹਾਕੇ ਤੋਂ ਪ੍ਰਾਪਰਟੀ 'ਚ ਮੰਦਾ ਚੱਲ ਰਿਹਾ ਹੈ, ਜਿਸ ਕਰਕੇ ਸਰਕਾਰੀ ਜਾਇਦਾਦ ਵੇਚਣੀ ਸਰਕਾਰ ਲਈ ਸੌਖਾ ਕੰਮ ਨਹੀਂ ਰਿਹਾ। ਸਥਾਨਕ ਸਰਕਾਰਾਂ ਵਿਭਾਗ ਵੱਲੋਂ ਜੋ ਸ਼ਹਿਰੀ ਸੰਪਤੀ ਵੇਚੀ ਗਈ ਹੈ, ਉਹ ਵੀ ਵੱਖ-ਵੱਖ ਸਕੀਮਾਂ ਤਹਿਤ ਕੱਟੇ ਪਲਾਟ ਅਤੇ ਦੁਕਾਨਾਂ ਆਦਿ ਦੀ ਵੇਚ ਵੱਟਤ ਕੀਤੀ ਗਈ ਹੈ।




ਪੁਡਾ ਪੰਜਾਬ ਨੇ ਰਾਜ ਭਰ 'ਚ ਅਜਿਹੀਆਂ ਸੰਪਤੀਆਂ ਦੀ ਸ਼ਨਾਖ਼ਤ ਕੀਤੀ ਹੋਈ ਹੈ, ਜਿਸ ਨੂੰ ਵੇਚਿਆ ਜਾਣਾ ਹੈ। 'ਆਪ' ਵਿਧਾਇਕ ਬਲਦੇਵ ਸਿੰਘ ਜੈਤੋ ਨੂੰ ਜੋ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਵੇਰਵੇ ਭੇਜੇ ਗਏ ਹਨ, ਉਨ੍ਹਾਂ ਅਨੁਸਾਰ ਬੀਤੇ ਪੰਜ ਵਰ੍ਹਿਆਂ ਦੌਰਾਨ ਸਥਾਨਕ ਸਰਕਾਰਾਂ ਵਿਭਾਗ ਨੇ 664.29 ਕਰੋੜ ਦੀ ਜਾਇਦਾਦ ਵੇਚੀ ਹੈ ਅਤੇ ਇਹ ਰਕਮ ਖਜ਼ਾਨੇ 'ਚ ਆ ਚੁੱਕੀ ਹੈ। ਪੰਜਾਬ 'ਚ ਨਗਰ ਕੌਂਸਲਾਂ, ਨਗਰ ਨਿਗਮਾਂ ਅਤੇ ਨਗਰ ਸੁਧਾਰ ਟਰੱਸਟਾਂ ਵੱਲੋਂ ਇਹ ਸੰਪਤੀ ਦੀ ਵੇਚ ਵੱਟਤ ਕੀਤੀ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਖਜ਼ਾਨਾ ਬਿਹਤਰ ਸਥਿਤੀ ਵਿਚ ਨਾ ਹੋਣ ਕਰਕੇ ਸ਼ਹਿਰੀ ਵਿਕਾਸ ਨੂੰ ਧੱਕਾ ਲਾਉਣ ਲਈ ਇਨ੍ਹਾਂ ਸੰਪਤੀਆਂ ਤੋਂ ਪ੍ਰਾਪਤ ਹੋਈ ਕਮਾਈ ਹੀ ਕੰਮ ਆਈ ਹੈ। ਨਗਰ ਸੁਧਾਰ ਟਰੱਸਟ ਜਲੰਧਰ ਵੱਲੋਂ ਪੰਜ ਵਰ੍ਹਿਆਂ ਦੌਰਾਨ 81.09 ਕਰੋੜ ਦੀ ਜਾਇਦਾਦ ਵੇਚੀ ਗਈ ਹੈ। ਫਾਜ਼ਿਲਕਾ ਜ਼ਿਲ੍ਹੇ ਦੀਆਂ ਨਗਰ ਕੌਂਸਲਾਂ ਵੱਲੋਂ ਇਨ੍ਹਾਂ ਪੰਜ ਸਾਲਾਂ ਦੌਰਾਨ 46.24 ਕਰੋੜ ਦੀ ਜਾਇਦਾਦ ਵੇਚੀ ਗਈ ਹੈ ਜਦੋਂਕਿ ਅਬੋਹਰ ਨਗਰ ਨਿਗਮ ਵੱਲੋਂ 29.48 ਕਰੋੜ ਦੀ ਸੰਪਤੀ ਵੇਚੀ ਗਈ ਹੈ। ਇਸੇ ਤਰ੍ਹਾਂ ਭੁੱਚੋ ਮੰਡੀ ਵਿੱਚ ਜਲ ਘਰ ਦੀ ਖਾਲੀ ਪਈ ਜਗ੍ਹਾ ਵੀ 4.69 ਕਰੋੜ ਰੁਪਏ ਵਿਚ ਵੇਚੀ ਗਈ ਹੈ। ਇਸੇ ਤਰ੍ਹਾਂ ਮਲੇਰਕੋਟਲਾ, ਸੰਗਰੂਰ, ਸਮਾਣਾ, ਸਨੌਰ, ਬਨੂੜ ਅਤੇ ਜ਼ੀਰਕਪੁਰ ਵਿਚ ਸ਼ਹਿਰੀ ਜਗ੍ਹਾ ਵੇਚੀ ਗਈ ਹੈ। ਸ੍ਰੀ ਆਨੰਦਪੁਰ ਸਾਹਿਬ ਵਿਚ ਪੁਰਾਣੀ ਦਫਤਰ ਇਮਾਰਤ 1.70 ਕਰੋੜ ਦੀ ਵੇਚੀ ਗਈ ਜਦੋਂ ਕਿ ਚਮਕੌਰ ਸਾਹਿਬ ਵਿਚ 42 ਏਕੜ ਜ਼ਮੀਨ 14.71 ਕਰੋੜ ਦੀ ਵੇਚੀ ਗਈ।

ਨਗਰ ਨਿਗਮ ਲੁਧਿਆਣਾ ਨੇ 6.05 ਕਰੋੜ ਦੀ ਸੰਪਤੀ ਵੇਚੀ ਹੈ ਜਦੋਂ ਕਿ ਹੁਸ਼ਿਆਰਪੁਰ ਨਗਰ ਨਿਗਮ ਨੇ ਪਿੰਡ ਬਜਵਾੜਾ ਨੂੰ ਜਾਂਦੀ ਸੜਕ 'ਤੇ ਸਥਿਤ 112 ਕਨਾਲ ਜ਼ਮੀਨ 12.65 ਕਰੋੜ ਦੀ ਵੇਚੀ ਹੈ। ਅੰਮ੍ਰਿਤਸਰ ਨਗਰ ਨਿਗਮ ਨੇ ਵੀ 10.42 ਕਰੋੜ ਦੀ ਜਾਇਦਾਦ ਵੇਚ ਦਿੱਤੀ ਹੈ। ਇਸੇ ਤਰ੍ਹਾਂ ਹੀ ਰੋਪੜ ਨਗਰ ਸੁਧਾਰ ਟਰੱਸਟ ਨੇ ਟਰਾਂਸਪੋਰਟ ਨਗਰ ਵਾਲੀ ਜਮੀਨ ਵੇਚ ਕੇ 1.48 ਕਰੋੜ ਕਮਾਏ ਹਨ।

ਕਪੂਰਥਲਾ ਨਗਰ ਨਿਗਮ ਨੇ ਰਾਜੀਵ ਗਾਂਧੀ ਐਨਕਲੇਵ ਵਾਲੀ ਜਗ੍ਹਾ, ਜਾਮਾ ਮਸਜਿਦ ਵਾਲੀ ਅਤੇ ਮਾਡਲ ਟਾਊਨ ਵਿਚਲੀ ਜਗ੍ਹਾ ਵੇਚ ਕੇ 2.56 ਕਰੋੜ ਦੀ ਆਮਦਨੀ ਖੜ੍ਹੀ ਕੀਤੀ ਹੈ। ਨਗਰ ਸੁਧਾਰ ਟਰੱਸਟ ਬਰਨਾਲਾ ਵੱਲੋਂ ਇਸ ਸਮੇਂ ਦੌਰਾਨ 13.25 ਕਰੋੜ ਦੀ ਸੰਪਤੀ ਦੀ ਵਿਕਰੀ ਕੀਤੀ ਗਈ ਹੈ। ਇਵੇਂ ਹੀ ਨਾਭਾ ਵਿਚ ਵਪਾਰਕ ਕੰਪਲੈਕਸਾਂ ਦੀ 98.23 ਕਰੋੜ ਦੀ ਜਾਇਦਾਦ ਵਿਕੀ ਹੈ।

## 'ਇਕ ਮੁਲਕ-ਇਕ ਰਾਸ਼ਨ ਕਾਰਡ' ਪ੍ਰਣਾਲੀ 17 ਸੂਬਿਆਂ 'ਚ ਲਾਗੂ




**ਨਵੀਂ ਦਿੱਲੀ:** ਦੇਸ਼ ਦੇ 17 ਸੂਬਿਆਂ ਵਿਚ 'ਇਕ ਮੁਲਕ-ਇਕ ਰਾਸ਼ਨ ਕਾਰਡ' ਪ੍ਰਣਾਲੀ ਸਫਲਤਾਪੂਰਵਕ ਅਮਲ 'ਚ ਆ ਚੁੱਕੀ ਹੈ। ਉਤਰਾਖੰਡ ਨੇ ਹੁਣੇ ਜਿਹੇ ਇਸ ਸੁਧਾਰ ਨੂੰ ਲਾਗੂ ਕੀਤਾ ਹੈ। ਜਿਹੜੇ ਸੂਬੇ 'ਇਕ ਮੁਲਕ-ਇਕ ਰਾਸ਼ਨ ਕਾਰਡ' ਪ੍ਰਣਾਲੀ ਨੂੰ ਲਾਗੂ ਕਰ ਰਹੇ ਹਨ, ਉਹ ਕੁੱਲ ਪ੍ਰਦੇਸ਼ ਘਰੇਲੂ ਉਤਪਾਦ ਦਾ 0.25 ਫੀਸਦ ਵਧੇਰੇ ਉਧਾਰ ਲੈਣ ਦੇ ਯੋਗ ਹੋਣਗੇ। ਇਨ੍ਹਾਂ ਸੂਬਿਆਂ ਨੂੰ ਵਿੱਤ ਮੰਤਰਾਲੇ ਦੇ ਖਰਚਾ ਵਿਭਾਗ ਵੱਲੋਂ 37600 ਕਰੋੜ ਰੁਪਏ ਦੇ ਵਧੀਕ ਕਰਜ਼ਾ ਲੈਣ ਦੀ ਇਜਾਜ਼ਤ ਵੀ ਦਿੱਤੀ ਗਈ ਹੈ। ਇਸ ਸੁਧਾਰ ਤਹਿਤ ਕੋਈ ਵੀ ਰਾਸ਼ਨ ਕਾਰਡ ਧਾਰਕ ਦੇਸ਼ 'ਚ ਕਿਸੇ ਵੀ ਥਾਂ ਤੋਂ ਰਾਸ਼ਨ ਹਾਸਲ ਕਰ ਸਕੇਗਾ। ਇਸ ਦਾ ਲਾਭ ਮਜ਼ਦੂਰਾਂ, ਦਿਹਾੜੀਦਾਰਾਂ ਅਤੇ ਪਰਵਾਸੀਆਂ ਆਦਿ ਨੂੰ ਵਧੇਰੇ ਹੋਵੇਗਾ। ਇਸ ਸੁਧਾਰ ਨਾਲ ਸੂਬੇ ਯੋਗ ਲਾਭਪਾਤਰੀਆਂ ਦਾ ਪਤਾ ਲਗਾ ਕੇ ਫਰਜ਼ੀ ਨਾਂਵਾਂ ਨੂੰ ਵੀ ਕੱਟ ਸਕਣਗੇ।

# ਸਰਕਾਰ ਨੇ ਕਰਜ਼ਾ ਮੁਆਫੀ ਸਮਾਗਮਾਂ 'ਤੇ ਪਾਣੀ ਵਾਂਗ ਵਹਾਇਆ ਪੈਸਾ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਸਿਆਸੀ ਭੱਲ ਖੱਟਣ ਲਈ ਪੰਜਾਬ 'ਚ 'ਕਰਜ਼ਾ ਮੁਆਫੀ ਸਬੰਧੀ ਪ੍ਰੋਗਰਾਮਾਂ' ਉਤੇ ਹੀ 9.36 ਕਰੋੜ ਰੁਪਏ ਦੀ ਰਕਮ ਖਰਚ ਦਿੱਤੀ ਹੈ। ਸਰਕਾਰੀ ਤੱਥ ਬੋਲਦੇ ਹਨ ਕਿ ਪੰਜਾਬ ਸਰਕਾਰ ਨੇ ਬੀਤੇ ਚਾਰ ਸਾਲਾਂ ਦੌਰਾਨ ਕਿਸਾਨਾਂ-ਮਜ਼ਦੂਰਾਂ ਦੀ ਖੁਦਕੁਸ਼ੀ ਦੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਰਾਸ਼ੀ ਵਜੋਂ 9.72 ਕਰੋੜ ਵੰਡੇ ਹਨ ਪਰ ਕਰਜ਼ਾ ਮੁਆਫੀ ਵੰਡ ਸਮਾਰੋਹਾਂ 'ਤੇ ਵੀ ਕਰੀਬ 9.36 ਕਰੋੜ ਦੀ ਰਾਸ਼ੀ ਖਰਚ ਦਿੱਤੀ ਗਈ। ਉਂਜ ਕਿਸਾਨਾਂ ਦੀ ਪੂਰੀ ਕਰਜ਼ਾ ਮੁਆਫੀ ਅਜੇ ਹਵਾ 'ਚ ਲਟਕੀ ਹੋਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ਾ ਮੁਆਫੀ ਸਬੰਧੀ ਮਾਨਸਾ ਅਤੇ ਮਹਿਰਾਜ 'ਚ ਹੋਏ ਸਮਾਗਮਾਂ ਦੌਰਾਨ ਖੁਦ ਵੀ ਸ਼ਮੂਲੀਅਤ ਕੀਤੀ ਸੀ। ਇਸ ਮਗਰੋਂ ਜ਼ਿਲ੍ਹਾ ਪੱਧਰੀ ਸਮਾਰੋਹ ਵੀ ਹੋਏ ਸਨ ਜਿਨ੍ਹਾਂ ਵਿਚ ਵਜ਼ੀਰ ਸ਼ਾਮਲ ਹੋਏ ਸਨ। ਮਾਨਸਾ ਵਿਚ ਤਾਂ ਕਿਸਾਨਾਂ ਦੇ ਮਨੋਰੰਜਨ ਵਾਸਤੇ ਗਾਇਕ ਗੁਰਦਾਸ ਮਾਨ ਵੀ ਸੱਦਿਆ ਗਿਆ ਸੀ। ਇਨ੍ਹਾਂ ਸਮਾਰੋਹਾਂ ਦੇ ਪ੍ਰਬੰਧਾਂ ਵਿਚ ਡਿਪਟੀ ਕਮਿਸ਼ਨਰ, ਲੋਕ ਸੰਪਰਕ ਵਿਭਾਗ ਅਤੇ ਟਰਾਂਸਪੋਰਟ ਵਿਭਾਗ ਦੀ ਸ਼ਮੂਲੀਅਤ ਸੀ। ਇਹ ਸਮਾਰੋਹ ਵੱਡੇ ਪੱਧਰ 'ਤੇ ਪ੍ਰਚਾਰੇ ਗਏ ਸਨ ਅਤੇ ਵੱਡੇ ਇਕੱਠ ਕੀਤੇ ਗਏ ਸਨ।



ਸਰਕਾਰੀ ਵੇਰਵਿਆਂ ਅਨੁਸਾਰ ਪੰਜਾਬ ਮੰਡੀ ਬੋਰਡ ਵੱਲੋਂ ਇਨ੍ਹਾਂ ਸਮਾਗਮਾਂ 'ਤੇ ਆਏ ਖਰਚ ਵਜੋਂ ਵੱਖ-ਵੱਖ ਵਿਭਾਗਾਂ ਨੂੰ 9.36 ਕਰੋੜ ਦੀ ਅਦਾਇਗੀ ਕੀਤੀ ਗਈ ਹੈ। ਜੋ ਸਟੇਜਾਂ ਤੋਂ ਵੰਡ-ਅਕਾਰੀ ਸਰਟੀਫਿਕੇਟ ਕਿਸਾਨਾਂ ਨੂੰ ਤਕਸੀਮ ਕੀਤੇ ਗਏ ਸਨ, ਉਨ੍ਹਾਂ 'ਤੇ ਕੋਈ ਵੱਖਰਾ ਖਰਚਾ ਨਹੀਂ ਆਇਆ ਸੀ। ਪੰਜਾਬ ਸਰਕਾਰ ਨੇ ਲੰਘੇ ਚਾਰ ਵਰ੍ਹਿਆਂ ਦੌਰਾਨ 5.64 ਲੱਖ ਕਿਸਾਨਾਂ ਦਾ 4624 ਕਰੋੜ ਦਾ ਕਰਜ਼ਾ ਮੁਆਫ ਕੀਤਾ ਹੈ।

ਸੂਬੇ 'ਚ 1.13 ਲੱਖ ਕਿਸਾਨਾਂ ਦੇ ਹਾਲੇ 1186 ਕਰੋੜ ਦੇ ਕਰਜ਼ੇ ਮੁਆਫ ਕਰਨੇ ਬਾਕੀ ਹਨ। ਐਤਕੀਂ ਦੇ ਬਜਟ ਵਿਚ 2.85 ਲੱਖ ਖੇਤ ਮਜ਼ਦੂਰਾਂ ਤੇ ਗੈਰ-ਜ਼ਮੀਨੇ ਕਿਸਾਨਾਂ ਦੇ 520 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਦਾ ਉਪਬੰਧ ਕੀਤਾ ਗਿਆ ਹੈ। ਪਿਛਲੇ ਬਜਟ ਵਿਚ ਵੀ ਇਹ ਰਾਸ਼ੀ ਰੱਖੀ ਗਈ ਸੀ ਪਰ ਪੂਰਾ ਸਾਲ ਸੁੱਕਾ ਹੀ ਲੰਘ ਗਿਆ। ਪਿੱਛੇ ਨਜ਼ਰ ਮਾਰੀਏ ਤਾਂ ਕੈਪਟਨ ਸਰਕਾਰ ਨੇ ਪਹਿਲੇ ਬਜਟ ਵਿਚ 10.25 ਲੱਖ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ।

ਚੋਣਾਂ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਕਿਸਾਨਾਂ ਦਾ ਸਮੁੱਚਾ 90 ਹਜ਼ਾਰ ਕਰੋੜ ਰੁਪਏ ਮੁਆਫ ਕਰਨ ਦਾ ਵਾਅਦਾ ਕੀਤਾ ਸੀ ਅਤੇ ਸੱਤਾ 'ਚ ਆਉਣ ਮਗਰੋਂ 10 ਹਜ਼ਾਰ ਕਰੋੜ ਦੀ ਕਰਜ਼ਾ ਮੁਆਫੀ ਦਾ ਐਲਾਨ ਕਰ ਦਿੱਤਾ ਪਰ ਅਖੀਰ 'ਚ ਮੁਆਫ 4624 ਕਰੋੜ ਰੁਪਏ ਹੀ ਕੀਤਾ ਗਿਆ ਹੈ।

# ਮੁਲਾਜ਼ਮ ਜਥੇਬੰਦੀਆਂ ਵੱਲੋਂ ਕੈਪਟਨ ਸਰਕਾਰ ਦੀ ਘੇਰਾਬੰਦੀ

**ਪਟਿਆਲਾ:** ਆਪਣੀਆਂ ਮੰਗਾਂ ਦੀ ਪੂਰਤੀ ਨੂੰ ਲੈ ਕੇ ਦਰਜਨ ਤੋਂ ਵੀ ਵੱਧ ਵਿਭਾਗਾਂ ਨਾਲ ਸਬੰਧਤ ਹਜ਼ਾਰਾਂ ਮੁਲਾਜ਼ਮਾਂ ਨੇ ਇਥੇ ਫੁਹਾਰਾ ਚੌਕ 'ਤੇ ਰੈਲੀ ਕਰਦਿਆਂ, ਮੁੱਖ ਮੰਤਰੀ ਨਿਵਾਸ ਵੱਲ ਰੋਸ ਮਾਰਚ ਕੀਤਾ। ਪਰ ਪੁਲਿਸ ਨੇ ਉਨ੍ਹਾਂ ਨੂੰ ਵਾਈ.ਪੀ.ਐਸ. ਚੌਕ 'ਤੇ ਰੋਕ ਲਿਆ। ਇਸ ਮਗਰੋਂ ਮੁਲਾਜ਼ਮਾਂ ਨੇ ਮੀਂਹ ਦੇ ਬਾਵਜੂਦ ਇਥੇ ਹੀ ਧਰਨਾ ਮਾਰ ਕੇ ਸਰਕਾਰ ਦਾ ਪਿੱਟ ਸਿਆਪਾ ਕੀਤਾ। ਇਸ ਦੌਰਾਨ ਪੰਜਾਬ ਪਨਬੱਸ ਰੋਡਵੇਜ਼, ਪੀ.ਆਰ.ਟੀ.ਸੀ., ਮਗਨਰੇਗਾ, ਜਲ ਸਪਲਾਈ ਸੈਨੀਟੇਸ਼ਨ ਵਿਭਾਗ, ਵਾਟਰ ਸਪਲਾਈ ਤੇ ਸੀਵਰੇਜ ਬੋਰਡ, ਸਿਹਤ ਤੇ ਸਿੱਖਿਆ, ਪਾਵਰਕੌਮ/ਟ੍ਰਾਂਸਕੋ ਤੇ ਥਰਮਲ ਆਦਿ ਵਿਭਾਗਾਂ ਦੇ ਮੁਲਾਜ਼ਮਾਂ ਨੇ ਸ਼ਿਰਕਤ ਕੀਤੀ।

ਪੁਲਿਸ ਨੇ ਵੀ ਸੁਰੱਖਿਆ ਪੱਖੋਂ ਜ਼ਬਰਦਸਤ ਬੰਦੋਬਸਤ ਕੀਤੇ ਹੋਏ ਸਨ। ਪੰਜਾਬ ਭਰ ਤੋਂ ਪੁੱਜੇ ਇਨ੍ਹਾਂ ਕਾਮਿਆਂ ਦੀ ਗਿਣਤੀ ਪੰਜ ਹਜ਼ਾਰ ਤੋਂ ਵੀ ਵੱਧ ਸੀ। 'ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ' ਦੇ ਸੱਦੇ 'ਤੇ ਕੀਤੀ ਇਸ ਰੋਸ ਰੈਲੀ ਤੇ ਧਰਨੇ ਦੀ ਅਗਵਾਈ ਮੋਰਚੇ ਦੇ ਸੂਬਾਈ ਆਗੂਆਂ ਵਰਿੰਦਰ ਮੋਮੀ, ਜਗਰੂਪ ਲਹਿਰਾ, ਬਲਿਹਾਰ ਕਟਾਰੀਆ, ਗੁਰਵਿੰਦਰ ਪੰਨੂ, ਰੇਸ਼ਮ ਗਿੱਲ, ਵਰਿੰਦਰ ਬੀਬੀਵਾਲਾ, ਸ਼ੇਰ ਸਿੰਘ ਖੰਨਾ, ਸਾਹਿਬ ਸਿੰਘ ਸਿੱਧੂ, ਗੁਰਪ੍ਰੀਤ ਗੁਰੀ, ਸੇਵਕ ਦੰਦੀਵਾਲ ਤੇ ਲਖਵੀਰ ਕਟਾਰੀਆ ਆਦਿ ਨੇ ਕੀਤੀ। ਇਸ ਮੌਕੇ ਮੁੱਖ ਰੂਪ ਵਿਚ ਕੱਚੇ ਕਾਮਿਆਂ ਨੂੰ ਰੈਗੂਲਰ ਕਰਨ, ਕੇਂਦਰੀ ਕਿਰਤ ਕਾਨੂੰਨ, ਨਿੱਜੀਕਰਨ, ਪੁਨਰਗਠਨ ਅਤੇ ਮੁਲਾਜ਼ਮਾਂ ਦੀ ਛਾਂਟੀ ਦੀ ਬੰਦ ਕਰਨ ਸਣੇ ਕਈ ਹੋਰ ਮੰਗਾਂ ਅਤੇ ਮਸਲੇ ਵੀ ਉਭਾਰੇ ਗਏ। ਮੁਲਾਜ਼ਮ ਵਰਗ ਜਨਤਕ ਵੰਡ ਪ੍ਰਣਾਲੀ ਖਤਮ ਕਰਨ ਤੋਂ ਵੀ ਖਫਾ ਹੈ। ਆਗੂ ਵਰਿੰਦਰ ਮੋਮੀ ਨੇ ਕਿਹਾ ਕਿ ਐਨਲਿਸਟਮੈਂਟ, ਠੇਕੇਦਾਰ, ਕੰਪਨੀਆਂ ਅਤੇ ਆਊਟਸੋਰਸਿਜ਼ ਨਾਲ ਸਬੰਧਿਤ ਕਾਮਿਆਂ ਨਾਲ ਹੋਰ ਵੀ ਵਧੇਰੇ ਧਰੋਹ ਕਮਾਇਆ ਜਾ ਰਿਹਾ ਹੈ। ਬੁਲਾਰਿਆਂ ਦਾ ਕਹਿਣਾ ਸੀ ਕਿ ਚਾਰ ਸਾਲਾਂ ਤੋਂ ਲਾਰੇ ਲੱਪੇ ਲਾਉਂਦੇ ਆ ਰਹੀ ਕੈਪਟਨ ਸਰਕਾਰ ਦਾ ਅੰਤਲਾ ਬਜਟ ਵੀ ਖੋਖਲਾ ਸਾਬਤ ਹੋਇਆ ਹੈ। ਇਸ ਕਰ ਕੇ ਮੁਲਾਜ਼ਮਾਂ 'ਚ ਰੋਹ ਹੈ।




## ਕੁੱਕ ਵਰਕਰਾਂ ਵੱਲੋਂ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਧਰਨਾ

**ਸੰਗਰੂਰ:** ਡੈਮੋਕ੍ਰੈਟਿਕ ਮਿਡ-ਡੇਅ ਮੀਲ ਕੁੱਕ ਫਰੰਟ ਪੰਜਾਬ ਦੀ ਅਗਵਾਈ ਹੇਠ ਸੈਂਕੜੇ ਕੁੱਕ ਵਰਕਰਾਂ ਵੱਲੋਂ ਵਾਅਦੇ ਅਨੁਸਾਰ ਤਨਖਾਹਾਂ ਵਿਚ ਵਾਧਾ ਨਾ ਕਰਨ ਅਤੇ ਸੇਵਾਵਾਂ ਨੂੰ ਘੱਟੋ-ਘੱਟ ਉਜਰਤਾਂ ਦੇ ਅਧੀਨ ਨਾ ਲਿਆਉਣ ਦੇ ਰੋਸ ਵਜੋਂ ਸਿੱਖਿਆ ਮੰਤਰੀ ਪੰਜਾਬ ਦੀ ਕੋਠੀ ਅੱਗੇ ਆਵਾਜਾਈ ਠੱਪ ਕਰਦਿਆਂ ਰੋਸ ਧਰਨਾ ਦਿੱਤਾ ਗਿਆ। ਇਸ ਤੋਂ ਪਹਿਲਾਂ ਸਥਾਨਕ ਬੱਸ ਸਟੈਂਡ ਨੇੜੇ ਇਕੱਠੀਆਂ ਹੋਈਆਂ ਵਰਕਰਾਂ ਵੱਲੋਂ ਸਿੱਖਿਆ ਮੰਤਰੀ ਦੀ ਕੋਠੀ ਤੱਕ ਰੋਸ ਮਾਰਚ ਕੀਤਾ ਗਿਆ ਤੇ ਸਰਕਾਰ ਖਿਲਾਫ ਪ੍ਰਦਰਸ਼ਨ ਕੀਤਾ ਗਿਆ। ਡੈਮੋਕ੍ਰੈਟਿਕ ਮਿਡ-ਡੇਅ ਮੀਲ ਕੁੱਕ ਫਰੰਟ ਪੰਜਾਬ ਦੀ ਪ੍ਰਧਾਨ ਹਰਜਿੰਦਰ ਕੌਰ ਲੋਪੋ ਨੇ ਸਰਕਾਰ ਵੱਲੋਂ ਪੇਸ਼ ਬਜਟ ਵਿਚ ਤਨਖਾਹਾਂ ਵਿਚ ਵਾਧਾ ਨਾ ਕਰਨ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਸਰਕਾਰ ਆਪਣੇ ਵਾਅਦੇ ਅਨੁਸਾਰ ਕੁੱਕ ਦੀ ਤਨਖਾਹ ਤੁਰੰਤ ਦੁੱਗਣੀ ਕਰੇ ਅਤੇ ਦੋ ਮਹੀਨੇ ਦੀ ਤਨਖਾਹ ਕੱਟਣੀ ਬੰਦ ਕਰੇ, ਪ੍ਰੀ-ਪ੍ਰਾਇਮਰੀ ਕਲਾਸਾਂ ਦੇ ਬੱਚਿਆਂ ਦੀ ਗਿਣਤੀ ਨੂੰ ਮਿਡ-ਡੇਅ ਮੀਲ ਸਕੀਮ ਵਿੱਚ ਸ਼ਾਮਲ ਕੀਤਾ ਜਾਵੇ, ਕੁੱਕ ਦੀਆਂ ਸੇਵਾਵਾਂ ਨੂੰ ਘੱਟੋ-ਘੱਟ ਉਜਰਤਾਂ ਅਧੀਨ ਲੈ ਕੇ ਛੁੱਟੀਆਂ ਤੈਅ ਕੀਤੀਆਂ ਜਾਣ, ਕੁੱਕ ਬੀਬੀਆਂ ਦਾ ਬੀਮਾ ਸਰਕਾਰ ਆਪਣੇ ਖਰਚੇ 'ਤੇ ਕਰਵਾਏ।

# ਹੋਲੇ ਮਹੱਲੇ 'ਤੇ ਸ਼੍ਰੋਮਣੀ ਅਕਾਲੀ ਦਲ ਨਹੀਂ ਕਰੇਗਾ ਸਿਆਸੀ ਕਾਨਫਰੰਸ

**ਆਨੰਦਪੁਰ ਸਾਹਿਬ:** ਇਸ ਵਾਰ ਸ਼੍ਰੋਮਣੀ ਅਕਾਲੀ ਦਲ ਇਥੇ ਹੋਲੇ ਮਹੱਲੇ ਮੌਕੇ ਰਵਾਇਤੀ ਸਿਆਸੀ ਕਾਨਫਰੰਸ ਨਹੀਂ ਕਰੇਗਾ। ਜ਼ਿਕਰਯੋਗ ਹੈ ਕਿ ਹੋਲੇ ਮਹੱਲੇ ਦੀ ਇਹ ਪਰੰਪਰਾ ਹੈ ਕਿ ਇਸ ਦੇ ਵਿਚਕਾਰਲੇ ਦਿਨ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਆਪੋ ਆਪਣੀਆਂ ਰਾਜਸੀ ਕਾਨਫਰੰਸਾਂ ਕਰਕੇ ਲੋਕਾਂ ਤੱਕ ਆਪਣੀ ਪਾਰਟੀ ਦਾ ਸੁਨੇਹਾ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਇਸ ਵਾਰ ਇਹ ਵੇਖਣ ਵਿਚ ਆਇਆ ਹੈ ਕਿ ਹੋਲੇ ਮਹੱਲੇ ਮੌਕੇ 28 ਮਾਰਚ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਆਪਣੀ ਸਿਆਸੀ ਕਾਨਫਰੰਸ ਨਹੀਂ ਕਰੇਗਾ। ਦਲ ਦੇ ਮੁੱਖ ਬੁਲਾਰੇ ਤੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਹੋਲੇ ਮਹੱਲੇ ਮੌਕੇ ਸਿਆਸੀ ਕਾਨਫਰੰਸ ਨਾ ਕਰਨ 'ਤੇ ਪਾਰਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਇਸ ਵਾਰ ਦਲ ਦੇ ਸਮੂਹ ਵਰਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਚਾਰ ਸੌ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਸਮਾਗਮਾਂ ਵਿਚ ਹੀ ਸ਼ਿਰਕਤ ਕਰਨਗੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 24 ਮਾਰਚ ਨੂੰ ਸਹਿਜ ਪਾਠਾਂ ਦੇ ਭੋਗ ਪਾਏ ਜਾਣਗੇ, 25 ਮਾਰਚ ਨੂੰ ਭਾਈ ਜੈਤਾ ਜੀ (ਭਾਈ ਜੀਵਨ ਸਿੰਘ ਜੀ) ਤੇ ਭਾਈ ਸੰਗਤ ਸਿੰਘ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ, 25 ਦੀ ਸ਼ਾਮ ਨੂੰ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ, 26 ਮਾਰਚ ਨੂੰ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਦੇ ਗੁਰਮਤਿ ਸਮਾਗਮ, 27 ਮਾਰਚ ਨੂੰ ਧੰਨ ਧੰਨ ਮਾਤਾ ਗੁਜਰੀ ਜੀ ਨੂੰ ਸਮਰਪਿਤ ਇਸਤਰੀ ਗੁਰਮਤਿ ਸਮਾਗਮ ਤੇ 28 ਮਾਰਚ ਨੂੰ ਮੁੱਖ ਸਮਾਗਮ ਹੋਣਗੇ।

# ਰਵਨੀਤ ਬਿੱਟੂ ਨੂੰ ਅਹਿਮ ਜ਼ਿੰਮੇਵਾਰੀ ਸੌਂਪੀ

**ਨਵੀਂ ਦਿੱਲੀ:** ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਬਿੱਟੂ ਬਜਟ ਇਜਲਾਸ ਦੇ ਬਾਕੀ ਰਹਿੰਦੇ ਸਮੇਂ ਲਈ ਲੋਕ ਸਭਾ ਵਿਚ ਕਾਂਗਰਸ ਸੰਸਦੀ ਦਲ ਦੇ ਆਗੂ ਹੋਣਗੇ। ਇਸ ਆਰਜ਼ੀ ਪ੍ਰਬੰਧ ਤਹਿਤ ਬਿੱਟੂ, ਜੋ ਹੇਠਲੇ ਸਦਨ ਵਿਚ ਪਾਰਟੀ ਦੇ ਵ੍ਹਿਪ ਵੀ ਹਨ, ਸੀਨੀਅਰ ਪਾਰਟੀ ਆਗੂ ਅਧੀਰ ਰੰਜਨ ਚੌਧਰੀ ਦੀ ਥਾਂ ਲੈਣਗੇ। ਚੌਧਰੀ ਪੱਛਮੀ ਬੰਗਾਲ ਕਾਂਗਰਸ ਦੇ ਪ੍ਰਧਾਨ ਵੀ ਹਨ ਤੇ ਅਗਲੇ ਦਿਨਾਂ ਵਿਚ ਉਨ੍ਹਾਂ ਦੇ ਸੂਬਾਈ ਚੋਣਾਂ ਵਿਚ ਰੁੱਝੇ ਰਹਿਣ ਦਾ ਅਨੁਮਾਨ ਹੈ। ਉਧਰ, ਲੋਕ ਸਭਾ ਵਿਚ ਕਾਂਗਰਸ ਦੇ ਡਿਪਟੀ ਆਗੂ ਗੌਰਵ ਗੋਗੋਈ ਵੀ ਅਸਾਮ ਚੋਣਾਂ ਦੇ ਪ੍ਰਚਾਰ 'ਚ ਰੁੱਝੇ ਹੋਏ ਹਨ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਰਵਨੀਤ ਬਿੱਟੂ 'ਚ ਵਿਸ਼ਵਾਸ ਜਤਾਉਂਦਿਆਂ ਉਨ੍ਹਾਂ ਨੂੰ ਇਹ ਨਵੀਂ ਜ਼ਿੰਮੇਵਾਰੀ ਸੌਂਪਣ ਦਾ ਫੈਸਲਾ ਕੀਤਾ ਹੈ। ਲੁਧਿਆਣਾ ਤੋਂ ਤਿੰਨ ਵਾਰ ਸੰਸਦ ਮੈਂਬਰ ਬਿੱਟੂ ਮੌਜੂਦਾ ਬਜਟ ਇਜਲਾਸ ਦੇ ਬਾਕੀ ਰਹਿੰਦੇ ਸਮੇਂ ਲਈ ਇਸ ਨਵੀਂ ਜ਼ਿੰਮੇਵਾਰੀ ਨੂੰ ਨਿਭਾਉਣਗੇ।

# ਦੀਪ ਸਿੱਧੂ ਦੀ ਅੰਨੇਵਾਹ ਵਡਿਆਈ ਕੀ ਗੁਲ ਖਿਲਾ ਸਕਦੀ ਹੈ?

## ਪ੍ਰਤੀਕਰਮ

ਕਿਸਾਨ ਅੰਦੋਲਨ ਦੇ ਨੇਤਾਵਾਂ ਨੂੰ ਛੁਟਿਆਉਣ ਤੇ ਉਨ੍ਹਾਂ ਦੀ ਕੀਮਤ 'ਤੇ ਦੀਪ ਸਿੱਧੂ ਵਰਗੇ ਮਜ਼ਮੇਬਾਜ਼ ਨੂੰ ਵਡਿਆਉਣ ਲਈ ਸ. ਅਜਮੇਰ ਸਿੰਘ, ਕਰਮਜੀਤ ਸਿੰਘ ਅਤੇ ਸੁਖਪ੍ਰੀਤ ਸਿੰਘ ਉਦੋਕੇ ਵਰਗੇ ਵਿਦਵਾਨਾਂ ਵਲੋਂ ਵਿੱਢੀ ਹੋਈ ਝੂਠ-ਤੁਫਾਨ ਦੀ ਮੁਹਿੰਮ ਨੂੰ 'ਪੰਜਾਬ ਟਾਈਮਜ਼' ਦੇ 13 ਮਾਰਚ 2021 ਵਾਲੇ ਅੰਕ ਵਿਚ 'ਸ਼ਾਹ ਮੁਹੰਮਦਾ ਇਕ ਸਰਕਾਰ (ਸਰਦਾਰ) ਬਾਝੋਂ' ਵਾਲੇ ਲੇਖ ਨਾਲ ਸ. ਸੰਪੂਰਨ ਸਿੰਘ ਨੇ ਉਚੀਆਂ ਸ਼ਿਖਰਾਂ 'ਤੇ ਪਹੁੰਚਾ ਦਿਤਾ ਹੈ।

20 ਫਰਵਰੀ ਦੇ ਪੰਜਾਬ ਟਾਈਮਜ਼ ਵਿਚ ਸ. ਜਸਪਾਲ ਸਿੰਘ ਸਿੱਧੂ ਵਲੋਂ 'ਕੋਈ ਅਕਲ ਦਾ ਕਰੋ ਇਲਾਜ ਯਾਰੋ' ਲਿਖ ਕੇ ਪਾਏ ਗਏ ਤਰਲੇ ਦਾ ਲਗਦਾ ਹੈ, ਇਨ੍ਹਾਂ 'ਤੇ ਭੋਰਾ ਭਰ ਵੀ ਅਸਰ ਨਹੀਂ ਹੋਇਆ। ਸ. ਸੰਪੂਰਨ ਸਿੰਘ ਨੇ ਅਜੋਕੀ ਕਿਸਾਨੀ ਲੀਡਰਸ਼ਿਪ ਨੂੰ ਨਾਸਮਝ ਅਤੇ ਕੋਤਾ-ਅੰਦੇਸ਼ ਗਰਦਾਨ ਕੇ ਆਤਮ-ਦਾਹ ਦੀ ਨੇਕ ਸਲਾਹ ਦਿੱਤੀ ਹੈ! ਲੇਖਕ ਮੁਤਾਬਿਕ, ਲੀਡਰਸ਼ਿਪ ਸਰਕਾਰੀ ਚਾਲਾਂ ਵਿਚ ਫਸ ਕੇ ਬੇਵਸ ਅਤੇ ਦਿਸ਼ਾਹੀਣ ਹੋ ਗਈ ਹੈ। ਲੇਖਕ ਨੇ ਇਹ ਵੀ ਕਬੂਲ ਕੀਤਾ ਹੈ ਕਿ ਇਸ ਜਦੋ-ਜਹਿਦ ਵਿਚ ਤਿੰਨ ਧਿਰਾਂ ਆਪੋ-ਆਪਣੇ ਝੰਡਿਆਂ, ਭਾਵ ਕੇਸਰੀ ਨਿਸ਼ਾਨ, ਲਾਲ ਝੰਡੇ ਅਤੇ ਹਰੇ ਝੰਡਿਆਂ ਨਾਲ ਸ਼ਾਮਲ ਹੋ ਗਈਆਂ ਹਨ। ਲੇਖਕ ਨੇ ਕੇਸਰੀ ਨਿਸ਼ਾਨ ਨੂੰ ਕਿਸਾਨ ਦੇ ਹਰੇ ਨਿਸ਼ਾਨ ਦੇ ਬਰਾਬਰ ਖੜ੍ਹਾ ਕਰ ਦਿੱਤਾ ਹੈ, ਲਿਖਿਆ ਹੈ, "ਇਹ ਅੰਦੋਲਨ ਪੂਰੇ ਦੇਸ਼ ਵਿਚ ਪ੍ਰਭਾਵੀ ਹੋ ਰਿਹਾ ਹੈ ਪਰ ਕੇਂਦਰੀ ਸਰਕਾਰ ਅਤੇ ਭਾਜਪਾ ਇਸ ਨੂੰ ਸਿਰਫ ਪੰਜਾਬ ਅਤੇ ਸਿੱਖਾਂ ਨਾਲ ਜੋੜ ਕੇ...।"

ਕਮਲਜੀਤ ਸਿੰਘ ਫਰੀਮਾਂਟ
ਫੋਨ: 510-284-7106

ਉਪਰਲੀਆਂ ਚੰਦ ਲਾਈਨਾਂ ਤੋਂ ਜਾਹਰ ਹੈ ਕਿ ਇਕ ਪਾਸੇ ਤਾਂ ਲੇਖਕ ਖੁਦ ਧਾਰਮਿਕ ਚਿੰਨ੍ਹ ਦੀ ਸ਼ਮੂਲੀਅਤ ਨੂੰ ਵਡਿਆਉਂਦਾ ਹੈ, ਦੂਜੇ ਪਾਸੇ ਸਰਕਾਰ 'ਤੇ ਜਦੋ-ਜਹਿਦ ਨੂੰ ਧਰਮ ਨਾਲ ਜੋੜਨ ਦਾ ਇਤਰਾਜ਼ ਲਾ ਰਿਹਾ ਹੈ।

ਜਿੱਥੋਂ ਤਕ ਸ. ਸੰਪੂਰਨ ਸਿੰਘ ਵੱਲੋਂ ਕਿਸਾਨ ਲੀਡਰਸ਼ਿਪ 'ਤੇ ਸਰਕਾਰੀ ਚਾਲਾਂ ਤੋਂ ਬੇਖਬਰ ਹੋਣ ਦਾ ਇਲਜ਼ਾਮ ਹੈ, ਇਸ ਸਬੰਧ ਵਿਚ ਉਨ੍ਹਾਂ ਨੂੰ ਬਲਬੀਰ ਸਿੰਘ ਰਾਜੇਵਾਲ ਦੀ ਉਹ ਤਕਰੀਰ ਸੁਣ ਲੈਣੀ ਚਾਹੀਦੀ ਹੈ, ਜਿਸ ਵਿਚ ਉਨ੍ਹਾਂ ਨੇ ਕਿਹਾ ਸੀ: "ਸਾਨੂੰ ਪਤਾ ਹੈ ਕਿ ਟਰਾਲੀਆਂ ਵਿਚ ਕੀ-ਕੀ ਹੋ ਰਿਹੈ। ਕਿਹੋ ਜਿਹੀਆਂ ਗੱਲਾਂ-ਬਾਤਾਂ ਚੱਲ ਰਹੀਆਂ ਹਨ। ਤੁਹਾਨੂੰ ਸਭ ਨੂੰ ਬਹੁਤ ਸਮਝ ਤੋਂ ਕੰਮ ਲੈਣ ਦੀ ਲੋੜ ਹੈ। ਇਹ ਸੰਘਰਸ਼ ਕਿਸੇ ਧਰਮ ਦਾ ਨਹੀਂ। ਜਿਨ੍ਹਾਂ ਨੇ ਖਾਲਿਸਤਾਨ ਬਣਾਉਣਾ ਹੋਵੇ, ਉਹ ਅਮਰੀਕਾ ਵਿਚ ਬਣਾ ਲੈਣ।"

ਬਲਬੀਰ ਸਿੰਘ ਰਾਜੇਵਾਲ ਦੀ ਤਕਰੀਰ ਤੋਂ ਸਾਫ ਜਾਹਰ ਹੈ ਕਿ ਉਹ ਜਾਣਦੇ ਸਨ ਕਿ ਕੀ ਹੋ ਸਕਦਾ ਹੈ! ਇਸ ਤੋਂ ਅੱਗੇ ਰਾਕੇਸ਼ ਟਿਕੈਤ ਨੇ ਮੁਸਲਮਾਨ ਕਿਸਾਨ ਦਾ ਜੂਠਾ ਪਾਣੀ ਪੀ ਕੇ ਕਹਿ ਦਿਤਾ ਕਿ ਉਸ ਦਾ ਧਰਮ 'ਕਿਸਾਨ' ਹੈ।

ਜੋਗਿੰਦਰ ਸਿੰਘ ਉਗਰਾਹਾਂ ਜਾਂ ਬਲਬੀਰ ਸਿੰਘ ਰਾਜੇਵਾਲ ਵਰਗੇ ਕਿਸਾਨ ਨੇਤਾਵਾਂ ਦੇ ਮੁਕਾਬਲੇ ਭਲਾ ਦੀਪ ਸਿੱਧੂ ਵਰਗੇ ਮਸ਼ੋਹਰ ਦਾ ਕੀ ਦਾਅਵਾ ਹੈ, ਤੇ ਸ. ਸੰਪੂਰਨ ਸਿੰਘ ਨੇ ਦੀਪ ਸਿੱਧੂ ਨੂੰ ਹੀਰੋ ਬਣਾ ਛੱਡਿਆ। ਕੀ ਇਨ੍ਹਾਂ ਭਲੇਮਾਣਸਾਂ ਵਿਚ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਸਮਝਣ ਦੀ ਕਾਬਲੀਅਤ ਹੈ? ਕੀ ਇਹ ਸਰਕਾਰ ਦੇ ਸ਼ਾਤਰ ਆਈ. ਏ. ਐਸ. ਅਫਸਰਾਂ ਜਾਂ ਆਰਥਕ ਮਾਹਰਾਂ ਨਾਲ ਬੈਠ ਕੇ ਦਲੀਲ ਨਾਲ ਗੱਲ ਕਰਨ ਦੀ ਸਮਝ ਰਖਦੇ ਹਨ?

ਲੇਖਕ ਨੂੰ ਇਤਰਾਜ਼ ਹੈ ਕਿ ਕਿਸਾਨ ਆਗੂਆਂ ਨੇ ਸ਼ਾਂਤੀ-ਸ਼ਾਂਤੀ ਦਾ ਰਾਗ ਲਾਈ ਰੱਖਿਆ। ਲੇਖਕ ਨੂੰ ਸ਼ਾਂਤੀ-ਸ਼ਾਂਤੀ ਉਪਰ ਇਤਰਾਜ਼ ਦਾ ਮਤਲਬ ਇਹੀ ਹੈ ਕਿ ਉਨ੍ਹਾਂ 'ਗੋਲੀ-ਗੋਲੀ' ਜਾਂ 'ਭੰਨ-ਤੋੜ' ਦੀ ਦੁਹਾਈ ਦਿੱਤੀ ਹੈ।

ਕੀ ਇਹੀ ਕਾਰਨਾਮਾ ਸਰਕਾਰ ਨਹੀਂ ਸੀ ਚਾਹੁੰਦੀ? ਕੀ ਇਹੀ ਇਕ ਤਰੀਕਾ ਨਹੀਂ ਸੀ ਕਿ ਸੰਘਰਸ਼ ਨੂੰ ਬਦਨਾਮ ਕੀਤਾ ਜਾ ਸਕੇ? ਕੀ ਧਾਰਮਿਕ ਚਿੰਨ੍ਹਾਂ ਨੂੰ ਕਿਰਸਾਣੀ ਚਿੰਨ੍ਹਾਂ ਦੇ ਉਪਰ ਜਾਂ ਬਰਾਬਰ ਖੜ੍ਹਾ ਕਰਨਾ ਹੀ ਸਰਕਾਰ ਦੀ ਤਮੰਨਾ ਨਹੀਂ ਸੀ? ਜੇ ਹਿੰਦੂ ਅਤੇ ਮੁਸਲਮਾਨ ਕਿਸਾਨ ਵੀ ਆਪੋ-ਆਪਣੇ ਮਜ਼ਬੀ ਨਿਸ਼ਾਨ ਲੈ ਆਉਂਦੇ ਤਾਂ ਕਿਸਾਨ ਦਾ ਨਿਸ਼ਾਨ ਦਬ ਕੇ ਨਾ ਰਹਿ ਜਾਂਦਾ?

ਹੁਲਤਬਾਜ਼ੀ ਜਾਂ ਖਰੂਦ ਕਰ ਕੇ ਸਟੇਜਾਂ 'ਤੇ ਮਸ਼ਕਰੀਆਂ ਕਰਨ ਵਾਲਿਆਂ ਨੂੰ ਨੌਜਵਾਨਾਂ ਦੇ ਨੇਤਾ ਬਣਾਉਣਾ ਕਿੰਨੀ ਕੁ ਦੂਰ-ਅੰਦੇਸ਼ੀ ਹੈ?

ਮਸਲਾ ਦਲੀਲ ਦਾ ਹੈ, ਮਸਲਾ ਅੰਕੜਿਆਂ ਦਾ ਹੈ, ਮਸਲਾ ਆਰਡੀਨੈਂਸ ਰਾਹੀਂ ਕਾਨੂੰਨ ਲਾਗੂ ਕਰਨ ਦਾ ਹੈ, ਮਸਲਾ ਕਿਸਾਨਾਂ ਨੂੰ ਭਰੋਸੇ ਵਿਚ ਨਾ ਲੈਣ ਦਾ ਹੈ, ਮਸਲਾ ਕਿਸਾਨਾਂ ਵਾਸਤੇ ਦੂਜੇ ਵਸੀਲੇ ਪੈਦਾ ਕਰਨ ਦਾ ਹੈ, ਮਸਲਾ ਤਰਕ ਰਾਹੀਂ ਜਿੱਤਣ ਦਾ ਹੈ, ਨਾ ਕਿ 'ਲਾ ਲਾ, ਲਾ ਲਾ' ਕਰ ਕੇ ਆਪਣੇ ਆਪ ਨੂੰ ਗੈਰ-ਸੰਜੀਦਾ ਸਾਬਤ ਕਰਨ ਦਾ।

ਸ਼ ਸੰਪੂਰਨ ਸਿੰਘ ਨੇ ਅਖੀਰ ਵਿਚ ਕਿਸਾਨ ਅੰਦੋਲਨ ਦੇ 40 ਲੀਡਰਾਂ ਨੂੰ ਮਰਨ ਦੀ ਸਲਾਹ ਦਿੱਤੀ ਹੈ। ਕੀ ਇਹ ਸ਼ਾਂਤਮਈ ਸੰਘਰਸ਼ ਦਾ ਹੀ ਹਿੱਸਾ ਨਹੀਂ ਹੋਵੇਗਾ, ਜਦੋਂ ਕਿ ਲੇਖਕ ਨੇ ਇਨ੍ਹਾਂ ਹੀ ਲੀਡਰਾਂ ਦੀ ਸ਼ਾਂਤੀ-ਸ਼ਾਂਤੀ ਉਪਰ ਇਤਰਾਜ਼ ਕੀਤਾ ਹੈ।

ਇਨ੍ਹਾਂ ਤੱਥਾਂ ਤੋਂ ਸਾਬਤ ਹੋ ਰਿਹਾ ਹੈ ਕਿ ਲੇਖਕ ਖੁਦ ਸੇਧ ਤੋਂ ਸੱਖਣਾ ਹੋ ਕੇ ਉਸ ਹੀ ਸਰਕਾਰੀ ਚਾਲ ਦਾ ਹਿੱਸਾ ਬਣ ਬੈਠਾ ਹੈ, ਜਿਸ ਚਾਲ ਨੂੰ ਉਸ ਮੁਤਾਬਕ ਕਿਸਾਨ ਲੀਡਰ ਸਮਝ ਨਹੀਂ ਸਕੇ।

ਕਿਸਾਨ ਲੀਡਰ ਸ਼ੌਕੀਆ ਸਲਾਹਕਾਰਾਂ ਤਾਂ ਕੀ, ਪੇਸ਼ੇਵਰ ਰਾਜਨੀਤਕਾਂ ਤੋਂ ਕਿਤੇ ਵੱਧ ਸਿਆਣੇ ਸਾਬਤ ਹੋ ਰਹੇ ਹਨ, ਜਿਨ੍ਹਾਂ ਨੇ ਸੰਘਰਸ਼ ਨੂੰ ਲੋਕਰਾਜੀ ਤਰੀਕੇ ਨਾਲ ਚਲਾ ਕੇ ਸਾਬਤ ਕੀਤਾ ਹੈ ਕਿ ਕਿਸਾਨੀ ਦਾ ਅਸਲ ਵਫਾਦਾਰ ਕੌਣ ਹੈ। ਕਿਸਾਨੀ ਲੀਡਰਸ਼ਿਪ ਨੇ ਸਿੱਖਾਂ ਦੀ ਕੁੱਲ-ਹਿੰਦ ਸ਼ਾਖ ਬਹਾਲ ਕੀਤੀ ਹੈ, ਜਿਸ ਨੂੰ ਕੋਈ ਸੰਤ, ਸਾਧ ਜਾਂ ਪੇਸ਼ਾਵਰ ਧਾਰਮਿਕ ਭਾਸ਼ਣ ਕਰਤਾ ਨਹੀਂ ਸੀ ਕਰ ਸਕਿਆ। ਸ਼੍ਰੋਮਣੀ ਕਮੇਟੀ ਤਾਂ ਬਿਲਕੁਲ ਵੀ ਨਹੀਂ।

ਸ. ਸੰਪੂਰਨ ਸਿੰਘ ਅਤੇ ਸ. ਅਜਮੇਰ ਸਿੰਘ ਵਰਗੇ ਸੱਜਣਾਂ ਨੂੰ ਇੰਨੀ ਗੱਲ ਵੀ ਦਿਖਾਈ ਨਹੀਂ ਦਿੰਦੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅਜਮੇਰ ਸਿੰਘ ਨੇ ਮਸਤੂਆਣਾ ਸਾਹਿਬ ਵਿਖੇ ਆਪਣੀ ਸਪੀਚ ਵਿਚ ਕਿਸਾਨ ਨੇਤਾਵਾਂ ਨੂੰ ਮੂਰਖ ਅਤੇ ਡਰਪੋਕ ਸਾਬਤ ਕਰਕੇ ਛੁਟਿਆਉਣ ਅਤੇ ਦੀਪ ਸਿੱਧੂ ਦੇ ਗੋਗੇ ਗਾਉਣ ਵਿਚ ਸ. ਸੰਪੂਰਨ ਸਿੰਘ ਨੂੰ ਵੀ ਮਾਤ ਪਾ ਦਿਤਾ ਹੈ। ਅਜਮੇਰ ਸਿੰਘ ਦੀਪ ਸਿੱਧੂ ਦੇ ਲਾਲ ਕਿਲੇ ਵਾਲੇ ਕਾਰਨਾਮੇ ਨੂੰ ਜਾਇਜ਼ ਠਹਿਰਾਉਣ ਲਈ ਦਲੀਲਾਂ ਦੇ ਅੰਬਾਰ ਲੁਟਾਈ ਜਾਂਦਾ ਹੈ। 'ਜੋਸ਼ ਤੇ ਹੋਸ਼' ਦੇ ਰੋਲ ਨੂੰ ਪ੍ਰਭਾਸ਼ਿਤ ਕਰਦਾ ਹੈ। ਕਹਿੰਦਾ ਹੈ ਕਿ ਕਿਸਾਨ ਆਗੂ ਦਿੱਲੀ ਪੁਲਿਸ ਨੂੰ ਵੰਗਾਰ ਕੇ 26 ਜਨਵਰੀ ਵਾਲੇ ਦਿਨ ਰਿੰਗ ਰੋਡ 'ਤੇ ਗਏ ਕਿਉਂ ਨਾ। ਵੱਧ ਤੋਂ ਵੱਧ ਫੜੇ ਜਾਂਦੇ ਤਾਂ ਕਿਹੜੀ ਇਨ੍ਹਾਂ ਦੀ ਜਾਨ ਨਿਕਲਦੀ ਸੀ। ਸਭ ਜਾਣਦੇ ਹਨ ਕਿ ਉਸ ਦਿਨ ਜਿਸ ਤਰ੍ਹਾਂ ਦਾ ਮਾਹੌਲ ਸੀ, ਬੰਦੇ ਮਰ ਰਹੇ ਸਨ ਤੇ ਅੰਦੋਲਨ ਦਾ ਨਾਲ ਹੀ ਭੋਗ ਪੈ ਜਾਣਾ ਸੀ ਪਰ ਅਜਮੇਰ ਸਿੰਘ ਨੂੰ ਇਹ ਗੱਲ ਜਚਦੀ ਨਹੀਂ ਹੈ। ਦੂਸਰੇ ਪਾਸੇ ਮਾਲਵਿੰਦਰ ਸਿੰਘ ਮਾਲੀ ਮੂੰਹੋਂ-ਮੂੰਹ ਆਖੀ ਜਾਂਦਾ ਹੈ ਕਿ ਵੋਟਾਂ ਦੇ ਬਾਈਕਾਟ ਦਾ ਪ੍ਰਵਚਨ ਅਜਮੇਰ ਸਿੰਘ ਨੇ ਸਿਰਜਿਆ ਸੀ ਅਤੇ ਵੋਟਾਂ ਦਾ ਬਾਈਕਾਟ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਪਿਛੋਂ ਖਾੜਕੂ ਲਹਿਰ ਦਾ ਦਿਨਾਂ ਵਿਚ ਹੀ ਭੋਗ ਪੈ ਗਿਆ ਸੀ। ਅਜਮੇਰ ਸਿੰਘ ਦਾ ਕੁ-ਤਰਕ ਹੈ ਕਿ ਸਿੱਖਾਂ ਨੂੰ ਬੇਸ਼ੁਮਾਰ ਕੁਰਬਾਨੀਆਂ ਦਾ ਮੌਕਾ ਜੇ ਮਿਲਿਆ ਤਾਂ ਮਾੜਾ ਕੀ ਹੋਇਆ।

ਅਜਮੇਰ ਸਿੰਘ ਅਜਿਹੀਆਂ ਕੁਰਬਾਨੀਆਂ ਨੂੰ ਨੁਕਸਾਨ ਕਹਿਣ ਵਾਲੇ ਲੋਕਾਂ ਨੂੰ ਬੇਸਮਝ ਦੱਸਦਾ ਹੈ। ਕਹਿੰਦਾ ਹੈ ਕਿ ਨਿਗਾਹੂ ਸਿੰਘ ਨੇ ਦੀਵਾਨ ਜਸਪੱਤ ਰਾਏ ਦਾ ਸਿਰ ਵੱਢ ਕੇ ਛੋਟੇ ਘਲੂਘਾਰੇ ਲਈ ਨਵਾਬ ਜ਼ਕਰੀਆ ਖਾਨ ਨੂੰ ਜੋ ਉਕਸਾਇਆ ਸੀ ਤਾਂ ਉਸ ਵਿਚ ਮਾੜਾ ਕੀ ਸੀ। ਸਿੱਖਾਂ ਨੂੰ ਪੰਦਰਾਂ ਹਜਾਰ ਸ਼ਹੀਦੀਆਂ ਦੇਣ ਦਾ ਮੌਕਾ ਮਿਲਿਆ। ਨਿਗਾਹੂ ਸਿੰਘ ਸਿੱਖਾਂ ਦਾ ਨਾਇਕ ਸੀ, ਉਸ ਨੇ ਨਾਇਕ ਹੀ ਰਹਿਣਾ ਹੈ।

ਸ. ਸੰਪੂਰਨ ਸਿੰਘ ਹੁਰੀਂ ਆਪਣੇ ਲੇਖ ਵਿਚ ਦੀਪ ਸਿੱਧੂ ਅਤੇ ਲੱਖੇ ਸਿਧਾਣੇ ਨੂੰ ਕਿਸਾਨ ਅੰਦੋਲਨ ਨੂੰ ਅਗਵਾਈ ਦੇਣ ਲਈ ਉਪਰੋਂ ਭੇਜੇ ਮਹਾਂਨਾਇਕ ਦੱਸਦੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਦੋਵੇਂ ਨੌਜਵਾਨ ਕਿਸਾਨਾਂ ਨੂੰ ਉਤਸ਼ਹਿਤ ਕਰਨ ਲਈ ਮਜਬੂਤ ਪ੍ਰੇਰਨਾ ਸਰੋਤਾਂ ਵਜੋਂ ਸਾਹਮਣੇ ਆਏ, ਪਰੰਤੂ ਕਿਸਾਨ ਨੇਤਾਵਾਂ ਦੀ ਬਦਕਿਸਮਤੀ ਕਿ ਉਨ੍ਹਾਂ ਕੋਲੋਂ ਇਨ੍ਹਾਂ ਦਾ ਲਾਹਾ ਲਿਆ ਨਾ ਗਿਆ। ਸ. ਸੰਪੂਰਨ ਸਿੰਘ ਤੇ ਅਜਮੇਰ ਸਿੰਘ ਵਾਂਗੂੰ ਹੀ ਸ. ਕਰਮਜੀਤ ਸਿੰਘ ਦਾ ਕਹਿਣਾ ਹੈ ਕਿ ਤਾਰਿਆਂ ਨਾਲ ਗੱਲਾਂ ਕਰਨ ਵਾਲੇ ਦੀਪ ਸਿੱਧੂ ਨੇ ਅਚਾਨਕ ਪੰਜਾਬ ਦੇ ਵਿਹੜੇ ਜਦੋਂ ਦਸਤਕ ਦਿਤੀ ਤਾਂ ਉਸਦੀ ਕੋਈ ਸ਼ਾਨ ਹੀ ਵਖਰੀ ਸੀ, ਜਿਸ ਨੂੰ ਦੇਖ ਸਕਣਾ ਬੁਢੀ ਕਿਸਾਨ ਲੀਡਰਸ਼ਿਪ ਦੇ ਵਸ ਦਾ ਰੋਗ ਹੀ ਨਹੀਂ ਸੀ।

ਸਾਫ ਹੀ ਜਾਹਰ ਹੈ ਕਿ ਕਿਸਾਨ ਆਗੂਆਂ ਨੂੰ ਇਹ ਦਾਨਸ਼ਵਰ ਸੱਜਣ ਉਸੇ ਤਰ੍ਹਾਂ ਦੇ ਧਰਮ ਸੰਕਟ ਵਿਚ ਫਸਾਉਂਦੇ ਨਜ਼ਰ ਆ ਰਹੇ ਹਨ, ਜਿਸ ਕਿਸਮ ਦੇ ਸੰਕਟ ਵਿਚ ਇਨ੍ਹਾਂ ਦੇ ਭਾਈਬੰਦਾਂ ਨੇ ਧਰਮ ਯੁਧ ਮੋਰਚੇ ਦੌਰਾਨ ਅਕਾਲੀ ਨੇਤਾਵਾਂ ਨੂੰ ਫਸਾਇਆ ਸੀ। ਗੁਰੂ ਮਿਹਰ ਕਰੇ-ਨਹੀਂ, ਸਾਨੂੰ ਤਾਂ ਉਸੇ ਤਰ੍ਹਾਂ ਕਲਯੋਗਣਾਂ ਮੰਡਰਾਉਂਦੀਆਂ ਸਾਫ ਨਜ਼ਰ ਆ ਰਹੀਆਂ ਹਨ।

ਭੜਕਾਊ ਅਤੇ ਗੈਰ-ਲੋਕਰਾਜੀ ਗੱਲਾਂ ਜਾਂ ਹੁਲੜਬਾਜ਼ੀ ਕਰ ਕੇ ਜਾਂ ਝੰਡੇ ਲਾਹ ਜਾਂ ਚੜ੍ਹਾ ਕੇ ਇਹ ਮਸਲਾ ਹੱਲ ਹੋਣਾ ਤਾਂ ਕੀ, ਸਗੋਂ ਸਰਕਾਰੀ ਪੈਂਤੜਾ ਹੀ ਹੋ ਕੇ ਰਹਿ ਜਾਵੇਗਾ।

# 38 ਵਿਦੇਸ਼ੀ ਭਾਸ਼ਾਵਾਂ ਬੋਲਣ ਵਾਲਾ ਰੋਬੋਟ ਵਿਕਸਿਤ



**ਲਖਨਊ:** ਆਈ.ਆਈ.ਟੀ. ਬੰਬੇ 'ਚ ਕੇਂਦਰੀ ਵਿਦਿਆਲੇ ਦੇ ਕੰਪਿਊਟਰ ਸਾਇੰਸ ਦੇ ਅਧਿਆਪਕ ਦਿਨੇਸ਼ ਪਟੇਲ ਨੇ ਰੋਬੋਟ ਵਿਕਸਤ ਕੀਤਾ ਹੈ ਜੋ 9 ਸਥਾਨਕ ਭਾਸ਼ਾਵਾਂ ਦੇ ਨਾਲ-ਨਾਲ 38 ਵਿਦੇਸ਼ੀ ਭਾਸ਼ਾਵਾਂ ਵੀ ਬੋਲ ਸਕਦਾ ਹੈ। ਜੌਨਪੁਰ ਜ਼ਿਲ੍ਹੇ ਦੇ ਪਿੰਡ ਰਾਜਮਲਪੁਰ ਦੇ ਵਸਨੀਕ ਨੇ ਇਸ ਰੋਬੋਟ ਦਾ ਨਾਮ 'ਸ਼ਾਲੂ' ਰੱਖਿਆ ਹੈ।

ਬੌਲੀਵੁੱਡ ਫਿਲਮ 'ਰੋਬੋਟ' ਤੋਂ ਪ੍ਰੇਰਿਤ ਪਟੇਲ ਨੇ 'ਸੋਫੀਆ' ਦੀ ਤਰਜ਼ 'ਤੇ 'ਸ਼ਾਲੂ' ਦਾ ਨਿਰਮਾਣ ਕੀਤਾ ਹੈ। ਪਟੇਲ ਨੇ ਦੱਸਿਆ ਕਿ 'ਸ਼ਾਲੂ' ਪਲਾਸਟਿਕ, ਗੱਤੇ, ਲੱਕੜ, ਅਲਮੂਨੀਅਮ ਆਦਿ ਬੇਕਾਰ ਸਮੱਗਰੀ ਤੋਂ ਵਿਕਸਤ ਕੀਤਾ ਗਿਆ ਹੈ।

ਰੋਬੋਟ ਨੂੰ ਬਣਾਉਣ 'ਚ ਤਿੰਨ ਸਾਲ ਦਾ ਸਮਾਂ ਅਤੇ ਖਰਚਾ 50 ਹਜ਼ਾਰ ਰੁਪਏ ਆਇਆ ਹੈ। ਉਸ ਨੇ ਦੱਸਿਆ ਕਿ ਸ਼ਾਲੂ, ਲੋਕਾਂ ਦਾ ਸਵਾਗਤ ਕਰ ਸਕਦਾ ਹੈ, ਭਾਵਨਾਵਾਂ ਦਰਸਾ ਸਕਦਾ ਹੈ ਅਤੇ ਗੱਲਾਂ ਯਾਦ ਕਰਕੇ ਸਾਧਾਰਨ ਗਿਆਨ ਦੇ ਸਵਾਲਾਂ ਦੇ ਜਵਾਬ ਵੀ ਦੇ ਸਕਦਾ ਹੈ। ਉਸ ਨੇ ਕਿਹਾ ਕਿ ਇਸ ਦੀ ਵਰਤੋਂ ਸਕੂਲਾਂ 'ਚ ਅਧਿਆਪਕ ਅਤੇ ਦਫਤਰਾਂ 'ਚ ਰਿਸੈਪਸ਼ਨਿਸਟ ਵਜੋਂ ਵੀ ਕੀਤੀ ਜਾ ਸਕਦੀ ਹੈ।

# ਕਰਮਜੀਤ ਅਨਮੋਲ ਦੀ ਨਵੀਂ ਕਾਮੇਡੀ ਫਿਲਮ 'ਕੁੜੀਆਂ ਜਵਾਨ-ਬਾਪੂ ਪ੍ਰੇਸ਼ਾਨ'

ਕੋਵਿਡ-19 ਦੇ ਪ੍ਰਕੋਪ ਤੋਂ ਬਾਅਦ ਸੁੰਨੇ ਪਏ ਸਿਨੇਮਾ ਘਰਾਂ 'ਚ ਬਹੁਤ ਜਲਦੀ ਮੁੜ ਰੌਣਕਾਂ ਪਰਤ ਰਹੀਆਂ ਹਨ। ਪੰਜਾਬੀ ਸਿਨੇਮਾ ਦਰਸ਼ਕਾਂ ਲਈ ਇਹ ਵੱਡੀ ਖੁਸ਼ਖਬਰੀ ਹੋਵੇਗੀ ਕਿ 'ਲਾਵਾਂ ਫੇਰੇ', 'ਮਿੰਦੋ ਤਸੀਲਦਾਰਨੀ' ਵਰਗੀਆਂ ਸੁਪਰਹਿੱਟ ਪੰਜਾਬੀ ਫਿਲਮਾਂ ਬਣਾਉਣ ਵਾਲੀ ਪ੍ਰੋਡਕਸ਼ਨ ਹਾਊਸ ਹੁਣ ਇੱਕ ਹੋਰ ਵੱਡੀ ਕਾਮੇਡੀ ਫਿਲਮ 'ਕੁੜੀਆਂ ਜਵਾਨ-ਬਾਪੂ ਪ੍ਰੇਸ਼ਾਨ' ਨਾਂ ਦੀ ਕਾਮੇਡੀ ਭਰਪੂਰ ਫਿਲਮ ਲੈ ਕੇ ਆ ਰਹੀ ਹੈ।

ਰੰਜੀਵ ਸਿੰਗਲਾ ਪ੍ਰੋਡਕਸ਼ਨ ਦੇ ਬੈਨਰ ਹੇਠ 16 ਅਪਰੈਲ ਵਿਸਾਖੀ ਦੇ ਦਿਨਾਂ 'ਤੇ ਰਿਲੀਜ਼ ਹੋ ਰਹੀ ਇਸ ਫਿਲਮ 'ਚ ਪੰਜਾਬੀ ਸਿਨੇਮਾ ਦਾ ਸਿਰਮੌਰ ਕਾਮੇਡੀਅਨ ਕਰਮਜੀਤ ਅਨਮੋਲ ਪਹਿਲੀ ਵਾਰ ਤਿੰਨ ਜਵਾਨ ਧੀਆਂ ਦੇ ਪ੍ਰੇਸ਼ਾਨ ਬਾਪ ਦੀ ਭੂਮਿਕਾ 'ਚ ਕਾਮੇਡੀ ਕਰਦਾ ਨਜ਼ਰ ਆਵੇਗਾ। ਫਿਲਮ 'ਚ ਕਰਮਜੀਤ ਅਨਮੋਲ, ਏਕਤਾ ਗੁਲਾਟੀ ਖੇੜਾ, ਪੀਹੂ ਸ਼ਰਮਾ, ਲਵ ਗਿੱਲ, ਲੱਕੀ ਧਾਲੀਵਾਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਨਿਰਦੇਸ਼ਨ ਰੁਪਿੰਦਰ ਗਾਂਧੀ, ਮਿੰਦੋ ਤਸੀਲਦਾਰਨੀ ਫਿਲਮਾਂ ਦੇ ਨਾਮੀ ਨਿਰਦੇਸ਼ਕ ਅਵਤਾਰ ਸਿੰਘ ਨੇ ਦਿੱਤਾ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਇਸ ਫਿਲਮ ਦਾ ਪਹਿਲਾ ਪੋਸਟਰ ਰਿਲੀਜ਼ ਕੀਤਾ ਗਿਆ, ਜਿਸ ਦੀ ਸੋਸ਼ਲ ਮੀਡੀਆ 'ਤੇ ਕਾਫੀ ਚਰਚਾ ਹੈ।

ਸੁਰਜੀਤ ਜੱਸਲ
ਫੋਨ: 91-98146-07737



ਫਿਲਮ ਬਾਰੇ ਹੋਰ ਜਾਣਕਾਰੀ ਦਿੰਦਿਆਂ ਨਿਰਮਾਤਾ ਰੰਜੀਵ ਸਿੰਗਲਾ ਨੇ ਦੱਸਿਆ ਕਿ ਇਹ ਫਿਲਮ 'ਲਾਵਾਂ ਫੇਰੇ' ਵਾਂਗ ਫੁੱਲ ਪਰਿਵਾਰਕ ਕਾਮੇਡੀ ਹੋਵੇਗੀ। ਫਿਲਮ ਦਾ ਵਿਸ਼ਾ ਸਮਾਜ ਵਿਚੋਂ ਧੀਆਂ-ਪੁੱਤਾਂ ਦੇ ਫਰਕ ਨੂੰ ਮਿਟਾਉਂਦਾ ਹੈ ਤੇ ਦੱਸਦਾ ਹੈ ਕਿ ਧੀਆਂ ਵੀ ਪੁੱਤਾਂ ਨਾਲੋਂ ਘੱਟ ਨਹੀਂ ਹੁੰਦੀਆਂ। ਫਿਲਮ ਦੇ ਟਾਇਟਲ ਅਨੁਸਾਰ ਇੱਕ ਬਾਪ ਦੇ ਘਰ ਜਦ ਇੱਕ ਧੀ ਪੈਦਾ ਹੁੰਦੀ ਹੈ ਤਾਂ ਉਸ ਦੇ ਫਿਕਰ ਨੂੰ ਦਰਸਾਉਂਦਾ ਹੈ। ਮਨੋਰੰਜਨ ਪੱਖੋਂ ਇਹ ਇੱਕ ਨਿਰੋਲ ਪਰਿਵਾਰਕ ਕਾਮੇਡੀ ਫਿਲਮ ਹੈ, ਜੋ ਦਰਸ਼ਕਾਂ ਨੂੰ ਹਾਸੇ-ਹਾਸੇ ਵਿਚ ਸਮਾਜ ਪ੍ਰਤੀ ਚੰਗੀ ਸੋਚ ਵਾਲੇ ਜ਼ਿੰਮੇਵਾਰ ਇਨਸਾਨ ਬਣਨ ਦਾ ਸੁਨੇਹਾ ਦਿੰਦੀ ਹੈ।

ਫਿਲਮ ਦੀ ਕਹਾਣੀ, ਸਕਰੀਨ ਪਲੇਅ ਅਤੇ ਡਾਇਲਾਗ ਅਮਨ ਸਿੱਧੂ ਨੇ ਲਿਖੇ ਹਨ। ਸੰਗੀਤ ਲਾਡੀ ਗਿੱਲ ਤੇ ਜੱਗੀ ਸਿੰਘ ਨੇ ਦਿੱਤਾ ਹੈ। ਹੈਪੀ ਰਾਏਕੋਟੀ, ਰੌਸ਼ਨ ਪ੍ਰਿੰਸ, ਤਲਬੀ ਅਤੇ ਜੱਗੀ ਸਿੰਘ ਦੇ ਲਿਖੇ ਗੀਤਾਂ ਨੂੰ ਗੁਰਨਾਮ ਭੁੱਲਰ, ਕਮਲ ਖਾਨ, ਆਰ. ਬੀ. ਤੇ ਤਲਬੀ ਨੇ ਪਲੇਅ ਬੈਕ ਗਾਇਆ ਹੈ। ਫਿਲਮ ਦੇ ਸਿਨਮੈਟੋਗ੍ਰਾਫਰ ਨਵਨੀਤ ਬੀਓਹਰ ਹਨ।

ਫਿਲਮ ਦੇ ਪ੍ਰੋਡਿਊਸਰ ਰੰਜੀਵ ਸਿੰਗਲਾ ਹਨ ਤੇ ਐਗਜ਼ੀਕਿਊਟਰ ਪ੍ਰੋਡਿਊਸਰ ਰਾਜਿੰਦਰ ਕੁਮਾਰ ਗਾਗਾਹਰ ਹਨ। ਕ੍ਰਿਏਟਿਵ ਪ੍ਰੋਡਿਊਸਰ ਇੰਦਰ ਬਾਂਸਲ ਹਨ। ਫਿਲਮ ਓਮ ਜੀ ਗਰੁੱਪ ਵਲੋਂ 16 ਅਪਰੂਲ 2021 ਨੂੰ ਦੇਸ਼-ਵਿਦੇਸ਼ਾਂ 'ਚ ਰਿਲੀਜ਼ ਕੀਤੀ ਜਾ ਰਹੀ ਹੈ।

# ਅਪਰੈਲ 2022 ਤੋਂ ਸੜਕਾਂ 'ਤੇ ਨਹੀਂ ਦੌੜਨਗੇ 15 ਸਾਲ ਪੁਰਾਣੇ ਸਰਕਾਰੀ ਵਾਹਨ

**ਨਵੀਂ ਦਿੱਲੀ:** ਸਰਕਾਰੀ ਵਿਭਾਗ ਪਹਿਲੀ ਅਪਰੈਲ 2022 ਤੋਂ 15 ਸਾਲ ਤੋਂ ਵੱਧ ਪੁਰਾਣੇ ਵਾਹਨਾਂ ਦੀ ਰਜਿਸਟਰੇਸ਼ਨ ਦਾ ਨਵੀਨੀਕਰਨ ਨਹੀਂ ਕਰ ਸਕਣਗੇ।

ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨੇ ਇਸ ਬਾਰੇ ਤਜਵੀਜ਼ ਰੱਖੀ ਹੈ। ਜੇ ਇਸ ਨੂੰ ਅੰਤਮ ਰੂਪ ਦਿੱਤਾ ਜਾਂਦਾ ਹੈ ਤਾਂ ਇਹ ਨਿਯਮ ਲਾਗੂ ਹੋ ਜਾਣਗੇ। ਮੰਤਰਾਲੇ ਨੇ ਇਸ ਸਬੰਧੀ ਨਿਯਮਾਂ ਵਿਚ ਸੋਧ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਅਤੇ ਸਬੰਧਤ ਧਿਰਾਂ ਤੋਂ ਟਿੱਪਣੀਆਂ ਮੰਗੀਆਂ ਹਨ।

ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਇਕ ਵਾਰ ਇਸ ਪ੍ਰਸਤਾਵ ਨੂੰ ਮਨਜ਼ੂਰੀ ਮਿਲ ਜਾਣ ਤੋਂ ਬਾਅਦ ਇਹ ਨਿਯਮ ਕੇਂਦਰ ਅਤੇ ਰਾਜ ਸਰਕਾਰਾਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ, ਜਨਤਕ ਇਕਾਈਆਂ, ਮਿਊਂਸਪਲ ਬਾਡੀਜ਼ ਅਤੇ ਖੁਦਮੁਖਤਿਆਰ ਸੰਸਥਾ 'ਤੇ ਲਾਗੂ ਹੋ ਜਾਣਗੇ। ਇਸ ਤੋਂ ਪਹਿਲਾਂ ਪਹਿਲੀ ਫਰਵਰੀ ਨੂੰ ਪੇਸ਼ ਕੀਤੇ ਆਮ ਬਜਟ ਵਿਚ ਸਰਕਾਰ ਨੇ ਵਾਹਨ ਕਬਾੜ ਨੀਤੀ ਦਾ ਐਲਾਨ ਕੀਤਾ ਸੀ। ਇਸ ਤਹਿਤ ਨਿੱਜੀ ਵਾਹਨਾਂ ਦੇ 20 ਸਾਲ ਅਤੇ ਵਪਾਰਕ ਵਾਹਨਾਂ ਲਈ 15 ਸਾਲ ਬਾਅਦ ਫਿਟਨੈੱਸ ਸਰਟੀਫਿਕੇਟ ਦੀ ਲੋੜ ਹੋਵੇਗੀ।

# ਗੱਲ ਪੰਜਾਂ ਰਾਜਾਂ ਦੀਆਂ ਚੋਣਾਂ ਦੀ ਨਹੀਂ, ਉਸ ਵਹਿਣ ਦੀ ਹੈ, ਜਿੱਧਰ ਨੂੰ ਭਾਰਤ ਚੱਲ ਪਿਆ ਜਾਪਦੈ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਲੋਕਾਂ ਦਾ ਜਿਹੜਾ ਧਿਆਨ ਪਹਿਲਾਂ ਕੇਂਦਰ ਸਰਕਾਰ ਦੇ ਪਾਸ ਕੀਤੇ ਤਿੰਨ ਖੇਤੀ ਬਿੱਲਾਂ ਦੇ ਖਿਲਾਫ ਹੋਣ ਵਾਲੇ ਕਿਸਾਨ ਸੰਘਰਸ਼ ਵੱਲ ਲੱਗਾ ਹੋਇਆ ਸੀ, ਉਹ ਇਸ ਵਕਤ ਭਾਰਤ ਦੇ ਪੰਜਾਂ ਰਾਜਾਂ ਵਿਚ ਹੋਣ ਵਾਲੀਆਂ ਅਸੈਂਬਲੀ ਚੋਣਾਂ ਵੱਲ ਲੱਗ ਗਿਆ ਹੈ। ਕਿਸਾਨ ਆਗੂ ਵੀ ਦਿੱਲੀ ਦੇ ਬਾਰਡਰਾਂ ਵਾਲਾ ਮੋਰਚਾ ਅਗਲੀ ਪੀੜ੍ਹੀ ਵਾਲਿਆਂ ਦੇ ਹੱਥ ਸੌਂਪ ਕੇ ਉਨ੍ਹਾਂ ਪੰਜਾਂ ਰਾਜਾਂ ਵਿਚ ਭਾਜਪਾ ਦੇ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਨਿਕਲ ਤੁਰੇ ਹਨ। ਲੜਾਈ ਓਨੀ ਦਿੱਲੀ ਵਿਚ ਨਹੀਂ ਰਹੀ, ਜਿੰਨੀ ਉਨ੍ਹਾਂ ਪੰਜਾਂ ਰਾਜਾਂ ਵਿਚ ਹੁੰਦੀ ਜਾਪਦੀ ਹੈ। ਭਾਰਤੀ ਜਨਤਾ ਪਾਰਟੀ ਆਪਣੀ ਚੜ੍ਹਤ ਦੇ ਨਗਾਰੇ ਵਜਾਉਣ ਦਾ ਪ੍ਰਭਾਵ ਬਣਾ ਕੇ ਇਨ੍ਹਾਂ ਪੰਜਾਂ ਰਾਜਾਂ ਵਿਚ ਮੁਕਾਬਲੇ ਦੀਆਂ ਦੋ ਮੁੱਖ ਧਿਰਾਂ ਵਿਚੋਂ ਇੱਕ ਬਣੀ ਦਿੱਸਦੀ ਹੈ। ਧਰਮ ਨਿਰਪੱਖ ਤਾਕਤਾਂ ਇਸ ਤੋਂ ਖਤਰਾ ਮਹਿਸੂਸ ਕਰਦੀਆਂ ਹਨ, ਪਰ ਇਹ ਗੱਲ ਅੱਖੋਂ ਪਰੋਖੇ ਕਰੀ ਜਾਂਦੀਆਂ ਹਨ ਕਿ ਜਦੋਂ ਭਾਜਪਾ ਦੀ ਚੜ੍ਹਤ ਦੇ ਖਿਲਾਫ ਇਕੱਠੇ ਹੋਣ ਦਾ ਸਮਾਂ ਸੀ, ਉਦੋਂ ਰਾਜ-ਗੱਦੀਆਂ ਦੀ ਝਾਕ ਉਨ੍ਹਾਂ ਉੱਤੇ ਭਾਰੂ ਹੁੰਦੀ ਸੀ। ਇਹ ਅੰਗਰੇਜ਼ੀ ਦੀ ਕਹਾਵਤ ਇਨ੍ਹਾਂ ਧਰਮ ਨਿਰਪੱਖ ਲੀਡਰਾਂ ਨੇ ਵੀ ਸੁਣੀ ਹੋਵੇਗੀ: 'ਏ ਸਟਿੱਚ ਇਨ ਟਾਈਮ, ਸੇਵਜ਼ ਦ ਨਾਈਨ', ਭਾਵ ਇਹ ਕਿ ਉੱਧੜਦੇ ਕੱਪੜੇ ਨੂੰ ਵੇਲੇ ਸਿਰ ਇੱਕ ਤੋਪਾ ਲਾ ਲਿਆ ਜਾਵੇ ਤਾਂ ਨੌਂ ਲਾਉਣ ਤੋਂ ਬਚ ਜਾਈਦਾ ਹੈ। ਇਸ ਵਕਤ ਹਾਲਤ ਨੌਂ ਤੋਪਿਆਂ ਤੋਂ ਬਚਣ ਤੋਂ ਵੀ ਅੱਗੇ ਲੰਘ ਕੇ ਲੰਗਾਰ ਹੁੰਦੀਆਂ ਲੀਰਾਂ ਵਾਲੀ ਬਣੀ ਹੋਈ ਹੈ।

ਕਾਂਗਰਸ ਪਾਰਟੀ ਇਸ ਵਕਤ ਆਸਾਮ ਵਿਚ ਆਪਣੀ ਜਿੱਤ ਦਾ ਠੋਕਵਾਂ ਦਾਅਵਾ ਕਰ ਸਕਣ ਜੋਗੀ ਨਹੀਂ। ਪਹਿਲਾਂ ਏਸੇ ਆਸਾਮ ਵਿਚ ਕਾਂਗਰਸ ਦੀ ਤਿੰਨ ਵਾਰੀ ਸਰਕਾਰ ਲਗਾਤਾਰ ਬਣੀ ਸੀ, ਪਰ ਚੌਥੀ ਵਾਰ ਬੇੜਾ ਉਦੋਂ ਗਰਕਿਆ, ਜਦੋਂ ਦਿੱਲੀ ਵਿਚ ਬੈਠੀ ਕਾਂਗਰਸ ਪ੍ਰਧਾਨ ਦੇ ਦੁਆਲੇ ਜੁੜੀ ਜੁੰਡੀ ਆਸਾਮ ਦੇ ਮੁੱਖ ਮੰਤਰੀ ਤਰੁਣ ਗੋਗੋਈ ਵਿਰੁੱਧ ਇਸ ਲਈ ਸਾਜ਼ਿਸ਼ਾਂ ਘੜਨ ਲੱਗ ਪਈ ਕਿ ਚੌਥੀ ਵਾਰ ਜਿੱਤ ਗਿਆ ਤਾਂ ਉਸ ਦਾ ਕੱਦ ਰਾਹੁਲ ਗਾਂਧੀ ਤੋਂ ਵੱਡਾ ਹੋ ਜਾਵੇਗਾ। ਉਹ ਹਾਰ ਜਾਣ ਪਿੱਛੋਂ ਪ੍ਰਾਣ ਵੀ ਤਿਆਗ ਗਿਆ ਤਾਂ ਰਾਹੁਲ ਦੀ ਜੁੰਡੀ ਆਪਣੇ ਇਸ ਨੇਤਾ ਨੂੰ ਲੈ ਕੇ ਕੁਝ ਕਰਨ ਦੀ ਥਾਂ ਉਲਟਾ ਉਸ ਦੇ ਖਿਲਾਫ ਅਤੇ ਉਸ ਦੀ ਮਾਂ ਦੇ ਖਿਲਾਫ ਜੰਮੂ ਤੱਕ ਜਾ ਕੇ ਮੀਟਿੰਗਾਂ ਕਰਨ ਲੱਗ ਪਈ ਹੈ। ਅੱਜ ਉਹ ਇਸ਼ਾਰੇ ਕਰਦੇ ਹਨ ਕਿ ਰਾਹੁਲ ਗਾਂਧੀ ਲੀਡਰੀ ਕਰਨ ਦੇ ਯੋਗ ਨਹੀਂ, ਪਰ ਜਦੋਂ ਦੋ ਵਾਰੀ ਏਦਾਂ ਦਾ ਮੌਕਾ ਮਿਲਿਆ ਸੀ ਕਿ ਉਸ ਨੂੰ ਲਾਂਭੇ ਹੋਣ ਲਈ ਕਹਿ ਦਿੱਤਾ ਜਾਵੇ, ਇਨ੍ਹਾਂ ਵਿਚੋਂ ਕਿਸੇ ਇੱਕ ਨੇ ਵੀ ਨਹੀਂ ਸੀ ਕਿਹਾ।

ਜਦੋਂ ਡਾ. ਮਨਮੋਹਨ ਸਿੰਘ ਸਰਕਾਰ ਵੱਲੋਂ ਪਾਸ ਕੀਤਾ ਇੱਕ ਬਿੱਲ ਰਾਹੁਲ ਗਾਂਧੀ ਨੇ ਪ੍ਰੈੱਸ ਕਾਨਫਰੰਸ ਵਿਚ ਪਾੜਿਆ ਸੀ ਤੇ ਵਿਦੇਸ਼ ਵਿਚ ਗਏ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵਿਦੇਸ਼ੀ ਪ੍ਰੈੱਸ ਸਾਹਮਣੇ ਸ਼ਰਮਿੰਦਾ ਹੋਣਾ ਪਿਆ ਸੀ, ਉਦੋਂ ਰਾਹੁਲ ਨੂੰ ਘੂਰਨਾ ਚਾਹੀਦਾ ਸੀ। ਦੂਸਰਾ ਮੌਕਾ ਦਿੱਲੀ ਵਿਚ ਇੱਕ ਸਟੇਡੀਅਮ ਵਿਚ ਉਸ ਦੇ ਇਹ ਕਹਿਣ ਦਾ ਸੀ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਕੀ ਹੈ, ਇਹ ਮੈਂ ਅੱਜ ਸ਼ਾਮ ਤੱਕ ਬਣ ਸਕਦਾ ਹਾਂ। ਇਸ ਦਾ ਅਰਥ ਸੀ ਕਿ ਆਹ ਜਿਹੜਾ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬੈਠਾ ਹੈ, ਇਸ ਦਾ ਕੀ ਹੈ, ਇਸ ਨੂੰ ਅਸੀਂ ਮਾਂ-ਪੁੱਤ ਅੱਜ ਸ਼ਾਮ ਤੱਕ ਉਠਾ ਕੇ ਪਰ੍ਹੇ ਕਰ ਸਕਦੇ ਹਾਂ। ਇੱਕ ਵੀ ਕਾਂਗਰਸੀ ਆਗੂ ਨੂੰ ਉਦੋਂ ਰਾਹੁਲ ਦਾ ਭਾਸ਼ਣ ਨਹੀਂ ਸੀ ਚੁਭਿਆ ਅਤੇ ਅੱਜ ਉਹੀ ਸਾਰੇ ਉਸ ਦੇ ਖਿਲਾਫ ਮੀਟਿੰਗਾਂ ਕਰਦੇ ਫਿਰਦੇ ਹਨ।

ਦੂਸਰੀ ਧਿਰ ਖੱਬੇ-ਪੱਖੀਆਂ ਦੀ ਹੈ। ਇੱਕ ਵਕਤ ਸਾਰੇ ਕਾਂਗਰਸ-ਵਿਰੋਧੀ ਤੇ ਭਾਜਪਾ-ਵਿਰੋਧੀ ਧੜੇ ਇਹ ਮੰਨਣ ਨੂੰ ਤਿਆਰ ਹੋ ਗਏ ਸਨ ਕਿ ਸੀ. ਪੀ. ਆਈ. (ਐੱਮ) ਦੇ ਲੀਡਰ ਜੋਤੀ ਬਾਸੂ ਨੂੰ ਪ੍ਰਧਾਨ ਮੰਤਰੀ ਬਣਾ ਕੇ ਸਾਂਝੀ ਸਰਕਾਰ ਦਾ ਗਠਨ ਕਰ ਲਈਏ। ਜਦੋਂ ਉਸ ਦੀ ਆਪਣੀ ਪਾਰਟੀ ਸੀ. ਪੀ. ਆਈ. (ਐੱਮ) ਵਿਚ ਇਸ ਬਾਰੇ ਮਤਾ ਪੇਸ਼ ਹੋਇਆ ਤਾਂ ਉਸ ਦੇ ਖਿਲਾਫ ਬਹੁ-ਸੰਮਤੀ ਇਸ ਲਈ ਜੁੜ ਗਈ ਕਿ ਕਾਂਗਰਸ ਨਾਲ ਸਾਂਝ ਪਾ ਕੇ ਚੱਲਣ ਵਾਲੀ ਸਰਕਾਰ ਵਿਚ ਸ਼ਾਮਲ ਹੋਣ ਦਾ ਸਵਾਲ ਹੀ ਨਹੀਂ। ਅਗਲੀਆਂ ਦੋ ਚੋਣਾਂ ਵਿਚ ਜਿਹੜੇ ਕਾਮਰੇਡ ਇਹ ਕਹਿੰਦੇ ਸਨ ਕਿ ਮਮਤਾ ਬੈਨਰਜੀ ਸੱਜ ਪਿਛਾਖੜ ਅਤੇ ਭਾਰਤ ਦੇ ਪੂੰਜੀਵਾਦ ਦੀ ਆਗੂ ਹੈ, ਇਸ ਨੂੰ ਜਿੱਤਣ ਨਹੀਂ ਦੇਣਾ ਚਾਹੀਦਾ, ਉਨ੍ਹਾਂ ਵਿਚੋਂ ਇੱਕ ਜਣਾ ਇਸ ਹਫਤੇ ਦੇ ਇੱਕ ਦਿਨ ਸਾਨੂੰ ਮਿਲ ਗਿਆ। ਗੱਲ ਪੰਜਾਂ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੀ ਚੱਲ ਪਈ। ਅਸੀਂ ਇਹ ਪੁੱਛ ਲਿਆ ਕਿ ਪੱਛਮੀ ਬੰਗਾਲ ਦਾ ਕੀ ਬਣੇਗਾ ਤੇ ਉਸ ਨੇ ਕਿਹਾ: 'ਆਸ ਤਾਂ ਬੜੀ ਹੈ ਕਿ ਮਮਤਾ ਬੈਨਰਜੀ ਭਾਜਪਾ ਦੇ ਪੈਰ ਨਹੀਂ ਲੱਗਣ ਦੇਵੇਗੀ।' ਅਸੀਂ ਪੁੱਛਿਆ ਕਿ ਉਸ ਦੇ ਜਿੱਤਣ ਨਾਲ ਤੁਹਾਨੂੰ ਕੀ ਫਾਇਦਾ, ਉਹ ਤਾਂ ਸੱਜ ਪਿਛਾਖੜ ਦੀ ਪ੍ਰਤੀਨਿਧ ਹੈ, ਪਰ ਉਸ ਦਾ ਜਵਾਬ ਇਹ ਸੀ ਕਿ ਗੱਲ ਪਿਛਾਖੜ-ਅਗਾਖੜ ਦੀ ਨਹੀਂ, ਫਿਰਕਾਪ੍ਰਸਤੀ ਦਾ ਰਾਹ ਰੋਕਣ ਦੀ ਹੈ। ਅਸੀਂ ਕਿਹਾ ਕਿ ਜਦੋਂ ਭਾਜਪਾ ਵਿਰੋਧੀ ਧਿਰਾਂ ਨੇ ਜੋਤੀ ਬਾਸੂ ਨੂੰ ਪ੍ਰਧਾਨ ਮੰਤਰੀ ਬਣਾਉਣਾ ਮੰਨਿਆ ਸੀ, ਗੱਲ ਉਦੋਂ ਵੀ ਫਿਰਕਾਪ੍ਰਸਤੀ ਰੋਕਣ ਦੀ ਸੀ, ਫਿਰ ਅੱਜ ਵਾਲੀ ਗੱਲ ਉਦੋਂ ਸੋਚ ਲੈਣੀ ਚਾਹੀਦੀ ਸੀ ਅਤੇ ਜਿਸ ਕਾਂਗਰਸ ਨਾਲ ਅੱਜ ਬੰਗਾਲ ਵਿਚ ਚੋਣਾਂ ਦੀ ਸਾਂਝ ਪਾਈ ਹੈ, ਉਸ ਨਾਲ ਉਸ ਵੇਲੇ ਸਾਂਝ ਪਾਈ ਹੁੰਦੀ ਤਾਂ ਕਿੰਨਾ ਕੁ ਫਰਕ ਪੈਣਾ ਸੀ! ਕਾਮਰੇਡਾਂ ਕੋਲ ਏਦਾਂ ਦੇ ਮੌਕੇ ਇੱਕੋ ਦਲੀਲ ਵੱਡੀ ਹੁੰਦੀ ਹੈ ਕਿ ਉਦੋਂ ਨਾਲੋਂ ਪ੍ਰਸਥਿਤੀਆਂ ਬਦਲ ਗਈਆਂ ਹਨ। ਉਸ ਨੇ ਵੀ ਇਹੋ ਕਿਹਾ ਸੀ।

ਪਿਛਲੇ ਸਾਲ ਅਕਾਲੀ ਦਲ ਦੇ ਇੱਕ ਉੱਘੇ ਆਗੂ ਨਾਲ ਕਿਸੇ ਵਿਆਹ ਵਿਚ ਇਕੱਠੇ ਹੋਣ ਦਾ ਸਬੱਬ ਬਣ ਗਿਆ ਤਾਂ ਅਸੀਂ ਉਨ੍ਹਾਂ ਦੀ ਭਾਜਪਾ ਨਾਲ ਸਾਂਝ ਉੱਤੇ ਕਿੰਤੂ ਕਰਦਾ ਸਵਾਲ ਕੀਤਾ ਸੀ। ਉਸ ਦਾ ਜਵਾਬ ਸੀ ਕਿ ਤੁਹਾਨੂੰ ਪਹਿਲਾਂ ਅਸੀਂ ਅਕਾਲੀ ਫਿਰਕੂ ਲੱਗਿਆ ਕਰਦੇ ਸਾਂ, ਅੱਜ ਕੱਲ੍ਹ ਭਾਜਪਾ ਤੋਂ ਡਰ ਲੱਗਦਾ ਹੈ, ਨਾ ਕਦੇ ਅਕਾਲੀ ਫਿਰਕੂ ਸਨ ਤੇ ਨਾ ਭਾਜਪਾ ਤੋਂ ਇਸ ਦੇਸ਼ ਦੀ ਕਿਸੇ ਵੀ ਘੱਟ-ਗਿਣਤੀ ਨੂੰ ਹੀ ਕੋਈ ਖਤਰਾ ਹੈ। ਉਸ ਤੋਂ ਕੁਝ ਹਫਤੇ ਬਾਅਦ ਉਨ੍ਹਾਂ ਨੇ ਕੇਂਦਰ ਸਰਕਾਰ ਛੱਡ ਦਿੱਤੀ ਅਤੇ ਉਹੀ ਆਗੂ ਅੱਜ ਕੱਲ੍ਹ ਭਾਜਪਾ ਦੇ ਫਿਰਕੂਪੁਣੇ ਵਿਰੁੱਧ ਸਭ ਤੋਂ ਵੱਧ ਬਿਆਨ ਜਾਰੀ ਕਰਨ ਲੱਗਾ ਰਹਿੰਦਾ ਹੈ। ਮੈਨੂੰ ਉਸ ਦੇ ਬਿਆਨਾਂ ਵਿਚ ਉਸ ਦੇ ਆਪਣੇ ਗੁਨਾਹ ਦਾ ਅਹਿਸਾਸ ਮਹਿਸੂਸ ਹੁੰਦਾ ਹੈ। ਸਿੱਖੀ ਨੂੰ ਬਚਾਉਣ ਲਈ ਉਹ ਅੱਜ ਕੱਲ੍ਹ ਕੁਝ ਖਾਸ ਚਿੰਤਤ ਹੈ। ਪਿਛਲੇ ਦਿਨੀਂ ਅਚਾਨਕ ਉਸ ਦਾ ਫੋਨ ਆਇਆ ਤਾਂ ਅਸੀਂ ਪਿਛਲੇ ਸਾਲ ਦੀ ਗੱਲ ਚੇਤੇ ਕਰਵਾ ਦਿੱਤੀ ਕਿ ਤੁਸੀਂ ਤਾਂ ਕਹਿੰਦੇ ਸੀ ਕਿ ਭਾਜਪਾ ਤੋਂ ਕੋਈ ਖਤਰਾ ਨਹੀਂ। ਉਸ ਨੇ ਜਵਾਬ ਦਿੱਤਾ ਕਿ ਭਾਜਪਾ ਨਾਲ ਸਾਡੀ ਸਾਂਝ ਹੁੰਦੇ ਤੋਂ ਸਚਮੁੱਚ ਕੋਈ ਖਤਰਾ ਨਹੀਂ ਸੀ, ਸਾਡੀ ਉਸ ਨਾਲ ਸਾਂਝ ਟੁੱਟ ਜਾਣ ਪਿੱਛੋਂ ਭਾਜਪਾ ਦੇ ਆਗੂਆਂ ਨੂੰ ਅੱਖ ਦੀ ਸ਼ਰਮ ਨਹੀਂ ਰਹੀ, ਇਸ ਕਰ ਕੇ ਬਾਕੀ ਘੱਟ-ਗਿਣਤੀਆਂ ਵਾਂਗ ਸਿੱਖਾਂ ਦੇ ਖਿਲਾਫ ਵੀ ਉਨ੍ਹਾਂ ਦਾ ਰੁਖ ਬਦਲ ਗਿਆ ਹੈ। ਹਵਾਈ ਕੁੱਕੜ ਦੇ ਆਪਣੇ ਹਿੱਤ ਕੋਈ ਨਹੀਂ ਹੁੰਦੇ, ਹਵਾ ਦਾ ਰੁਖ ਬਦਲਦੇ ਨਾਲ ਬਦਲ ਜਾਂਦਾ ਹੈ, ਪਰ ਏਦਾਂ ਦੇ ਲੀਡਰ ਉਸ ਹਵਾਈ ਕੁੱਕੜ ਤੋਂ ਵੀ ਭੈੜੇ ਹਨ, ਜਿਹੜੇ ਆਪਣੇ ਹਿੱਤਾਂ ਨੂੰ ਕੌਮ ਦੇ ਹਿੱਤ ਦੱਸਦੇ ਰਹਿੰਦੇ ਹਨ।

ਬੀਤੇ ਹਫਤੇ ਇੱਕ ਵਿਦੇਸ਼ੀ ਸੰਸਥਾ ਨੇ ਭਾਰਤ ਵਿਚ ਵਿਚਾਰਾਂ ਦੀ ਆਜ਼ਾਦੀ ਦੇ ਅੰਕੜੇ ਹੋਰ ਹੇਠਾਂ ਡੇਗ ਦਿੱਤੇ ਹਨ ਤੇ ਭਾਰਤ ਸਰਕਾਰ ਇਸ ਤੋਂ ਨਾਰਾਜ਼ ਹੈ। ਵਿਰੋਧੀ ਪਾਰਟੀਆਂ ਕਹਿੰਦੀਆਂ ਹਨ ਕਿ ਗੱਲ ਵਿਦੇਸ਼ੀ ਸੰਸਥਾ ਨੇ ਠੀਕ ਕਹੀ ਹੈ ਤੇ ਭਾਜਪਾ ਨੂੰ ਹਕੀਕਤ ਮੰਨਣੀ ਚਾਹੀਦੀ ਹੈ। ਜਦੋਂ ਉਹ ਵਿਦੇਸ਼ੀ ਸੰਸਥਾ ਦੀ ਰਿਪੋਰਟ ਨੂੰ ਹਕੀਕਤ ਮੰਨ ਕੇ ਭਾਜਪਾ ਦੀ ਲੀਡਰਸ਼ਿਪ ਨੂੰ ਏਦਾਂ ਦੀ ਸਲਾਹ ਦਿੰਦੇ ਹਨ, ਖੁਦ ਉਨ੍ਹਾਂ ਨੂੰ ਵੀ ਕਦੇ ਨਾ ਕਦੇ ਇਹ ਹਕੀਕਤ ਮੰਨਣ ਦੀ ਹਿੰਮਤ ਕਰ ਲੈਣੀ ਚਾਹੀਦੀ ਹੈ ਕਿ ਹਾਲਾਤ ਨੂੰ ਇਥੋਂ ਤੱਕ ਪੁਚਾਉਣ ਵਿਚ ਕੁਝ ਹੱਥ ਉਨ੍ਹਾਂ ਦੇ ਗਲਤ ਰਾਜਸੀ ਪੈਂਤੜਿਆਂ ਤੇ ਸੱਤਾ ਜਾਂ ਆਪੋ-ਆਪਣੀ ਚੌਧਰ ਦੀ ਭੁੱਖ ਦਾ ਵੀ ਸੀ। ਅੱਗੇ ਇਹ ਕਿਹਾ ਜਾਂਦਾ ਸੀ ਕਿ ਇਤਿਹਾਸ ਬੜਾ ਬੇਰਹਿਮ ਹੈ ਤੇ ਇਸ ਨੇ ਕਿਸੇ ਦਾ ਵੀ ਲਿਹਾਜ਼ ਨਹੀਂ ਕਰਨਾ, ਸਾਰਾ ਚਿੱਠਾ ਲੋਕਾਂ ਅੱਗੇ ਪੇਸ਼ ਕਰ ਦੇਣਾ ਹੈ, ਪਰ ਇਸ ਵਕਤ ਤਾਂ ਦੇਸ਼ ਦਾ ਇਤਿਹਾਸ ਵੀ ਭਾਰੂ ਧਿਰ ਆਪਣੇ ਪੱਖ ਵਿਚ ਬਦਲਣ ਲੱਗੀ ਹੋਈ ਹੈ। ਉਸ ਦੇ ਅੱਗੇ ਯੂਨੀਵਰਸਿਟੀਆਂ ਦੇ ਵੱਡੇ ਸਕਾਲਰ ਅੜਨ ਤੋਂ ਗੁਰੇਜ਼ ਕਰਦੇ ਹਨ ਅਤੇ ਅਦਾਲਤਾਂ ਵਿਚ ਬੈਠੇ ਹੋਏ ਜੱਜਾਂ ਦੀ ਇੱਕ ਵੱਡੀ ਗਿਣਤੀ ਉਸ ਦੇ ਇਰਾਦਿਆਂ ਉੱਤੇ ਸਹਿਮਤੀ ਪ੍ਰਗਟ ਕਰਨ ਦੇ ਰਾਹ ਪੈ ਗਈ ਦਿੱਸਣ ਲੱਗ ਪਈ ਹੈ। ਪੰਜਾਂ ਰਾਜਾਂ ਦੀਆਂ ਚੋਣਾਂ ਹੋ ਜਾਣਗੀਆਂ, ਕੁਝ ਥਾਂਈਂ ਭਾਜਪਾ ਨਾਲ ਆਢਾ ਲੈਣ ਵਾਲੀਆਂ ਧਿਰਾਂ ਕਾਮਯਾਬ ਵੀ ਹੋ ਜਾਣ ਤਾਂ ਇਸ ਨੂੰ ਬਹੁਤ ਵੱਡੀ ਪ੍ਰਾਪਤੀ ਨਹੀਂ ਕਿਹਾ ਜਾ ਸਕਦਾ, ਦੇਸ਼ ਜਿਸ ਪਾਸੇ ਚੱਲ ਪਿਆ ਹੈ, ਉਸ ਨੂੰ ਓਧਰਲੇ ਵਹਿਣ ਤੋਂ ਬਚਾਉਣ ਲਈ ਜੋ ਕੁਝ ਕਰਨ ਦੀ ਲੋੜ ਹੈ, ਉਹ ਸੋਚਣਾ ਚਾਹੀਦਾ ਹੈ।

# 'ਅਸੀਂ ਨਾ ਖਾਲਿਸਤਾਨੀ, ਨਾ ਪਾਕਿਸਤਾਨੀ; ਅਸੀਂ ਹਾਂ ਹਿੰਦੁਸਤਾਨੀ'

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ (ਫਿਰੋਜ਼ਪੁਰ)
ਫੋਨ: 91-75891-55501

ਮੋਦੀ ਦੀ ਥਾਪੜਾ ਲੈ ਕੇ ਅਮਿਤ ਸ਼ਾਹ ਪੱਛਮੀ ਬੰਗਾਲ ਵਿਚ ਭਾਜਪਾ ਦੇ ਗੁਣਗਾਨ ਗਾਉਂਦਾ ਫਿਰਦਾ ਹੈ, ਜਿਸ ਵਿਚ ਉਹ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਦਸ ਸਾਲ ਤੋਂ ਬਣੀ ਤ੍ਰਿਣਮੂਲ ਕਾਂਗਰਸ ਦੀ ਸਰਕਾਰ ਦਾ ਪਾਸਾ ਪਲਟਣ ਲਈ ਹਰ ਹਰਬਾ ਵਰਤਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਮ-ਦਾਮ-ਦੰਡ-ਭੇਦ ਸਾਰੇ ਹੀਲੇ ਵਰਤ ਰਿਹਾ ਹੈ। ਬੰਗਾਲੀ ਬਾਬੂਆਂ ਨੂੰ ਆਪਣੇ ਇਲਮਾਂ ਨਾਲ ਵਸ ਵਿਚ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡਣਾ ਚਾਹੁੰਦਾ, ਪਰ ਦੂਜੇ ਪਾਸੇ ਜ਼ਖਮੀ ਸ਼ੇਰਨੀ ਵੀ ਕਾਲੇ ਜਾਦੂ ਦੀ ਮਾਹਿਰ ਮੋਦੀ ਦੇ ਸਾਰੇ ਢੰਗ-ਤਰੀਕੇ ਫੇਲ੍ਹ ਕਰਦੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਲਕਾਤਾ ਵਿਚ ਪਹਿਲੀ ਵੱਡੀ ਰੈਲੀ ਕਰਦਿਆਂ ਪੂਰਨ ਬਦਲਾਓ ਦਾ ਸੱਦਾ ਦਿੱਤਾ ਹੈ। ਫਿਲਮੀ ਕਲਾਕਾਰ ਮਿਥੁਨ ਚੱਕਰਵਰਤੀ ਨੂੰ ਭਾਜਪਾ ਵਿਚ ਸ਼ਾਮਲ ਕੀਤਾ ਹੈ।

ਉਧਰ, ਮਮਤਾ ਬੈਨਰਜੀ ਨੇ ਸਿਲੀਗੁੜੀ ਵਿਚ ਪੈਦਲ ਮਾਰਚ ਦੀ ਅਗਵਾਈ ਕਰਦਿਆਂ ਮਹਿੰਗਾਈ ਦਾ ਮੁੱਦਾ ਉਠਾਇਆ ਅਤੇ ਕੇਂਦਰ ਸਰਕਾਰ ਵਿਚ ਤਬਦੀਲੀ ਦੀ ਗੱਲ ਕੀਤੀ। ਪਿਛਲੇ ਲੰਮੇ ਸਮੇਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਦਰਮਿਆਨ ਆਪੋ-ਆਪਣੇ ਅਧਿਕਾਰਾਂ ਨੂੰ ਲੈ ਕੇ ਟਕਰਾਅ ਦਾ ਮਾਹੌਲ ਬਣਿਆ ਹੋਇਆ ਹੈ। ਭਾਜਪਾ ਉਤੇ ਇਹ ਦੋਸ਼ ਵੀ ਲੱਗਦਾ ਹੈ ਕਿ ਇਹ ਕੇਂਦਰੀ ਏਜੰਸੀਆਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੀ ਹੈ, ਜਿਸ ਕਾਰਨ ਡਰ ਅਤੇ ਲਾਲਚ-ਦੋਹਾਂ ਪੱਖਾਂ ਤੋਂ ਤ੍ਰਿਣਮੂਲ ਦੇ ਆਗੂਆਂ ਤੋਂ ਦਲ-ਬਦਲੀ ਕਰਵਾਈ ਜਾ ਰਹੀ ਹੈ। ਇਸ ਦੌਰਾਨ ਦੇਸ਼ ਵਿਚ ਕਿਸਾਨ ਅੰਦੋਲਨ ਲਗਾਤਾਰ ਹੋਰਾਂ ਰਾਜਾਂ ਵਿਚ ਫੈਲ ਰਿਹਾ ਹੈ। ਭਾਜਪਾ ਸਰਕਾਰ ਤਿੰਨ ਖੇਤੀ ਕਾਨੂੰਨਾਂ ਅਤੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਲੈ ਕੇ ਵੱਡੇ ਅੰਦੋਲਨ ਦਾ ਸਾਹਮਣਾ ਕਰ ਰਹੀ ਹੈ। ਭਾਜਪਾ ਹਿੰਦੂ-ਮੁਸਲਿਮ ਪੱਤਾ ਉਭਾਰਨ ਦੀ ਕੋਸ਼ਿਸ਼ ਵਿਚ ਹੈ, ਉਥੇ ਮਮਤਾ ਬੈਨਰਜੀ ਨੇ ਆਪਣੇ ਪੁਰਾਣੇ ਨਾਅਰੇ 'ਮਾ, ਮਾਟੀ ਤੇ ਮਾਨੁਸ਼' (ਮਾਂ, ਮਾਂ ਭੂਮੀ ਅਤੇ ਲੋਕ) ਉੱਤੇ ਚੋਣ ਲੜਨ ਦੀ ਰਣਨੀਤੀ ਬਣਾਈ ਹੈ।

ਸਿੰਗੂਰ ਅਤੇ ਨੰਦੀਗ੍ਰਾਮ ਦੇ ਇਲਾਕੇ 2007 ਵਿਚ ਦੁਨੀਆਂ ਭਰ ਵਿਚ ਚਰਚਿਤ ਹੋਏ ਸਨ, ਜਦੋਂ ਤਤਕਾਲੀ ਸਰਕਾਰ ਨੇ ਵਿਸ਼ੇਸ਼ ਆਰਥਿਕ ਜ਼ੋਨ ਦੀ ਨੀਤੀ ਤਹਿਤ ਕੰਪਨੀ ਨੂੰ ਹਜ਼ਾਰਾਂ ਏਕੜ ਜ਼ਮੀਨ ਐਕੁਆਇਰ ਕਰ ਕੇ ਦਿੱਤੀ ਸੀ। ਉਦੋਂ ਇਹ ਅਜਿਹਾ ਕਿਸਾਨ ਅੰਦੋਲਨ ਹੋ ਨਿਬੜਿਆ ਸੀ, ਜਿਸ ਕਾਰਨ 34 ਸਾਲ ਪੁਰਾਣੀ ਖੱਬੇ-ਪੱਖੀ ਸਰਕਾਰ ਚਲੀ ਗਈ ਅਤੇ 2011 ਵਿਚ ਤ੍ਰਿਣਮੂਲ ਕਾਂਗਰਸ ਸੱਤਾ ਵਿਚ ਆਈ, ਜੋ ਅਜੇ ਤੱਕ ਜਾਰੀ ਹੈ। ਪੱਛਮੀ ਬੰਗਾਲ ਵਿਚ ਭਾਜਪਾ, ਤ੍ਰਿਣਮੂਲ ਤੋਂ ਇਲਾਵਾ ਖੱਬੇ-ਪੱਖੀ ਧਿਰਾਂ ਅਤੇ ਕਾਂਗਰਸ ਸਾਂਝੇ ਤੌਰ ਉਤੇ ਚੋਣ ਲੜ ਰਹੇ ਹਨ। ਭਾਜਪਾ ਤ੍ਰਿਣਮੂਲ ਆਗੂਆਂ ਦੀਆਂ ਦਲ-ਬਦਲੀਆਂ ਦੇ ਨਾਲ ਨਾਲ ਕਈ ਅਜਿਹੀਆਂ ਪਾਰਟੀਆਂ ਨੂੰ ਸ਼ਹਿ ਦੇਣ ਦੀ ਕੋਸ਼ਿਸ਼ ਵੀ ਕਰ ਰਹੀ ਹੈ, ਜੋ ਮਮਤਾ ਦੇ ਵੋਟ ਬੈਂਕ ਨੂੰ ਨੁਕਸਾਨ ਪਹੁੰਚਾ ਸਕਣ। ਇਸੇ ਦੌਰਾਨ ਦੇਸ਼ ਵਿਚ ਚੱਲ ਰਹੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਵੀ 12 ਮਾਰਚ ਤੋਂ ਪੱਛਮੀ ਬੰਗਾਲ ਸਮੇਤ ਸਾਰੇ ਰਾਜਾਂ ਵਿਚ ਕਾਫਲੇ ਭੇਜ ਕੇ ਭਾਜਪਾ ਨੂੰ ਹਰਾਉਣ ਦਾ ਸੱਦਾ ਦੇਣ ਦਾ ਐਲਾਨ ਕੀਤਾ ਹੈ, ਪਰ ਪੱਛਮੀ ਬੰਗਾਲ ਵਿਚ ਜਿਸ ਤਰ੍ਹਾਂ ਸਰਕਾਰ ਨੇ ਆਪਣੀ ਸਾਰੀ ਤਾਕਤ ਲਾ ਦਿੱਤੀ ਹੈ, ਉਸ ਤੋਂ ਜਾਪਦਾ ਹੈ ਕਿ ਇਸ ਚੋਣ ਨੂੰ ਭਾਰਤੀ ਜਨਤਾ ਪਾਰਟੀ ਕਿੰਨੀ ਅਹਿਮ ਮੰਨ ਰਹੀ ਹੈ।

ਮੁਢਲੇ ਸਰਵੇਖਣਾਂ ਨੇ ਰਾਜ ਅੰਦਰ ਤ੍ਰਿਣਮੂਲ ਕਾਂਗਰਸ, ਜੋ ਪਿਛਲੇ ਦਸ ਸਾਲ ਤੋਂ ਰਾਜ ਅੰਦਰ ਸੱਤਾ ਵਿਚ ਹੈ, ਦਾ ਹੱਥ ਉਪਰ ਦਿਖਾਇਆ ਹੈ ਅਤੇ ਇਨ੍ਹਾਂ ਸਰਵੇਖਣਾਂ ਨੇ ਹੀ ਭਾਜਪਾ ਦੀ ਨੀਂਦ ਉਡਾ ਦਿੱਤੀ ਹੈ। ਇਸੇ ਕਰ ਕੇ ਪਾਰਟੀ ਦੇ ਵੱਡੇ ਆਗੂ ਨਿੱਤ ਦਿਨ ਨਵੀਆਂ ਰਣਨੀਤੀਆਂ ਘੜ ਰਹੇ ਹਨ ਅਤੇ ਜੋੜ-ਤੋੜਾਂ ਵਿਚ ਜੁਟੇ ਹੋਏ ਹਨ। ਉਂਜ, ਕੁਝ ਸਿਆਸੀ ਵਿਸ਼ਲੇਸ਼ਣਕਾਰ ਇਸ ਸਿੱਟੇ ਉਤੇ ਵੀ ਪੁੱਜ ਗਏ ਹਨ, ਜਿਸ ਤਰ੍ਹਾਂ ਦਾ ਮੁਕਾਮ ਭਾਜਪਾ ਨੇ ਕੇਂਦਰੀ ਸੱਤਾ ਅੰਦਰ ਹਾਸਲ ਕਰ ਲਿਆ ਹੈ ਅਤੇ ਵੱਖ-ਵੱਖ ਸੰਸਥਾਵਾਂ ਨੂੰ ਜਿਸ ਤਰ੍ਹਾਂ ਆਪਣੇ ਅਧੀਨ ਕਰ ਲਿਆ ਹੈ, ਤਾਂ ਵਿਧਾਨ ਸਭਾਵਾਂ ਚੋਣਾਂ ਵਿਚ ਜਿੱਤ ਜਾਂ ਹਾਰ ਇਹਦੇ ਲਈ ਹੁਣ ਤਕਰੀਬਨ ਬੇਮਾਇਨਾ ਹੋ ਗਈ ਹੈ। ਕੇਂਦਰੀ ਪੱਧਰ ਉਤੇ ਇਹ ਵਿਰੋਧੀ ਧਿਰ ਨੂੰ ਪੂਰੀ ਤਰ੍ਹਾਂ ਅਸਫਲ ਕਰ ਚੁਕੀ ਹੈ ਅਤੇ ਇੱਕਾ-ਦੁੱਕਾ ਖੇਤਰੀ ਪਾਰਟੀਆਂ ਨੂੰ ਛੱਡ ਕੇ ਬਾਕੀ ਸਭ ਖੇਤਰੀ ਪਾਰਟੀਆਂ ਦੀ ਚੁਣੌਤੀ ਵੀ ਇਸ ਨੇ ਤਕਰੀਬਨ ਖਤਮ ਕਰ ਦਿੱਤੀ ਹੈ। ਫਿਰ ਵੀ, ਪੱਛਮੀ ਬੰਗਾਲ ਦੀਆਂ ਚੋਣਾਂ ਨੂੰ ਹਰ ਵਰਗ ਵਲੋਂ ਅਹਿਮੀਅਤ ਦਿੱਤੀ ਜਾ ਰਹੀ ਹੈ, ਕਿਉਂਕਿ ਇਸ ਨਾਲ ਇਹ ਸਾਬਤ ਹੋਣਾ ਹੈ ਕਿ ਭਾਜਪਾ ਨੂੰ ਕਿਸ ਢੰਗ-ਤਰੀਕੇ ਵੰਗਾਰਿਆ ਜਾ ਸਕਦਾ ਹੈ।



ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੱਟ ਲੱਗਣ ਤੋਂ ਚਾਰ ਦਿਨ ਬਾਅਦ ਮੁੜ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ। ਐਤਵਾਰ ਨੂੰ ਵੀਲ੍ਹ ਚੇਅਰ 'ਤੇ ਬੈਠ ਕੇ ਚੋਣ ਪ੍ਰਚਾਰ ਕੀਤਾ। ਗਾਂਧੀ ਮੂਰਤੀ ਤੋਂ ਲੈ ਕੇ ਹਾਜ਼ਰਾ ਤੱਕ ਕੱਢੇ ਰੋਡ ਸ਼ੋਅ ਤੋਂ ਬਾਅਦ ਉਨ੍ਹਾਂ ਆਪਣੇ ਵਿਰੋਧੀਆਂ 'ਤੇ ਹਮਲਾ ਬੋਲਿਆ, "ਇਹ ਮੇਰੇ 'ਤੇ ਕੋਈ ਪਹਿਲਾ ਹਮਲਾ ਨਹੀਂ ਹੋਇਆ, ਇਹੋ ਜਿਹੇ ਕਈ ਹਮਲਿਆਂ ਦਾ ਮੈਂ ਜ਼ਿੰਦਗੀ ਵਿਚ ਬਹੁਤ ਸਾਹਮਣਾ ਕੀਤਾ ਹੈ, ਪਰ ਕਦੇ ਸਿਰ ਨਹੀਂ ਝੁਕਾਇਆ। ਮਮਤਾ ਦੀਦੀ ਇਹੋ ਜਿਹੀ ਹਾਲਤ 'ਚ ਹੀ ਸਾਰੇ ਰਾਜ ਦੌਰਿਆ ਦਾ ਦੌਰ ਲਗਾਤਾਰ ਜਾਰੀ ਰੱਖੇਗੀ। ਇਕ ਜ਼ਖਮੀ ਸ਼ੇਰਨੀ ਵੱਧ ਖਤਰਨਾਕ ਹੁੰਦੀ ਹੈ।"

ਖੇਤੀ ਅੰਦੋਲਨ ਨੂੰ ਮੱਥਾ ਟੇਕਦਿਆਂ ਮਮਤਾ ਨੇ ਕਿਹਾ, "ਡਾਕਟਰਾਂ ਨੇ ਭਾਵੇਂ ਮੈਨੂੰ ਅਰਾਮ ਕਰਨ ਦੀ ਸਲਾਹ ਦਿੱਤੀ ਹੈ, ਪਰ ਜੇ ਮੈਂ ਅਰਾਮ ਕਰਾਂਗੀ ਤਾਂ ਬੰਗਾਲ ਦੇ ਲੋਕਾਂ ਕੋਲ ਕੌਣ ਜਾਵੇਗਾ? ਲੋਕਤੰਤਰ ਨੂੰ ਬਚਾਉਣ ਲਈ ਵੀਲ੍ਹ ਚੇਅਰ 'ਤੇ ਹੀ ਘੁੰਮੇਗੀ ਮਮਤਾ। ਲੋਕਤੰਤਰ ਨੂੰ ਖਤਮ ਨਹੀਂ ਹੋਣ ਦਿਆਂਗੇ।" ਮਮਤਾ ਬੈਨਰਜੀ ਨੇ 2007 'ਚ ਨੰਦੀਗ੍ਰਾਮ ਵਿਖੇ ਪੁਲਿਸ ਗੋਲੀਬਾਰੀ 'ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਜਾਨ ਗਵਾਉਣ ਵਾਲੇ ਲੋਕਾਂ ਦੇ ਸਤਿਕਾਰ ਲਈ ਬੰਗਾਲ ਵਿਰੋਧੀ ਤਾਕਤਾਂ ਨਾਲ ਲੜਨ ਲਈ ਨੰਦੀਗ੍ਰਾਮ ਹਲਕੇ 'ਚ ਚੋਣ ਲੜਨ ਦਾ ਫੈਸਲਾ ਕੀਤਾ ਹੈ।

ਦੂਜੇ ਪਾਸੇ ਬੀਤੇ ਤਿੰਨ ਦਿਨਾਂ ਤੋਂ ਪੱਛਮੀ ਬੰਗਾਲ 'ਚ ਕਿਸਾਨ ਮਹਾਂ ਪੰਚਾਇਤਾਂ ਦਾ ਸਿਲਸਿਲਾ ਜਾਰੀ ਰਿਹਾ। ਐਤਵਾਰ ਸਿੰਗੂਰ ਵਿਖੇ ਕਿਸਾਨ ਪੰਚਾਇਤ 'ਚ ਕਿਸਾਨ ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਦੇਸ਼ ਬਚਾਉਣ ਲਈ ਭਾਜਪਾ ਨੂੰ ਹਰਾਉਣਾ ਜ਼ਰੂਰੀ ਹੈ। ਸਿੰਗੂਰ ਨੇ ਜ਼ਮੀਨ 'ਤੇ ਕਬਜ਼ਾ ਕਰਨ ਵਿਰੁੱਧ ਅੰਦੋਲਨ ਕਰ ਕੇ ਸਫਲਤਾ ਹਾਸਿਲ ਕੀਤੀ ਤੇ ਹੁਣ ਵੀ ਲੜਾਂਗੇ ਅਤੇ ਜਿੱਤਾਂਗੇ। ਇਸ ਮੌਕੇ ਵੱਡੀ ਗਿਣਤੀ 'ਚ ਸਿੰਗੂਰ ਜ਼ਮੀਨ ਲਈ ਅੰਦੋਲਨ ਕਰਨ ਵਾਲੀ ਜਥੇਬੰਦੀ ਕ੍ਰਿਸ਼ੀ ਜ਼ਮੀਨ ਰੱਖਿਆ ਸੰਮਤੀ ਦੇ ਵਰਕਰ ਹਾਜ਼ਰ ਸਨ, ਜਿਸ ਵਿਚ ਵੱਡੀ ਗਿਣਤੀ 'ਚ ਔਰਤਾਂ ਸਨ। ਭਾਜਪਾ ਨੂੰ ਬੰਗਾਲ 'ਚ ਆਉਣ ਤੋਂ ਰੋਕ ਕੇ ਸਾਨੂੰ ਬਚਾਓ। ਦੇਸ਼ ਨੂੰ ਨਾ ਚੀਨ ਤੋਂ ਖਤਰਾ ਹੈ ਅਤੇ ਨਾ ਪਾਕਿਸਤਾਨ ਤੋਂ ਖਤਰਾ ਹੈ। ਦੇਸ਼ ਨੂੰ ਮੋਦੀ ਸਰਕਾਰ ਤੋਂ ਖਤਰਾ ਹੈ, ਜਿਹੜਾ ਫਿਰ ਦੇਸ਼ ਨੂੰ ਗੁਲਾਮ ਬਣਾਉਣਾ ਚਾਹ ਰਿਹਾ ਹੈ। ਮੋਦੀ ਸਰਕਾਰ ਤੇ ਭਾਜਪਾ ਨੂੰ ਇਹੋ ਜਿਹੀ ਸਜ਼ਾ ਦਿਓ ਕਿ ਉਹ ਦੇਸ਼ ਵਿਰੋਧੀ ਗਲਤੀਆਂ ਕਰਨ ਬਾਰੇ ਸੋਚਣ ਵੀ ਨਾ। ਤਿੰਨ ਕਾਲੇ ਕਾਨੂੰਨ ਅਤੇ ਐਮ. ਐਸ. ਪੀ. ਸਿਰਫ ਕਿਸਾਨਾਂ ਦਾ ਨਹੀਂ, ਗਰੀਬ, ਮਜ਼ਦੂਰ ਅਤੇ ਆਮ ਆਦਮੀ ਦਾ ਮੁੱਦਾ ਹੈ। ਬੰਗਾਲੀ ਵੀਰੋ ਮੋਦੀ ਨੂੰ ਵੋਟ ਨਾ ਦੇ ਕੇ ਸਮਝੋ ਤੁਸੀਂ ਦੇਸ਼ ਦੀ ਵੱਡੀ ਸੇਵਾ ਕਰੋਗੇ।

ਮੇਧਾ ਪਾਟੇਕਰ ਨੇ ਨਾਅਰਾ ਦਿੱਤਾ, "ਅਸੀਂ ਨਾ ਖਾਲਿਸਤਾਨੀ, ਨਾ ਪਾਕਿਸਤਾਨੀ; ਅਸੀਂ ਹਾਂ ਸਾਰੇ ਹਿੰਦੁਸਤਾਨੀ!

ਪੰਜਾਬ ਟਾਈਮਜ਼

ਸਨਿਚਰਵਾਰ, 20 ਮਾਰਚ 2021

# ਨਿੱਘਰਦੀ ਸਿਆਸਤ

ਕਰੋਨਾ ਦੇ ਕਹਿਰ ਦਾ ਸਭ ਤੋਂ ਵੱਧ ਫਾਇਦਾ ਮੌਜੂਦਾ ਸਰਕਾਰਾਂ ਨੇ ਹੀ ਉਠਾਇਆ ਹੈ, ਇਹ ਭਾਵੇਂ ਕੇਂਦਰ ਵਿਚਲੀ ਮੋਦੀ ਸਰਕਾਰ ਹੋਵੇ, ਪੰਜਾਬ ਵਿਚਲੀ ਕੈਪਟਨ ਸਰਕਾਰ ਹੋਵੇ ਜਾਂ ਕਿਸੇ ਵੀ ਸੂਬੇ ਦੀ ਕੋਈ ਹੋਰ ਸਰਕਾਰ ਹੋਵੇ। ਆਪਣੇ ਸਿਆਸੀ ਫਾਇਦੇ ਲਈ ਹਾਲ ਹੀ ਵਿਚ ਕੈਪਟਨ ਅਮਰਿੰਦਰ ਸਿੰਘ ਨਗਰ ਪਾਲਿਕਾ ਚੋਣਾਂ ਕਰਵਾਈਆਂ, ਕਰੋਨਾ ਵਾਇਰਸ ਦਾ ਕਿਤੇ ਨਾਂ ਤੱਕ ਨਹੀਂ ਆਇਆ। ਹੁਣ ਵੀ ਸਰਕਾਰ ਦੇ ਆਪਣੇ ਸਾਰੇ ਕੰਮ ਚੱਲ ਰਹੇ ਹਨ ਪਰ ਵਿਦਿਆਰਥੀਆਂ ਦੇ ਇਮਤਿਹਾਨ ਤੱਕ ਮੁਲਤਵੀ ਕਰ ਦਿੱਤੇ ਗਏ ਹਨ। ਸਿਹਤ ਸਹੂਲਤਾਂ ਦਾ ਜੋ ਹਾਲ ਹੋਇਆ ਹੈ, ਉਹ ਬਿਆਨ ਤੋਂ ਬਾਹਰਾ ਹੈ। ਕਰੋਨਾ ਨਾਲ ਸਬੰਧਤ ਅੰਕੜਿਆਂ ਨਾਲ ਵੀ ਲਗਾਤਾਰ ਖਿਲਵਾੜ ਕੀਤਾ ਜਾ ਰਿਹਾ ਹੈ। ਕਿਸੇ ਸ਼ਖਸ ਦੇ ਪਾਜ਼ੇਟਿਵ ਜਾਂ ਨੈਗੇਟਿਵ ਹੋਣ ਬਾਰੇ ਭੰਬਲਭੂਸੇ ਦੀ ਬਥੇਰੀਆਂ ਖਬਰਾਂ ਅਕਸਰ ਨਸ਼ਰ ਹੁੰਦੀਆਂ ਹਨ ਪਰ ਸਭ ਤੋਂ ਵੱਧ ਗੈਰ-ਦਿਆਨਤਦਾਰੀ ਕਰੋਨਾ ਨਾਲ ਹੋ ਰਹੀਆਂ ਮੌਤਾਂ ਦੇ ਅੰਕੜਿਆਂ ਬਾਰੇ ਦਿਖਾਈ ਜਾ ਰਹੀ ਹੈ। ਮਰੀਜ਼ ਦੀ ਮੌਤ ਭਾਵੇਂ ਵੀ ਬਿਮਾਰੀ ਨਾਲ ਹੋਈ ਹੋਵੇ, ਜੇ ਉਸ ਦਾ ਕਰੋਨਾ ਟੈਸਟ ਪਾਜ਼ੇਟਿਵ ਹੈ ਤਾਂ ਇਹ ਮੌਤ ਸਿੱਧੀ ਕਰੋਨਾ ਦੇ ਖਾਤੇ ਵਿਚ ਪਾ ਦਿੱਤੀ ਜਾਂਦੀ ਹੈ। ਇਹੀ ਨਹੀਂ, ਇਸ ਤੋਂ ਬਾਅਦ ਸਬੰਧਤ ਪਰਿਵਾਰ ਦਾ ਜੋ ਹਾਲ ਹੁੰਦਾ ਹੈ, ਉਹ ਪਰਿਵਾਰ ਦੇ ਜੀਅ ਹੀ ਦੱਸ ਸਕਦੇ ਹਨ। ਜ਼ਾਹਿਰ ਹੈ ਕਿ ਇਸ ਮਹਾਮਾਰੀ ਦੀ ਆਮਦ ਤੋਂ ਇਕ ਸਾਲ ਵੀ ਇਸ ਖੌਫ ਲੋਕਾਂ ਅੰਦਰ ਪਾਇਆ ਜਾ ਰਿਹਾ ਹੈ ਅਤੇ ਸਰਕਾਰ ਇਹ ਸਭ ਕੁਝ ਜਾਣਬੁੱਝ ਕੇ ਕਰ ਰਹੀ ਹੈ। ਠੀਕ ਹੈ ਕਿ ਸਿਹਤ ਨਾਲ ਸਬੰਧਤ ਜਾਂ ਕੁਝ ਹੋਰ ਸਮੱਸਿਆਵਾਂ ਦਾ ਸਾਹਮਣਾ ਬੰਦੇ ਨੂੰ ਆਪਣੀ ਜ਼ਿੰਦਗੀ ਦੌਰਾਨ ਕਰਨਾ ਹੀ ਪੈਂਦਾ ਹੈ ਪਰ ਉਸ ਦੀ ਬਾਂਹ ਫੜਨ ਦੀ ਥਾਂ ਉਸ ਨੂੰ ਖੌਫਜ਼ਦਾ ਕਰਨਾ ਸਰਕਾਰਾਂ ਦਾ ਕੰਮ ਨਹੀਂ।

ਕੇਂਦਰ ਦੀ ਮੋਦੀ ਸਰਕਾਰ ਤਾਂ ਇਸ ਤੋਂ ਵੀ ਬਹੁਤ ਕਦਮ ਅੱਗੇ ਹੈ। ਖੇਤੀ ਕਾਨੂੰਨਾਂ ਬਾਰੇ ਤਾਂ ਹੁਣ ਸਾਰਾ ਮੁਲਕ ਜਾਣ ਚੁੱਕਾ ਹੈ, ਹੁਣ ਸਰਕਾਰੀ ਜਾਇਦਾਦਾਂ ਵੇਚਣ ਦੀ ਹਨੇਰੀ ਲਿਆਂਦੀ ਜਾ ਰਹੀ ਹੈ। ਸਰਕਾਰੀ ਬੈਂਕਾਂ ਦੇ ਮੁਲਾਜ਼ਮਾਂ ਨੇ ਭਾਵੇਂ ਦੋ ਰੋਜ਼ਾ ਭਰਵੀਂ ਹੜਤਾਲ ਕਰ ਕੇ ਸਰਕਾਰ ਨੂੰ ਹੱਥ ਦਿਖਾਉਣ ਦਾ ਯਤਨ ਕੀਤਾ ਪਰ ਨਾਲ ਦੀ ਨਾਲ ਹੀ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਦਾ ਬਿਆਨ ਆ ਗਿਆ ਹੈ ਕਿ ਜਿਹੜੀਆਂ ਬੈਂਕਾਂ ਪ੍ਰਾਈਵੇਟ ਹੱਥਾਂ ਵਿਚ ਸੌਂਪੀਆਂ ਜਾਣਗੀਆਂ, ਉਨ੍ਹਾਂ ਦੇ ਮੁਲਾਜ਼ਮਾਂ ਦੇ ਹਿਤਾਂ ਦੀ ਰਾਖੀ ਕੀਤੀ ਜਾਵੇਗੀ, ਭਾਵ ਸਰਕਾਰ ਆਪਣੇ ਇਸ ਫੈਸਲੇ ਤੋਂ ਪਿਛਾਂਹ ਨਹੀਂ ਹਟੇਗੀ। ਅਸਲ ਵਿਚ ਮੋਦੀ ਸਰਕਾਰ ਨੇ ਸਰਕਾਰੀ ਜਾਇਦਾਦਾਂ ਵੇਚ ਕੇ ਢਾਈ ਲੱਖ ਕਰੋੜ ਰੁਪਏ ਕਮਾਉਣ ਦਾ ਟੀਚਾ ਮਿਥਿਆ ਹੋਇਆ ਹੈ। ਆਰਥਕ ਮਾਹਿਰ ਵਾਰ-ਵਾਰ ਤਾਕੀਦ ਕਰ ਰਹੇ ਹਨ ਕਿ ਇਸ ਨਾਲ ਇਕ ਵਾਰ ਤਾਂ ਸਰਕਾਰ ਕੋਲ ਕੁਝ ਮਾਲੀਆ ਆ ਸਕਦਾ ਹੈ ਪਰ ਲੰਮੇ ਸਮੇਂ ਵਾਲਾ ਸੰਕਟ ਫਿਰ ਵੀ ਹੱਲ ਨਹੀਂ ਹੋਣਾ। ਇਸ ਲਈ ਇਸ ਸੰਕਟ ਦੇ ਹੱਲ ਲਈ ਹੋਰ ਆਰਥਕ ਪਹਿਲਕਦਮੀਆਂ ਜ਼ਰੂਰੀ ਹਨ ਪਰ ਸਰਕਾਰ ਆਏ ਦਿਨ ਅਗਾਂਹ ਤੋਂ ਅਗਾਂਹ ਹੀ ਵਧਦੀ ਨਜ਼ਰ ਆ ਰਹੀ ਹੈ। ਇਸ ਨੇ ਮੁਲਕ ਦੇ ਛੇ ਹਵਾਈ ਅੱਡੇ ਵੇਚਣ ਦੀ ਪਹਿਲਾਂ ਹੀ ਨਿਸ਼ਾਨਦੇਹੀ ਕਰ ਲਈ ਸੀ, ਹੁਣ ਸੱਤ ਹੋਰ ਹਵਾਈ ਅੱਡੇ ਛਾਂਟ ਲਏ ਹਨ ਜਿਹੜੇ ਪ੍ਰਾਈਵੇਟ ਹੱਥਾਂ ਵਿਚ ਸੌਂਪੇ ਜਾਣੇ ਹਨ। ਇਨ੍ਹਾਂ ਵਿਚ ਅੰਮ੍ਰਿਤਸਰ ਦਾ ਹਵਾਈ ਅੱਡਾ ਵੀ ਸ਼ਾਮਿਲ ਹੈ। ਇਹੀ ਨਹੀਂ, ਮੋਦੀ ਸਰਕਾਰ ਨੇ ਅੱਠ ਹੋਰ ਮੰਤਰਾਲਿਆਂ ਨਾਲ ਸਬੰਧਤ ਜਾਇਦਾਦਾਂ ਦੀ ਸੂਚੀ ਵੀ ਤਿਆਰ ਕਰ ਲਈ ਹੈ ਜਿਨ੍ਹਾਂ ਨੂੰ ਅਗਲੇ ਪੜਾਅ ਦੌਰਾਨ ਪ੍ਰਾਈਵੇਟ ਹੱਥਾਂ ਵਿਚ ਸੌਂਪ ਦਿੱਤਾ ਜਾਵੇਗਾ। ਇਨ੍ਹਾਂ ਮੰਤਰਾਲਿਆਂ ਵਿਚ ਸੜਕਾਂ, ਬਿਜਲੀ, ਤੇਲ ਤੇ ਗੈਸ ਪਾਈਪਲਾਈਨਾਂ, ਦੂਰ-ਸੰਚਾਰ ਟਾਵਰ, ਖੇਡ ਸਟੇਡੀਅਮ ਆਦਿ ਸ਼ਾਮਿਲ ਹਨ।

ਅਜਿਹੇ ਹਾਲਾਤ ਦੇ ਮੱਦੇਨਜ਼ਰ ਸਭ ਨੂੰ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਮੋਦੀ ਸਰਕਾਰ ਦਾ ਖੇਤੀ ਬਾਰੇ ਰਵੱਈਆ ਕੀ ਹੋਵੇਗਾ। ਬਿਨਾਂ ਸ਼ੱਕ, ਮੋਦੀ ਸਰਕਾਰ ਪਿਛਾਂਹ ਹਟਣ ਦੇ ਰੌਂਅ ਵਿਚ ਨਹੀਂ ਹੈ ਅਤੇ ਉਸ ਨੇ ਕਿਸਾਨ ਆਗੂਆਂ ਨਾਲ ਆਪਣੀ ਗੱਲਬਾਤ ਦੌਰਾਨ ਵੀ ਜ਼ਾਹਿਰ ਕਰ ਦਿੱਤਾ ਹੈ। ਇਸ ਸੂਰਤ ਵਿਚ ਇਕੋ-ਇਕ ਰਾਹ ਸੰਘਰਸ਼ ਦਾ ਹੀ ਰਹਿ ਜਾਂਦਾ ਹੈ, ਸੰਘਰਸ਼ ਵੀ ਅਜਿਹਾ ਖੁਦ ਕੋਈ ਗਲਤੀ ਕਰੇ ਬਗੈਰ ਸਰਕਾਰ ਨੂੰ ਧੱਕ ਕੇ ਕੰਧ ਨਾਲ ਲਾ ਲਵੇ। ਆਪਣੀਆਂ ਸਭ ਕਮੀਆਂ-ਕਮਜ਼ੋਰੀਆਂ ਦੇ ਬਾਵਜੂਦ ਕਿਸਾਨਾਂ ਦਾ ਸੰਘਰਸ਼ 26 ਜਨਵਰੀ ਤੱਕ ਇਸੇ ਤਰ੍ਹਾਂ ਚੱਲਿਆ ਅਤੇ ਸਰਕਾਰ ਨੂੰ ਕਿਸਾਨ ਆਗੂਆਂ ਨੇ ਇਕ ਤਰ੍ਹਾਂ ਨਾਲ ਨਿਰਉਤਰ ਕਰ ਦਿੱਤਾ ਪਰ 26 ਜਨਵਰੀ ਨੂੰ ਕੁਝ ਲੀਡਰਾਂ ਦੀਆਂ ਚੱਕਵੀਆਂ ਕਾਰਵਾਈਆਂ ਨੇ ਸੰਘਰਸ਼ ਨੂੰ ਬਿਨਾਂ ਸ਼ੱਕ ਸੱਟ ਮਾਰੀ। ਇਹ ਗੱਲ ਹੁਣ ਹਰ ਮਾਈ-ਭਾਈ ਸਵੀਕਾਰ ਕਰਦਾ ਹੈ ਕਿ 26 ਜਨਵਰੀ ਵਾਲੀਆਂ ਘਟਨਾਵਾਂ ਨੇ ਇਕ ਵਾਰ ਤਾਂ ਕਿਸਾਨ ਸੰਘਰਸ਼ ਦੇ ਪੈਰ ਉਖਾੜ ਦਿੱਤੇ ਸਨ। ਉਂਜ, ਹੁਣ ਸੰਘਰਸ਼ ਜਿਸ ਤਰ੍ਹਾਂ ਪੂਰੇ ਮੁਲਕ ਨੂੰ ਆਪਣੇ ਕਲਾਵੇ ਵਿਚ ਲੈ ਰਿਹਾ ਹੈ, ਉਸ ਨਾਲ ਇਕ ਵਾਰ ਫਿਰ ਮੋਦੀ ਸਰਕਾਰ 'ਤੇ ਦਬਾਅ ਬਣਨਾ ਆਰੰਭ ਹੋਇਆ ਹੈ। ਇਸ ਪ੍ਰਸੰਗ ਵਿਚ ਧਿਆਨ ਵਾਲੀ ਗੱਲ ਇਹ ਹੈ ਕਿ ਮੋਦੀ ਸਰਕਾਰ ਵਾਂਗ ਕੁਝ ਲੋਕ ਇਸ ਸੰਘਰਸ਼ ਨੂੰ ਸਿਰਫ ਪੰਜਾਬ ਜਾਂ ਸਿੱਖਾਂ ਤੱਕ ਸੀਮਤ ਕਰਨ ਦਾ ਯਤਨ ਕਰ ਰਹੇ ਹਨ। ਇਹ ਲੋਕ ਦਾਅਵੇ ਤਾਂ ਇਹ ਕਰ ਰਹੇ ਹਨ ਕਿ ਇਹ ਕਿਸਾਨ ਸੰਘਰਸ਼ ਦੇ ਹੱਕ ਵਿਚ ਹਨ ਪਰ ਇਨ੍ਹਾਂ ਦੀ ਇਕ-ਇਕ ਕਾਰਵਾਈ ਸੰਘਰਸ਼ ਦੇ ਰਾਹ ਦਾ ਰੋੜਾ ਬਣ ਰਹੀ ਹੈ ਅਤੇ ਸੰਘਰਸ਼ ਨੂੰ ਖਿੱਚ-ਖਿੱਚ ਕੇ ਪੰਜਾਬ ਜਾਂ ਸਿੱਖਾਂ ਦੇ ਦਾਇਰੇ ਵਿਚ ਬੰਨ੍ਹਣ ਦਾ ਯਤਨ ਕਰ ਰਹੀ ਹੈ। ਸਰਕਾਰ ਵੀ ਅਸਲ ਵਿਚ ਚਿਰਾਂ ਤੋਂ ਇਹੀ ਚਾਹ ਰਹੀ ਹੈ। ਇਸ ਲਈ ਇਸ ਵੇਲੇ ਸਭ ਤੋਂ ਪਹਿਲੀ ਅਤੇ ਵੱਡੀ ਲੋੜ ਕਿਸਾਨ ਸੰਘਰਸ਼ ਮੁਲਕ ਦੇ ਵੱਖ-ਵੱਖ ਹਿੱਸਿਆਂ ਅੰਦਰ ਲਿਜਾ ਕੇ ਵੱਧ ਤੋਂ ਵੱਧ ਸੂਬਿਆਂ ਤੋਂ ਹਮਾਇਤ ਜੁਟਾਉਣ ਦੀ ਹੈ। ਇਸ ਕੋਣ ਤੋਂ ਆਉਣ ਵਾਲਾ ਸਮਾਂ ਕਿਸਾਨ ਸੰਘਰਸ਼ ਅਤੇ ਇਹ ਸੰਘਰਸ਼ ਚਲਾਉਣ ਵਾਲੇ ਆਗੂਆਂ ਲਈ ਬਹੁਤ ਅਹਿਮ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪਿਆਰ ਦੀ ਭਾਲ?

ਟੱਬਰ ਖਿੱਲਰ ਗਏ ਪਾਰ ਸਮੁੰਦਰਾਂ ਤੋਂ, ਸਭ ਦੇ ਦੁੱਖੜੇ ਆਪਣੇ ਆਪ ਦੇ ਨੇ।
ਜਿਹੜਾ ਰਹਿ ਗਿਆ ਦੇਸ਼ 'ਚ ਪਿੱਛੇ, ਉਹਨੂੰ ਬਾਹਰਲੇ 'ਸੁਰਗ' 'ਚ ਜਾਪਦੇ ਨੇ।
ਮੁਖੀਆ ਰਿਹਾ ਪਰਿਵਾਰ ਦਾ ਇਕ ਕੋਈ ਨਾ, ਵੱਖੋ ਵੱਖਰੀਆਂ 'ਸੁਰਾਂ' ਅਲਾਪਦੇ ਨੇ।
ਨਿੱਘ ਮੁੱਕਿਆ ਨੇੜਲੇ ਰਿਸ਼ਤਿਆਂ ਦਾ, ਗਰਜਾਂ ਨਾਲ ਇਕ ਦੂਜੇ ਨੂੰ ਮਾਪਦੇ ਨੇ।
ਹੱਸਣ-ਖੇਡਣ ਲਈ ਮਾਰਦੇ ਰਹਿਣ ਟੁੰਗੇ, ਕਾਰਟੂਨ ਜਿਹੀ ਬਣੀ 'ਸਮਾਈਲ' ਵਿਚੋਂ।
ਸਕੇ-ਸੋਧਰੇ ਤਿਆਗ ਕੇ ਭਾਲ ਰਹੇ ਨੇ, ਲੋਕੀ ਅੱਜ ਦੇ ਪਿਆਰ ਮੋਬਾਈਲ ਵਿਚੋਂ!

# ਆਰਥਕ ਉਦੇਸ਼ ਸੰਵਿਧਾਨ ਦੀ ਦ੍ਰਿਸ਼ਟੀ ਤੋਂ ਵੱਖਰਾ ਨਹੀਂ ਹੋ ਸਕਦਾ

*ਆਨੰਦ ਤੇਲਤੁੰਬੜੇ ਗੋਆ ਇੰਸਟੀਚਿਊਟ ਆਫ ਮੈਨੇਜਮੈਂਟ ਵਿਚ ਪ੍ਰੋਫੈਸਰ ਅਤੇ ਬਿੱਗ ਡੇਟਾ ਐਨਾਲਿਟਿਕਸ ਦੇ ਚੇਅਰ ਹਨ। ਉਨ੍ਹਾਂ ਨੇ ਆਈ.ਆਈ.ਐਮ. ਅਹਿਮਦਾਬਾਦ ਤੋਂ ਪੜ੍ਹਾਈ ਕੀਤੀ ਹੋਈ ਹੈ ਅਤੇ ਆਈ.ਆਈ.ਟੀ. ਖੜਗਪੁਰ ਦੇ ਸਾਬਕਾ ਪ੍ਰੋਫੈਸਰ ਹਨ। ਇਸ ਵਕਤ ਉਹ ਹੋਰ ਲੋਕ ਬੁੱਧੀਜੀਵੀਆਂ ਸਮੇਤ ਕਥਿਤ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਮਾਮਲੇ ਵਿਚ ਮੁੰਬਈ ਦੀ ਤਲੋਜਾ ਜੇਲ੍ਹ ਵਿਚ ਕੈਦ ਹਨ। ਇਹ ਉਨ੍ਹਾਂ ਦੀ ਸੰਵਿਧਾਨ ਦੀ ਦ੍ਰਿਸ਼ਟੀ ਅਤੇ ਆਰਥਕ ਉਦੇਸ਼ ਦੇ ਦੁਵੱਲੇ ਸਬੰਧ ਬਾਰੇ ਮਹੱਤਵਪੂਰਨ ਟਿੱਪਣੀ ਹੈ। ਇਸ ਤੋਂ ਇਹ ਭਲੀਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਦੀ ਹੁਕਮਰਾਨ ਜਮਾਤ ਨੇ ਪਿਛਲੇ ਕਈ ਦਹਾਕਿਆਂ ਤੋਂ ਜੋ ਨਵਉਦਾਰਵਾਦੀ ਆਰਥਕ ਵਿਕਾਸ ਮਾਡਲ ਅਪਨਾਇਆ ਹੈ, ਉਹ ਸੱਤਾ ਬਦਲੀ ਤੋਂ ਬਾਅਦ 1950 ਵਿਚ ਅਪਨਾਏ ਸੰਵਿਧਾਨ ਦੀ ਦ੍ਰਿਸ਼ਟੀ ਤੋਂ ਪੂਰੀ ਤਰ੍ਹਾਂ ਉਲਟ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸ ਟਿੱਪਣੀ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ ਜੋ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।*

ਪਬਲਿਕ ਸੈਕਟਰ ਦੇ ਅਦਾਰਿਆਂ ਦਾ ਨਿੱਜੀਕਰਨ ਕਰਨ ਦੀ ਮੋਦੀ ਸਰਕਾਰ ਦੀ ਯੋਜਨਾ ਉਪਰ ਜਾਰੀ ਬਹਿਸ ਤੋਂ ਕੁਝ ਹੱਦ ਤੱਕ ਪੁਰਾਣੀਆਂ ਬਹਿਸਾਂ ਯਾਦ ਆ ਜਾਂਦੀਆਂ ਹਨ। ਸਰਕਾਰ ਦੀ ਹਮਾਇਤ 'ਚ ਨਿੱਜੀਕਰਨ ਦਾ ਪੱਖ ਲੈਣ ਵਾਲੇ ਲੋਕ ਦਲੀਲ ਦੇ ਰਹੇ ਹਨ ਕਿ ਨਿੱਜੀਕਰਨ ਹਮੇਸ਼ਾ ਹੀ ਪਬਲਿਕ ਸੈਕਟਰ ਦੇ ਲਈ ਕਾਰਗਰ/ਕਾਰਜਕੁਸ਼ਲ ਰਿਹਾ ਹੈ। ਉਹ ਨਹੀਂ ਜਾਣਦੇ ਕਿ ਇਸ ਦਲੀਲ ਦਾ ਤਾਰਕਿਕ ਵਿਸਤਾਰ ਕਰੀਏ ਤਾਂ ਇਹ ਬੇਤੁਕਾ ਲੇਕਿਨ ਜਾਇਜ਼ ਸਵਾਲ ਵੀ ਕੀਤਾ ਜਾ ਸਕਦਾ ਹੈ ਕਿ ਫਿਰ ਤਾਂ ਖੁਦ ਸਰਕਾਰ ਦਾ ਹੀ ਨਿੱਜੀਕਰਨ ਕਿਉਂ ਨਹੀਂ ਹੋਣਾ ਚਾਹੀਦਾ।

ਨਿੱਜੀਕਰਨ ਦੇ ਹਮਾਇਤੀ ਆਪਣੀ ਗੱਲ ਨੂੰ ਮਿਸਾਲ ਦੇ ਰੂਪ 'ਚ ਪੇਸ਼ ਕਰਦੇ ਹੋਏ ਕਹਿੰਦੇ ਹਨ ਕਿ ਪ੍ਰਾਈਵੇਟ ਸੈਕਟਰ ਦਾ ਰਾਹ ਅਪਨਾਉਣ ਵਾਲਾ ਸੰਯੁਕਤ ਰਾਜ ਅਮਰੀਕਾ ਆਲਮੀ ਆਰਥਕ ਤਾਕਤ ਬਣ ਗਿਆ ਜਦਕਿ ਪਬਲਿਕ ਸੈਕਟਰ ਨੂੰ ਤਰਜੀਹ ਦੇਣ ਵਾਲਾ ਬ੍ਰਿਟੇਨ 1980 ਦੇ ਦਹਾਕੇ ਦੇ ਅਖੀਰ ਤੱਕ ਦਿਵਾਲੀਆ ਹੋਣ ਦੇ ਕੰਢੇ 'ਤੇ ਪਹੁੰਚ ਗਿਆ ਸੀ। ਉਹ ਬੜੇ ਆਰਾਮ ਨਾਲ ਭੁੱਲ ਜਾਂਦੇ ਹਨ ਕਿ 1929 ਵਿਚ ਮਹਾਮੰਦੀ ਦੇ ਵਕਤ ਮੌਤ ਦੇ ਕੰਢੇ 'ਤੇ ਪਹੁੰਚ ਚੁੱਕੀ ਸਰਮਾਏਦਾਰੀ (ਭਾਵ ਨਿੱਜੀ ਸਰਮਾਏਦਾਰੀ) ਨੂੰ ਕੀਨਜ਼ ਦੇ ਪਬਲਿਕ ਪੂੰਜੀ-ਨਿਵੇਸ਼ ਦੇ ਨੁਸਖੇ ਨੇ ਹੀ ਬਚਾਇਆ ਸੀ। ਮੁੱਖ ਤੌਰ 'ਤੇ ਇਸੇ ਨੁਸਖੇ ਦੀ ਬਦੌਲਤ ਕੁਲ ਆਲਮ ਵਿਚ ਪਬਲਿਕ ਸੈਕਟਰ ਨੇ ਜਨਮ ਲਿਆ ਅਤੇ ਇਸ ਦਾ ਵਧਾਰਾ-ਪਸਾਰਾ ਹੋਇਆ ਜਿਸ ਨੂੰ 1980 ਦੇ ਦਹਾਕੇ 'ਚ ਨਵਉਦਾਰਵਾਦੀ ਅਰਥ ਸ਼ਾਸਤਰੀਆਂ ਨੇ ਬਦਨਾਮ ਕਰ ਦਿੱਤਾ।



**ਆਨੰਦ ਤੇਲਤੁੰਬੜੇ**
**ਅਨੁਵਾਦ: ਬੂਟਾ ਸਿੰਘ**

ਇਸੇ ਤਰ੍ਹਾਂ ਇਹ ਵੀ ਇਕ ਤੱਥ ਹੈ ਕਿ ਪਬਲਿਕ ਸੈਕਟਰ ਦੀ ਮੁੱਖ ਭੂਮਿਕਾ ਵਾਲੇ ਨਹਿਰੂਵਾਦੀ ਸਮਾਜਵਾਦ (ਭਾਰਤੀ ਕਿਸਮ ਦੇ) ਦੀ ਮਿਸ਼ਰਿਤ ਆਰਥਕਤਾ ਤੋਂ ਬਾਅਦ, ਤੇ ਇਸ ਦੀ ਬਦੌਲਤ ਵਧੇ-ਫੁੱਲੇ ਲਾਇਸੈਂਸ ਰਾਜ ਤੋਂ ਬਾਅਦ, 1980 ਦੇ ਦਹਾਕੇ 'ਚ ਭਾਰਤ ਦਾ ਉਦਾਰੀਕਰਨ ਸ਼ੁਰੂ ਹੋਇਆ ਅਤੇ ਪ੍ਰਾਈਵੇਟ ਸੈਕਟਰ ਸੌਖਿਆਂ ਹੀ ਵੱਧ ਕੇ ਪਬਲਿਕ ਸੈਕਟਰ ਤੋਂ ਅੱਗੇ ਨਿਕਲ ਗਿਆ; ਲੇਕਿਨ ਇਤਿਹਾਸ ਨੂੰ ਇਸ ਤਰ੍ਹਾਂ ਸਿੱਧਾ ਸਪਾਟ ਦੇਖਦੇ ਹੋਏ ਵੀ, ਇਹ ਚੇਤੇ ਰੱਖਣ ਦੀ ਜ਼ਰੂਰਤ ਹੈ ਕਿ ਬੁਨਿਆਦੀ ਉਦਯੋਗਾਂ ਵਿਚ ਭਾਰੀ ਪਬਲਿਕ ਪੂੰਜੀ-ਨਿਵੇਸ਼ ਦੀ ਤਜਵੀਜ਼ ਓਨੀ ਨਹਿਰੂ ਦੀ ਨਹੀਂ ਸੀ, ਜਿੰਨੀ ਇਹ ਬੰਬੇ ਯੋਜਨਾ ਦੀ ਸੀ ਜੋ ਮੁਲਕ ਦੇ ਅੱਠ ਮੋਹਰੀ ਸਰਮਾਏਦਾਰਾਂ ਨੇ ਤਿਆਰ ਕਰ ਕੇ ਭਾਰਤ ਦੀ ਤਰੱਕੀ ਦੇ ਮਾਡਲ ਦੇ ਤੌਰ 'ਤੇ ਸਰਕਾਰ ਅੱਗੇ ਰੱਖੀ ਸੀ। ਰਾਜਨੀਤਕ ਤੌਰ 'ਤੇ ਇਸ ਯੋਜਨਾ ਉਪਰ ਅਮਲ ਕਰਦੇ ਹੋਏ ਉਸ ਵਕਤ ਦੀ ਸਰਕਾਰ ਨੂੰ ਆਪਣੀ ਸਮਾਜਵਾਦੀ ਬਿਆਨਬਾਜ਼ੀ ਵਿਚ ਮਦਦ ਹੀ ਮਿਲੀ ਸੀ। ਜਦ ਅਸੀਂ ਇਸ ਬਾਰੇ ਪੜ੍ਹਦੇ ਹਾਂ ਕਿ ਕਿਸ ਤਰ੍ਹਾਂ ਪਬਲਿਕ ਸੈਕਟਰ ਦੇ ਕਾਰੋਬਾਰਾਂ ਦਾ ਨਿੱਜੀਕਰਨ ਕਰਨ ਤੋਂ ਬਾਅਦ ਰੂਸ ਅਤੇ ਚੀਨ ਦੀਆਂ ਆਰਥਕਤਾਵਾਂ ਉਡਾਣ ਭਰ ਰਹੀਆਂ ਹਨ ਤਾਂ ਇਹ ਵੀ ਚੇਤੇ ਰੱਖਣ ਦੀ ਜ਼ਰੂਰਤ ਹੈ ਕਿ ਉਨ੍ਹਾਂ ਦੇ ਨਿੱਜੀਕਰਨ ਦੀ ਕਾਮਯਾਬੀ ਦੀ ਵਜ੍ਹਾ ਉਹ ਬੁਨਿਆਦੀ ਢਾਂਚਾ ਹੈ ਜਿਸ ਨੂੰ ਉਨ੍ਹਾਂ ਮੁਲਕਾਂ ਦੇ ਪਬਲਿਕ ਸੈਕਟਰ ਦੇ ਕਾਰੋਬਾਰਾਂ ਨੇ ਖੜ੍ਹਾ ਕੀਤਾ ਸੀ। ਇਸ ਲਈ ਵਿਸ਼ਲੇਸ਼ਣ ਤੋਂ ਬਗੈਰ ਹੀ ਇਤਿਹਾਸਕ ਅੰਕੜਿਆਂ ਨੂੰ ਇਸ ਤਰ੍ਹਾਂ ਸਤਹੀ ਤੌਰ 'ਤੇ ਪੇਸ਼ ਕਰ ਕੇ ਦਲੀਲ ਜਿੱਤ ਤਾਂ ਸਕਦੀ ਹੈ ਲੇਕਿਨ ਇਨ੍ਹਾਂ ਇਤਿਹਾਸਕ ਅੰਕੜਿਆਂ ਦੇ ਸਹੀ ਮਾਇਨਿਆਂ ਨੂੰ ਸਮਝਣ ਵਿਚ ਇਸ ਨਾਲ ਕੋਈ ਮਦਦ ਨਹੀਂ ਮਿਲੇਗੀ।

ਇਕ ਸੂਤਰ ਦੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਜੇ ਕਾਰੋਬਾਰਾਂ ਨੂੰ ਹਰ ਤਰ੍ਹਾਂ ਦੇ ਰੈਗੂਲੇਸ਼ਨ ਅਤੇ ਕੰਟਰੋਲ ਤੋਂ ਆਜ਼ਾਦ ਛੱਡ ਦਿੱਤਾ ਜਾਵੇ ਤਾਂ ਪੱਕੇ ਤੌਰ 'ਤੇ ਉਹ ਉਨ੍ਹਾਂ ਕਾਰੋਬਾਰਾਂ ਤੋਂ ਵਧੇਰੇ ਕਾਰਗਰ ਹੋਣਗੇ ਜਿਨ੍ਹਾਂ ਦੇ ਪੈਰਾਂ ਨੂੰ ਐਸੀਆਂ ਸੀਮਾਵਾਂ ਨੇ ਜ਼ੰਜੀਰਾਂ ਵਿਚ ਜਕੜਿਆ ਹੁੰਦਾ ਹੈ। ਪਬਲਿਕ ਸੈਕਟਰ ਦੀ ਤੁਲਨਾ ਵਿਚ ਪ੍ਰਾਈਵੇਟ ਸੈਕਟਰ ਵਿਚ ਜੋ ਸਮਰੱਥਾ ਨਜ਼ਰ ਆਉਂਦੀ ਹੈ, ਉਸ ਨੂੰ ਇਸ ਸੂਤਰ ਨਾਲ ਸਮਝਿਆ ਜਾ ਸਕਦਾ ਹੈ; ਲੇਕਿਨ ਜਿਵੇਂ ਨਜ਼ਰ ਆਉਂਦਾ ਹੈ, ਉਸ ਤਰ੍ਹਾਂ ਅਸਲੀਅਤ ਵਿਚ ਹੋਣਾ ਜ਼ਰੂਰੀ ਨਹੀਂ ਹੈ। ਜਦ ਪ੍ਰਾਈਵੇਟ ਸੈਕਟਰ ਦੀ ਸ੍ਰੇਸ਼ਟਤਾ ਦਿਖਾਉਣ ਲਈ ਉਨ੍ਹਾਂ ਕਾਰੋਬਾਰਾਂ ਦੀ ਕਾਰਗੁਜ਼ਾਰੀ ਬਾਰ ਚੋਣਵੇਂ ਅੰਕੜੇ ਪੇਸ਼ ਕੀਤੇ ਜਾਂਦੇ ਹਨ ਤਾਂ ਫਿਰ ਵੱਖ-ਵੱਖ ਕਰਾਂ ਅਤੇ ਗੈਰ-ਕਰਾਂ ਵਿਚ ਉਨ੍ਹਾਂ ਰਿਆਇਤਾਂ ਨੂੰ ਵੀ ਲੇਖੇ-ਜੋਖੇ ਵਿਚ ਲੈਣਾ ਜ਼ਰੂਰੀ ਹੈ ਜੋ ਪ੍ਰਾਈਵੇਟ ਸੈਕਟਰ ਨੂੰ ਮੁਹੱਈਆ ਕਰਾਈਆਂ ਜਾਂਦੀਆਂ ਹਨ। ਇਸ ਵਿਚ ਪਬਲਿਕ ਸੈਕਟਰ ਦੇ ਬੈਂਕਾਂ ਦੇ ਡੁੱਬੇ ਹੋਏ ਭਾਰੀ ਕਰਜ਼ਿਆਂ (ਐਨ.ਪੀ.ਏ. - ਨਾਨ ਪ੍ਰਫਾਰਮਿੰਗ ਅਸੈਟਸ) ਨੂੰ ਵੀ ਦੇਖਣਾ ਚਾਹੀਦਾ ਹੈ ਜਿਸ ਦੀ ਮੁੱਖ ਵਜ੍ਹਾ ਐਸੀਆਂ ਰਿਆਇਤਾਂ ਹਨ।

1995 'ਚ ਤੇਲ ਉਦਯੋਗ ਦੀ ਡੀਰੈਗੂਲੇਸ਼ਨ ਕਰਨ ਲਈ ਬਣਾਏ ਅਧਿਐਨ ਗਰੁੱਪ ਦੇ ਇਕ ਮੈਂਬਰ ਦੇ ਰੂਪ ਵਿਚ ਮੈਂ ਪਬਲਿਕ ਸੈਕਟਰ ਦੇ ਬਹੁਤ ਹੀ ਮਹੱਤਵਪੂਰਨ ਅਦਾਰੇ ਤੇਲ ਅਤੇ ਕੁਦਰਤੀ ਗੈਸ ਕਾਰਪੋਰੇਸ਼ਨ (ਓ.ਐਨ.ਜੀ.ਸੀ.) ਦੀ ਲੰਮੇ ਸਮੇਂ ਦੀ ਤੁਲਨਾਤਮਕ ਕਾਰਗੁਜ਼ਾਰੀ ਦਾ ਅਧਿਐਨ ਕੀਤਾ ਸੀ ਜੋ ਆਲਮੀ ਤੇਲ ਕੰਪਨੀਆਂ ਦੇ ਮੁਕਾਬਲੇ ਪਬਲਿਕ ਸੈਕਟਰ ਦਾ ਮਹੱਤਵਪੂਰਨ ਕਾਰੋਬਾਰ ਹੈ ਅਤੇ ਆਪਣੇ ਅਧਿਐਨ ਵਿਚ ਮੈਨੂੰ ਕੋਈ ਖਾਸ ਫਰਕ ਨਹੀਂ ਲੱਭਿਆ ਸੀ, ਇਸ ਨੂੰ ਲੈ ਕੇ ਸਰਕਾਰ ਬਹੁਤ ਹੀ ਅਸਹਿਜ ਹੋ ਗਈ ਸੀ। ਫਿਰ ਉਦਾਰਵਾਦ ਲਾਗੂ ਹੋਣ ਤੋਂ ਬਾਅਦ ਦੇ ਜਨੂਨ ਦੇ ਆਲਮ ਵਿਚ ਜਦ ਸਰਕਾਰ ਨੇ ਭਰਪੂਰ ਮੁਨਾਫੇ ਵਿਚ ਜਾ ਰਹੇ ਕਾਰੋਬਾਰਾਂ ਦੇ ਬੋਰਡ ਨੂੰ ਵਧੇਰੇ ਸੱਤਾ ਦੇ ਦਿੱਤੀ, ਤਾਂ ਤੇਲ ਕੰਪਨੀਆਂ ਨੇ ਪਬਲਿਕ ਸੈਕਟਰ ਵਿਚ ਨਿੱਜੀ ਭਾਈਵਾਲਾਂ ਨਾਲ ਫਟਾਫਟ ਦਰਜਨਾਂ ਸਾਂਝੇ ਕਾਰੋਬਾਰਾਂ ਦੀ ਸਥਾਪਨਾ ਕਰ ਲਈ (ਜਿਸ ਵਿਚ ਪਬਲਿਕ ਸੈਕਟਰ ਦੇ ਕਾਰੋਬਾਰ ਦੀ ਹਿੱਸੇਦਾਰੀ 50 ਫੀਸਦੀ ਤੱਕ ਸੀਮਤ ਸੀ)। ਕੁਝ ਸਾਲਾਂ ਦੇ ਅੰਦਰ, ਕੁਝ ਕੁ ਕਾਰੋਬਾਰਾਂ ਨੂੰ ਛੱਡ ਕੇ ਇਹ ਤਮਾਮ ਸਾਂਝੇ ਕਾਰੋਬਾਰ ਭਾਰੀ ਕਰਜ਼ਿਆਂ ਵਿਚ ਧਸ ਕੇ ਖਤਮ ਹੋ ਗਏ। ਇਸ ਲਈ ਇਸ ਗੱਲ ਨੂੰ ਸਾਬਤ ਕਰਨ ਲਈ ਕੋਈ ਅਕੱਟ ਸਬੂਤ ਨਹੀਂ ਹੈ ਕਿ ਪਬਲਿਕ ਸੈਕਟਰ ਦੇ ਕਾਰੋਬਾਰਾਂ ਦੀ ਤੁਲਨਾ ਵਿਚ ਨਿੱਜੀ ਕਾਰੋਬਾਰ ਬੁਨਿਆਦੀ ਰੂਪ ਵਿਚ ਵਧੇਰੇ ਸਮਰੱਥ ਹੁੰਦੇ ਹਨ।

ਲੇਕਿਨ ਸਭ ਤੋਂ ਮਹੱਤਵਪੂਰਨ ਗੱਲ ਸਮਰੱਥਾ ਨਹੀਂ, ਬਲਕਿ ਕਾਰਗਰਤਾ ਹੈ ਜੋ ਇਸ ਪੂਰੀ ਬਹਿਸ ਵਿਚੋਂ ਸਾਫ ਤੌਰ 'ਤੇ ਗਾਇਬ ਹੈ। ਰਵਾਇਤੀ ਬਿਜ਼ਨੈਸ ਮੈਨੇਜਮੈਂਟ ਵਿਚ ਵੀ ਜਦ ਸਮਰੱਥਾ ਦੀ ਤਾਰੀਫ ਕੀਤੀ ਜਾਂਦੀ ਹੈ ਤਾਂ ਐਸਾ ਇਸ ਦੇ ਸਾਂਝੇ ਪੈਮਾਨੇ ਕਾਰਗਰਤਾ ਤੋਂ ਬਗੈਰ ਨਹੀਂ ਕੀਤਾ ਜਾਂਦਾ। ਇਹ ਕਾਰਗਰਤਾ ਇਸ ਗੱਲ ਦਾ ਪੈਮਾਨਾ ਹੈ ਕਿ ਉਹ ਕਾਰੋਬਾਰ ਆਪਣੇ ਉਦੇਸ਼ ਨੂੰ ਕਿੰਨਾ ਪੂਰਾ ਕਰ ਲੈਂਦਾ ਹੈ। ਜੋ ਕਾਰੋਬਾਰ ਥੋੜ੍ਹੇ ਅਰਸੇ ਵਿਚ ਕਮਾਈ ਤਾਂ ਕਰ ਲੈਂਦਾ ਹੈ ਲੇਕਿਨ ਆਪਣੀ ਰਣਨੀਤਕ ਦਿਸ਼ਾ ਤੋਂ ਭਟਕ ਜਾਂਦਾ ਹੈ, ਉਹ ਚੰਗਾ ਕਾਰੋਬਾਰ ਨਹੀਂ ਹੈ। ਇਸੇ ਤਰ੍ਹਾਂ, ਉਹ ਆਰਥਕਤਾ ਚੰਗੀ ਨਹੀਂ ਹੋ ਸਕਦੀ ਜੋ ਕੁਲ ਘਰੇਲੂ ਉਪਜ (ਜੀ.ਡੀ.ਪੀ.) ਵਿਚ ਤਾਂ ਲੰਮੀ ਛਾਲ ਮਾਰੇ ਲੇਕਿਨ ਸਿਹਤ, ਸਿੱਖਿਆ ਅਤੇ ਰੁਜ਼ਗਾਰ ਦੀ ਸੁਰੱਖਿਆ ਵਰਗੀ ਬੁਨਿਆਦੀ ਸੁਤੰਤਰਤਾ ਅਤੇ ਸਾਧਨ ਮੁਹੱਈਆ ਕਰਾਉਣ ਵਿਚ ਨਾਕਾਮ ਰਹੇ।

ਮੰਨ ਲਓ ਕਿ ਜੇ ਅਸੀਂ ਜੀ.ਡੀ.ਪੀ. ਨੂੰ ਵਧਾਉਣ ਲਈ ਆਰਥਕਤਾ ਨੂੰ ਕਿਸੇ ਉਘੇ ਕਾਰਪੋਰੇਟ ਦੇ ਹਵਾਲੇ ਕਰ ਦੇਈਏ ਤਾਂ ਮੈਨੂੰ ਯਕੀਨ ਹੈ ਕਿ ਇਸ ਨਾਲ ਜੀ.ਡੀ.ਪੀ. ਐਸੇ ਪੱਧਰ ਉਪਰ ਪਹੁੰਚ ਜਾਵੇਗੀ ਜੋ ਕਲਪਨਾ ਤੋਂ ਪਰੇ ਹੈ; ਲੇਕਿਨ ਕੀ ਰਾਸ਼ਟਰ ਦੇ ਰੂਪ ਵਿਚ ਇਹ ਸਾਡੀ ਮਨੋਰਥ ਨੂੰ ਪੂਰਾ ਕਰ ਸਕੇਗਾ? ਆਰਥਕਤਾ ਦਾ ਮਨੋਰਥ ਸੰਵਿਧਾਨ ਵਿਚ ਸਮੋਏ ਨਜ਼ਰੀਏ ਜਾਂ ਵਿਜ਼ਨ ਤੋਂ ਵੱਖਰਾ ਨਹੀਂ ਹੋ ਸਕਦਾ, ਜਿਸ ਨੂੰ ਇਸ ਦੀ ਆਦਿਕਾ ਵਿਚ, ਵੱਖ-ਵੱਖ ਮੱਦਾਂ ਅਤੇ ਸਭ ਤੋਂ ਮਹੱਤਵਪੂਰਨ ਰੂਪ 'ਚ ਰਾਜ ਦੇ ਨੀਤੀ-ਨਿਰਦੇਸ਼ਕ ਸਿਧਾਂਤਾਂ ਵਿਚ ਲਿਖਿਆ ਗਿਆ ਹੈ। ਇਸ ਦਾ ਮਨੋਰਥ ਐਸਾ ਸਮਾਜੀ ਪ੍ਰਬੰਧ ਬਣਾਉਣਾ ਹੈ ਜਿਸ ਵਿਚ ਨਿਆਂ (ਸਮਾਜੀ ਨਿਆਂ, ਆਰਥਕ ਨਿਆਂ ਅਤੇ ਰਾਜਨੀਤਕ ਨਿਆਂ) ਸਾਰੀਆਂ ਹੀ ਸੰਸਥਾਵਾਂ ਦੀਆਂ ਨੀਤੀਆਂ, ਇਸ ਦੇ ਫੈਸਲਿਆਂ ਅਤੇ ਇਸ ਦੀਆਂ ਦਿਸ਼ਾਵਾਂ ਨੂੰ ਤੈਅ ਕਰੇਗਾ। ਇਹ ਪ੍ਰਬੰਧ ਇਕ ਐਸਾ ਪ੍ਰਬੰਧ ਹੈ ਜੋ ਸੁਤੰਤਰਤਾ, ਬਰਾਬਰੀ ਅਤੇ ਭਰੱਪਣ ਤੇ ਨਿਆਂ ਉਪਰ ਆਧਾਰਿਤ ਹੈ ਜਿਵੇਂ ਡਾ. ਅੰਬੇਡਕਰ ਨੇ ਦੱਸਿਆ ਸੀ।

ਇੱਥੇ ਇਸ ਗੱਲ ਦਾ ਕੋਈ ਫੈਸਲਾਕੁਨ ਸਬੂਤ ਨਹੀਂ ਹੈ ਕਿ ਪ੍ਰਾਈਵੇਟ ਸੈਕਟਰ ਪਬਲਿਕ ਸੈਕਟਰ ਦੀ ਤੁਲਨਾ ਵਿਚ ਵਧੇਰੇ ਸਮਰੱਥ ਹੈ। ਉਥੇ ਨਾਲ ਹੀ ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਭਾਰਤ ਵਿਚ ਆਰਥਕ ਵਿਕਾਸ ਦੇ ਕਾਰਗਰਤਾ ਦੇ ਪੈਮਾਨੇ ਉਪਰ ਇਹ ਕਦੇ ਵੀ ਪੂਰਾ ਨਹੀਂ ਉਤਰ ਸਕਦਾ।

> *ਜੋ ਕਾਰੋਬਾਰ ਥੋੜ੍ਹੇ ਅਰਸੇ ਵਿਚ ਕਮਾਈ ਤਾਂ ਕਰ ਲੈਂਦਾ ਹੈ ਲੇਕਿਨ ਆਪਣੀ ਰਣਨੀਤਕ ਦਿਸ਼ਾ ਤੋਂ ਭਟਕ ਜਾਂਦਾ ਹੈ, ਉਹ ਚੰਗਾ ਕਾਰੋਬਾਰ ਨਹੀਂ ਹੈ। ਇਸੇ ਤਰ੍ਹਾਂ, ਉਹ ਆਰਥਕਤਾ ਚੰਗੀ ਨਹੀਂ ਹੋ ਸਕਦੀ ਜੋ ਕੁਲ ਘਰੇਲੂ ਉਪਜ (ਜੀ.ਡੀ.ਪੀ.) ਵਿਚ ਤਾਂ ਲੰਮੀ ਛਾਲ ਮਾਰੇ ਲੇਕਿਨ ਸਿਹਤ, ਸਿੱਖਿਆ ਅਤੇ ਰੁਜ਼ਗਾਰ ਦੀ ਸੁਰੱਖਿਆ ਵਰਗੀ ਬੁਨਿਆਦੀ ਸੁਤੰਤਰਤਾ ਅਤੇ ਸਾਧਨ ਮੁਹੱਈਆ ਕਰਾਉਣ ਵਿਚ ਨਾਕਾਮ ਰਹੇ। ... ਇੱਥੇ ਇਸ ਗੱਲ ਦਾ ਕੋਈ ਫੈਸਲਾਕੁਨ ਸਬੂਤ ਨਹੀਂ ਹੈ ਕਿ ਪ੍ਰਾਈਵੇਟ ਸੈਕਟਰ ਪਬਲਿਕ ਸੈਕਟਰ ਦੀ ਤੁਲਨਾ ਵਿਚ ਵਧੇਰੇ ਸਮਰੱਥ ਹੈ। ਉਥੇ ਨਾਲ ਹੀ ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਭਾਰਤ ਵਿਚ ਆਰਥਕ ਵਿਕਾਸ ਦੇ ਕਾਰਗਰਤਾ ਦੇ ਪੈਮਾਨੇ ਉਪਰ ਇਹ ਕਦੇ ਵੀ ਪੂਰਾ ਨਹੀਂ ਉਤਰ ਸਕਦਾ।*

# ਪੰਜਾਬ ਦੀ ਮਾੜੀ ਆਰਥਕ ਹਾਲਤ ਅਤੇ ਵਧ ਰਿਹਾ ਕਰਜ਼ਾ

ਡਾ. ਸ. ਸ. ਛੀਨਾ

ਭਾਰਤ ਦੇ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਨੇ ਪੰਜਾਬ ਸਰਕਾਰ ਸਿਰ ਕਰਜ਼ੇ ਦੀ ਜਿਹੜੀ ਰਿਪੋਰਟ ਦਿੱਤੀ ਹੈ, ਉਹ ਚਿੰਤਾਜਨਕ ਹੈ। ਕਰਜ਼ੇ ਨਾਲ ਪੰਜਾਬ ਲਈ ਜਨਤਕ ਭਲਾਈ ਸਕੀਮਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀਆਂ ਹਨ। ਜਿਸ ਰਫਤਾਰ ਨਾਲ ਕਰਜ਼ਾ ਵਧ ਰਿਹਾ ਹੈ, ਇਨ੍ਹਾਂ ਸਕੀਮਾਂ 'ਤੇ ਹੋਰ ਅਸਰ ਪਵੇਗਾ। 2019-20 ਦੌਰਾਨ ਪੰਜਾਬ ਸਰਕਾਰ ਦਾ ਕੁੱਲ ਕਰਜ਼ਾ 1.93 ਲੱਖ ਕਰੋੜ ਰੁਪਏ ਦੱਸਿਆ ਗਿਆ ਹੈ। ਪਿਛਲੇ ਸਾਲ ਵਿਚ ਜਿਸ ਰਫਤਾਰ ਨਾਲ ਇਹ ਵਧਿਆ ਹੈ, ਉਸ ਹਿਸਾਬ ਨਾਲ 2024-25 ਤੱਕ ਇਹ 3.73 ਲੱਖ ਕਰੋੜ ਰੁਪਏ ਹੋ ਜਾਵੇਗਾ। ਸਾਲ 2000 ਤੋਂ ਪਹਿਲਾਂ ਇਹ ਕਰਜ਼ਾ ਕੋਈ 8500 ਕਰੋੜ ਰੁਪਏ ਸੀ ਅਤੇ ਉਸ ਵਕਤ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੇ ਇਸ ਨੂੰ ਮੁਆਫ ਕਰਨ ਦਾ ਵਾਅਦਾ ਵੀ ਕੀਤਾ ਸੀ। ਫਿਰ 2007 ਵਿਚ ਜਦੋਂ ਪੰਜਾਬ ਵਿਚ ਐਨ.ਡੀ.ਏ. ਦੀ ਸਰਕਾਰ ਬਣੀ, ਉਸ ਵਕਤ ਇਹ 40 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਗਿਆ ਸੀ ਅਤੇ ਇਸ ਦਾ ਵਿਆਜ ਦੇਣਾ ਵੀ ਸਰਕਾਰ ਤੇ ਵੱਡਾ ਬੋਝ ਸੀ ਜਿਸ ਕਰ ਕੇ ਸਰਕਾਰ ਜਨਤਕ ਭਲਾਈ ਸਕੀਮਾਂ ਨਹੀਂ ਸੀ ਅਪਣਾਉਂਦੀ।

2007 ਤੋਂ ਬਾਅਦ ਇਹ ਲਗਾਤਾਰ ਪੰਜ ਸਾਲਾਂ ਬਾਅਦ ਤਕਰੀਬਨ ਦੁੱਗਣਾ ਹੁੰਦਾ ਗਿਆ। 2009-10 ਵਿਚ 53252 ਕਰੋੜ ਰੁਪਏ ਸੀ ਪਰ 2014-15 ਵਿਚ ਵਧ ਕੇ 88818 ਕਰੋੜ ਰੁਪਏ ਅਤੇ 2019-20 ਵਿਚ 1.93 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ। ਇਸ ਕਰਜ਼ੇ ਲਈ ਸਾਲਾਨਾ 20 ਹਜ਼ਾਰ ਕਰੋੜ ਤੋਂ ਉਪਰ ਵਿਆਜ ਦੇਣਾ ਪੈਂਦਾ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਸਾਲ 2000 ਤੋਂ ਬਾਅਦ ਇਸ ਕਰਜ਼ੇ ਵਿਚ ਕਿਸੇ ਵੀ ਸਾਲ ਕਮੀ ਨਹੀਂ ਆਈ ਸਗੋਂ ਵਾਧਾ ਹੀ ਹੁੰਦਾ ਗਿਆ ਅਤੇ ਹਰ ਸਾਲ ਇਸ ਵਾਧੇ ਦੀ ਦਰ ਵੀ ਵਧਦੀ ਗਈ। ਪੰਜਾਬ ਸਰਕਾਰ ਦੇ ਬਜਟ ਵਿਚ ਹੋਰ ਨਿਵੇਸ਼ ਕਰਨ ਦੀ ਤਾਂ ਗੁੰਜਾਇਸ਼ ਵੀ ਨਹੀਂ ਹੁੰਦੀ ਸਗੋਂ ਲੋਕ ਭਲਾਈ ਦੀਆਂ ਸਕੀਮਾਂ ਤੇ ਖਰਚ ਮਾਤਰਾ ਵੀ ਲਗਾਤਾਰ ਘਟਦੀ ਜਾਣੀ ਸਰਕਾਰ ਦੀ ਮਜਬੂਰੀ ਹੈ।

ਜਿੱਥੇ ਪੰਜਾਬ ਸਰਕਾਰ ਸਿਰ ਕਰਜ਼ੇ ਦਾ ਬੋਝ ਹਰ ਸਾਲ ਵਧ ਰਿਹਾ ਹੈ, ਉਥੇ ਪੰਜਾਬ ਦੇ ਆਰਥਕ ਹਾਲਾਤ ਵਿਚ ਵੀ ਕਮਜ਼ੋਰੀ ਆ ਰਹੀ ਹੈ। ਸਾਲ 2000 ਤੱਕ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਭਾਰਤ ਦਾ ਪਹਿਲੇ ਨੰਬਰ ਦਾ ਪ੍ਰਾਂਤ ਸੀ ਜੋ ਹੁਣ ਖਿਸਕ ਕੇ 12ਵੇਂ ਸਥਾਨ 'ਤੇ ਪਹੁੰਚ ਗਿਆ। ਬਹੁਤ ਸਾਰੇ ਪ੍ਰਾਂਤ ਜਿਵੇਂ ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਤਾਮਿਲਨਾਡੂ, ਹਿਮਾਚਲ ਪ੍ਰਦੇਸ਼ ਆਦਿ ਅੱਗੇ ਨਿਕਲ ਗਏ ਹਨ ਅਤੇ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਰਾਸ਼ਟਰੀ ਪ੍ਰਤੀ ਵਿਅਕਤੀ ਆਮਦਨ ਦੇ ਬਰਾਬਰ ਪਹੁੰਚ ਗਈ ਹੈ। ਇਸ ਦੇ ਘਟਣ ਦਾ ਰੁਝਾਨ ਅਜੇ ਵੀ ਜਾਰੀ ਹੈ। ਇਹ ਇਸ ਗੱਲ ਦੇ ਬਾਵਜੂਦ ਹੈ ਕਿ ਕੇਰਲ ਨੂੰ ਛੱਡ ਕੇ ਪੰਜਾਬ ਹੀ ਇਕ ਉਹ ਪ੍ਰਾਂਤ ਹੈ ਜਿਸ ਨੂੰ ਵਿਦੇਸ਼ਾਂ ਤੋਂ ਸਭ ਤੋਂ ਵੱਧ ਵਿਦੇਸ਼ੀ ਮੁਦਰਾ ਦੀ ਪ੍ਰਾਪਤੀ ਹੁੰਦੀ ਹੈ। ਕੇਰਲ ਤੋਂ ਬਾਅਦ ਪੰਜਾਬ ਦੇ ਹੀ ਲੋਕ ਵੱਧ ਗਿਣਤੀ ਵਿਚ ਵਿਦੇਸ਼ਾਂ ਵਿਚ ਗਏ ਹੋਏ ਹਨ।

ਪੰਜਾਬ ਸਰਕਾਰ ਸਿਰ ਕਰਜ਼ਾ ਅਤੇ ਪੰਜਾਬ ਦੀ ਆਰਥਕਤਾ ਦੋਵੇਂ ਪੱਖ ਇਕ ਦੂਸਰੇ ਨਾਲ ਜੁੜੇ ਹੋਏ ਹਨ। ਇਕ ਤਰਫ ਪੰਜਾਬ ਦੇ ਕਰਜ਼ੇ ਵਿਚ ਵਾਧਾ ਹੋ ਰਿਹਾ ਹੈ, ਦੂਜੀ ਤਰਫ ਪੰਜਾਬ ਦੀ ਆਰਥਕਤਾ ਕਮਜ਼ੋਰ ਹੋ ਰਹੀ ਹੈ। ਉਹ ਪ੍ਰਾਂਤ ਜਿਹੜੇ ਪੰਜਾਬ ਤੋਂ ਆਰਥਕ ਤੌਰ ਤੇ ਅੱਗੇ ਲੰਘ ਗਏ ਹਨ, ਜੇ ਉਨ੍ਹਾਂ ਦੀ ਆਰਥਕਤਾ ਵੱਲ ਨਜ਼ਰ ਮਾਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਉਨ੍ਹਾਂ ਦੇ ਉਦਯੋਗਾਂ ਨੇ ਵੱਡਾ ਵਿਕਾਸ ਕੀਤਾ ਹੈ ਅਤੇ ਖੇਤੀ ਵਾਲੀ ਵੱਡੀ ਵਸੋਂ ਬਦਲ ਕੇ ਉਦਯੋਗਾਂ ਵਿਚ ਲੱਗ ਗਈ ਹੈ। ਇਹੋ ਵਜ੍ਹਾ ਹੈ ਕਿ ਉਨ੍ਹਾਂ ਪ੍ਰਾਂਤਾਂ ਦੇ ਕੁੱਲ ਘਰੇਲੂ ਉਤਪਾਦਨ ਵਿਚ ਉਦਯੋਗਾਂ ਦਾ ਯੋਗਦਾਨ ਲਗਾਤਾਰ ਵਧਿਆ ਹੈ, ਜਦੋਂਕਿ ਪੰਜਾਬ ਵਿਚ ਉਦਯੋਗਾਂ ਦਾ ਯੋਗਦਾਨ ਅਜੇ ਵੀ 27 ਫੀਸਦੀ ਹੈ ਪਰ ਖੇਤੀ ਦਾ ਯੋਗਦਾਨ 28 ਫੀਸਦੀ ਹੈ ਜਿਸ ਵਿਚ 9 ਫੀਸਦੀ ਡੇਅਰੀ ਦਾ ਵੀ ਯੋਗਦਾਨ ਹੈ। ਉਧਰ, ਭਾਰਤ ਦੇ ਪੱਧਰ 'ਤੇ ਖੇਤੀ ਖੇਤਰ ਦਾ ਯੋਗਦਾਨ ਘਟ ਕੇ ਸਿਰਫ 19 ਫੀਸਦੀ ਰਹਿ ਗਿਆ ਹੈ ਜਿਸ ਵਿਚ 5 ਫੀਸਦੀ ਡੇਅਰੀ ਦਾ ਯੋਗਦਾਨ ਹੈ। ਦੁਨੀਆ ਦੇ ਹਰ ਵਿਕਸਤ ਦੇਸ਼ ਵਿਚ ਜਿਸ ਤਰ੍ਹਾਂ ਅੱਧੇ ਤੋਂ ਜ਼ਿਆਦਾ ਉਦਯੋਗਾਂ ਦਾ ਯੋਗਦਾਨ ਹੈ, ਉਸੇ ਤਰ੍ਹਾਂ ਹੀ ਭਾਰਤ ਦੇ ਪ੍ਰਾਂਤਾਂ ਦੇ ਕੁੱਲ ਘਰੇਲੂ ਉਤਪਾਦਨ ਵਿਚ ਉਨ੍ਹਾਂ ਪ੍ਰਾਂਤਾਂ ਦੇ ਉਦਯੋਗਾਂ ਦਾ ਯੋਗਦਾਨ 30 ਫੀਸਦੀ ਤੋਂ ਵੱਧ ਹੈ ਜਿਹੜੇ ਹੁਣ ਤੇਜ਼ ਰਫਤਾਰ ਨਾਲ ਵਿਕਾਸ ਕਰ ਰਹੇ ਹਨ। ਸਪਸ਼ਟ ਹੈ ਕਿ ਵਿਕਾਸ ਲਈ ਉਦਯੋਗਿਕ ਵਿਕਾਸ ਹੀ ਇਕ ਉਹ ਆਧਾਰ ਹੈ ਜਿਸ ਤੋਂ ਬਗੈਰ ਕਿਸੇ ਖੇਤਰ ਦਾ ਵਿਕਾਸ ਸੰਭਵ ਨਹੀਂ ਅਤੇ ਉਸ ਵਿਚ ਪੰਜਾਬ ਬਹੁਤ ਪਛੜ ਗਿਆ ਹੈ ਅਤੇ ਪਛੜ ਰਿਹਾ ਹੈ ਜਿਹੜਾ ਇਸ ਪ੍ਰਾਂਤ ਦੀ ਕਮਜ਼ੋਰ ਆਰਥਕ ਹਾਲਤ ਅਤੇ ਕਰਜ਼ੇ ਦੀ ਵਧਦੀ ਮਾਤਰਾ ਲਈ ਜ਼ਿੰਮੇਵਾਰ ਹੈ।

1960 ਤੋਂ ਪਹਿਲਾਂ ਕੇਂਦਰ ਸਰਕਾਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਨੇ ਬਹੁਤ ਸਾਰੀਆਂ ਜਨਤਕ ਇਕਾਈਆਂ ਚਲਾਈਆਂ ਜਿਨ੍ਹਾਂ ਵਿਚ ਉਦਯੋਗਿਕ ਇਕਾਈਆਂ ਤੋਂ ਇਲਾਵਾ ਟਰਾਂਸਪੋਰਟ ਕੰਪਨੀਆਂ, ਹੋਟਲ ਆਦਿ ਵੀ ਸ਼ਾਮਿਲ ਹਨ। ਇਨ੍ਹਾਂ ਦੇ ਮੰਤਵ



ਸਨ ਕਿ ਵੱਧ ਤੋਂ ਵੱਧ ਸਮਾਜਿਕ ਸੁਰੱਖਿਆ ਮੁਹੱਈਆ ਕਰਨੀ ਹੈ ਅਤੇ ਆਮ ਜਨਤਾ ਤੋਂ ਟੈਕਸਾਂ ਦਾ ਬੋਝ ਘਟਾਉਣਾ ਹੈ। ਇਨ੍ਹਾਂ ਜਨਤਕ ਕੰਪਨੀਆਂ ਨੂੰ ਜਿੰਨਾ ਲਾਭ ਹੋਣਾ ਸੀ, ਉਹ ਸਰਕਾਰ ਦਾ ਜਾਂ ਜਨਤਾ ਦਾ ਲਾਭ ਸੀ ਪਰ ਉਹ ਮੰਤਵ ਪ੍ਰਾਪਤ ਨਾ ਕੀਤੇ ਜਾ ਸਕੇ ਕਿਉਂ ਜੋ ਇਨ੍ਹਾਂ ਜਨਤਕ ਇਕਾਈਆਂ ਵਿਚੋਂ ਬਹੁਤ ਸਾਰੀਆਂ ਇਕਾਈਆਂ ਘਾਟੇ ਵਿਚ ਗਈਆਂ ਅਤੇ ਜਨਤਾ ਲਈ ਰਾਹਤ ਦੀ ਥਾਂ ਬੋਝ ਬਣ ਗਈਆਂ। ਇਹੋ ਜਿਹੀਆਂ ਜਨਤਕ ਇਕਾਈਆਂ ਜਿਹੜੀਆਂ ਪੰਜਾਬ ਵਿਚ ਚੱਲੀਆਂ, ਉਹ ਵੀ ਘਾਟੇ ਵਿਚ ਗਈਆਂ ਅਤੇ ਉਨ੍ਹਾਂ ਵਿਚੋਂ ਅੱਜ ਵੀ ਕਈ ਚੱਲ ਰਹੀਆਂ ਹਨ। ਇਹ ਵੀ ਦਿਲਚਸਪ ਤੱਥ ਹੈ ਕਿ ਪੰਜਾਬ ਸਰਕਾਰ ਨੇ ਉਦਯੋਗਿਕ ਇਕਾਈਆਂ ਵਿਚ ਕੁਝ ਖੰਡ ਮਿੱਲਾਂ ਵੀ ਚਲਾਈਆਂ ਜਿਨ੍ਹਾਂ ਨੂੰ ਬਾਅਦ ਵਿਚ ਸਹਿਕਾਰੀ ਖੇਤਰ ਵਿਚ ਦੇ ਦਿੱਤਾ ਗਿਆ। ਪ੍ਰਾਈਵੇਟ ਖੰਡ ਮਿੱਲਾਂ ਨੇ ਦਿਨੋ-ਦਿਨ ਆਪਣੇ ਕੰਮ ਵਿਚ ਵਾਧਾ ਕੀਤਾ, ਜਦੋਂਕਿ ਜਨਤਕ ਮਿੱਲਾਂ ਘਾਟੇ ਵਿਚ ਗਈਆਂ। ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਦਿਨੋ-ਦਿਨ ਵਧਦੀਆਂ ਗਈਆਂ। ਹੋਟਲਾਂ ਦਾ ਹਾਲ ਇਸ ਤੋਂ ਵੀ ਮਾੜਾ ਹੋਇਆ।

ਸਰਕਾਰ ਵੱਲੋਂ ਬਜਾਇ ਇਸ ਦੇ ਕਿ ਪ੍ਰਬੰਧਕ ਯੋਗਤਾ ਨੂੰ ਵਧਾ ਕੇ ਇਨ੍ਹਾਂ ਨੂੰ ਘਾਟੇ ਤੋਂ ਵਾਧੇ ਵਿਚ ਬਦਲਿਆ ਜਾਂਦਾ, ਇਨ੍ਹਾਂ ਨੂੰ ਬੰਦ ਕੀਤਾ ਜਾਣ ਲੱਗਾ ਅਤੇ ਵੇਚਿਆ ਜਾਣ ਲੱਗਾ। ਪੰਜਾਬ ਖਣਿਜ ਪਦਾਰਥਾਂ ਤੋਂ 1200 ਕਿਲੋਮੀਟਰ ਦੀ ਦੂਰੀ 'ਤੇ ਹੈ। ਬੰਦਰਗਾਹਾਂ ਜਿਨ੍ਹਾਂ ਨਾਲ ਕੌਮਾਂਤਰੀ ਵਪਾਰ ਅਸਾਨ ਬਣਦਾ ਹੈ, ਉਹ ਸੰਭਵ ਹੀ ਨਹੀਂ ਕਿਉਂ ਜੋ ਉਹ ਪੰਜਾਬ ਤੋਂ 1500 ਕਿਲੋਮੀਟਰ ਦੀ ਦੂਰੀ 'ਤੇ ਹਨ ਜਿਸ ਲਈ ਕੌਮਾਂਤਰੀ ਵਪਾਰ ਵਾਲੇ ਨਿਰਉਤਸ਼ਾਹਿਤ ਹੋਏ। ਪੰਜਾਬ ਦਾ ਸਭ ਤੋਂ ਅਸਾਨ ਵਪਾਰ ਪਕਿਸਤਾਨ ਨਾਲ ਹੋ ਸਕਦਾ ਅਤੇ ਇਹ ਵੱਡਾ ਵਪਾਰ ਹੋ ਸਕਦਾ ਸੀ ਪਰ ਕੌਮਾਂਤਰੀ ਰਾਜਨੀਤਕ ਕਾਰਨਾਂ ਕਾਰਨ, ਦੇਸ਼ ਭਰ ਦਾ ਪਾਕਿਸਤਾਨ ਦਾ ਵਪਾਰ ਸਿਰਫ 2 ਹਜ਼ਾਰ ਕਰੋੜ ਡਾਲਰ ਹੈ ਜਿਸ ਵਿਚ ਪੰਜਾਬ ਦਾ ਨਿਗੂਣਾ ਜਿਹਾ ਹਿੱਸਾ ਹੈ। ਪੰਜਾਬ ਦੇ ਸਰਹੱਦੀ ਪ੍ਰਾਂਤ ਹੋਣ ਕਰ ਕੇ ਇੱਥੇ ਦੇਸ਼ ਦਾ ਅੰਦਰੂਨੀ ਜਾਂ ਵਿਦੇਸ਼ੀ ਨਿਵੇਸ਼ ਵੀ ਨਿਰਉਤਸ਼ਾਹਿਤ ਹੋਇਆ। ਸਿੱਟੇ ਵਜੋਂ ਪੰਜਾਬ ਦੀ ਜ਼ਿਆਦਾ ਨਿਰਭਰਤਾ ਖੇਤੀ ਖੇਤਰ ਤੇ ਬਣੀ ਰਹੀ ਜਿਹੜੀ ਪ੍ਰਾਂਤ ਦੀ 60 ਫੀਸਦੀ ਵਸੋਂ ਲਈ ਰੁਜ਼ਗਾਰ ਹੈ ਅਤੇ ਪੰਜਾਬ ਤੋਂ ਬਰਾਮਦ ਹੋਣ ਵਾਲੀਆਂ ਵਸਤੂਆਂ ਵਿਚ ਖੇਤੀ ਵਸਤੂਆਂ ਮੁੱਖ ਹਨ। ਇੱਥੋਂ ਤੱਕ ਕਿ ਇਕੱਲੀ ਬਾਸਮਤੀ ਦੇ ਬਰਾਮਦ ਦਾ ਮੁੱਲ ਪੰਜਾਬ ਤੋਂ ਸਾਰੀਆਂ ਬਰਾਮਦ ਹੋਣ ਵਾਲੀਆਂ ਵਸਤੂਆਂ ਦਾ 15 ਫੀਸਦੀ ਹੈ। ਪੰਜਾਬ ਸਰਕਾਰ ਦਾ 'ਸਟੇਟ ਐਗਰੀ ਐਕਸਪੋਰਟ ਕਾਰਪੋਰੇਸ਼ਨ' ਅਦਾਰਾ ਬਰਾਮਦ ਵਧਾਉਣ ਲਈ ਕੋਈ ਮਹੱਤਵਪੂਰਨ ਭੂਮਿਕਾ ਨਾ ਨਿਭਾ ਸਕਿਆ ਕਿਉਂ ਜੋ ਪੰਜਾਬ ਤੋਂ ਪੈਦਾ ਹੋਣ ਵਾਲੀਆਂ ਵਸਤੂਆਂ ਦੀ ਮਾਤਰਾ ਵਿਚ ਕਮੀ ਆਉਂਦੀ ਰਹੀ ਅਤੇ ਪੰਜਾਬ ਦੀਆਂ ਮੁੱਖ ਖੇਤੀ ਫਸਲਾਂ ਕਣਕ ਤੇ ਝੋਨੇ ਦੀ ਮੰਗ ਅਤੇ ਕੀਮਤ ਦੋਵੇਂ ਹੀ ਵਿਦੇਸ਼ਾਂ ਵਿਚ ਘੱਟ ਹੈ।

ਪੰਜਾਬ ਸਰਕਾਰ ਸਿਰ ਵਧਦੇ ਕਰਜ਼ੇ ਨੂੰ ਧਿਆਨ ਵਿਚ ਰੱਖਦਿਆਂ ਪੰਜਾਬ ਦੀ ਆਰਥਕਤਾ ਦੀ ਸਮੁੱਚੀ ਹਾਲਤ ਵਿਚ ਉਭਾਰ ਲਿਆਉਣ ਦੀ ਲੋੜ ਹੈ। ਖੇਤੀ ਪ੍ਰਧਾਨ ਦੇਸ਼ ਹੋਣ ਕਰ ਕੇ ਪੰਜਾਬ ਦੀ ਆਰਥਕ ਨੀਤੀ ਵਿਚ ਖੇਤੀ ਮੁੱਖ ਨੀਤੀ ਬਣਨੀ ਚਾਹੀਦੀ ਹੈ ਜਿਸ ਲਈ ਢੁਕਵੀਂ ਨੀਤੀ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ। ਕਣਕ ਅਤੇ ਝੋਨੇ ਤੋਂ ਇਲਾਵਾ ਉਹ ਵਸਤੂਆਂ ਜਿਨ੍ਹਾਂ ਦੀ ਦੇਸ਼ ਅਤੇ ਵਿਦੇਸ਼ ਵਿਚ ਵੱਡੀ ਮੰਗ ਹੈ (ਜਿਵੇਂ ਦਾਲਾਂ ਹਰ ਸਾਲ ਹਜ਼ਾਰਾਂ ਕਰੋੜ ਰੁਪਏ ਦੀਆਂ ਦਰਾਮਦ ਕੀਤੀਆਂ ਜਾਂਦੀਆਂ ਹਨ), ਦੀ ਪੈਦਾਵਾਰ ਤੇ ਜ਼ੋਰ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਤੇਲਾਂ ਦੇ ਬੀਜਾਂ ਦੀ ਵੱਡੀ ਮੰਡੀ ਦੇਸ਼ ਅਤੇ ਵਿਦੇਸ਼ ਵਿਚ ਹੈ ਪਰ ਇਹ ਫਸਲਾਂ ਯਕੀਨੀ ਮੰਡੀਕਰਨ ਦੀ ਅਣਹੋਂਦ ਕਰ ਕੇ ਬੀਜੀਆਂ ਨਹੀਂ ਜਾਂਦੀਆਂ, ਜਦੋਂਕਿ ਕਣਕ ਅਤੇ ਝੋਨੇ ਦੀਆਂ ਫਸਲਾਂ ਅਧੀਨ ਵਧਦਾ ਹੋਇਆ ਖੇਤਰ ਪਾਣੀ ਦੀ ਥੁੜ੍ਹ ਅਤੇ ਹੋਰ ਸਮੱਸਿਆਵਾਂ ਦੇ ਬਾਵਜੂਦ ਨਹੀਂ ਘਟ ਰਿਹਾ। ਖੇਤੀ ਆਰਥਕਤਾ ਤੇ ਆਧਾਰਿਤ ਉਹ ਖੇਤੀ ਆਧਾਰਿਤ ਉਦਯੋਗ ਜਿਨ੍ਹਾਂ ਦੀ ਵੱਡੀ ਸਮਰੱਥਾ ਹੈ, ਉਸ ਸਬੰਧੀ ਬਹੁਤ ਨਿਗੂਣੀ ਪ੍ਰਾਪਤੀ ਹੋਈ ਹੈ। ਸਿਵਾਏ ਖੰਡ ਮਿੱਲਾਂ ਤੋਂ ਹੋਰ ਕਿਸੇ ਵੀ ਖੇਤੀ ਆਧਾਰਿਤ ਉਦਯੋਗ ਨੂੰ ਉਤਸ਼ਾਹਿਤ ਨਹੀਂ ਕੀਤਾ ਗਿਆ। ਪ੍ਰਾਈਵੇਟ ਉਦਮੀਆਂ ਨੇ ਇਸ ਵਿਚ ਦਿਲਚਸਪੀ ਨਹੀਂ ਦਿਖਾਈ ਕਿਉਂ ਜੋ ਸਭ ਤੋਂ ਵੱਡੀ ਰੁਕਾਵਟ ਕੱਚੇ ਮਾਲ ਦੀ ਅਨਿਸ਼ਚਿਤਤਾ ਰਹੀ ਹੈ। ਇਨ੍ਹਾਂ ਉਦਯੋਗਿਕ ਇਕਾਈਆਂ ਵਿਚ ਨਾ ਸਿਰਫ ਰੁਜ਼ਗਾਰ ਸਗੋਂ ਵਿਦੇਸ਼ੀ ਮੁਦਰਾ ਦੀ ਕਮਾਈ ਦੇ ਵੱਡੇ ਮੌਕੇ ਹਨ। ਇਹ ਉਹ ਪੱਖ ਹੈ ਜਿਸ ਲਈ ਸਰਕਾਰ ਦੀ ਢੁਕਵੀਂ ਨੀਤੀ ਨੂੰ ਅਮਲ ਵਿਚ ਲਿਆਉਣਾ ਲੋੜੀਂਦਾ ਹੈ। ਆਰਥਕਤਾ ਵਿਚ ਉਭਾਰ ਆਉਣ ਤੋਂ ਬਗੈਰ ਨਾ ਕਰਜ਼ਾ ਘਟ ਸਕਦਾ ਹੈ ਅਤੇ ਨਾ ਪ੍ਰਤੀ ਵਿਅਕਤੀ ਆਮਦਨ ਜਾਂ ਰੁਜ਼ਗਾਰ ਵਧ ਸਕਦਾ ਹੈ।

# ਭਾਰਤ ਵਿਚ ਵਧਦਾ ਨਿੱਜੀਕਰਨ

ਰਾਜੀਵ ਖੋਸਲਾ

ਇਤਿਹਾਸ ਗਵਾਹ ਹੈ ਕਿ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਹੀ ਉਸ ਸਮੇਂ ਦੇ ਮੁੱਖ ਸਨਅਤਕਾਰਾਂ (ਜੇ.ਆਰ.ਡੀ. ਟਾਟਾ, ਜੀ.ਡੀ. ਬਿਰਲਾ, ਲਾਲਾ ਸ੍ਰੀ ਰਾਮ, ਜੌਨ ਮਥਾਈ ਆਦਿ) ਨੇ 1944 ਦੇ 'ਬੰਬੇ ਪਲੈਨ' ਤਹਿਤ ਇਹ ਐਲਾਨ ਕਰ ਦਿੱਤਾ ਸੀ ਕਿ ਆਜ਼ਾਦ ਭਾਰਤ ਵਿਚ ਆਰਥਕ ਵਿਕਾਸ ਦਰ ਵਧਾਉਣ ਲਈ ਅਤੇ ਅਜਿਹੇ ਪ੍ਰਾਜੈਕਟਾਂ ਜਿਨ੍ਹਾਂ ਨੂੰ ਕਾਰਜਸ਼ੀਲ ਹੋਣ ਵਿਚ ਲੰਮਾ ਸਮਾਂ ਲੱਗਦਾ ਹੈ, ਸਰਕਾਰੀ ਨਿਵੇਸ਼ ਹੀ ਕੀਤਾ ਜਾਵੇਗਾ। ਇਸ ਦਾ ਮੁੱਖ ਕਾਰਨ ਉਨ੍ਹਾਂ ਨੇ ਆਪਣੇ ਕੋਲ ਪੂੰਜੀ ਦੀ ਘਾਟ ਦੱਸੀ। ਭਾਰਤੀ ਉਦਯੋਗਾਂ ਨੂੰ ਬਚਾਉਣ ਲਈ ਉਨ੍ਹਾਂ ਨੇ ਦਰਾਮਦ ਹੋਣ ਵਾਲੀਆਂ ਵਸਤਾਂ 'ਤੇ ਭਾਰੀ ਟੈਕਸ ਲਗਾਉਣ ਦੀ ਵੱਖਰੀ ਸਿਫਾਰਸ਼ ਕੀਤੀ।

ਭਾਰਤੀ ਲੀਡਰਾਂ ਨੇ ਆਜ਼ਾਦੀ ਤੋਂ ਬਾਅਦ ਪ੍ਰਾਈਵੇਟ ਤੇ ਜਨਤਕ ਖੇਤਰ, ਦੋਹਾਂ ਵਿਚ ਚੱਲਣ ਵਾਲਾ ਮਿਸ਼ਰਤ ਅਰਥਚਾਰੇ ਵਾਲਾ ਮਾਡਲ ਅਪਣਾਇਆ ਅਤੇ ਸਰਵ ਵਿਆਪਕ ਵਿਕਾਸ ਲਈ ਜਨਤਕ ਖੇਤਰ ਨੂੰ ਆਰਥਕ ਤਰੱਕੀ ਲਈ ਮੋਹਰੀ ਬਣਾਇਆ। ਵਸਤੂਆਂ ਅਤੇ ਸੇਵਾਵਾਂ ਸਸਤੇ ਰੱਖਣ, ਅਸਮਾਨਤਾਵਾਂ ਘਟਾਉਣ, ਕੁਸ਼ਲਤਾ ਵਿਚ ਸੁਧਾਰ ਲਿਆਉਣ, ਲੋੜੀਂਦੀ ਵਿੱਤ ਮੁਹੱਈਆ ਕਰਨ ਅਤੇ ਜਨਤਾ ਦੀ ਸੇਵਾ ਲਈ ਸਰਕਾਰ ਨੇ ਵੱਖ-ਵੱਖ ਖੇਤਰਾਂ ਦਾ ਸਮੇਂ ਸਮੇਂ ਤੇ ਰਾਸ਼ਟਰੀਕਰਨ ਦਾ ਫੈਸਲਾ ਵੀ ਕੀਤਾ।

ਸਭ ਤੋਂ ਪਹਿਲਾਂ 28 ਮਈ 1953 ਨੂੰ ਏਅਰ ਕਾਰਪੋਰੇਸ਼ਨਜ਼ ਐਕਟ ਤਹਿਤ ਭਾਰਤੀ ਸੰਸਦ ਨੇ 9 ਏਅਰਲਾਈਨਾਂ ਦਾ ਰਾਸ਼ਟਰੀਕਰਨ ਕਰ ਕੇ ਕੇਵਲ 2 ਏਅਰਲਾਈਨਾਂ ਇੰਡੀਅਨ ਏਅਰ ਲਾਈਨਜ਼ ਅਤੇ ਏਅਰ ਇੰਡੀਆ ਇੰਟਰਨੈਸ਼ਨਲ ਬਣਾਈਆਂ। 19 ਜੂਨ 1956 ਨੂੰ ਉਸ ਵੇਲੇ ਦੀ ਸਰਕਾਰ ਨੇ ਜੀਵਨ ਬੀਮਾ ਨਿਗਮ (ਐਲ.ਆਈ.ਸੀ.) ਐਕਟ ਬਣਾਇਆ ਜਿਸ ਤਹਿਤ ਸਰਕਾਰ ਨੇ 154 ਭਾਰਤੀ ਬੀਮਾਕਰਤਾਵਾਂ, 16 ਗੈਰ-ਭਾਰਤੀ ਬੀਮਾਕਰਤਾਵਾਂ ਅਤੇ 75 ਪ੍ਰਾਵੀਡੈਂਟ ਸੁਸਾਇਟੀਆਂ ਦਾ ਰਾਸ਼ਟਰੀਕਰਨ ਕਰ ਕੇ ਪਹਿਲੀ ਸਤੰਬਰ 1956 ਨੂੰ ਹੋਂਦ ਵਿਚ ਆਈ ਸਰਕਾਰੀ ਇਕਾਈ ਐਲ.ਆਈ.ਸੀ. ਹੇਠ ਲਿਆਂਦਾ। ਇਸ ਤੋਂ ਬਾਅਦ ਸ੍ਰੀਮਤੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਨੇ 19 ਜੁਲਾਈ 1969 ਨੂੰ 14 ਬੈਂਕਾਂ ਦੇ ਰਾਸ਼ਟਰੀਕਰਨ ਦਾ ਫੈਸਲਾ ਕੀਤਾ ਜਿਨ੍ਹਾਂ ਵਿਚ ਉਸ ਵੇਲੇ ਦੀ ਕੁਲ ਜਮ੍ਹਾਂ ਰਕਮ ਦਾ 85 ਫੀਸਦ ਹਿੱਸਾ ਰੱਖਿਆ ਸੀ। 1980 ਵਿਚ ਮੁੜ 6 ਬੈਂਕਾਂ ਦਾ ਰਾਸ਼ਟਰੀਕਰਨ ਕੀਤਾ। 1971 ਤੋਂ 1975 ਤੱਕ ਸੰਸਦ ਦੁਆਰਾ ਬਣਾਏ ਚਾਰ ਵੱਖ-ਵੱਖ ਐਕਟਾਂ ਦੁਆਰਾ ਕੋਲਾ ਖਾਣਾਂ ਦਾ ਰਾਸ਼ਟਰੀਕਰਨ ਕੀਤਾ ਗਿਆ ਜਿਸ ਤਹਿਤ 937 ਖਾਣਾਂ, 226 ਕੋਕਿੰਗ (ਪੱਥਰ) ਕੋਲਾ ਖਾਣਾਂ ਅਤੇ 711 ਨਾਨ-ਕੋਕਿੰਗ ਕੋਲਾ ਖਾਣਾਂ ਨੂੰ ਸਰਕਾਰ ਨੇ ਆਪਣੇ ਕੰਟਰੋਲ ਵਿਚ ਲਿਆ। 20 ਸਤੰਬਰ 1972 ਨੂੰ ਸੰਸਦ ਨੇ ਬੀਮਾ ਕਾਰੋਬਾਰ ਦੀਆਂ 107 ਕੰਪਨੀਆਂ ਦਾ ਰਾਸ਼ਟਰੀਕਰਨ ਕੀਤਾ ਅਤੇ ਇਨ੍ਹਾਂ ਕੰਪਨੀਆਂ ਨੂੰ ਚਾਰ ਵੱਖਰੀਆਂ ਕੰਪਨੀਆਂ - ਨੈਸ਼ਨਲ ਇੰਸ਼ੋਰੈਂਸ ਕੰਪਨੀ ਲਿਮਟਿਡ, ਓਰੀਐਂਟਲ ਇੰਸ਼ੋਰੈਂਸ ਕੰਪਨੀ ਲਿਮਟਿਡ, ਨਿਊ ਇੰਡੀਆ ਇੰਸ਼ੋਰੈਂਸ ਕੰਪਨੀ ਅਤੇ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਲਿਮਟਿਡ ਵਿਚ ਸ਼ਾਮਲ ਕੀਤਾ। ਇਨ੍ਹਾਂ ਮੁੱਖ ਖੇਤਰਾਂ ਤੋਂ ਪਰ੍ਹੇ ਵੀ 1980ਵਿਆਂ ਤੱਕ ਰਾਸ਼ਟਰੀਕਰਨ ਦਾ ਇਹ ਦੌਰ ਚਲਦਾ ਰਿਹਾ ਹੈ। 1991 ਦੇ ਉਦਾਰੀਕਰਨ ਤੋਂ ਪਹਿਲਾਂ ਦੀਆਂ ਲਗਭਗ ਸਾਰੀਆਂ ਸਰਕਾਰਾਂ ਜਨਤਕ ਖੇਤਰ ਦੇ ਦਬਦਬੇ ਅਤੇ ਆਰਥਕ ਸਵੈ-ਨਿਰਭਰਤਾ ਦੇ ਬੁਨਿਆਦੀ ਸਿਧਾਂਤਾਂ ਤੇ ਕੇਂਦਰਤ ਰਹੀਆਂ ਹਨ।

1991 ਤੋਂ ਬਾਅਦ ਆਈਆਂ ਸਰਕਾਰਾਂ ਨੇ ਕਦੇ ਉਦਾਰੀਕਰਨ, ਕਦੇ ਮੁਕਾਬਲੇ ਦੀ ਭਾਵਨਾ ਪੈਦਾ ਕਰਨ ਅਤੇ ਕਦੇ ਵਿੱਤੀ ਘਾਟੇ ਦੀ ਪੂਰਤੀ ਵਿਚ ਸਹਾਇਤਾ ਦੀ ਦਲੀਲ ਦੇ ਕੇ, ਜਨਤਕ ਇਕਾਈਆਂ ਦੀ ਵਿਕਰੀ ਦੀ ਲੜੀ ਸ਼ੁਰੂ ਕੀਤੀ। 1991 ਤੋਂ 1998 ਤਕ ਕਾਂਗਰਸ ਜਾਂ ਸੰਯੁਕਤ ਮੋਰਚੇ ਦੀਆਂ ਸਰਕਾਰਾਂ ਨੇ ਜਨਤਕ ਇਕਾਈਆਂ ਦੇ ਕੁਝ ਹਿੱਸੇ ਹੀ ਵੇਚੇ ਸਨ। ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ (1999 ਵਿਚ) ਅਪਨਿਵੇਸ਼ ਵਲ ਵੱਡੇ ਕਦਮ ਚੁੱਕੇ। ਬੀ.ਜੇ.ਪੀ. ਸਰਕਾਰ ਨੇ ਭਾਰਤ ਐਲੂਮੀਨੀਅਮ ਕੰਪਨੀ (ਬਾਲਕੋ), ਹਿੰਦੁਸਤਾਨ ਜ਼ਿੰਕ, ਵੀ.ਐਸ.ਐਨ.ਐਲ. ਅਤੇ ਇੰਡੀਅਨ ਪੈਟਰੋ ਕੈਮੀਕਲ ਕਾਰਪੋਰੇਸ਼ਨ ਲਿਮਿਟਡ ਵਿਚ ਵੱਡੇ ਪੱਧਰ ਤੇ ਅਪਨਿਵੇਸ਼ ਕੀਤਾ। ਅੰਕੜੇ ਦਰਸਾਉਂਦੇ ਹਨ ਕਿ ਗੈਰ-ਭਾਜਪਾ ਸਰਕਾਰਾਂ ਦੀ ਬਜਾਏ, ਭਾਜਪਾ ਸਰਕਾਰਾਂ ਦੇ ਸ਼ਾਸਨ ਦੌਰਾਨ ਅਪਨਿਵੇਸ਼ ਦਾ ਵੇਗ ਤੇਜ਼ ਰਿਹਾ ਹੈ। 1991 ਤੋਂ ਲੈ ਕੇ ਹੁਣ ਤਕ ਕੁਲ ਅਪਨਿਵੇਸ਼ ਤੋਂ ਪ੍ਰਾਪਤੀਆਂ ਰਹੀਆਂ ਹਨ 507346.84 ਕਰੋੜ ਰੁਪਏ ਜਿਸ ਵਿਚੋਂ 381950.69 ਕਰੋੜ ਰੁਪਏ (75%) ਭਾਜਪਾ ਦੇ ਸ਼ਾਸਨ ਦੌਰਾਨ ਪ੍ਰਾਪਤ ਹੋਏ ਹਨ। ਜੇ ਮੋਦੀ ਸਰਕਾਰ ਦੇ ਸ਼ਾਸਨ ਦੀ ਗੱਲ ਕਰੀਏ ਤਾਂ 2014 ਤੋਂ ਲੈ ਕੇ ਹੁਣ ਤੱਕ ਸਰਕਾਰ ਕੋਲ ਅਪਨਿਵੇਸ਼ ਤੋਂ ਪ੍ਰਾਪਤੀਆਂ ਰਹੀਆਂ ਹਨ 348294.96 ਕਰੋੜ ਜੋ ਰਿਕਾਰਡ ਹੈ। ਹੁਣ ਤਾਂ ਅਪਨਿਵੇਸ਼ ਤੋਂ ਵੀ ਅੱਗੇ ਵਧ ਕੇ 'ਸੌਗੰਧ ਮੁਝੇ ਇਸ ਮਿੱਟੀ ਕੀ, ਮੈਂ ਦੇਸ਼ ਨਹੀਂ ਮਿਟਨੇ ਦੂੰਗਾ, ਮੈਂ ਦੇਸ਼ ਨਹੀਂ ਰੁਕਨੇ ਦੂੰਗਾ, ਮੈਂ ਦੇਸ਼ ਨਹੀਂ ਝੁਕਨੇ ਦੂੰਗਾ' ਦਾ ਨਾਅਰਾ ਲਾਉਣ ਵਾਲੇ 4 ਰਾਜਨੀਤਕ ਖੇਤਰਾਂ ਨੂੰ ਛੱਡ ਕੇ ਸਾਰੇ ਖੇਤਰਾਂ ਦੀਆਂ ਜਨਤਕ ਇਕਾਈਆਂ ਦੇ ਨਿੱਜੀਕਰਨ ਕਰਨ ਦੀ ਯੋਜਨਾ ਦੱਸ ਰਹੇ ਹਨ।

ਨਿੱਜੀਕਰਨ ਦੀ ਇਸ ਹਨੇਰੀ ਦਰਮਿਆਨ, ਬੈਂਕਾਂ ਦੇ ਨਿੱਜੀਕਰਨ ਵਾਲੀ ਪ੍ਰਕਿਰਿਆ ਬਹੁਤ ਘਾਤਕ ਹੈ ਤੇ ਇਸ ਵਿਲੱਖਣ ਮਾਡਲ ਅਤੇ ਇਸ ਦੇ ਨਤੀਜਿਆਂ ਨੂੰ ਡੂੰਘਾਈ ਵਿਚ ਸਮਝਣ ਦੀ ਲੋੜ ਹੈ। ਇੱਕੋ ਝਟਕੇ ਵਿਚ ਬੈਂਕਾਂ ਦੇ ਨਿੱਜੀਕਰਨ ਦੀ ਬਜਾਇ ਸਰਕਾਰ ਦਿਨ ਪ੍ਰਤੀ ਦਿਨ ਬੈਂਕਾਂ ਨੂੰ ਨਿੱਜੀਕਰਨ ਦੇ ਨੇੜੇ ਲਿਜਾ ਰਹੀ ਹੈ ਜਾਂ ਅਜਿਹੇ ਹਾਲਾਤ ਬਣਾਏ ਜਾ ਰਹੇ ਹਨ ਤਾਂ ਜੋ ਨਿੱਜੀਕਰਨ ਤੋਂ ਇਲਾਵਾ ਹੋਰ ਕੋਈ ਰਸਤਾ ਹੀ ਨਜ਼ਰ ਨਾ ਆਵੇ।

ਪਹਿਲਾਂ ਤਾਂ ਪਿਛਲੇ ਸਾਲ ਨਵੰਬਰ ਮਹੀਨੇ ਭਾਰਤੀ ਰਿਜ਼ਰਵ ਬੈਂਕ ਦੇ ਬਣਾਏ ਅੰਦਰੂਨੀ ਕੰਮਕਾਜੀ ਸਮੂਹ (ਆਈ.ਡਬਲਿਊ.ਜੀ.) ਨੇ ਸਿਫਾਰਿਸ਼ ਕੀਤੀ ਕਿ ਬੈਂਕਿੰਗ ਰੈਗੂਲੇਸ਼ਨਜ਼ ਐਕਟ ਵਿਚ ਲੋੜੀਂਦੀਆਂ ਸੋਧਾਂ ਮਗਰੋਂ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਪ੍ਰਾਈਵੇਟ ਬੈਂਕਾਂ ਪ੍ਰੋਮੋਟ ਕਰਨ ਦੀ ਆਗਿਆ ਦਿੱਤੀ ਜਾਵੇ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਗੈਰ-ਬੈਂਕ ਵਿੱਤੀ ਕੰਪਨੀਆਂ ਜਿਵੇਂ ਟਾਟਾ ਕੈਪੀਟਲ, ਅਦਿਤਯ ਬਿਰਲਾ ਕੈਪੀਟਲ, ਮੁਥੂਟ ਫਾਇਨਾਂਸ ਆਦਿ ਜਿਨ੍ਹਾਂ ਦੀ ਸੰਪਤੀ 50,000 ਕਰੋੜ ਰੁਪਏ ਜਾਂ ਇਸ ਤੋਂ ਵਧ ਹੈ, ਬੈਂਕਿੰਗ ਲਾਇਸੈਂਸ ਲੈ ਸਕਣ।

ਜਨਤਕ ਖੇਤਰ ਦੇ ਬੈਂਕ ਖਾਸ ਕਰ ਕੇ ਡੁੱਬੇ ਕਰਜ਼ਿਆਂ (ਐਨ.ਪੀ.ਏ.) ਨਾਲ ਬੁਰੀ ਤਰ੍ਹਾਂ ਨਾਲ ਜੂਝ ਰਹੇ ਹਨ, ਇਸ ਲਈ ਸਰਕਾਰ ਬੈਂਕਾਂ ਦੇ ਖਾਤਿਆਂ ਨੂੰ ਸਾਫ ਸੁਥਰਾ ਰੱਖਣ ਲਈ ਬੈਡ (ਮਾੜਾ) ਬੈਂਕ ਬਣਾਉਣ ਜਾ ਰਹੀ ਹੈ ਜੋ ਬੈਂਕਾਂ ਦੇ ਮਾੜੇ ਕਰਜ਼ਿਆਂ ਨੂੰ ਸਵੀਕਾਰ ਕਰੇਗਾ। ਹੁਣ ਸਾਨੂੰ ਅਜਿਹਾ ਮਾਡਲ ਦੇਖਣ ਨੂੰ ਮਿਲੇਗਾ ਜਿੱਥੇ ਸਰਕਾਰ ਭਾਵੇਂ ਕੋਈ ਸਿੱਧੀ ਰਕਮ ਤਾਂ ਮਾੜੇ ਬੈਂਕ ਲਈ ਨਹੀਂ ਮੁਹੱਈਆ ਕਰਵਾਏਗੀ ਪਰ ਸਰਕਾਰ ਇਸ ਬੈਂਕ ਨੂੰ ਸਰਬ-ਤੰਤਰ ਗਾਰੰਟੀ ਦੇ ਸਕਦੀ ਹੈ ਜਿਹੜੀ ਨਿਯਮਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲੋੜੀਂਦੀ ਹੋਵੇਗੀ। ਸਰਕਾਰ ਦੁਆਰਾ ਇਹ ਲਗਨ ਇਸ ਲਈ ਦਿਖਾਈ ਜਾ ਰਹੀ ਹੈ ਤਾਂ ਜੋ ਜਨਤਕ ਬੈਂਕਾਂ ਦੇ ਖਾਤਿਆਂ ਨੂੰ ਸਾਫ ਸੁਥਰਾ ਰੱਖਿਆ ਜਾ ਸਕੇ ਅਤੇ ਕੱਲ੍ਹ ਨੂੰ ਇਨ੍ਹਾਂ ਨੂੰ ਵੇਚਣ ਲੱਗੇ ਖਰੀਦਦਾਰਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

ਇਸੇ ਮੁਹਿੰਮ ਵਿਚ ਸਰਕਾਰ ਦਾ ਅਗਲਾ ਕਦਮ ਪ੍ਰਾਈਵੇਟ ਬੈਂਕਾਂ ਨੂੰ ਸਰਕਾਰ ਨਾਲ ਸਬੰਧਿਤ ਬੈਂਕਿੰਗ ਲੈਣ-ਦੇਣ ਦੀ ਆਗਿਆ ਨਾਲ ਜੁੜਿਆ ਹੈ। ਹੁਣ ਤਕ ਸਮਾਜਿਕ ਯੋਜਨਾਵਾਂ ਜਿਵੇਂ ਮਗਨਰੇਗਾ, ਪ੍ਰਧਾਨ ਮੰਤਰੀ ਕਿਸਾਨ ਯੋਜਨਾ, ਬੁਢਾਪਾ ਪੈਨਸ਼ਨਾਂ ਆਦਿ ਦੀ ਵੰਡ ਕੇਵਲ ਜਨਤਕ ਜਾਂ ਸਹਿਕਾਰੀ ਬੈਂਕਾਂ ਰਾਹੀਂ ਕੀਤੀ ਜਾਂਦੀ ਸੀ, ਹੁਣ ਪ੍ਰਾਈਵੇਟ ਬੈਂਕਾਂ ਨੂੰ ਇਹ ਸਾਰੇ ਕੰਮ ਕਰਨ ਦੀ ਆਗਿਆ ਦੇ ਕੇ, ਪ੍ਰਾਈਵੇਟ ਬੈਂਕਾਂ ਦੀਆਂ ਸ਼ਾਖਾਵਾਂ ਪੇਂਡੂ ਖੇਤਰ ਵਿਚ ਵਧਾਉਣ ਦਾ ਵੀ ਟੀਚਾ ਸਰਕਾਰ ਨੇ ਮਿੱਥ ਲਿਆ ਜਾਪਦਾ ਹੈ। ਸਰਕਾਰ ਦੇ ਸਾਰੇ ਮੰਤਰਾਲੇ ਜਾਂ ਵਿਭਾਗ ਤਨਖਾਹਾਂ, ਪੈਨਸ਼ਨਾਂ, ਟੈਕਸ ਕਟੌਤੀ ਆਦਿ ਲਈ ਕਿਸੇ ਨਾ ਕਿਸੇ ਜਨਤਕ ਬੈਂਕ ਨਾਲ ਜੁੜੇ ਹੋਏ ਹਨ ਜੋ ਜਨਤਕ ਬੈਂਕਾਂ ਦੀ ਰੀੜ੍ਹ ਦੀ ਹੱਡੀ ਵੀ ਮੰਨੇ ਜਾਂਦੇ ਹਨ; ਇਸ ਲਈ ਸਰਕਾਰ ਨੇ ਹੁਣ ਇਸ ਰੀੜ੍ਹ ਦੀ ਹੱਡੀ ਨੂੰ ਤੋੜ ਕੇ ਜਨਤਕ ਬੈਂਕਾਂ ਨੂੰ ਕਮਜ਼ੋਰ ਕਰਨ ਦੀ ਪ੍ਰਕਿਰਿਆ ਮਿੱਥੀ ਹੈ।

ਜਨਤਕ ਖੇਤਰ ਦੇ ਬੈਂਕਾਂ ਦੇ ਪ੍ਰਾਈਵੇਟ ਹੱਥਾਂ ਵਿਚ ਜਾਣ ਨਾਲ ਆਮ ਜਨਤਾ ਲਈ ਕਈ ਮਹੱਤਵਪੂਰਨ ਸਵਾਲ ਖੜ੍ਹੇ ਹੁੰਦੇ ਹਨ। ਸਰਕਾਰਾਂ ਦਾ ਅਪਨਿਵੇਸ਼ ਜਾਂ ਨਿੱਜੀਕਰਨ ਦੇ ਰਾਹ ਤੁਰਨਾ ਭਾਵੇਂ ਸਰਕਾਰ ਦੀ ਵਿੱਤੀ ਹਾਲਤ ਨੂੰ ਥੋੜ੍ਹੇ ਸਮੇਂ ਲਈ ਤਾਂ ਸੰਭਾਲ ਸਕਦਾ ਹੈ ਪਰ ਸਰਕਾਰ ਦਾ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਖਹਿੜਾ ਛੁਡਾਉਣਾ ਆਮ ਜਨਤਾ ਨੂੰ ਡੂੰਘਾ ਨੁਕਸਾਨ ਪਹੁੰਚਾਏਗਾ ਜਿਸ ਦੀ ਭਰਪਾਈ ਕਦੇ ਨਹੀਂ ਹੋ ਸਕਦੀ।

# ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧੀ ਪ੍ਰਵਚਨ ਬਾਰੇ ਖੁੱਲ੍ਹਾ ਲੇਖਾ-ਜੋਖਾ

## ਵਿਗੜੇ ਹੋਏ ਮਾਓਵਾਦੀਆਂ ਤੋਂ ਸਾਵਧਾਨ ਰਹਿਣ ਕਿਸਾਨ ਆਗੂ

**ਭਾਰਤ ਵਿਚ ਕੇਂਦਰ ਸਰਕਾਰ ਖਿਲਾਫ ਭਖੇ ਹੋਏ ਕਿਸਾਨ ਅੰਦੋਲਨ ਬਾਰੇ ਚਰਚਾ ਸੰਸਾਰ ਭਰ ਦੇ ਵੱਖ-ਵੱਖ ਮੰਚਾਂ ਉਤੇ ਲਗਾਤਾਰ ਚੱਲ ਰਹੀ ਹੈ। ਕੈਨੇਡਾ ਵੱਸਦੇ ਪੱਤਰਕਾਰ ਬਲਰਾਜ ਦਿਓਲ ਨੇ ਇਸ ਮਸਲੇ ਦੀ ਚੀਰ-ਫਾੜ ਕਈ ਪੱਖਾਂ ਤੋਂ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ**

ਦੇਸ-ਵਿਦੇਸ ਵਿਚ ਵੱਸਦੇ ਪੰਜਾਬੀਆਂ ਵਿਚ ਭਾਰਤ ਦੇ ਤਿੰਨ ਖੇਤੀ ਕਾਨੂੰਨਾਂ ਦਾ ਬਹੁਤ ਵਿਰੋਧ ਹੋਇਆ ਅਤੇ ਹੋ ਰਿਹਾ ਹੈ ਪਰ ਖੁੱਲ੍ਹੇ ਮਨ ਨਾਲ ਸਹੀ ਸੰਵਾਦ ਕਦੇ ਨਹੀਂ ਹੋਇਆ। ਪੰਜਾਬ ਟਾਈਮਜ਼ ਨੇ ਇਸ ਘਾਟ ਨੂੰ ਪੂਰਾ ਕਰਨ ਲਈ ਕੁਝ ਕੁ ਉਦਮ ਜ਼ਰੂਰ ਕੀਤਾ ਹੈ ਪਰ ਇਹ ਕਾਫੀ ਨਹੀਂ ਹੈ। ਅਫਸੋਸ ਇਸ ਗੱਲ ਦਾ ਹੈ ਕਿ ਸਿੱਖ ਭਾਈਚਾਰੇ ਵਿਚ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨਾ ਸਿਆਸੀ, ਧਾਰਮਕ ਅਤੇ ਸਮਾਜਕ ਲੋੜ ਬਣ ਗਈ ਜਾਪਦੀ ਹੈ। ਐਸਾ ਕੁਤੱਤਣ ਭਰਿਆ ਮਹੌਲ ਪੈਦਾ ਕਰ ਦਿੱਤਾ ਗਿਆ ਹੈ ਜਿਸ ਵਿਚ ਸੰਤੁਲਤ ਪੜਚੋਲ ਅਤੇ ਸੰਵਾਦ ਅਸੰਭਵ ਬਣ ਗਿਆ ਹੈ। ਇਨ੍ਹਾਂ ਤਿੰਨ ਕਾਨੂੰਨਾਂ ਦਾ ਸਮਰਥਨ ਕਰਨਾ ਹੀ ਮੋਦੀ ਭਗਤ ਅਤੇ ਗੋਦੀ ਮੀਡੀਆ ਹੋਣ ਦਾ ਸਬੂਤ ਸਮਝਿਆ ਜਾਣ ਲੱਗ ਪਿਆ ਹੈ। ਭਾਰਤ ਦੀ ਕਿਸਾਨੀ ਦੀਆਂ ਸਮੱਸਿਆਵਾਂ ਬਹੁਤ ਪੇਚੀਦਾ ਹਨ ਜਿਸ ਦੀਆਂ ਤਣੀਆਂ ਕਈ ਪਾਸੇ ਜੁੜੀਆਂ ਹੋਈਆਂ ਹਨ। ਇਨ੍ਹਾਂ ਨੂੰ ਸਮਝਣ ਲਈ ਭੈਅ ਰਹਿਤ ਖੁੱਲ੍ਹਾ

**ਬਲਰਾਜ ਦਿਓਲ**
**ਫੋਨ: 905-793-5072**
**ਈਮੇਲ: balrajdeol@rogers.com**

ਸੰਵਾਦ ਜ਼ਰੂਰੀ ਹੈ।

ਖੱਬੇ ਪੱਖੀ ਖੇਤੀ ਮਾਹਰ, ਲੇਖਕ ਅਤੇ ਬੁੱਧੀਜੀਵੀ ਇੱਕੋ ਰਟ ਲਗਾਈ ਬੈਠੇ ਹਨ ਕਿ ਕਿਸਾਨੀ ਦੀਆਂ ਸਭ ਸਮੱਸਿਆਵਾਂ ਦਾ ਇੱਕੋ-ਇੱਕ ਹੱਲ ਪਬਲਿਕ ਸੈਕਟਰ ਦਾ ਹੋਰ ਵਿਸਥਾਰ, ਵਿਆਪਕ ਘੱਟੋ-ਘੱਟ ਖਰੀਦ ਕੀਮਤ (ਐਮ.ਐਸ.ਪੀ.), ਦੇਸ਼ ਭਰ ਵਿਚ ਵਿਆਪਕ ਸਰਕਾਰੀ ਖਰੀਦ ਦੀ ਗਰੰਟੀ ਅਤੇ ਸਬਸਿਡੀਆਂ ਵਿਚ ਹੋਰ ਵਾਧਾ ਹੈ।

ਅਗਰ ਇਹ ਉਨ੍ਹਾਂ ਦਾ ਘੋਖਿਆ ਹੋਇਆ ਵਿਚਾਰ ਹੈ ਤਾਂ ਇਸ ਵਿਚ ਕੋਈ ਹਰਜ ਨਹੀਂ ਹੈ ਪਰ ਇਸ ਬਾਰੇ ਖੁੱਲ੍ਹ ਕੇ ਸੰਵਾਦ ਕਿਉਂ ਨਹੀਂ ਹੋ ਸਕਦਾ? ਅਜਿਹੇ ਮਾਹਰ, ਖੇਤੀ ਅਰਥ ਸ਼ਾਸਤਰੀ, ਲੇਖਕ ਅਤੇ ਬੁੱਧੀਜੀਵੀ ਤੱਥਾਂ ਅਤੇ ਅੰਕੜਿਆਂ ਨੂੰ ਤੋੜ ਮਰੋੜ ਕੇ ਝੂਠ ਬੋਲਣ ਦੀ ਹੱਦ ਤੱਕ ਕਿਉਂ ਚਲੇ ਜਾਂਦੇ ਹਨ? ਕੀ ਉਨ੍ਹਾਂ ਨੂੰ ਡਰ ਹੈ ਕਿ ਤੱਥਾਂ, ਅੰਕੜਿਆਂ ਅਤੇ ਤਿੰਨ ਕਾਨੂੰਨਾਂ ਦੀਆਂ ਵੱਖ-ਵੱਖ ਮੱਦਾਂ ਦਾ ਸਪਸ਼ਟ ਮੁਲੰਕਣ ਉਨ੍ਹਾਂ ਵਲੋਂ ਪੇਸ਼ ਕੀਤੇ ਜਾਂਦੇ ਦਿਵਿਆ ਇਲਾਜ ਨੂੰ ਕਿਤੇ ਗਲਤ ਸਾਬਤ ਨਾ ਕਰ ਦੇਵੇ?

ਤਕਨੀਕ ਦੇ ਇਸ ਯੁੱਗ ਵਿਚ ਅਜਿਹੇ ਮਾਹਰਾਂ ਦੇ ਕਈ ਲੇਖ ਅਤੇ ਰੇਡੀਓ ਤੇ ਟੀ.ਵੀ. ਮੁਲਾਕਾਤਾਂ ਇੰਟਰਨੈਟ ਉਤੇ ਮਿਲਦੀਆਂ ਹਨ। ਇਨ੍ਹਾਂ ਵਿਚੋਂ ਦੋ ਦੇ ਕੁਝ ਵਿਚਾਰਾਂ ਦਾ ਮੁਲੰਕਣ ਪੇਸ਼ ਹੈ।

ਪੰਜਾਬ ਤੋਂ ਵਿਸ਼ਲੇਸ਼ਕ ਅਤੇ ਸਮਾਜ ਸ਼ਾਸਤਰੀ ਡਾ. ਪ੍ਰਮੋਦ ਕੁਮਾਰ ਦੀ ਵਰਲਡ ਪੰਜਾਬੀ ਟੀ.ਵੀ. ਦੇ ਰਿਤੇਸ਼ ਲੱਖੀ ਨਾਲ ਤਿੰਨ ਖੇਤੀ ਕਾਨੂੰਨਾਂ ਬਾਰੇ ਇੰਟਰਵਿਊ ਯੂਟਿਊਬ ਉਤੇ ਦੇਖਣ ਦਾ ਮੌਕਾ ਮਿਲਿਆ ਹੈ ਜਿਸ ਦਾ ਲਿੰਕ ਮਿੱਤਰ ਗੁਰਦਿਆਲ ਬੱਲ ਨੇ ਮੈਨੂੰ ਇਸ ਦਾ ਸਹੀ ਤੇ ਸੰਤੁਲਿਤ ਵਿਸ਼ਲੇਸ਼ਣ ਦੱਸਦਿਆਂ ਖੁੱਲ੍ਹੇ ਮਨ ਨਾਲ ਸੁਣਨ ਦੀ ਦੀ ਸਿਫਾਰਿਸ਼ ਨਾਲ ਭੇਜਿਆ ਪਰ ਮੈਨੂੰ ਪ੍ਰਮੋਦ ਕੁਮਾਰ ਦੇ ਸਾਰੇ ਪ੍ਰਵਚਨ ਵਿਚ ਕੁਝ ਵੀ ਸਹੀ ਤੇ ਸੰਤੁਲਿਤ ਨਜ਼ਰ ਨਹੀਂ ਆਇਆ। ਇਸ ਵਿਚ ਉਹ ਖੇਤੀ ਸਬਸਿਡੀਆਂ ਵਿਚ ਕਈ ਗੁਣਾ ਵਾਧਾ ਕਰਨ ਦੀ ਵਕਾਲਤ ਕਰਦੇ ਹਨ। ਅਜਿਹਾ ਕਰਦਿਆਂ ਉਹ ਤੱਥ ਅਤੇ ਅੰਕੜਿਆਂ ਦਾ ਬੇਬਾਕੀ ਨਾਲ ਘਾਣ ਵੀ ਕਰਦੇ ਹਨ। ਡਾ. ਪ੍ਰਮੋਦ ਕੁਮਾਰ ਕਹਿੰਦੇ ਹਨ, "ਇਨ੍ਹਾਂ ਕਾਨੂੰਨਾਂ ਦਾ ਸਭ ਤੋਂ ਵੱਧ ਲਾਭ ਕਾਰਪੋਰੇਟ ਨੂੰ ਹੋਵੇਗਾ ਇਸ ਦੇ ਵਿਚ ਕਿਹਾ ਗਿਆ ... ਡਿਸਪਿਊਟ ਰੈਜ਼ੂਲੂਸ਼ਨ ਵੀ ਹੋ ਸਕਦਾ ਹੈ, ਜੇ ਛੋਟੇ ਕਿਸਾਨ ਦਾ ਝਗੜਾ ਹੁੰਦਾ ਕਾਰਪੋਰੇਟ ਨਾਲ, ਉਹਦੀ ਲੈਂਡ ਉਹ ਲੈ ਕੇ ਕਲਟੀਵੇਟ ਕਰਦਾ, ਕੰਟਰੈਕਟ 'ਤੇ ਲੈਂਦਾ, ਉਹਦਾ (ਨਿਬੇੜਾ) ਜਿਹੜਾ ਐਸ.ਡੀ.ਐਮ. ਹੈਗਾ, ਉਹ ਕਰੇਗਾ।"

ਜ਼ਾਹਰ ਹੈ ਡਾ. ਪ੍ਰਮੋਦ ਕੁਮਾਰ ਨਵੇਂ ਕਾਨੂੰਨ ਵਿਚ ਕੰਟਰੈਕਟ ਫਾਰਮਿੰਗ ਦੇ ਮਾਮਲੇ ਵਿਚ ਵਿਵਾਦ ਦੇ ਨਿਪਟਾਰੇ ਦੀ ਵਿਧੀ ਬਾਰੇ ਗੱਲ ਕਰ ਰਹੇ ਹਨ ਪਰ ਇਸ ਇੱਕ ਲਾਈਨ ਦੇ ਬਿਆਨ ਵਿਚ ਦੋ ਤੱਥਾਂ ਦਾ ਘਾਣ ਕਰ ਰਹੇ ਹਨ। ਤੱਥ ਦੀ ਪਹਿਲੀ ਗਲਤ ਬਿਆਨੀ ਉਹ ਬਹੁਤ ਝਕਾਨੀ ਦੇ ਕੇ ਕਰਦੇ ਹਨ, ਜਦ ਉਹ ਕਹਿੰਦੇ ਹਨ "ਉਹਦੀ ਲੈਂਡ ਉਹ ਲੈ ਕੇ ਕਲਟੀਵੇਟ ਕਰਦਾ, ਕੰਟਰੈਕਟ 'ਤੇ ਲੈਂਦਾ", ਭਾਵ ਜਦ ਕਾਰਪੋਰੇਸ਼ਨ ਕਿਸਾਨ ਦੀ ਜ਼ਮੀਨ ਕੰਟਰੈਕਟ ਉਤੇ ਲੈ ਕੇ ਕਲਟੀਵੇਟ ਕਰਦੀ ਹੈ, ਜਾਂ ਕਹਿ ਲਓ, ਖੇਤੀ ਕਰਦੀ ਹੈ ਤਾਂ ਝਗੜੇ ਦੀ ਸੂਰਤ ਵਿਚ ਸਾਲਸੀ ਐਸ.ਡੀ.ਐਮ. ਕਰੇਗਾ। ਇਹ ਸ਼ੈਤਾਨੀ ਭਰਿਆ ਬਿਆਨ ਹੈ, ਕਿਉਂਕਿ ਇਸ ਖੇਤੀ ਕਾਨੂੰਨ ਵਿਚ ਕਾਰਪੋਰੇਸ਼ਨ ਜਾਂ ਵਪਾਰੀ ਕਿਸਾਨ ਦੀ ਜ਼ਮੀਨ ਕਿਸੇ ਕਿਸਮ ਦੇ ਕੰਟਰੈਕਟ ਉਤੇ ਲੈ ਕੇ ਖੁਦ ਖੇਤੀ ਕਰ ਹੀ ਨਹੀਂ ਸਕਦਾ। ਕਾਨੂੰਨ ਮੁਤਾਬਿਕ ਜ਼ਮੀਨ ਦੀ ਖਰੀਦ, ਲੀਜ਼ ਅਤੇ ਮਾਰਗੇਜ ਹੋ ਹੀ ਨਹੀਂ ਸਕਦੀ। ਵਪਾਰੀ ਸਿਰਫ ਖੇਤੀ ਦੀ ਫਸਲ ਜਾਂ ਪੈਦਾਵਾਰ ਖਰੀਦਣ ਦਾ ਕੰਟਰੈਕਟ ਹੀ ਕਰ ਸਕਦਾ ਹੈ। ਐਸ.ਡੀ.ਐਮ. ਦੇ ਪੱਖਪਾਤੀ ਹੋਣ ਦੇ ਡਰਾਵੇ ਵਿਚ ਵਲੇਟ ਕੇ ਉਹ ਜ਼ਮੀਨ ਉਤੇ ਵਪਾਰੀ ਵਲੋਂ ਖੁਦ ਖੇਤੀ ਕਰਨ ਦਾ ਭੈਅ ਵੀ ਦੇ ਰਹੇ ਹਨ। ਕਈ ਮਾਹਰਾਂ ਦੀ ਇਸ ਸੈਂਕੜੇ ਵਾਰ ਕੀਤੀ ਗਲਤ ਬਿਆਨੀ ਕਰ ਕੇ ਕਈ ਕਿਸਾਨਾਂ ਦਾ ਮਨਾਂ ਵਿਚ ਇਹ ਭੈਅ ਬਿਠਾ ਦਿੱਤਾ ਹੈ ਕਿ ਇਹ ਤਿੰਨ ਕਾਨੂੰਨ ਕਾਰਪੋਰੇਸ਼ਨਾਂ ਅਤੇ ਵੱਡੇ ਵਪਾਰੀਆਂ ਵਲੋਂ ਉਨ੍ਹਾਂ ਦੀਆਂ ਜ਼ਮੀਨਾਂ ਉਤੇ


ਪ੍ਰਮੋਦ ਕੁਮਾਰ

ਕਬਜ਼ਾ ਕਰਨ ਲਈ ਹੀ ਬਣਵਾਏ ਗਏ ਹਨ; ਜਦਕਿ ਇਸ ਬਾਰੇ 'ਫਾਰਮਰਜ਼ ਐਮਪਾਵਰਮੈਂਟ ਐਂਡ ਪਰੋਟੈਕਸ਼ਨ ਐਕਟ 2020' ਦੇ ਚੈਪਟਰ 2 ਦੀ ਮੱਦ 8-ਏ ਆਖਦੀ ਹੈ ਕਿ ਫਾਰਮਿੰਗ ਐਗਰੀਮੈਂਟ ਕਿਸਾਨ ਦੀ ਜ਼ਮੀਨ ਦੀ ਟਰਾਂਸਫਰ, ਸੇਲ, ਲੀਜ਼ ਅਤੇ ਮਾਰਗੇਜ਼ ਲਈ ਨਹੀਂ ਹੋ ਸਕਦਾ। ਮੱਦ 8-ਬੀ ਹੇਠ ਕਿਸਾਨ ਦੀ ਜ਼ਮੀਨ ਮੋਡੀਫਾਈ ਕਰਨ ਅਤੇ ਕੋਈ ਪੱਕਾ ਢਾਂਚਾ ਬਣਾਉਣ ਦੀ ਵੀ ਮਨਾਹੀ ਹੈ। ਅਗਰ ਕੋਈ ਢਾਂਚਾ ਲੋੜੀਂਦਾ ਹੈ ਤਾਂ ਫਾਰਮਿੰਗ ਐਗਰੀਮੈਂਟ ਖਤਮ ਹੁੰਦੇ ਸਾਰ ਵਪਾਰੀ ਇਸ ਨੂੰ ਆਪਣੇ ਖਰਚੇ 'ਤੇ ਹਟਾਏਗਾ, ਅਗਰ ਨਾ ਹਟਾਏ ਤਾਂ ਢਾਂਚਾ ਕਿਸਾਨ ਦਾ ਹੋ ਜਾਵੇਗਾ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਸ ਵਿਚ ਕਿਸਾਨ ਦੀ ਲੈਂਡ ਔਰ ਪ੍ਰੈਮਿਸਿਜ਼, ਭਾਵ ਜ਼ਮੀਨ ਅਤੇ ਥਾਂ ਸ਼ਬਦ ਵਰਤੇ ਗਏ ਹਨ। ਇਸ ਨਾਲ ਅਗਰ ਵਪਾਰੀ ਕਿਸੇ ਫਸਲ ਦੀ ਛਣਾਈ, ਤੁਲਾਈ ਜਾਂ ਭਰਾਈ ਲਈ ਕਿਸਾਨ ਦੀ ਹਵੇਲੀ ਵਗੈਰਾ ਵਰਤਦਾ ਹੈ ਤਾਂ ਉਹ ਵੀ ਇਸ ਹੇਠ ਸੁਰੱਖਿਅਤ ਹੈ।

ਐਕਟ ਵਿਚ ਦਰਜ ਸਾਲਸੀ, ਭਾਵ ਡਿਸਪਿਊਟ ਰੈਜ਼ੂਲੂਸ਼ਨ ਦੀ ਵਿਧੀ ਦੇ 6-7 ਨੁਕਤਿਆਂ ਨੂੰ ਡਾ. ਕੁਮਾਰ ਐਸ.ਡੀ.ਐਮ. ਦੇ ਭੈਅ ਤੱਕ ਸੀਮਤ ਕਰਦੇ ਹੋਏ ਆਖ ਰਹੇ ਹਨ ਕਿ ਉਹ ਵੱਡੀ ਕਾਰਪੋਰੇਸ਼ਨ ਦੇ ਹੱਕ ਵਿਚ ਭੁਗਤੇਗਾ। ਇਸ ਕਾਨੂੰਨ ਹੇਠ ਐਸ.ਡੀ.ਐਮ. ਸਾਲਸੀ ਕਰਨ ਵਕਤ ਦੋਵਾਂ ਧਿਰਾਂ ਵਲੋਂ ਅਗਾਊਂ ਕੀਤੇ ਗਏ 'ਲਿਖਤੀ ਕੰਟਰੈਕਟ' ਅਤੇ ਕਾਨੂੰਨ ਦੋਵਾਂ ਦੀ ਰੋਸ਼ਨੀ ਵਿਚ ਸਾਲਸੀ ਕਰੇਗਾ। ਲਿਖਤੀ ਕੰਟਰੈਕਟ ਕਰਨਾ ਜ਼ਰੂਰੀ ਦੱਸਿਆ ਗਿਆ ਹੈ ਅਤੇ ਇਹ ਫਸਲ ਦਾ ਹੈ ਨਾ ਕਿ ਜ਼ਮੀਨ ਦਾ। ਐਕਟ ਦੇ ਚੈਪਟਰ 3 ਦੀ ਮੱਦ 13.1 ਆਖਦੀ ਹੈ ਕਿ ਹਰ ਫਾਰਮਿੰਗ ਐਗਰੀਮੈਂਟ (ਕੰਟਰੈਕਟ) ਵਿਚ ਸਾਲਸੀ ਦੀ ਵਿਧੀ (ਬੋਰਡ) ਸਪਸ਼ਟਤਾ ਨਾਲ ਦਰਜ ਕੀਤੀ ਜਾਣੀ ਚਾਹੀਦੀ ਹੈ ਅਤੇ ਸਾਲਸੀ ਬੋਰਡ ਵਿਚ ਦੋਵਾਂ ਧਿਰਾਂ ਦੀ ਬਰਾਬਰ ਨੁਮਾਇੰਦਗੀ ਹੋਵੇ। ਵਿਵਾਦ ਦੀ ਸੂਰਤ 'ਚ ਸਾਲਸੀ ਇਸ ਬੋਰਡ ਨੇ ਕਰਨੀ ਹੈ।

ਮੱਦ 14.1 ਆਖਦੀ ਹੈ ਕਿ ਅਗਰ ਫਾਰਮਿੰਗ ਐਗਰੀਮੈਂਟ ਵਿਚ ਸਾਲਸੀ ਬੋਰਡ ਮੱਦ (13.1) ਮੁਤਾਬਿਕ ਦਰਜ ਨਹੀਂ ਹੈ, ਜਾਂ ਦੋਵੇਂ ਧਿਰਾਂ 30 ਦਿਨਾਂ ਵਿਚ ਆਪਣਾ ਵਿਵਾਦ ਹੱਲ ਨਹੀਂ ਕਰਦੀਆਂ ਤਾਂ ਕੋਈ ਵੀ ਧਿਰ ਐਸ.ਡੀ.ਐਮ. ਕੋਲ ਹੱਲ ਲਈ" ਜਾ ਸਕਦੀ ਹੈ। ਐਸ.ਡੀ.ਐਮ. ਵੀ 'ਫਾਰਮਿੰਗ ਐਗਰੀਮੈਂਟ' ਅਤੇ ਇਸ ਕਾਨੂੰਨ ਦੀ ਭਾਵਨਾ ਨੂੰ ਧਿਆਨ ਵਿਚ ਰੱਖ ਕੇ ਹੀ ਫੈਸਲਾ ਦੇਵੇਗਾ।

ਕਿਸੇ ਸੰਭਾਵੀ ਵਿਵਾਦ ਦੇ ਫੈਸਲੇ ਨੂੰ ਦਿਸ਼ਾ ਦੇਣ ਲਈ ਵੀ ਬਹੁਤ ਸਪਸ਼ਟ ਮੱਦਾਂ ਹਨ। ਮੱਦ 14.2 ਦਾ ਨੁਕਤਾ ਨੰਬਰ ਇੱਕ ਆਖਦਾ ਹੈ ਕਿ ਅਗਰ ਸਪਾਂਸਰ, ਭਾਵ ਵਪਾਰੀ ਕਿਸਾਨ ਦੀ ਬਣਦੀ ਅਦਾਇਗੀ ਨਹੀਂ ਕਰਦਾ ਤਾਂ ਉਸ ਨੂੰ ਪੈਨਲਟੀ ਵਜੋਂ ਡੇਢ ਗੁਣਾ ਤੱਕ ਅਦਾ ਕਰਨਾ ਪੈ ਸਕਦਾ ਹੈ।

ਮੱਦ 14.2 ਦਾ ਨੁਕਤਾ ਨੰਬਰ ਦੋ ਆਖਦਾ ਹੈ ਕਿ ਅਗਰ ਫੈਸਲਾ ਕਿਸਾਨ ਦੇ ਖਿਲਾਫ ਜਾਂਦਾ ਹੈ ਤਾਂ ਕਿਸਾਨ ਨੂੰ ਵਪਾਰੀ ਦੀ ਬਣਦੀ ਰਕਮ ਹੀ ਦੇਣੀ ਪਵੇਗੀ ਜੋ 'ਫਾਰਮਿੰਗ ਐਗਰੀਮੈਂਟ' ਮੁਤਾਬਿਕ ਅਡਵਾਂਸ ਅਦਾਇਗੀ ਅਤੇ ਸਪਲਾਈ ਕੀਤੀਆਂ ਚੀਜ਼ਾਂ ਦੇ ਖਰਚੇ ਉਤੇ ਆਧਾਰਿਤ ਹੋਵੇਗੀ ਤੇ ਇਸ ਤੋਂ ਵੱਧ ਨਹੀਂ ਹੋ ਸਕਦੀ।

ਮੱਦ 14.2 ਦਾ ਨੁਕਤਾ ਤਿੰਨ ਕਿਸਾਨ ਦੀ ਹੋਰ ਵੀ ਰਾਖੀ ਕਰਦਾ ਹੈ। ਇਸ ਮੁਤਾਬਿਕ ਕਿਸਾਨ ਖਿਲਾਫ ਰਕਮ ਦੀ ਰਿਕਵਰੀ ਲਈ ਹੁਕਮ ਦੋ ਹਾਲਤਾਂ ਵਿਚ ਦਿੱਤਾ ਹੀ ਨਹੀਂ ਜਾ ਸਕਦਾ। ਦਰਜ ਕੀਤੀ ਪਹਿਲੀ ਹਾਲਤ ਹੈ ਅਗਰ ਵਿਵਾਦ ਬਣਨ ਵਾਲਾ 'ਫਾਰਮਿੰਗ ਕੰਟਰੈਕਟ' ਇਸ ਕਾਨੂੰਨ ਦੀਆਂ ਮੱਦਾਂ ਦੀ ਉਲੰਘਣਾ ਕਰਦਾ ਹੋਵੇ; ਭਾਵ ਕੰਟਰੈਕਟ ਵਿਚ ਕਿਸਾਨ ਤੋਂ ਅਜਿਹੀਆਂ ਸ਼ਰਤਾਂ ਲਿਖਵਾ ਲਈਆਂ ਹੋਣ ਜੋ 'ਅਮਪਾਵਰਮੈਂਟ ਐਕਟ' ਦੀਆਂ ਮੱਦਾਂ ਦੇ ਅਨੁਕੂਲ ਨਾ ਹੋਣ ਤਾਂ ਕਿਸਾਨ ਖਿਲਾਫ ਰਕਮ ਰਿਕਵਰੀ ਦਾ ਹੁਕਮ ਨਹੀਂ ਦਿੱਤਾ ਜਾ ਸਕਦਾ। ਦੂਜੀ ਹਾਲਤ; ਅਗਰ ਕਿਸਾਨ ਕੰਟਰੈਕਟ ਮੁਤਾਬਿਕ ਆਪਣਾ ਵਾਅਦਾ ਪੂਰਾ ਨਾ ਕਰ ਸਕੇ, ਭਾਵ ਡਿਫਾਲਟ ਕਰ ਜਾਵੇ ਪਰ ਇਸ ਦਾ ਕਾਰਨ 'ਫੋਰਸ ਮੇਜੋਰ' ਹੋਵੇ।

'ਫੋਰਸ ਮੇਜੋਰ' ਕਾਨੂੰਨੀ ਸ਼ਬਦ ਹੈ ਅਤੇ ਸਾਦੀ ਪੰਜਾਬੀ ਵਿਚ ਇਸ ਦਾ ਭਾਵ ਕਿਸੇ ਹੋਰ ਅਣਕਿਆਸੀ ਘਟਨਾ ਕਾਰਨ ਵਾਅਦਾ ਵਫਾ ਕਰਨਾ 'ਵੱਸੋਂ ਬਾਹਰ' ਹੋ ਜਾਣਾ ਹੈ। 'ਫੋਰਸ ਮੇਜੋਰ' ਦੀ ਡੈਫੀਨੀਸ਼ਨ ਇਸ ਐਕਟ ਦੇ ਚੈਪਟਰ 1 ਦੀ ਮੱਦ 2-ਜੇ ਵਿਚ ਵੀ ਦਿੱਤੀ ਹੋਈ ਹੈ। ਡਿਕਸ਼ਨਰੀ ਅਤੇ ਗੂਗਲ ਸਰਚ ਮੁਤਾਬਿਕ ਕਈ ਹਾਲਤਾਂ 'ਫੋਰਸ ਮੇਜੋਰ' ਹੋ ਸਕਦੀਆਂ ਹਨ ਜਿਨ੍ਹਾਂ ਵਿਚ ਲੰਮੀ ਐਨਰਜੀ ਬਲੈਕਆਊਟ, ਹੜ੍ਹ, ਸੋਕਾ, ਯੁੱਧ, ਦੰਗੇ, ਵੱਡੀਆਂ ਹੜਤਾਲਾਂ, ਲੌਕਆਊਟ, ਚਕਰਵਰਤੀ ਤੂਫਾਨ, ਧਮਾਕੇ ਅਤੇ ਅਗਰ ਸਰਕਾਰ ਅਚਾਨਕ ਕੋਈ ਅਣਕਿਆਸਿਆ ਕਾਨੂੰਨ ਬਣਾ ਦੇਵੇ ਜਾਂ ਬਦਲ ਦੇਵੇ ਆਦਿ। ਅਜਿਹੀਆਂ ਹਾਲਤਾਂ ਕਿਸਾਨ ਦੇ ਵੱਸ ਤੋਂ ਬਾਹਰ ਹੋਣ ਕਾਰਨ 'ਫੋਰਸ ਮੇਜੋਰ' ਹਨ।

ਇਸ ਕਾਨੂੰਨ ਦੇ ਚੈਪਟਰ ਤਿੰਨ ਦੀ ਮੱਦ 15 ਕਿਸਾਨ ਦੀ ਜ਼ਮੀਨ ਦੀ ਰਾਖੀ ਕਰਦੀ ਹੈ। ਅਗਰ ਉਪਰੋਕਤ ਮੱਦ 14 ਹੇਠ ਵਿਵਾਦ ਦੇ ਹੱਲ ਵਿਚ ਫੈਸਲਾ ਕਿਸਾਨ ਦੇ ਖਿਲਾਫ ਚਲੇ ਜਾਂਦਾ ਹੈ ਤਾਂ ਇਸ ਸੈਕਸ਼ਨ ਹੇਠ ਕਿਸਾਨ ਤੋਂ ਰਕਮ ਰਿਕਵਰ ਕਰਨ ਲਈ ਕਿਸਾਨ ਦੀ ਖੇਤੀ ਵਾਲੀ ਜ਼ਮੀਨ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਜਾ ਸਕਦਾ।

ਇੰਜ ਆਪਣੇ ਇੱਕ ਫਿਕਰੇ ਵਿਚ ਡਾ. ਪ੍ਰਮੋਦ ਕੁਮਾਰ ਨੇ ਦੋ ਤੱਥਾਂ ਦਾ ਬੁਰੀ ਤਰ੍ਹਾਂ ਘਾਣ ਕੀਤਾ ਹੈ ਅਤੇ ਆਮ ਕਿਸਾਨ ਉੱਤੇ ਇਸ ਕਥਨ ਨਾਲ ਪੈਣ ਵਾਲੇ ਪ੍ਰਭਾਵ ਦੀ ਉਕਾ ਹੀ ਪ੍ਰਵਾਹ ਨਹੀਂ ਕੀਤੀ।

ਇਸ ਇੰਟਰਵਿਊ ਵਿਚ ਉਹ ਆਖਦੇ ਹਨ ਕਿ ਭਾਰਤ ਖੇਤੀ ਸਬਸਿਡੀਆਂ ਦੇ ਮਾਮਲੇ ਵਿਚ 10 ਫੀਸਦ ਤੋਂ ਹੇਠ ਵਾਲੇ ਗਰੁੱਪ ਵਿਚ ਹੈ ਅਤੇ ਸਬਸਿਡੀਆਂ ਨੂੰ ਵਧਾ ਕੇ 25-30% ਕਰਨ ਦੀ ਮੰਗ ਕਰਦੇ ਹਨ। ਸਬਸਿਡੀਆਂ ਬਾਰੇ ਉਹ ਆਪਾ ਵਿਰੋਧੀ ਬਿਆਨ ਵੀ ਦਿੰਦੇ ਹਨ। ਇੱਕ ਭਾਰਤ 10 ਫਸਦ ਤੋਂ ਹੇਠ ਵਾਲੇ ਗਰੁੱਪ ਵਿਚ ਹੈ, ਦੋ ਭਾਰਤ ਸਰਕਾਰ ਸਿਰਫ 2000 ਰੁਪਏ ਸਬਸਿਡੀ ਦਿੰਦੀ ਹੈ, ਤੀਜਾ ਭਾਰਤ ਵਿਚ ਪ੍ਰਤੀ ਕਿਸਾਨ ਸਬਸਿਡੀ 262 ਡਾਲਰ ਬਣਦੀ ਹੈ ਅਤੇ ਚੌਥਾ ਦੋ ਸੂਬਿਆਂ (ਪੰਜਾਬ-ਹਰਿਆਣਾ) ਵਿਚ ਐਮ.ਐਸ.ਪੀ. ਹਰ ਸਾਲ 80,000 (ਅੱਸੀ ਹਜ਼ਾਰ ਕਰੋੜ ਰੁਪਏ) ਹੈ। ਪੁੱਛਣਾ ਬਣਦਾ ਹੈ ਕਿ ਉਪਰੋਕਤ ਚਾਰ ਵਿਚੋਂ ਅਸਲ ਕੁੱਲ ਸਬਸਿਡੀ ਕਿੰਨੀ ਹੈ?

ਭਾਰਤ 10 ਫੀਸਦ ਤੋਂ ਹੇਠ ਖੇਤੀ ਸਬਸਿਡੀ


ਮਿਲਖਾ ਸਿੰਘ ਔਲਖ

ਦਿੰਦਾ ਹੈ, ਦਾ ਨੁਕਤਾ ਉਹ ਵਰਲਡ ਟਰੇਡ ਆਰਗੇਨਾਈਜੇਸ਼ਨ ਦੇ ਹਵਾਲੇ ਨਾਲ ਵਰਤਦੇ ਹਨ। ਜਦ ਉਹ ਕਹਿੰਦੇ ਹਨ ਕਿ ਭਾਰਤ 2000 ਰੁਪਏ ਪ੍ਰਤੀ ਕਿਸਾਨ ਸਬਸਿਡੀ ਦਿੰਦਾ ਹੈ ਤਾਂ ਜਾਪਦਾ ਹੈ ਕਿ ਉਹ 'ਪ੍ਰਧਾਨ ਮੰਤਰੀ ਕਿਸਾਨ ਯੋਜਨਾ' ਦਾ ਜ਼ਿਕਰ ਕਰ ਰਹੇ ਹਨ ਜੋ ਅਤਿ ਗਰੀਬ ਕਿਸਾਨਾਂ ਲਈ ਦਸੰਬਰ 2018 ਵਿਚ ਸ਼ੁਰੂ ਕੀਤੀ ਗਈ ਸੀ ਪਰ ਅੰਕੜਾ ਫਿਰ ਗਲਤ ਹੈ ਅਤੇ ਇਸ ਵਿਚ ਸਾਰੀਆਂ ਖੇਤੀ ਸਬਸਿਡੀਆਂ ਦੀ ਰਕਮ ਵੀ ਸ਼ਾਮਲ ਨਹੀਂ ਹੈ। 'ਪ੍ਰਧਾਨ ਮੰਤਰੀ ਕਿਸਾਨ ਯੋਜਨਾ' ਹੇਠ ਅਤਿ ਗਰੀਬ ਕਿਸਾਨਾਂ ਨੂੰ ਸਾਲ ਵਿਚ ਦੋ-ਦੋ ਹਜ਼ਾਰ ਰੁਪਏ ਦੀਆਂ ਤਿੰਨ ਕਿਸ਼ਤਾਂ ਵਿਚ ਕੁੱਲ 6000 ਰੁਪਏ ਦਿੱਤੇ ਜਾਂਦੇ ਹਨ। ਪੰਜਾਬ ਵਾਲਿਆਂ ਨੂੰ ਇਹ ਇੱਕ ਨੌਕਰ ਦੀ ਮਹੀਨੇ ਦੀ ਤਨਖਾਹ ਜਾਪਦੀ ਹੋਵੇਗੀ ਪਰ ਭਾਰਤ ਦੇ ਲੱਖਾਂ ਅਤਿ ਗਰੀਬ ਕਿਸਾਨਾਂ ਲਈ ਮਹੱਤਵਪੂਰਨ ਮਦਦ ਹੈ। ਇਹ ਉਹ ਰਕਮ ਹੈ ਜੋ ਗਰੀਬ ਕਿਸਾਨਾਂ ਦੇ ਖਾਤਿਆਂ ਵਿਚ ਸਿੱਧੀ ਭੇਜੀ ਜਾਂਦੀ ਹੈ ਅਤੇ ਇਸ ਵਿਚ ਲੱਖਾਂ ਕਰੋੜ ਰੁਪਏ ਦੀਆਂ ਹੋਰ ਸਮੂਹਕ ਸਬਸਿਡੀਆਂ ਦਾ ਇਕ ਪੈਸਾ ਵੀ ਸ਼ਾਮਲ ਨਹੀਂ ਹੈ।

ਡਾ. ਪ੍ਰਮੋਦ ਕੁਮਾਰ ਆਖਦੇ ਹਨ ਕਿ ਦੋ ਸੂਬਿਆਂ (ਪੰਜਾਬ ਤੇ ਹਰਿਆਣਾ) ਵਿਚ ਹਰ ਸਾਲ 80,000 ਕਰੋੜ ਰੁਪਏ ਐਮ.ਐਸ.ਪੀ. ਦਿੱਤੀ ਜਾਂਦੀ ਹੈ। ਅਗਰ ਫਸਲ ਦੀ ਮਿਕਦਾਰ ਮੁਤਾਬਿਕ ਪੰਜਾਬ ਦਾ ਹਿੱਸਾ 60 ਫੀਸਦ ਦੇ ਕਰੀਬ ਹੈ ਤਾਂ ਇਸ ਵਿਚੋਂ 48,000 ਕਰੋੜ ਪੰਜਾਬ ਦੇ ਹਿੱਸੇ ਆਉਂਦਾ ਹੈ।

ਇਸ ਤੋਂ ਇਲਾਵਾ ਕੇਂਦਰ ਅਤੇ ਸੂਬਾਈ ਸਰਕਾਰ ਵਲੋਂ ਖਾਦਾਂ, ਦਵਾਈਆਂ, ਬੀਜ, ਕਈ ਕਿਸਮ ਦੀ ਮਸ਼ੀਨਰੀ, ਮਾਮਲਾ-ਮੁਕਤੀ, ਮੁਫਤ ਨਹਿਰੀ ਪਾਣੀ ਅਤੇ ਮੁਫਤ ਬਿਜਲੀ ਸਬਸਿਡੀਆਂ ਵੀ ਦਿੱਤੀਆਂ ਜਾਂਦੀਆਂ ਹਨ।

ਡਾ. ਪ੍ਰਮੋਦ ਕੁਮਾਰ ਵਿਦੇਸ਼ਾਂ ਵਲੋਂ ਆਪਣੇ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਦਾ ਹਵਾਲਾ ਦੇ ਕੇ ਆਖਦੇ ਹਨ ਕਿ ਅਮਰੀਕਾ ਹਰ ਸਾਲ ਪ੍ਰਤੀ ਕਿਸਾਨ 61,284 ਡਾਲਰ, ਯੂਰਪ ਦੇ ਦੇਸ਼ ਪ੍ਰਤੀ ਕਿਸਾਨ 8,500 ਡਾਲਰ ਦਿੰਦਾ ਹੈ ਜਦਕਿ ਭਾਰਤ ਪ੍ਰਤੀ ਕਿਸਾਨ ਸਿਰਫ 262 ਡਾਲਰ ਸਾਲਾਨਾ ਦਿੰਦਾ ਹੈ। ਪਤਾ ਨਹੀਂ, ਉਨ੍ਹਾਂ ਨੇ ਇਹ ਅੰਕੜੇ ਕਿੱਥੋਂ ਲਿਆਂਦੇ ਹਨ ਅਤੇ ਪਹਿਲਾਂ ਦਿੱਤੇ ਸਬਸਿਡੀਆਂ ਦੇ ਵੱਖ-ਵੱਖ ਅੰਕੜੇ ਇਸ ਵਿਚ ਕਿੱਥੇ ਫਿੱਟ ਬੈਠਦੇ ਹਨ? ਪਰ ਆਓ ਇਸ ਨੂੰ ਵੀ ਪਰਖਦੇ ਹਾਂ। ਹਰ ਦੇਸ਼ ਵਿਚ 'ਕਾਸਟ ਆਫ ਲਿਵਿੰਗ' ਅਤੇ ਸਰਕਾਰਾਂ ਦੀ ਪਹੁੰਚ ਤੇ ਸਰੋਤ ਵੱਖ-ਵੱਖ ਹਨ; ਮਸਲਨ ਕੈਨੇਡਾ ਦੇ ਓਨਟੇਰੀਓ ਸੂਬੇ ਜਿਸ ਵਿਚ ਲੇਖਕ ਵੱਸਦਾ ਹੈ, ਵਿਚ ਮਜ਼ਦੂਰ ਦੀ ਘੱਟੋ-ਘੱਟ ਪ੍ਰਤੀ ਘੰਟਾ ਤਨਖਾਹ 14 ਕੈਨੇਡੀਅਨ ਡਾਲਰ ਹੈ ਪਰ ਪੰਜਾਬ ਵਿਚ ਖੇਤ ਮਜ਼ਦੂਰ ਦੀ ਦਿਹਾੜੀ (ਪ੍ਰਤੀ ਦਿਨ ਤਨਖਾਹ) 300 ਤੋਂ 400 ਰੁਪਏ ਹੈ ਜੋ 6 ਤੋਂ 8 ਡਾਲਰ ਪ੍ਰਤੀ ਦਿਨ ਬਣਦੀ ਹੈ। ਇਥੇ ਕਿਸਾਨ ਜਾਂ ਹੋਰ ਖੇਤਰਾਂ ਨੂੰ ਮਜ਼ਦੂਰ ਪੰਜਾਬ ਨਾਲੋਂ ਕਿਤੇ ਮਹਿੰਗਾ ਪੈਂਦਾ ਹੈ ਪਰ ਮਜ਼ਦੂਰ ਦਾ ਫਿਰ ਵੀ ਗੁਜ਼ਾਰਾ ਮਸਾਂ ਹੁੰਦਾ ਹੈ। ਪੰਜਾਬ ਦੇ ਇਹ ਮਾਹਰ ਖੇਤ ਮਜ਼ਦੂਰ ਦੀ ਹਾਲਤ ਬਾਰੇ ਖਾਮੋਸ਼ ਰਹਿੰਦੇ ਹਨ ਅਤੇ ਸਬਸਿਡੀਆਂ ਦਾ ਮੁਕਾਬਲਾ ਕਰਨ ਲਈ ਵਿਦੇਸ਼ੀ ਕਿਸਾਨਾਂ ਦੇ ਲੇਬਰ ਸਮੇਤ ਬਾਕੀ ਖਰਚਿਆਂ ਨੂੰ ਵੀ ਨਜ਼ਰਅੰਦਾਜ਼ ਕਰ ਦਿੰਦੇ ਹਨ।

ਆਓ ਹੁਣ ਅਮਰੀਕਾ ਵਿਚ ਪ੍ਰਤੀ ਕਿਸਾਨ 61,284 ਡਾਲਰ, ਯੂਰਪ ਵਿਚ ਪ੍ਰਤੀ ਕਿਸਾਨ 8,500 ਡਾਲਰ ਅਤੇ ਭਾਰਤ ਵਿਚ ਪ੍ਰਤੀ ਕਿਸਾਨ ਸਿਰਫ 262 ਡਾਲਰ ਸਬਸਿਡੀ ਦਾ ਮੁਲੰਕਣ ਕਰੀਏ। ਇਸ ਕੰਮ ਲਈ ਡਾ. ਪ੍ਰਮੋਦ ਕੁਮਾਰ ਦੇ ਉਪਰੋਕਤ ਅੰਕੜਿਆਂ ਨੂੰ ਮਾਪਣ ਲਈ ਪੰਜਾਬ ਦੇ ਇੱਕ ਹੋਰ ਮਾਹਰ ਮਿਲਖਾ ਸਿੰਘ ਔਲਖ ਵਲੋਂ ਅਜੀਤ ਜਲੰਧਰ ਵਿਚ ਤਿੰਨ ਕਿਸ਼ਤਾਂ ਵਿਚ ਲਿਖੇ ਲੇਖ ਦਾ ਪੈਮਾਨਾ ਵਰਤਦੇ ਹਾਂ। ਸ. ਮਿਲਖਾ ਸਿੰਘ ਔਲਖ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕਾਲਜ ਆਫ ਐਗਰੀਕਲਚਰ ਦੇ ਸਾਬਕਾ ਡੀਨ, ਬਾਂਦਾ ਯੂਨੀਵਰਸਿਟੀ ਆਫ ਐਗਰੀਕਲਚਰ ਐਂਡ ਟੈਕਨੋਲੋਜੀ, ਉੱਤਰ ਪ੍ਰਦੇਸ਼ ਦੇ ਬਾਨੀ ਉਪ-ਕੁਲਪਤੀ ਰਹੇ ਹਨ।

ਸ. ਔਲਖ ਭਾਰਤ ਦੇ ਤਿੰਨ ਖੇਤੀ ਕਾਨੂੰਨਾਂ ਨੂੰ ਮੁੱਢੋਂ ਰੱਦ ਕਰਦੇ ਹੋਏ ਲਿਖਦੇ ਹਨ, "ਵਿਕਸਿਤ ਦੇਸ਼ਾਂ ਵਾਲੀਆਂ ਨੀਤੀਆਂ ਇਥੇ ਲਾਗੂ ਨਹੀਂ ਹੋ ਸਕਦੀਆਂ।" ਉਨ੍ਹਾਂ ਮੁਤਾਬਿਕ ਵਿਕਸਿਤ ਦੇਸ਼ਾਂ ਵਿਚ ਬਹੁਗਿਣਤੀ ਕਿਸਾਨਾਂ ਕੋਲ ਵਿਸ਼ਾਲ ਜੋਤਾਂ ਹਨ। ਉਦਾਹਰਨ ਵਜੋਂ ਅਮਰੀਕਾ ਵਿਚ ਔਸਤ ਜੋਤ 448 ਏਕੜ ਦੀ ਹੈ ਜਦੋਂਕਿ ਭਾਰਤ ਵਿਚ ਔਸਤ ਜੋਤ ਢਾਈ ਏਕੜ ਦੀ ਹੈ।

ਹੁਣ ਇਸ ਦੀ ਰੌਸ਼ਨੀ ਵਿਚ ਡਾ. ਪ੍ਰਮੋਦ ਕੁਮਾਰ ਵਲੋਂ ਦਿੱਤੇ ਸਬਸਿਡੀਆਂ ਦੇ ਅੰਕੜੇ ਮਿਣਦੇ ਹਾਂ। ਅਮਰੀਕਾ ਵਿਚ ਪ੍ਰਤੀ ਕਿਸਾਨ ਔਸਤ ਜ਼ਮੀਨ (ਜੋਤ) 448 ਏਕੜ ਹੈ ਅਤੇ ਔਸਤ ਸਬਸਿਡੀ ਪ੍ਰਤੀ ਕਿਸਾਨ 61,284 ਡਾਲਰ। ਭਾਰਤ ਵਿਚ ਪ੍ਰਤੀ ਕਿਸਾਨ ਔਸਤ ਜੋਤ ਢਾਈ ਏਕੜ (2.5 ਏਕੜ) ਹੈ। ਅਮਰੀਕਾ ਵਿਚ ਔਸਤ ਪ੍ਰਤੀ ਕਿਸਾਨ ਸਬਸਿਡੀ 61,284 ਡਾਲਰ ਨੂੰ 448 ਏਕੜ ਨਾਲ ਤਕਸੀਮ ਕਰ ਕੇ ਪ੍ਰਤੀ ਏਕੜ ਸਬਸਿਡੀ 136 ਡਾਲਰ 80 ਸੈਂਟ ਬਣਦੀ ਹੈ। ਭਾਰਤ ਵਿਚ ਪ੍ਰਤੀ ਕਿਸਾਨ 262 ਡਾਲਰ ਸਬਸਿਡੀ ਨੂੰ ਢਾਈ ਏਕੜ ਜੋਤ ਨਾਲ ਤਕਸੀਮ ਕਰਕੇ ਪ੍ਰਤੀ ਏਕੜ ਸਬਸਿਡੀ 104 ਡਾਲਰ 80 ਸੈਂਟ ਬਣਦੀ ਹੈ। ਇਨ੍ਹਾਂ ਦੋ ਮਾਹਰਾਂ ਦੇ ਅੰਕੜਿਆਂ ਦੀ ਪਰਖ ਦੱਸਦੀ ਹੈ ਕਿ ਅਮਰੀਕਾ ਵਰਗੇ ਵਿਕਸਤ, ਅਮੀਰ ਅਤੇ ਮਹਿੰਗੇ ਦੇਸ਼ ਵਿਚ ਪ੍ਰਤੀ ਏਕੜ ਸਬਸਿਡੀ 136 ਡਾਲਰ 80 ਸੈਂਟ ਬਣਦੀ ਹੈ ਅਤੇ ਭਾਰਤ ਵਰਗੇ ਗਰੀਬ ਦੇਸ਼ ਵਿਚ ਪ੍ਰਤੀ ਏਕੜ ਸਬਸਿਡੀ 104 ਡਾਲਰ 80 ਸੈਂਟ ਬਣਦੀ ਹੈ। ਦੋਵਾਂ ਦੇਸ਼ਾਂ ਦੀ ਕਾਸਟ ਆਫ ਲਿਵਿੰਗ ਅਤੇ ਲੇਬਰ ਦੀ ਤਨਖਾਹ ਵਿਚ ਵੱਡਾ ਫਰਕ ਹੋਣ ਦੇ ਬਾਵਜੂਦ ਪ੍ਰਤੀ ਏਕੜ ਸਬਸਿਡੀ ਵਿਚ ਸਿਰਫ 34 ਡਾਲਰ ਪ੍ਰਤੀ ਏਕੜ ਦਾ ਹੀ ਫਰਕ ਹੈ। ਅੰਕੜਿਆਂ ਦੀ ਝਕਾਨੀ ਨਾਲ ਜੋ ਫਰਕ ਪਹਾੜ ਜਿੱਡਾ ਬਣਦਾ ਹੈ, ਉਹ ਪਰਖ ਦੀ ਕਸਵੱਟੀ ਉਤੇ ਨਿਗੂਣਾ ਸਾਬਤ ਹੁੰਦਾ ਹੈ। ਅਗਰ ਕਾਸਟ ਆਫ ਲਿਵਿੰਗ ਅਤੇ ਲੇਬਰ ਦਾ ਫੈਕਟਰ ਗਿਣ ਲਈਏ ਤਾਂ ਭਾਰਤੀ ਸਬਸਿਡੀ

(ਬਾਕੀ ਅਗਲੇ ਸਫੇ 'ਤੇ)

# ਸਿੰਘੂ ਬਾਰਡਰ 'ਤੇ ਔਰਤ ਦਿਵਸ ਦੀਆਂ ਰੌਣਕਾਂ

ਪੰਜਾਬ ਤੇ ਹਰਿਆਣਾ ਦੇ ਵਸਨੀਕਾਂ ਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ ਕਿ ਵਿਸ਼ਵ ਔਰਤ ਦਿਵਸ ਦੇ ਪ੍ਰਸੰਗ ਵਿਚ ਦੋਹਾਂ ਰਾਜਾਂ ਦੀਆਂ ਔਰਤਾਂ ਨੇ ਸਿੰਘੂ ਤੇ ਟਿੱਕਰੀ ਬਾਰਡਰ ਉੱਤੇ ਬਸੰਤੀ ਚੁੰਨੀਆਂ ਲੈ ਕੇ ਸੈਂਟਰ ਵਲੋਂ ਪਾਸ ਕੀਤੇ ਕਾਲੇ ਖੇਤੀ ਕਾਨੂੰਨਾਂ ਖਿਲਾਫ ਡਟ ਕੇ ਧਰਨਾ ਦਿੱਤਾ। ਕੁਝ ਔਰਤਾਂ ਖੁਦ ਟਰੈਕਟਰ ਚਲਾ ਕੇ ਉੱਥੇ ਪਹੁੰਚੀਆਂ। ਭਾਵੇਂ ਪਲਵਲ ਤੇ ਗਾਜ਼ੀਪੁਰ ਵਿਚ ਵੀ ਔਰਤਾਂ ਦੀ ਗਿਣਤੀ ਘੱਟ ਨਹੀਂ ਸੀ, ਪਰ ਜਿਸ ਜੋਸ਼-ਖਰੋਸ਼ ਨਾਲ ਸਿੰਘੂ ਤੇ ਟਿੱਕਰੀ ਦੇ ਮੋਰਚਿਆਂ ਉੱਤੇ ਮੋਦੀ ਸਰਕਾਰ ਨੂੰ ਚਲਦਾ ਕਰਨਾ ਦੇ ਨਾਅਰੇ ਲਾਏ, ਉਨ੍ਹਾਂ ਦਾ ਕੋਈ ਜਵਾਬ ਨਹੀਂ ਸੀ। ਉਨ੍ਹਾਂ ਨੇ ਆਉਂਦੀਆਂ ਚੋਣਾਂ ਵਿਚ ਈ. ਵੀ. ਐਮ. ਮਸ਼ੀਨਾਂ ਬੰਦ ਕਰਨ ਦਾ ਵੀ ਸੱਦਾ ਦਿੱਤਾ। ਉਨ੍ਹਾਂ ਆਪਣੀਆਂ ਭਾਵਨਾਵਾਂ ਦਾ ਪ੍ਰਦਰਸ਼ਨ ਸਿਰਫ ਭਾਸ਼ਣਾਂ ਰਾਹੀਂ ਹੀ ਨਹੀਂ, ਲੋਕ ਨਾਚਾਂ, ਕਵਿਤਾਵਾਂ ਤੇ ਗੀਤਾਂ ਰਾਹੀਂ ਵੀ ਕੀਤਾ।

ਸਾਮਰਾਜੀ ਕੰਪਨੀਆਂ ਵਲੋਂ ਔਰਤਾਂ ਨੂੰ ਨੌਕਰੀਆਂ ਦੇ ਕੇ ਬੇਇੱਜ਼ਤ ਕਰਨ ਦੀ ਬਾਤ ਪਾਉਂਦਿਆਂ ਉਨ੍ਹਾਂ ਨੇ ਗਦਰੀ ਬੇਬੇ ਗੁਲਾਬ ਕੌਰ ਅਤੇ ਮਾਈ ਭਾਗੋ ਦੇ ਸਿਰੜ ਤੇ ਅਗਵਾਈ ਨੂੰ ਚੇਤੇ ਕੀਤਾ। ਇਸ ਮੌਕੇ ਸਟੇਜ ਦਾ ਸੰਚਾਲਨ ਕਰਨ ਵਾਲੀਆਂ ਤੇ ਅਗਾਂਹਵਧੂ ਸੋਚ ਨੂੰ ਪ੍ਰਨਾਈਆਂ ਬੀਬੀਆਂ ਨੇ ਦੋ ਮਤਿਆਂ ਰਾਹੀਂ ਜਮਹੂਰੀ ਹੱਕਾਂ ਲਈ ਲੜ ਰਹੇ ਸਾਰੇ ਮਰਦਾਂ ਤੇ ਔਰਤਾਂ ਦੀ ਰਿਹਾਈ ਮੰਗੀ ਅਤੇ ਮੋਦੀ ਸਰਕਾਰ ਦੇ ਫਿਰਕੂ ਫਾਸੀ ਰੁਝਾਨ ਦੇ ਖਿਲਾਫ ਲਿਖਣ ਤੇ ਬੋਲਣ ਵਾਲੀਆਂ ਪੱਤਰਕਾਰ ਬੀਬੀਆਂ ਨੂੰ ਸਲਾਮ ਕੀਤਾ। ਇੱਥੇ ਹਿੱਸਾ ਲੈਣ ਵਾਲੀਆਂ ਔਰਤਾਂ ਵਿਚ ਕੌਮਾਂਤਰੀ ਪ੍ਰਸਿਧੀ ਵਾਲੀ ਸ਼ਬਨਮ ਹਾਸ਼ਮੀ, ਕਲਾਕਾਰ ਮਾਇਆ ਰਾਏ, ਸਵੇਤਾ, ਪੂਨਮ ਰਾਣੀ ਤੇ ਐਡਵੋਕੇਟ ਰਵਿੰਦਰ ਕੌਰ ਵੀ ਸ਼ਾਮਲ ਸਨ। ਵੱਡੀ ਗੱਲ ਇਹ ਕਿ ਇਨ੍ਹਾਂ ਔਰਤਾਂ ਨੇ ਬਾਰਡਰ ਉੱਤੇ ਵਸਾਏ ਆਪਣੇ ਟਿਕਾਣੇ ਨੂੰ ਗਦਰੀ ਗੁਲਾਬ ਕੌਰ ਨਗਰ ਦਾ ਨਾਂ ਦਿੱਤਾ ਹੈ।

ਸਿੰਘੂ ਬਾਰਡਰ 'ਤੇ ਸ਼ਿਰਕਤ ਕਰਨ ਵਾਲੀ ਮੇਰੇ ਅਜ਼ੀਜ਼ ਸੁਸ਼ੀਲ ਦੋਸਾਂਝ ਦੀ ਜੀਵਨ ਸਾਥਣ ਕਮਲ ਦੋਸਾਂਝ ਨੇ ਦੱਸਿਆ ਕਿ ਮਰਦਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਲੜਨ ਵਾਲੀਆਂ ਔਰਤਾਂ ਜਾਣਦੀਆਂ ਹਨ ਕਿ ਇਹ ਲੜਾਈ ਲੰਮੀ ਚੱਲੇਗੀ, ਇਸ ਲਈ ਉਹ ਬਾਰਡਰ ਉੱਤੇ ਪੱਕੇ ਟਿਕਾਣੇ ਬਣਾਉਣ ਦੇ ਨਾਲ ਨਾਲ ਬਜ਼ੁਰਗਾਂ ਲਈ ਲਾਇਬਰੇਰੀ ਤੇ ਬੱਚਿਆਂ ਦੀ ਪੜ੍ਹਾਈ ਦੇ ਹਰ ਸੰਭਵ ਉਪਰਾਲੇ ਕਰ ਰਹੀਆਂ ਹਨ।


ਏਧਰ ਪੰਜਾਬ ਵਿਧਾਨ ਸਭਾ ਵਿਚ ਵੀ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਦੇਸ਼ ਦੀ ਉਨਤੀ ਅਤੇ ਆਜ਼ਾਦੀ ਲਈ ਪਾਏ ਜਾ ਰਹੇ ਔਰਤਾਂ ਦੇ ਸਿਰੜ ਨੂੰ ਚੇਤੇ ਕੀਤਾ ਤੇ ਸਰਾਹਿਆ ਗਿਆ। ਇਥੋਂ ਤੱਕ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਔਰਤਾਂ ਦੇ ਘੋਲ ਪ੍ਰਤੀ ਵਚਨਬੱਧਤਾ ਦਾ ਹੋਕਾ ਦਿੰਦਿਆਂ ਪੰਚਾਇਤੀ ਰਾਜ ਸੰਸਥਾਵਾਂ ਤੇ ਸ਼ਹਿਰੀ ਸਥਾਨਕ ਇਕਾਈਆਂ ਵਿਚ ਔਰਤਾਂ ਦੀ 50 ਪ੍ਰਤੀਸ਼ਤ ਸ਼ਮੂਲੀਅਤ ਉੱਤੇ ਆਪਣੀ ਖੁਸ਼ੀ ਪ੍ਰਗਟ ਕੀਤੀ। ਇੱਕ ਮਤੇ ਰਾਹੀਂ ਔਰਤਾਂ ਵਲੋਂ ਕਿਸਾਨੀ ਘੋਲ ਵਿਚ ਯੋਗਦਾਨ ਪਾਉਣ ਸਦਕਾ ਅਗਾਮੀ ਚੋਣਾਂ ਵਿਚ 50 ਪ੍ਰਤੀਸ਼ਤ ਟਿਕਟ ਦੇਣ ਦੀ ਮੰਗ ਵੀ ਪੇਸ਼ ਕੀਤੀ ਗਈ।



**ਮਾਧਵ ਕੌਸ਼ਿਕ ਲਈ ਹਰਿਆਣਾ ਸਾਹਿਤ ਅਕਾਦਮੀ ਸਨਮਾਨ:** ਚੰਡੀਗੜ੍ਹ ਸਾਹਿਤ ਅਕਾਦਮੀ ਦੇ ਸਾਬਕਾ ਚੇਅਰਮੈਨ ਤੇ ਰਾਸ਼ਟਰੀ ਸਾਹਿਤ ਅਕਾਦਮੀ ਨਵੀਂ ਦਿੱਲੀ ਦੇ ਵਾਈਸ ਚੇਅਰਮੈਨ ਮਾਧਵ ਕੌਸ਼ਿਕ ਨੂੰ ਹਰਿਆਣਾ ਸਾਹਿਤ ਅਕਾਦਮੀ ਨੇ ਸੱਤ ਲੱਖ ਦੇ ਆਜੀਵਨ ਸਾਹਿਤ ਸਾਧਨਾ ਪੁਰਸਕਾਰ ਨਾਲ ਨਿਵਾਜ ਕੇ ਹਿੰਦੀ ਭਾਸ਼ੀ ਸਾਹਿਤਕਾਰਾਂ ਨੂੰ ਹੀ ਨਹੀਂ, ਚੰਡੀਗੜ੍ਹ ਦੇ ਪੰਜਾਬੀ ਤੇ ਉਰਦੂ ਦੇ ਅਦੀਬਾਂ ਨੂੰ ਵੀ ਨਿਹਾਲ ਕੀਤਾ ਹੈ। ਉਸ ਨੇ ਚੰਡੀਗੜ੍ਹ ਸਾਹਿਤ ਅਕਾਦਮੀ ਨਾਲ ਜੁੜੇ ਆਪਣੇ ਕਾਰਜਕਾਲ ਵਿਚ ਹਿੰਦੀ, ਉਰਦੂ ਪੰਜਾਬੀ ਤੇ ਅੰਗਰੇਜ਼ੀ ਲੇਖਕਾਂ ਨੂੰ ਵੀ ਨਿਵਾਜਿਆ ਤੇ ਚੰਡੀਗੜ੍ਹ ਦੇ ਸਕੂਲਾਂ-ਕਾਲਜਾਂ ਵਿਚ ਪ੍ਰੋਗਰਾਮ ਰਚਾ ਕੇ ਨਵੇਂ ਸਾਹਿਤ ਰਸੀਆਂ ਨੂੰ ਵੀ ਉਤਸ਼ਾਹਿਤ ਕੀਤਾ ਹੈ।

ਚੇਤੇ ਰਹੇ, ਮਾਧਵ ਕੌਸ਼ਿਕ ਦੇ ਹੁਣ ਤੱਕ 16 ਗਜ਼ਲ ਸੰਗ੍ਰਹਿ ਤੋਂ ਬਿਨਾ ਦੋ ਦਰਜਨ, ਖੰਡ ਕਾਵਿ, ਨਵਗੀਤ, ਕਥਾ ਸੰਗ੍ਰਹਿ, ਕਵਿਤਾ ਸੰਗ੍ਰਹਿ, ਬਾਲ ਸਾਹਿਤ, ਅਨੁਵਾਦ ਤੇ ਸਾਹਿਤ ਆਲੋਚਨਾ ਦੀਆਂ ਪੁਸਤਕਾਂ ਮਾਰਕਿਟ ਵਿਚ ਆ ਚੁਕੀਆਂ ਹਨ। ਉਸ ਦੀ ਰਚਨਾਕਾਰੀ ਉੱਤੇ 8 ਵਿਦਿਆਰਥੀ ਤੇ ਵਿਦਿਆਰਥਣਾਂ ਪੀਐੱਚ. ਡੀ. ਤੇ ਐਮ. ਫਿਲ ਕਰ ਚੁਕੇ ਹਨ। ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਹਿੰਦੀ ਸਾਹਿਤਕਾਰ ਵਜੋਂ ਨਿਵਾਜੇ ਮਾਧਵ ਕੌਸ਼ਿਕ ਨੂੰ ਨਵੀਂ ਦਿੱਲੀ, ਪ੍ਰਯਾਗ ਤੇ ਰਾਜਸਥਾਨ ਦੀਆਂ ਸਾਹਿਤ ਸੰਸਥਾਵਾਂ ਵਲੋਂ ਬੋਲਿਆ ਗਿਆ ਹੈ ਤੇ ਦੂਰਦਰਸ਼ਨ ਵਾਲਿਆਂ ਨੇ ਉਸ ਦੀਆਂ ਪ੍ਰਾਪਤੀਆਂ ਉੱਤੇ ਟੈਲੀ ਫਿਲਮ ਵੀ ਬਣਵਾਈ ਹੈ।

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

**ਇੱਕ ਕਰੋੜ ਅੱਸੀ ਲੱਖ ਰੁਪਏ ਦਾ ਡੌਗੀ:** ਮੀਡੀਆ ਅਨੁਸਾਰ ਅਮਰੀਕਨ ਗਾਇਕਾ ਲੇਡੀ ਗਾਗਾ ਦੇ ਫਰਾਂਸੀਸੀ ਨਸਲ ਦੇ ਡੌਗੀ ਉਸ ਦੇ ਨੌਕਰ ਨੂੰ ਜਖਮੀ ਕਰਕੇ ਉਹਦੇ ਕੋਲੋਂ ਖੋਹ ਲਏ ਗਏ ਸਨ, ਜਿਹੜੇ ਲਾਸ ਏਂਜਲਸ ਪੁਲਿਸ ਅਨੁਸਾਰ ਮੁੜ ਉਹਦੇ ਘਰ ਪਹੁੰਚਾਏ ਜਾ ਚੁਕੇ ਹਨ। ਲੇਡੀ ਗਾਗਾ ਆਪਣੇ ਪਿਆਰੇ ਡੌਗੀਆਂ ਦੀ ਘਰ ਵਾਪਸੀ ਉੱਤੇ ਅੰਤਾਂ ਦੀ ਖੁਸ਼ ਹੈ। ਚੇਤੇ ਰਹੇ, ਲੇਡੀ ਗਾਗਾ ਨੇ ਦੋਹਾਂ ਡੌਗੀਆਂ ਦੀ ਵਾਪਸੀ ਉੱਤੇ ਸੂਚਨਾ ਦੇਣ ਵਾਲੇ ਨੂੰ ਪੰਜ ਲੱਖ ਡਾਲਰ (3 ਕਰੋੜ 65 ਲੱਖ ਰੁਪਏ) ਦਾ ਐਲਾਨ ਕੀਤਾ ਸੀ। ਪ੍ਰਤੀ ਡੌਗੀ ਕਰੀਬ ਇੱਕ ਕਰੋੜ ਅੱਸੀ ਲੱਖ ਰੁਪਏ।

**ਅੰਤਿਕਾ: ਗੁਰਚਰਨ ਕੌਰ ਕੋਚਰ**

ਜੇ ਦੁਸ਼ਮਣ ਮਾਰਦੈ ਪੱਥਰ
ਜ਼ਰਾ ਵੀ ਫਰਕ ਨਹੀਂ ਪੈਂਦਾ,
ਪਰ ਸੱਜਣ ਜੇ ਮਾਰੇ ਫੁੱਲ
ਬੜੀ ਤਕਲੀਫ ਹੁੰਦੀ ਏ।
ਪਸੀਨਾ ਵੇਚ ਕੇ ਵੀ ਜੇ
ਮਿਲੇ ਨਾ ਦਾਲ ਰੋਟੀ ਵੀ,
ਤੇ ਮਿਹਨਤ ਦਾ ਪਵੇ ਨਾ ਮੁਲ,
ਬੜੀ ਤਕਲੀਫ ਹੁੰਦੀ ਏ।
ਅਸੀਂ ਜਦ ਵੇਖੀਏ ਉਨ੍ਹਾਂ
ਬਜ਼ੁਰਗਾਂ ਨੂੰ, ਘਰਾਂ ਵਿਚ ਜੋ,
ਨੇ ਰਹਿੰਦੇ ਨੌਕਰਾਂ ਦੇ ਤੁਲ,
ਬੜੀ ਤਕਲੀਫ ਹੁੰਦੀ ਏ।

# ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧੀ ਪ੍ਰਵਚਨ ਬਾਰੇ ਖੁੱਲ੍ਹਾ ਲੇਖਾ-ਜੋਖਾ

*(ਪਿਛਲੇ ਸਫੇ ਦੀ ਬਾਕੀ)*

ਬਿਹਤਰ ਸਾਬਤ ਹੁੰਦੀ ਹੈ। ਅਗਰ ਭਾਰਤ ਦਾ ਕਿਸਾਨ ਪ੍ਰਤੀ ਏਕੜ ਸਾਲ ਵਿਚ ਮਜ਼ਦੂਰ ਤੋਂ ਦੋ ਦਿਹਾੜੀ ਕੰਮ ਕਰਵਾਏ ਅਤੇ ਪ੍ਰਤੀ ਦਿਨ 300 ਰੁਪਏ ਦਿਹਾੜੀ ਦੇਵੇ ਤਾਂ ਕੁੱਲ 600 ਰੁਪਏ ਮਜ਼ਦੂਰੀ ਬਣਦੀ ਹੈ ਜੋ ਅਮਰੀਕੀ ਕਰੰਸੀ ਵਿਚ ਮਸਾਂ 9 ਡਾਲਰ ਬਣਦੇ ਹਨ ਪਰ ਅਗਰ ਅਮਰੀਕੀ ਕਿਸਾਨ ਦੋ ਦਿਨ (16 ਘੰਟੇ) ਲਈ ਪ੍ਰਤੀ ਘੰਟਾ 10 ਡਾਲਰ ਮਜ਼ਦੂਰੀ ਦੇਵੇ ਤਾਂ ਇਹ 160 ਡਾਲਰ ਬਣਦੀ ਹੈ। ਅਮਰੀਕੀ ਕਿਸਾਨ ਨੂੰ ਭਾਰਤੀ ਕਿਸਾਨ ਦੇ ਮੁਕਾਬਲੇ ਮਿਲਣ ਵਾਲੀ 34 ਡਾਲਰ ਪ੍ਰਤੀ ਏਕੜ ਵੱਧ ਸਬਸਿਡੀ ਝੱਟ ਖੁਰ ਜਾਂਦੀ ਹੈ ਅਤੇ ਪ੍ਰਤੀ ਏਕੜ ਮਨਫੀ ਰਕਮ 126 ਡਾਲਰ ਬਣ ਜਾਂਦੀ ਹੈ।

ਪੰਜਾਬ ਦੇ ਮਾਹਰਾਂ ਦੇ ਝੂਠ ਨੂੰ ਫੜਨਾ ਅਤੇ ਸਬੂਤ ਦੇ ਕੇ ਝੁਠਲਾਉਣਾ ਸੌਖਾ ਕੰਮ ਨਹੀਂ ਹੈ ਜਿਸ ਕਾਰਨ ਉਹ ਬੇਖੌਫ ਝਕਾਨੀਆਂ ਅਤੇ ਚਲਾਕੀਆਂ ਕਰੀ ਜਾ ਰਹੇ ਹਨ ਜਿਸ ਨਾਲ ਆਮ ਲੋਕ ਖਾਸ ਕਰ ਕਿਸਾਨ ਗੁਮਰਾਹ ਹੋ ਰਹੇ ਹਨ।

ਆਓ ਵਿਦਵਾਨ ਸ. ਮਿਲਖਾ ਸਿੰਘ ਔਲਖ ਦੇ ਲੇਖ ਦੇ ਕੁਝ ਹੋਰ ਨੁਕਤੇ ਪਰਖ ਕੇ ਦੇਖਦੇ ਹਾਂ ਜੋ ਉਨ੍ਹਾਂ ਨੇ ਰੋਜ਼ਾਨਾ ਅਜੀਤ (ਜਲੰਧਰ) ਵਿਚ ਸਿਰਲੇਖ 'ਕਿਸਾਨ ਵਿਰੋਧੀ ਹੀ ਹਨ ਨਵੇਂ ਖੇਤੀ ਕਾਨੂੰਨ' ਹੇਠ ਤਿੰਨ ਕਿਸ਼ਤਾਂ ਵਿਚ ਲਿਖਿਆ ਹੈ।

ਉਨ੍ਹਾਂ ਨੇ ਪਹਿਲਾ ਨੁਕਤਾ ਇਨ੍ਹਾਂ ਕਾਨੂੰਨਾਂ ਦੀ 'ਸੰਵਿਧਾਨਕ ਵਾਜਬੀਅਤ' ਦਾ ਉਠਾਇਆ ਹੈ ਜੋ ਵਜ਼ਨਦਾਰ ਹੈ ਪਰ ਅਫਸੋਸ ਹੈ, ਨਾ ਵਿਰੋਧ ਕਰ ਰਹੀ ਕਿਸੇ ਰਾਜ ਸਰਕਾਰ ਨੇ, ਨਾ ਕਿਸੇ ਰਾਜਸੀ ਪਾਰਟੀ ਨੇ, ਨਾ ਕਿਸੇ ਕਿਸਾਨ ਜਥੇਬੰਦੀ ਨੇ ਅਤੇ ਨਾ ਕਿਸੇ ਮਾਹਰ ਨੇ ਕੇਂਦਰ ਸਰਕਾਰ ਨੂੰ ਸੁਪਰੀਮ ਕੋਰਟ ਵਿਚ ਇਸ ਨੁਕਤੇ ਤੋਂ ਚੁਣੌਤੀ ਦਿੱਤੀ ਹੈ ਜੋ ਦਿੱਤੀ ਜਾਣੀ ਚਾਹੀਦੀ ਸੀ। ਇਸ ਨਾਲ ਦੇਸ਼ ਨੇ ਕਈ ਪੱਖਾਂ ਤੋਂ ਇਸ ਮਹਿੰਗੇ ਪੈ ਰਹੇ ਕਿਸਾਨ ਅੰਦੋਲਨ ਤੋਂ ਬਚ ਜਾਣਾ ਸੀ। ਅਦਾਲਤ ਦੇ ਫੈਸਲੇ ਨੇ ਮਿਆਰ ਤੈਅ ਕਰ ਦੇਣਾ ਸੀ ਅਤੇ ਅਗਰ ਬਹੁ ਗਿਣਤੀ ਕਿਸਾਨਾਂ ਨੂੰ ਫਿਰ ਵੀ ਅਜਿਹਾ ਫੈਸਲਾ ਨਾ ਮਨਜ਼ੂਰ ਹੁੰਦਾ ਤਾਂ ਅਗਲੀਆਂ ਆਮ ਚੋਣਾਂ ਵਿਚ ਇਸ ਨੂੰ ਮੁੱਦਾ ਬਣਾ ਕੇ ਮੋਦੀ ਸਰਕਾਰ ਨੂੰ ਹਰਾਉਣ ਦੀ ਕੋਸ਼ਿਸ਼ ਦਾ ਰਸਤਾ ਫਿਰ ਵੀ ਬਚਦਾ ਸੀ ਜੋ ਅਜੇ ਵੀ ਹੈ। ਲੋਕਤੰਤਰੀ ਨਿਜ਼ਾਮ ਵਿਚ ਇਹੀ ਅਸਲ ਬ੍ਰਹਮਅਸਤਰ ਹੁੰਦਾ ਹੈ।

ਸ. ਔਲਖ ਲਿਖਦੇ ਹਨ, "ਨਵੇਂ ਖੇਤੀ ਕਾਨੂੰਨਾਂ ਅਨੁਸਾਰ ਖੇਤੀ 'ਜਿਣਸ ਦੇ ਖ਼ਰੀਦਦਾਰ ਜਾਂ ਜ਼ਮੀਨ ਦੇ ਠੇਕੇਦਾਰ' ਵਲੋਂ ਕਿਸਾਨਾਂ ਨਾਲ ਧੋਖਾਧੜੀ ਜਾਂ ਕਿਸੇ ਵਿਵਾਦ ਦੌਰਾਨ ਕਿਸਾਨ ਸਿਵਲ ਅਦਾਲਤਾਂ ਵਿਚ ਨਹੀਂ ਜਾ ਸਕਦੇ। ਇਸ ਦੇ ਬਜਾਏ ਕਿਸਾਨ ਸਿਰਫ਼ ਸਬ-ਡਵੀਜ਼ਨਲ ਮੈਜਿਸਟਰੇਟ ਜਾਂ ਜ਼ਿਲ੍ਹਾ ਮੈਜਿਸਟਰੇਟ ਤੱਕ ਹੀ ਪਹੁੰਚ ਕਰ ਸਕਦੇ ਹਨ।" ਉਹ ਡਾ. ਮਨੋਜ ਕੁਮਾਰ ਵਾਂਗ ਕਿੰਤੂ ਐਸ.ਡੀ.ਐਮ. ਦੀ ਸਾਲਸੀ ਬਾਰੇ ਕਰਦੇ ਹਨ ਪਰ ਉਹ ਵੀ ਓਹੀ ਝਕਾਨੀ ਦੇ ਰਹੇ ਹਨ ਜਦ ਸ਼ਬਦ 'ਜਿਣਸ ਦੇ ਖਰੀਦਦਾਰ ਜਾਂ ਜ਼ਮੀਨ ਦੇ ਠੇਕੇਦਾਰ' ਵਰਤਦੇ ਹਨ। 'ਜਿਣਸ ਦੇ ਖਰੀਦਦਾਰ' ਆਖਣਾ ਸਹੀ ਹੈ ਪਰ 'ਜ਼ਮੀਨ ਦੇ ਠੇਕੇਦਾਰ' ਨਾਲ ਜੋੜਨਾ ਝੂਠ ਹੀ ਨਹੀਂ ਸਗੋਂ ਜਾਣਬੁੱਝ ਕੇ ਕੀਤੀ ਗਈ ਸ਼ੈਤਾਨੀ ਹੈ। ਪਹਿਲਾਂ ਵਿਚਾਰ ਕਰ ਆਏ ਹਾਂ ਕਿ ਨਵੇਂ ਫਾਰਮਰ ਐਮਪਾਵਰਮੈਂਟ ਐਕਟ ਅਧੀਨ ਕੰਟਰੈਕਟ ਖੇਤੀ ਵਿਚ ਵਪਾਰੀ ਵਲੋਂ ਕਿਸਾਨ ਦੀ ਜ਼ਮੀਨ ਠੇਕੇ ਉੱਤੇ ਲੈਣ ਦੀ ਆਗਿਆ ਹੀ ਨਹੀਂ ਹੈ ਅਤੇ ਕੰਟਰੈਕਟ ਖੇਤੀ ਅਧੀਨ ਕੰਟਰੈਕਟ ਸਿਰਫ ਫਸਲ ਜਾਂ ਉਤਪਾਦ ਦਾ ਹੀ ਕੀਤਾ ਜਾ ਸਕਦਾ ਹੈ। ਇਸ ਲਈ ਐਕਟ ਅਧੀਨ "ਜ਼ਮੀਨ ਦੇ ਠੇਕੇਦਾਰ" ਦਾ ਕੋਈ ਵਜੂਦ ਨਹੀਂ ਹੈ। ਕੁਝ ਹੋਰ ਚਲਾਕ ਮਾਹਰ 'ਕੰਟਰੈਕਟ ਫਾਰਮਿੰਗ' ਦਾ ਪੰਜਾਬੀ ਅਨੁਵਾਦ 'ਠੇਕਾ ਖੇਤੀ' (ਸਹੀ ਹੈ) ਕਰਦੇ ਹਨ ਪਰ ਫਿਰ ਇਸ ਨੂੰ ਅੱਗੇ ਚੱਲ ਕੇ 'ਠੇਕਾ ਜ਼ਮੀਨ' ਜਾਂ ਜਮੀਨ ਠੇਕੇ ਵਿਚ ਬਦਲ ਦਿੰਦੇ ਹਨ।

ਸ. ਔਲਖ ਅੱਗੇ ਲਿਖਦੇ ਹਨ, "ਦੇਸ਼ ਵਿਚ 86 ਫੀਸਦੀ ਕਿਸਾਨ ਮਧਲੇ ਅਤੇ ਗਰੀਬ ਹਨ ਜਿਨ੍ਹਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ। ਕਿਸਾਨਾਂ ਕੋਲ ਏਨੀ ਵਿਹਲ ਨਹੀਂ ਹੁੰਦੀ ਕਿ ਉਹ ਦੂਰ-ਦੁਰਾਡੇ ਢੁਆਈ ਕਰ ਕੇ ਆਪਣੀ ਫਸਲ ਵੇਚ ਸਕਣ।" ਕੁਝ ਮਾਹਰ ਇਹ ਨੁਕਤਾ ਅਕਸਰ ਉਠਾਉਂਦੇ ਹਨ ਕਿ ਛੋਟਾ ਕਿਸਾਨ ਆਪਣੀ ਫਸਲ ਦੂਰ ਹੋਰ ਰਾਜਾਂ ਵਿਚ ਵੇਚਣ ਲਈ ਲੈ ਜਾਣ ਜੋਗਾ ਨਹੀਂ ਹੈ ਜਿਸ ਕਾਰਨ ਕਿਸਾਨ ਫਸਲ ਜਿੱਥੇ ਮਰਜ਼ੀ ਵੇਚੇ ਦੀ ਗੱਲ ਫਜ਼ੂਲ ਹੈ। ਨਵੇਂ ਕਾਨੂੰਨ ਕਿਸੇ ਕਿਸਾਨ ਨੂੰ ਦੂਰ ਦੁਰਾਡੇ ਰਾਜਾਂ ਵਿਚ ਫਸਲ ਵੇਚਣ ਦੀ ਨਾ ਸਿਫਾਰਸ਼ ਕਰਦੇ ਹਨ ਅਤੇ ਨਾ ਮਜਬੂਰ ਕਰਦੇ ਹਨ। ਇਹ ਬਦਲ ਖੁੱਲ੍ਹਾ ਹੈ ਅਗਰ ਕੋਈ ਕਿਸਾਨ ਇਸ ਨੂੰ ਵਰਤਣਾ ਚਾਹੇ ਜਾਂ ਕਿਸੇ ਕਿਸਮ ਦੇ ਕੋ-ਆਪ ਬਣਾ ਕੇ ਸਾਂਝੇ ਤੌਰ 'ਤੇ ਕਰਨਾ ਚਾਹੇ। ਇਸ ਨਾਲ ਈ-ਟਰੇਡ ਦਾ ਬਦਲ ਵੀ ਦਿੱਤਾ ਗਿਆ ਹੈ ਪਰ ਫਸਲ ਵੇਚਣ ਦੇ ਮੌਜੂਦਾ ਤਰੀਕੇ ਵੀ ਬੰਦ ਨਹੀਂ ਕੀਤੇ ਜਾ ਰਹੇ। ਉਹ ਮੰਡੀ ਵਿਚ ਵੇਚ ਸਕਦਾ ਹੈ, ਖਪਤਕਾਰਾਂ ਨੂੰ ਸਿੱਧਾ ਵੇਚ ਸਕਦਾ ਹੈ ਜਾਂ ਵਪਾਰੀ ਨੂੰ ਵੀ ਵੇਚ ਸਕਦਾ ਹੈ। ਠੇਕਾ ਖੇਤੀ ਭਾਵ ਕੰਟਰੈਕਟ ਫਾਰਮਿੰਗ ਵੀ ਕਰ ਸਕਦਾ ਹੈ। ਕੰਟਰੈਕਟ ਫਾਰਮਿੰਗ ਕਿਸੇ ਵੱਡੀ ਕਾਰਪੋਰੇਸ਼ਨ (ਅਡਾਨੀ ਅੰਬਾਨੀ) ਨਾਲ ਕਰਨੀ ਜ਼ਰੂਰੀ ਨਹੀਂ ਹੈ, ਇਹ ਛੋਟੇ ਵਪਾਰੀ ਜਾਂ ਖਪਤਕਾਰ ਨਾਲ ਵੀ ਹੋ ਸਕਦੀ ਹੈ।

ਸ. ਔਲਖ ਅੱਗੇ ਇੰਜ ਲਿਖਦੇ ਹਨ, "ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਨਵੇਂ ਖੇਤੀ ਕਾਨੂੰਨਾਂ ਨਾਲ ਛੋਟੀਆਂ ਜੋਤਾਂ ਨੂੰ ਰਲਾ ਕੇ ਵੱਡੇ ਫਾਰਮ ਅਤੇ ਵੱਡਾ ਢਾਂਚਾ ਖੜ੍ਹਾ ਕੀਤਾ ਜਾਵੇਗਾ। ਹਾਲਾਂਕਿ ਇਹ ਵੱਡੇ ਫਾਰਮ ਕਿਸਾਨਾਂ, ਖੇਤ ਮਜ਼ਦੂਰਾਂ, ਏ.ਪੀ.ਐਮ.ਸੀ. ਮੰਡੀ ਵਰਕਰਾਂ ਆਦਿ ਨੂੰ ਬੇਰੁਜ਼ਗਾਰ ਕਰ ਦੇਣਗੇ ਜੋ ਸਾਡੀ ਵਸੋਂ ਦੇ 50 ਤੋਂ 60 ਫ਼ੀਸਦੀ ਹਨ।"

ਇਨ੍ਹਾਂ ਤਿੰਨਾਂ ਕਾਨੂੰਨਾਂ ਵਿਚ ਇੱਕ ਵੀ ਮੱਦ ਅਜਿਹੀ ਨਹੀਂ ਹੈ ਜੋ 'ਛੋਟੀਆਂ ਜੋਤਾਂ ਨੂੰ ਰਲਾ ਕੇ ਵੱਡੇ ਫਾਰਮ' ਬਣਾਉਣ ਦੀ ਆਗਿਆ ਦਿੰਦੀ ਹੋਵੇ। ਪਹਿਲਾਂ ਐਮਪਾਵਰਮੈਂਟ ਐਕਟ ਦੇ ਚੈਪਟਰ 2 ਦੀ ਮੱਦ 8-ਏ ਦਾ ਹਵਾਲਾ ਦੇ ਆਏ ਹਾਂ ਜਿਸ ਹੇਠ 'ਕਿਸਾਨ ਦੀ ਜ਼ਮੀਨ ਦੀ ਟਰਾਂਸਫਰ, ਸੇਲ, ਲੀਜ਼ ਅਤੇ ਮਾਰਗੇਜ਼' ਨਹੀਂ ਹੋ ਸਕਦੀ।

ਸ. ਔਲਖ ਦੀ ਇੱਕ ਹੋਰ ਪੜ੍ਹੋ, "ਹਾਲਾਂਕਿ ਜਦੋਂ ਕੋਈ ਕਿਸਾਨ ਕਾਰਪੋਰੇਟਾਂ ਨਾਲ ਠੇਕਾ ਖੇਤੀ ਕਰੇਗਾ ਤਾਂ ਕਾਰਪੋਰੇਟ ਵਲੋਂ ਕਿਸਾਨ ਨੂੰ ਮਿਲਣ ਵਾਲੀ ਆਮਦਨ 'ਤੇ 18 ਫੀਸਦੀ ਜੀ.ਐਸ.ਟੀ. ਲੱਗੇਗਾ। ਦੂਜੇ ਪਾਸੇ, ਖੇਤੀਬਾੜੀ ਰਾਹੀਂ ਕੀਤੀ ਕਮਾਈ 'ਤੇ ਕਾਰਪੋਰੇਟ 'ਤੇ ਕੋਈ ਵੀ ਜੀ.ਐਸ.ਟੀ. ਜਾਂ ਆਮਦਨ ਟੈਕਸ ਨਹੀਂ ਲੱਗੇਗਾ।" ਇਹ ਨਿਰੀ ਗੱਪ ਹੈ ਕਿਉਂਕਿ ਖੇਤੀ ਦੀ ਆਮਦਨ ਉੱਤੇ ਭਾਰਤ ਵਿਚ ਕੋਈ ਟੈਕਸ ਨਹੀਂ ਹੈ। ਠੇਕਾ ਖੇਤੀ ਅਧੀਨ ਵੇਚੀ ਜਾਣ ਵਾਲੀ ਓਪਜ, ਖੇਤੀ ਦੀ ਕਮਾਈ ਹੈ ਜੋ ਟੈਕਸ ਹੇਠ ਨਹੀਂ ਹੈ ਪਰ ਕਾਰਪੋਰੇਸ਼ਨ ਜਾਂ ਵਪਾਰੀ ਤਾਂ ਇਨ੍ਹਾਂ ਕਾਨੂੰਨਾਂ ਹੇਠ ਆਪ ਖੇਤੀ ਕਰ ਹੀ ਨਹੀਂ ਸਕਦੇ, ਉਹ ਤਾਂ ਓਪਜ ਖਰੀਦ ਸਕਦੇ ਹਨ। ਓਪਜ ਖਰੀਦ ਕੇ ਉਸ ਨੂੰ ਅੱਗੇ ਪ੍ਰਾਸੈੱਸ, ਗਰੇਡ, ਸਟੋਰ, ਪੈਕ ਅਤੇ ਮਾਰਕੀਟਿੰਗ ਕਰਨਾ ਵਪਾਰ ਹੈ ਜੋ ਟੈਕਸ ਅਧੀਨ ਆਉਂਦਾ ਹੈ। ਜੀ.ਐਸ.ਟੀ. ਹੇਠ ਵੀ ਅਤੇ ਆਮਦਨ ਟੈਕਸ ਹੇਠ ਵੀ।

ਸ. ਔਲਖ ਅੱਗੇ ਇਸ ਨੁਕਤੇ ਬਾਰੇ ਲਿਖਦੇ ਹਨ, ਜੇਕਰ ਇਹ ਸੱਚ ਹੈ ਤਾਂ ਕਿਸਾਨ ਆਪਣੀ ਕਮਾਈ ਦਾ ਪੰਜਵਾਂ ਹਿੱਸਾ ਜੀ.ਐਸ.ਟੀ. ਰਾਹੀਂ ਗਵਾ ਬੈਠਣਗੇ। ਨਵੇਂ ਖੇਤੀ ਕਾਨੂੰਨਾਂ ਰਾਹੀਂ ਇਨ੍ਹਾਂ ਦੋਗਲੇ ਮਾਪਦੰਡਾਂ ਨੂੰ ਹੋਰ ਸਪਸ਼ਟ ਕਰਨ ਦੀ ਲੋੜ ਨਹੀਂ।

ਹੁਣ ਘੋਖੋ 'ਜੇਕਰ ਇਹ ਸੱਚ ਹੈ' ਦੀ ਝਕਾਨੀ। ਸ. ਔਲਖ ਅਗਰ ਤੁਹਾਨੂੰ ਇਸ ਦੇ ਸੱਚ ਹੋਣ ਦੀ ਜਾਣਕਾਰੀ ਨਹੀਂ ਹੈ ਤਾਂ ਇਸ ਦਾ ਜ਼ਿਕਰ ਕਰਨ ਦੀ ਕੀ ਤੁਕ ਹੈ? ਅਗਰ ਜ਼ਿਕਰ ਕਰਨਾ ਵੀ ਹੈ ਤਾਂ ਇਸ ਨੂੰ 'ਖਦਸ਼ਾ' ਲਿਖੋ ਅਤੇ ਉਹ ਵੀ ਕਿਸੇ ਠੋਸ ਜਾਣਕਾਰੀ ਦੇ ਆਧਾਰ ਉੱਤੇ।

ਕੈਨੇਡਾ ਵਿਚ ਕਿਸਾਨਾਂ ਨੂੰ ਸਰਕਾਰ ਵਲੋਂ ਵਿਸ਼ੇਸ਼ ਸੇਵਾਵਾਂ ਦਾ ਜ਼ਿਕਰ ਕਰਦੇ ਹੋਏ ਸ. ਔਲਖ ਇੰਜ ਲਿਖਦੇ ਹਨ, "ਸਕੂਲੀ ਬੱਸਾਂ ਬੱਚਿਆਂ ਨੂੰ ਉਨ੍ਹਾਂ ਦੇ ਰਿਹਾਇਸ਼ੀ ਫਾਰਮਾਂ ਤੋਂ ਲਿਜਾਂਦੀਆਂ ਅਤੇ ਛੱਡ ਕੇ ਜਾਂਦੀਆਂ ਹਨ।" ਜਨਾਬ ਇਹ ਸਹੂਲਤ ਸਿਰਫ ਕਿਸਾਨਾਂ ਦੇ ਬੱਚਿਆਂ ਲਈ ਨਹੀਂ ਹੈ ਸਗੋਂ ਸਾਰੇ ਲੋਕਾਂ ਦੇ ਬੱਚਿਆਂ ਲਈ ਹੈ। ਅਗਰ ਕੋਈ ਪਰਿਵਾਰ ਕਿਸੇ ਫਾਰਮ ਹਾਊਸ ਵਿਚ ਕਿਰਾਏਦਾਰ ਹੋਵੇ ਅਤੇ ਕੰਮ ਕਿਸੇ ਫੈਕਟਰੀ ਵਿਚ ਕਰਦਾ ਹੋਵੇ, ਤਦ ਵੀ ਉਸ ਦੇ ਬੱਚਿਆਂ ਨੂੰ ਇਹ ਸਹੂਲਤ ਦਿੱਤੀ ਜਾਂਦੀ ਹੈ। ਇਹ ਸਹੂਲਤ ਸ਼ਹਿਰਾਂ ਵਿਚ ਵੀ ਹੈ ਪਰ ਹਰ ਸਕੂਲ ਬੋਰਡ ਦੀਆਂ 'ਫਾਸਲੇ ਜਾਂ ਲੋੜ' ਦੀਆਂ ਆਪਣੀਆਂ ਸ਼ਰਤਾਂ ਹਨ। ਘਰ ਤੋਂ ਸਕੂਲ ਕਿੰਨਾ ਦੂਰ ਹੈ ਅਤੇ ਕੀ ਬੱਚਾ ਅਪੰਗ ਤਾਂ ਨਹੀਂ ਹੈ ਆਦਿ ਸ਼ਰਤਾਂ ਹਨ।

ਕੈਨੇਡਾ ਦੇ ਮਾਮਲੇ ਵਿਚ ਸ. ਔਲਖ ਵੱਡੀ ਗਲਤ ਬਿਆਨੀ ਕਰਦੇ ਹੋਏ ਲਿਖਦੇ ਹਨ ਕਿ ਕੈਨੇਡਾ ਵਿਚ ਕੈਨੇਡੀਅਨ ਵ੍ਹੀਟ (ਕਣਕ) ਬੋਰਡ (ਸੀ.ਡਬਲਿਊ.ਬੀ.) ਹੈ ਜਿਸ ਅਧੀਨ ਅਗਰ ਕਿਸਾਨਾਂ ਦੀ ਕੁਝ ਜ਼ਮੀਨ ਅਣਬੀਜੀ ਰਹਿ ਜਾਵੇ ਤਾਂ ਸਰਕਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੰਦੀ ਹੈ। ਜਨਾਬ ਕੈਨੇਡਾ ਵਿਚ ਅਜਿਹਾ ਬੋਰਡ ਹੁੰਦਾ ਸੀ ਅਤੇ ਇਸ ਦਾ ਗਠਨ 1935 ਵਿਚ ਕੀਤਾ ਗਿਆ ਸੀ। ਇਹ ਸਾਰੇ ਕੈਨੇਡਾ ਵਾਸਤੇ ਨਹੀਂ ਸੀ ਸਗੋਂ ਸਿਰਫ਼ ਸੂਬੇ ਸਸਕਾਚਵਾਨ, ਮੈਨੀਟੋਬਾ, ਅਲਬਰਟਾ ਅਤੇ ਬੀਸੀ ਦੇ ਕੁਝ ਹਿੱਸੇ ਦੇ ਕਣਕ ਦੇ ਕਿਸਾਨਾਂ ਲਈ ਹੀ ਸੀ। ਇਨ੍ਹਾਂ ਖੇਤਰਾਂ ਦੇ ਕਿਸਾਨ ਇਸ ਬੋਰਡ ਤੋਂ ਬਾਹਰ ਹੋ ਕੇ ਕਣਕ ਵੇਚ ਹੀ ਨਹੀਂ ਸਨ ਸਕਦੇ। 1935 ਦੇ ਕਾਨੂੰਨ ਹੇਠ ਅਜਿਹਾ ਕਰਨ ਵਾਲਿਆਂ ਨੂੰ ਜੁਰਮਾਨਾ ਅਤੇ ਕੈਦ ਹੋ ਸਕਦੀ ਸੀ। ਕੈਨੇਡਾ ਦੀ ਸਰਕਾਰ ਨੇ ਸਾਲ 2012 ਵਿਚ ਨਵਾਂ ਕਾਨੂੰਨ ਬਣਾ ਕੇ ਇਸ 'ਕਣਕ ਬੋਰਡ' ਨੂੰ ਖਤਮ ਕਰ ਦਿੱਤਾ ਸੀ ਅਤੇ ਇਸ ਨਵੇਂ ਕਾਨੂੰਨ ਦਾ ਨਾਮ 'ਮਾਰਕੀਟ ਫਰੀਡਮ ਫਾਰ ਗਰੇਨ ਫਾਰਮਰਜ਼ ਐਕਟ' ਸੀ। ਹੁਣ ਸੀ.ਡਬਲਿਊ.ਬੀ. ਛੋਟੀ ਪ੍ਰਾਈਵੇਟ ਫਰਮ ਹੈ ਜਿਸ ਨੂੰ ਇੱਕ ਸਾਊਦੀ ਕੰਪਨੀ ਨੇ ਖਰੀਦ ਲਿਆ ਸੀ।

ਅਖੀਰ ਵਿਚ ਮੈਂ 'ਪੰਜਾਬ ਟਾਈਮਜ਼' ਵਿਚ 6 ਮਾਰਚ ਨੂੰ ਲਿਖੇ ਆਪਣੇ ਲੇਖ ਵਿਚ ਕਿਹਾ ਸੀ ਕਿ ਭਾਰਤ ਸਰਕਾਰ ਨੂੰ ਕਾਰਪੋਰੇਟ ਖੇਤੀ ਖਿਲਾਫ ਕਾਨੂੰਨ ਤੁਰੰਤ ਬਣਾਉਣਾ ਚਾਹੀਦਾ ਹੈ ਤਾਂ ਕਿ ਕਿਸਾਨਾਂ ਦੇ ਮਨਾਂ ਵਿਚ ਕੰਟਰੈਕਟ ਖੇਤੀ ਬਾਰੇ ਪਾਏ ਜਾ ਰਹੇ ਸਭ ਭਰਮ ਭੁਲੇਖੇ ਦੂਰ ਕੀਤੇ ਜਾ ਸਕਣ। ਭਾਜਪਾ ਦੇ ਸੀਨੀਅਰ ਆਗੂ ਤੇ ਮੇਘਾਲਿਆ ਦੇ ਰਾਜਪਾਲ ਸਤਿਆਪਾਲ ਮਲਿਕ ਅਤੇ ਕੇਂਦਰੀ ਰਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਸਾਨਾਂ ਨਾਲ ਨਵੇਂ ਸਿਰਿਓਂ ਗੱਲ ਕਰਨ ਲਈ ਸਰਕਾਰ ਨੂੰ ਜੋ ਸੁਝਾਅ ਦਿੱਤੇ ਹਨ, ਉਸ ਨੂੰ ਮੰਨਦਿਆਂ ਕੇਂਦਰ ਸਰਕਾਰ ਨਵੇਂ ਸਿਰਿਓਂ ਕਿਸਾਨ ਨੇਤਾਵਾਂ ਨਾਲ ਗੱਲਬਾਤ ਜਲਦੀ ਤੋਂ ਜਲਦੀ ਸ਼ੁਰੂ ਕਰਨੀ ਚਾਹੀਦੀ ਹੈ। ਕਿਸਾਨ ਨੇਤਾਵਾਂ ਨੂੰ ਵੀ ਆਰ-ਪਾਰ ਦੀ ਲੜਾਈ ਵਾਲਾ ਪੈਂਤੜਾ ਛੱਡ ਕੇ ਅੱਗੇ ਆਉਣਾ ਚਾਹੀਦਾ ਹੈ। ਇਸ ਵੇਲੇ ਸਭ ਤੋਂ ਵਡੀ ਚਿੰਤਾ ਸਿੱਖ ਚਿੰਤਕ ਅਜਮੇਰ ਸਿੰਘ ਜਾਂ ਸੁਰਜੀਤ ਸਿੰਘ ਫੂਲ ਵਰਗੇ ਵਿਗੜੇ ਹੋਏ ਮਾਓਵਾਦੀਆਂ ਅਤੇ ਉਨ੍ਹਾਂ ਦੇ ਖਰੂਦੀ ਕਿਸਮ ਦੇ ਪੈਰੋਕਾਰਾਂ ਤੋਂ ਹੈ। ਕਿਸਾਨ ਨੇਤਾਵਾਂ ਨੂੰ ਸਾਵਧਾਨ ਹੋਣਾ ਪਵੇਗਾ ਕਿ ਉਨ੍ਹਾਂ ਦੀ ਹਾਲਤ ਕਿਤੇ ਧਰਮ ਯੁਧ ਮੋਰਚੇ ਦੌਰਾਨ ਅਕਾਲੀ ਨੇਤਾਵਾਂ ਵਾਂਗ ਤਰਸਯੋਗ ਨਾ ਬਣ ਜਾਵੇ ਤੇ ਜੇਕਰ ਖਰੂਦੀ ਅਨਸਰਾਂ ਨੇ ਉਨ੍ਹਾਂ ਦੀ ਇਹ ਹਾਲਤ ਬਣਾ ਦਿੱਤੀ ਤਾਂ ਫਿਰ ਆਉਣ ਵਾਲੇ ਦਿਨਾਂ ਵਿਚ ਪੰਜਾਬ ਦਾ ਰੱਬ ਹੀ ਰਾਖਾ ਹੈ, ਵਾਲੀ ਗੱਲ ਹੋ ਜਾਵੇਗੀ। ਕਿਸਾਨ ਆਗੂ ਉਸ ਤਰ੍ਹਾਂ ਦੀ ਕੁੜਿਕੀ ਵਿਚ ਫਸਣ ਤੋਂ ਸਾਵਧਾਨ ਰਹਿਣ।

# ਕਿਸਾਨ ਮੋਰਚੇ ਨੇ 'ਵੋਟ ਦੀ ਚੋਟ' ਦੀ ਨੀਤੀ ਅਪਨਾਈ

## ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਫਲਸਫੇ ਨੂੰ ਅਪਨਾ ਕੇ ਮੋਰਚੇ ਨੂੰ ਜਿੱਤ ਵਲ ਲਿਜਾਈਏ



**ਸੁਕੰਨਿਆਂ ਭਾਰਦਵਾਜ ਨਾਭਾ**
ਫੋਨ: 815-307-3112

ਕਿਸਾਨ ਅੰਦੋਲਨ ਚੁਣੌਤੀਆਂ ਨੂੰ ਸਰ ਕਰਦਾ ਅੱਗੇ ਵਲ ਨਿਰੰਤਰ ਪੁਲਾਘਾਂ ਪੁੱਟ ਰਿਹਾ ਹੈ। ਕਈ ਤਰ੍ਹਾਂ ਦੇ ਪੈਂਤੜੇ ਮੋਰਚਿਆਂ ਵਿਚ ਬੈਠੇ ਧਰਤੀ ਪੁੱਤਰਾਂ ਨੂੰ ਕੰਮ ਲਾਈ ਰੱਖਣ ਲਈ ਵੀ ਕੀਤੇ ਜਾ ਰਹੇ ਹਨ। ਕਈ ਤਰ੍ਹਾਂ ਦੇ ਦਿਨ ਤਿਓਹਾਰ-ਕਿਸਾਨ ਦਿਵਸ, ਨੌਜਵਾਨ ਦਿਵਸ, ਔਰਤ ਦਿਵਸ, ਧਾਰਮਿਕ, ਖੇਤੀਬਾੜੀ ਰਹਿਨੁਮਾਵਾਂ ਦੇ ਦਿਹਾੜੇ ਮਨਾਉਣ, ਰੇਲ ਗੱਡੀ, ਬੱਸਾਂ ਦਾ ਚੱਕਾ ਜਾਮ, ਕੇ. ਐਮ. ਪੀ. ਐਲ. ਦਾ ਘਿਰਾਓ ਵਰਗੇ ਸਫਲ ਐਕਸ਼ਨ ਮੋਰਚੇ ਵਿਚ ਜੋਸ਼ ਭਰਨ ਦੇ ਗੰਭੀਰ ਉਪਰਾਲੇ ਕਿਸਾਨ ਜਥੇਬੰਦੀਆਂ ਵਲੋਂ ਕੀਤੇ ਜਾ ਰਹੇ ਹਨ। ਚਲਦੀਆਂ ਸਟੇਜਾਂ ਤੋਂ ਜੋਸ਼ੀਲੇ ਤੇ ਮਨੋਰੰਜਕ ਕਿਸਾਨੀ ਘੋਲ ਦੇ ਗੀਤ ਤੇ ਵੱਖ ਵੱਖ ਸਟੇਟਾਂ ਤੋਂ ਆਏ ਕਿਸਾਨ ਆਗੂਆਂ ਤੇ ਸਮਰਥਕਾਂ ਦੇ ਭਾਸ਼ਣ ਘੋਲ ਨੂੰ ਮਘਾਈ ਰੱਖਣ ਲਈ ਅਹਿਮ ਰੋਲ ਅਦਾ ਕਰ ਰਹੇ ਹਨ। ਮੋਰਚੇ ਨੂੰ ਹਰ ਤਰ੍ਹਾਂ ਦੀ ਮਦਦ ਵੀ ਵੱਖ ਵੱਖ ਸਟੇਟਾਂ ਵਿਚ ਬੈਠੇ ਪੰਜਾਬੀਆਂ ਵਲੋਂ ਭੇਜੀ ਜਾ ਰਹੀ ਹੈ। ਕੈਲੀਫੋਰਨੀਆ ਤੋਂ ਪਿਛਲੇ ਤਿੰਨ ਮਹੀਨਿਆਂ ਤੋਂ ਡਟੇ ਕਾਰਡੀਆਲੋਜਿਸਟ ਸਵੈਮਾਨ ਸਿੰਘ ਆਪਣੇ ਸਾਧਨਾਂ ਨਾਲ ਕਿਸਾਨਾਂ ਨੂੰ ਸਿਹਤ ਸੇਵਾਵਾਂ ਦੇ ਰਹੇ ਹਨ। ਉਨ੍ਹਾਂ ਨਾਲ ਦੱਖਣ ਪੂਰਵ ਦੇ ਰਾਜਾਂ ਦੇ ਮਾਹਰ ਡਾਕਟਰਾਂ ਦੀ ਟੀਮ ਵੀ ਹਕੂਮਤ ਵਲੋਂ ਮਿਲਦੀਆਂ ਧਮਕੀਆਂ ਦੇ ਬਾਵਜੂਦ ਡਟੀ ਹੋਈ ਹੈ। ਡਾ. ਸਵੈਮਾਨ ਸਿੰਘ ਨੇ ਨੌਜਵਾਨਾਂ ਲਈ ਖੇਡਾਂ ਦਾ ਵੀ ਪ੍ਰੋਗਰਾਮ ਉਲੀਕਿਆ, ਪਰ 26 ਜਨਵਰੀ ਦੀਆਂ ਘਟਨਾਵਾਂ ਦਾ ਉਸ ਉਤੇ ਵੀ ਮਾੜਾ ਪ੍ਰਭਾਵ ਪਿਆ ਹੈ। ਗਰਮੀ ਦੇ ਮੱਦੇਨਜ਼ਰ ਸਿੰਘੂ ਬਾਰਡਰ ਦੀ ਓ. ਪੀ. ਡੀ. ਨੂੰ ਪੀ. ਜੀ. ਆਈ. ਦੇ ਡਾਕਟਰਾਂ ਦੀ ਮਦਦ ਨਾਲ ਮੋਰਚੇ ਵਿਚ ਹੀ ਹਸਪਤਾਲ ਦਾ ਰੂਪ ਦੇ ਦਿੱਤਾ ਗਿਆ ਹੈ। ਅਸਾਮ ਦੇ ਪੰਜਾਬੀਆਂ ਵਲੋਂ ਸਾਢੇ 13 ਕੁਇੰਟਲ ਚਾਹ ਪੱਤੀ, ਫਰਾਟੇ ਪੱਖੇ ਤੇ ਰਸਾਂ ਦੀਆਂ ਸੈਂਕੜੇ ਪੇਟੀਆਂ ਭੇਜੀਆਂ ਗਈਆਂ ਹਨ। ਉੜੀਸਾ ਦੀ ਸੰਗਤ ਵਲੋਂ ਲੱਖਾਂ ਰੁਪਏ ਦੀ ਮਾਇਕ ਮਦਦ ਦਿੱਤੀ ਗਈ ਹੈ।

ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਵਲੋਂ ਨੌਜਵਾਨਾਂ ਨੂੰ ਕੀਤੀ ਜਾਂਦੀ ਵਾਰ ਵਾਰ ਭਾਵੁਕ ਅਪੀਲ ਕਿ 'ਨੌਜੁਆਨੋ, ਸਾਥੋਂ ਤੁਹਾਡੀਆਂ ਲਾਸ਼ਾਂ ਨ੍ਹੀਂ ਢੋਈਆਂ ਜਾਣੀਆਂ, ਸਾਨੂੰ ਇਸ ਇਮਤਿਹਾਨ ਵਿਚ ਨਾ ਪਾਓ' ਜੋਸ਼ ਦੇ ਨਾਲ ਹੋਸ਼ ਤੋਂ ਕੰਮ ਲੈਣ ਦੀ ਅਪੀਲ ਹੁੰਦੀ ਹੈ, 'ਤੁਹਾਡੇ ਵਾਰਸਾਂ ਨੇ ਸਾਡੇ ਪੁਰਅਮਨ ਘੋਲ ਦੀ ਜਾਮਨੀ 'ਤੇ ਤੁਹਾਨੂੰ ਇਥੇ ਭੇਜਿਆ ਹੈ, ਇਸ ਲਈ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਜਿੱਤ ਕੇ ਉਸੇ ਤਰ੍ਹਾਂ ਤੁਹਾਨੂੰ ਉਨ੍ਹਾਂ ਦੇ ਸਪੁਰਦ ਕਰੀਏ, ਜਿਵੇਂ ਅਸੀਂ ਲੈ ਕੇ ਆਏ ਸੀ। ਦੁਸ਼ਮਣ ਚਲਾਕ ਤੇ ਡਾਹਢਾ ਹੈ। ਉਸ ਦੀਆਂ ਚਾਲਾਂ ਨੂੰ ਸਮਝੋ। ਸਾਨੂੰ ਉਮਰਾਂ ਹੋ ਗਈਆਂ ਇਨ੍ਹਾਂ ਹਕੂਮਤਾਂ ਨਾਲ ਟੱਕਰ ਲੈਂਦਿਆਂ ਨੂੰ। ਜਾਬਤੇ ਵਿਚ ਰਹੋ, ਕਿਉਂਕਿ ਤੁਸੀਂ ਸਾਡੇ ਆਪਣੇ ਹੋ। ਸਾਡਾ ਇਕੋ ਇੱਕ ਟੀਚਾ ਹੈ-ਤਿੰਨੋ ਕਾਨੂੰਨ ਰੱਦ ਕਰਾਉਣੇ ਤੇ ਐਮ. ਐਸ. ਪੀ. ਦੀ ਕਾਨੂੰਨੀ ਗਾਰੰਟੀ ਲੈਣੀ। ਯਾਦ ਰੱਖਿਓ, ਇਹ ਕਾਨੂੰਨ ਸਾਡੀਆਂ ਫਸਲਾਂ ਦੇ ਨਾਲ ਨਸਲਾਂ ਨੂੰ ਵੀ ਖਤਮ ਕਰਨ ਵਾਲੇ ਹਨ। ਆਪਾਂ ਆਪਣੀਆਂ ਜ਼ਮੀਨਾਂ ਦੇ ਨਾਲ ਨਾਲ ਆਪਣੀਆਂ ਜ਼ਮੀਰਾਂ ਵਜੂਦ ਦੀ ਲੜਾਈ ਲੜ ਰਹੇ ਹਾਂ। ਜੇ ਅੱਜ ਨਾ ਸੰਭਲੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਵੀ ਮੁਆਫ ਨਹੀਂ ਕਰਨਗੀਆਂ। ਬੱਚਿਓ ਤੱਤੇ ਨਾਹਰੇ, ਤੱਤੇ ਕਦਮ ਕਿਸੇ ਮਸਲੇ ਦਾ ਹੱਲ ਨਹੀਂ। ਯਾਦ ਰੱਖਿਓ, ਅਸੀਂ ਤੱਤੇ ਚੱਲੇ ਤਾਂ ਹਕੂਮਤ ਦੀ ਜਿੱਤ ਹੋਵੇਗੀ, ਜੇ ਸ਼ਾਂਤ ਰਹੇ ਤਾਂ ਸਾਡੀ। ਇਹ ਸਾਡੀ ਜ਼ਿੰਦਗੀ ਦੇ ਨਿਚੋੜ ਕੱਢੇ ਹੋਏ ਹਨ। ਇੱਕ 26 ਜਨਵਰੀ ਦੀ ਘਟਨਾ ਨੇ ਅੰਦੋਲਨ ਨੂੰ ਕਿੰਨਾ ਪਿਛੇ ਧੱਕ ਦਿੱਤਾ ਹੈ, ਇਸ ਦਾ ਕਦੇ ਵਿਹਲੇ ਬੈਠ ਕੇ ਵਿਸ਼ਲੇਸ਼ਣ ਕਰਿਓ। ਆਮ ਹੀ ਕਿਹਾ ਜਾਂਦਾ ਹੈ ਕਿ ਕੀ ਹੋ ਗਿਆ ਜੇ ਜਜ਼ਬਾਤੀ ਭੁਲੱਕੜ ਨੌਜਵਾਨ ਲਾਲ ਕਿਲੇ 'ਤੇ ਚਲੇ ਗਏ? ਕੀ ਹੋ ਗਿਆ ਜੇ ਕੇਸਰੀ ਨਿਸ਼ਾਨ ਲਾਲ ਕਿਲੇ 'ਤੇ ਚੜ੍ਹਾ ਦਿੱਤਾ? ਤੁਹਾਨੂੰ ਇਹ 'ਕੀ ਹੋ ਗਿਆ' ਲੱਗ ਸਕਦਾ ਹੈ। ਸਾਨੂੰ ਪੁੱਛ ਕੇ ਦੇਖੋ ਕਿ ਕਿਵੇ ਪੰਜ ਮਹੀਨਿਆਂ ਦੀ ਤਪੱਸਿਆ ਤੋਂ ਬਾਅਦ ਮਸਾਂ ਘੋਲ ਨੂੰ ਇਸ ਸਿਖਰ 'ਤੇ ਲੈ ਕੇ ਆਏ ਸੀ। ਕਿਵੇਂ ਅੱਜ ਸਾਡੀਆਂ ਤਰਜੀਹਾਂ ਬਦਲ ਗਈਆਂ ਹਨ। ਅੱਜ ਤਿੰਨ ਕਾਲੇ ਖੇਤੀ ਕਾਨੂੰਨਾਂ ਦੀ ਥਾਂ ਤੁਹਾਡੀਆਂ ਗ੍ਰਿਫਤਾਰੀਆਂ, ਜ਼ਮਾਨਤਾਂ, ਸੰਮਨਾਂ ਦੀ ਪੈਰਵਾਈ ਤੇ ਹੋਰ ਉਸ ਦਿਹਾੜੇ ਦੇ ਮਸਲੇ ਹੱਲ ਕਰਾਉਣ ਲਈ ਕਾਨੂੰਨ ਮਾਹਰਾਂ ਦੀਆਂ ਟੀਮਾਂ ਗਠਿਤ ਕੀਤੀਆਂ; ਕਿਵੇਂ ਥਾਣੇ ਕਚਹਿਰੀਆਂ ਦੇ ਚੱਕਰ ਵਧ ਗਏ।'

"ਬੱਚਿਓ, ਇਹ ਤੁਹਾਡੀ ਛੋਟੀ ਜਿਹੀ ਗਲਤੀ ਕਾਰਨ ਹੀ ਤਾਂ ਵਾਪਰਿਆ ਹੈ। ਬਸ ਗੱਲ ਤਾਂ ਇੰਨੀ ਕੁ ਹੀ ਸੀ ਜੇ ਆਪਣੇ ਵੱਡਿਆਂ ਦੀਆਂ ਨਸੀਹਤਾਂ ਨੂੰ ਪੱਲੇ ਬੰਨ ਲੈਂਦੇ ਤਾਂ ਇੰਨੇ ਵੱਡੇ ਦੁਖਾਂਤ ਦਾ ਸਾਹਮਣਾ ਨਾ ਕਰਨਾ ਪੈਂਦਾ ਤੇ ਸਾਡੇ ਦੁਸ਼ਮਣਾਂ ਨੂੰ ਸਾਡੇ ਉਤੇ ਤਸ਼ੱਦਦ ਦਾ ਮੌਕਾ ਨਾ ਮਿਲਦਾ। ਕਿਵੇਂ ਭਾੜੇ ਦੇ ਟੱਟੂਆਂ ਨਾਲ ਹਕੂਮਤ ਨੇ ਸਾਡੇ ਨੌਜਵਾਨਾਂ ਨੂੰ ਕੋਹਿਆ, ਸਾਡੀਆਂ ਬੀਬੀਆਂ ਦੇ ਟੈਂਟਾਂ ਨੂੰ ਪਾੜਿਆ, ਸਾਨੂੰ ਜ਼ਲੀਲ ਕਰਨ ਦਾ ਕੋਈ ਮੌਕਾ ਨਾ ਹੱਥੋਂ ਜਾਣ ਦਿੱਤਾ। ਬੜੀ ਮਿਹਨਤ ਮੁਸ਼ੱਕਤ, ਤਹੱਮਲ ਅਤੇ ਪੁਰਅਮਨ ਰਹਿੰਦਿਆਂ ਅਸੀਂ ਉਨ੍ਹਾਂ ਹਾਲਾਤ 'ਤੇ ਕਾਬੂ ਪਾਇਆ ਤੇ ਮੋਰਚੇ ਨੂੰ ਪੈਰੀਂ ਸਿਰੀਂ ਕੀਤਾ। ਇੱਕ ਵਾਰੀ ਤਾਂ ਉਨ੍ਹਾਂ ਸ਼ਾਹੀਨ ਬਾਗ ਦੇ ਮੋਰਚੇ ਵਾਂਗ ਇਸ ਨੂੰ ਉਖਾੜ ਹੀ ਦਿੱਤਾ ਸੀ। ਅੱਜ ਕਿਥੇ ਨੇ ਉਹ ਸਾਡੇ 'ਜੁਝਾਰੂ' ਜੋ ਪੱਚੀ ਜਨਵਰੀ ਨੂੰ ਸਟੇਜ ਉਤੇ ਛਾਤੀ ਠੋਕ ਠੋਕ ਕੇ ਕਹਿ ਰਹੇ ਸਨ ਕਿ 'ਕੋਈ ਸਾ... ਨੀਂ ਲਗਦਾ ਜੋ ਮੇਰੇ ਟਰੈਕਟਰ ਉਤੇ ਮੇਰੀ ਮਰਜੀ ਤੋਂ ਬਿਨਾ ਬੈਠੇਗਾ, ਸਾਡਾ ਰੋਡ ਰਿੰਗ ਰੋਡ, ਅਸੀਂ ਦਿੱਲੀ ਜਾ ਕੇ ਹੀ ਰਹਾਂਗੇ।' ਫਿਰ ਬੱਚਿਓ ਕੀ ਕਰ ਲਿਆ ਅਸੀਂ ਦਿੱਲੀ ਜਾ ਕੇ, ਉਹ ਤੁਹਾਡੇ ਸਾਹਮਣੇ ਹੈ। ਅੱਛਾ ਜੇ ਤੁਸੀਂ ਕੁਝ ਅਲੱਗ ਤੋਂ ਕਰਨਾ ਚਾਹੁੰਦੇ ਹੋ ਤਾਂ ਇਹ ਮੋਰਚਾ ਫਤਿਹ ਕਰ ਲਈਏ, ਫਿਰ ਅਲੱਗ ਤੋਂ ਸ਼ੁਰੂ ਕਰ ਲੈਣਾ। ਪਰ ਅੱਜ ਆਪਣੀਆਂ ਵੱਖਰੀਆਂ ਮੰਗਾਂ ਠੋਸਣ ਨਾਲ ਸਾਡੀਆਂ ਜ਼ਮੀਨਾਂ ਦੀ ਲੜਾਈ ਅਸੀਂ ਹਾਰ ਜਾਵਾਂਗੇ। ਥੋੜੇ ਸਾਹਮਣੇ ਹੀ ਹੈ ਕਿ ਪੰਜ ਮਹੀਨੇ ਹੋ ਗਏ ਸ਼ਾਂਤਮਈ ਅੰਦੋਲਨ ਲੜਦਿਆਂ ਨੂੰ ਪਰ ਦਿੱਲੀ ਹਕੂਮਤ ਸੋਧਾਂ ਤੋਂ ਅੱਗੇ ਜਾਣ ਲਈ ਤਿਆਰ ਨਹੀਂ।"

—

ਇੱਕ ਬਜੁਰਗ ਮਾਤਾ ਵਲੋਂ ਵੀ ਆਪਣੇ ਲੈਅਮਈ ਸੰਬੋਧਨ ਵਿਚ ਮੋਰਚੇ ਦੀ ਜਿਉਂਦੀ ਜਾਗਦੀ ਤਸਵੀਰ ਖਿਚਦਿਆਂ ਤੇ ਕੇਂਦਰੀ ਹਕੂਮਤ ਦੀਆਂ ਕਿਸਾਨ ਮਾਰੂ ਨੀਤੀ ਦੀ ਭੇਟਾ ਚੜ੍ਹੇ ਸੈਂਕੜੇ ਕਿਸਾਨਾਂ, ਨੌਜਵਾਨਾਂ ਦੇ ਪਿਛੇ ਰਹਿ ਗਏ ਪਰਿਵਾਰਾਂ ਬਜੁਰਗ ਮਾਪਿਆਂ ਦਾ ਤਰਸੇਵਾਂ, ਮੋਰਚੇ ਵਿਚ ਡਟੇ ਰਹਿਣ, ਧਰਤੀ ਪੁੱਤਰ ਦੀ ਆਪਣੀ ਜ਼ਮੀਨ ਨਾਲ ਲਗਾਓ ਦਾ 'ਝੇੜਾ' ਅਜਿਹਾ ਬਿਆਨਿਆ ਕਿ ਪੂਰੇ ਮਹੌਲ ਨੂੰ ਜਜ਼ਬਾਤੀ ਕਰ ਦਿੱਤਾ।

ਦੂਜੇ ਪਾਸੇ ਕੇਂਦਰੀ ਹਕੂਮਤ ਘੋਲ ਦੇ 100 ਦਿਨ ਪੂਰੇ ਹੋਣ 'ਤੇ ਟੱਸ ਤੋਂ ਮੱਸ ਨਹੀਂ ਹੋਈ। ਇਸ ਤਰ੍ਹਾਂ ਦਾ ਵਿਹਾਰ ਉਹ ਅੰਦੋਲਨਕਾਰੀਆਂ ਨਾਲ ਕਰ ਰਹੀ ਹੈ, ਜਿਵੇਂ ਉਹ ਮਾਈ ਬਾਪ ਨਾ ਹੋ ਕੇ ਕੋਈ ਸ਼ਰੀਕ ਹੋਵੇ। ਸਿੰਘੂ ਕੁੰਡਲੀ ਬਾਰਡਰ ਦੇ ਆਲੇ-ਦੁਆਲੇ ਦੀ ਵਸੋਂ ਨਾਲ ਲਗਦੀਆਂ ਛੋਟੀਆਂ ਗਲੀਆਂ ਨੂੰ ਬੰਦ ਕੀਤਾ ਜਾ ਰਿਹਾ ਹੈ, ਤਾਂ ਜੋ ਕਿਸਾਨਾਂ ਨੂੰ ਭੜਕਾਇਆ ਜਾਵੇ ਤੇ ਉਨ੍ਹਾਂ ਦਾ ਬਾਹਰ ਨਿਕਲਣਾ ਬੰਦ ਕੀਤਾ ਜਾਵੇ; ਪਰ ਉਨ੍ਹਾਂ ਹਕੂਮਤ ਦੇ ਸੜਕਾਂ 'ਤੇ ਕਿੱਲ ਲਾਉਣ ਨੂੰ ਫੁੱਲ ਲਾ ਕੇ ਤੇ ਪਾਣੀ ਦੀਆਂ ਬੁਛਾੜਾਂ ਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਵਾਲਿਆਂ ਨੂੰ ਲੰਗਰ ਛਕਾ ਕੇ ਜੁਆਬ ਦਿੱਤਾ ਹੈ। ਅਸਲ ਵਿਚ ਇਸ ਘੋਲ ਨੇ ਭਾਜਪਾ ਦੇ 'ਮੋਦੀ ਹੈ ਤੋ ਮੁਮਕਿਨ ਹੈ' ਦੇ ਪ੍ਰਸਨੈਲਟੀ ਕਲਟ (ਸ਼ਖਸੀਅਤ ਪੰਥ) ਨੂੰ ਕਾਫੀ ਖੋਰਾ ਲਾਇਆ ਹੈ। ਕੇਂਦਰ ਸਰਕਾਰ ਅੱਜ ਤਕ ਚੁਪ-ਚੁਪੀਤੇ 14 ਸੌ ਤੋਂ ਉਪਰ ਕਾਨੂੰਨਾਂ ਨੂੰ ਖਤਮ ਕਰ ਚੁਕੀ ਹੈ, ਪਰ ਖੇਤੀ ਕਾਲੇ ਕਾਨੂੰਨ ਰੱਦ ਕਰਨ ਨੂੰ ਉਸ ਨੇ ਨੱਕ ਦਾ ਸੁਆਲ ਬਣਾ ਲਿਆ ਹੈ। ਉਧਰ ਕਿਸਾਨ ਆਗੂਆਂ ਵਲੋਂ ਵੀ ਆਪਣੇ ਮੋਰਚੇ ਨੂੰ ਹੋਰ ਤਕੜਾ ਤੇ ਇਸ ਦਾ ਘੇਰਾ ਦਿੱਲੀ ਤੋਂ ਬਾਹਰ ਦੂਜੀਆਂ ਸਟੇਟਾਂ ਵੱਲ ਵਧਾਉਣ ਲਈ ਕੁਝ ਅਹਿਮ ਫੈਸਲੇ ਲਏ ਹਨ। ਹਰਿਆਣਾ ਪੰਜਾਬ ਤੋਂ ਇਲਾਵਾ ਉਤਰਾਖੰਡ, ਯੂ. ਪੀ., ਮੱਧ ਪ੍ਰਦੇਸ਼, ਝਾਰਖੰਡ, ਉੜੀਸਾ, ਮਹਾਂਰਾਸ਼ਟਰ ਵਿਚ ਮਹਾਂ-ਪੰਚਾਇਤ ਕਰਕੇ ਕਿਸਾਨੀ ਮੰਗਾਂ ਪ੍ਰਤੀ ਲਾਮਬੰਦੀ ਕੀਤੀ ਜਾ ਰਹੀ ਹੈ। 'ਵੋਟ ਦੀ ਚੋਟ' ਦਾ ਪੈਂਤੜਾ ਲੈਂਦਿਆਂ ਮਾਰਚ 2021 ਵਿਚ ਵਿਧਾਨ ਸਭਾ ਚੋਣਾਂ ਵਾਲੀਆਂ ਪੰਜ ਸਟੇਟਾਂ ਵਿਚ ਭਾਜਪਾ ਖਿਲਾਫ ਮੋਰਚਾ ਖੋਲ੍ਹਿਆ ਗਿਆ ਹੈ। ਪੱਛਮੀ ਬੰਗਾਲ, ਕੇਰਲਾ, ਤਾਮਿਲਨਾਡੂ, ਅਸਾਮ ਤੇ ਪੁਡੂਚੇਰੀ ਵਿਚ ਕਿਸਾਨ ਆਗੂਆਂ ਦੀਆਂ ਟੀਮਾਂ ਭੇਜੀਆਂ ਜਾ ਰਹੀਆਂ ਹਨ, ਜੋ ਉਥੋਂ ਦੇ ਵੋਟਰਾਂ ਨੂੰ ਭਾਜਪਾ ਵਿਰੁੱਧ ਵੋਟ ਪਾਉਣ ਲਈ ਪ੍ਰੇਰਿਤ ਕਰਨਗੀਆਂ।

ਮੀਡੀਆ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਤੇ ਕੁਝ ਹੱਦ ਤਕ ਪ੍ਰਭਾਵਿਤ ਵੀ ਕਰਦਾ ਹੈ, ਪਰ ਮੀਡੀਆ ਸਭ ਕੁਝ ਨਹੀਂ ਹੁੰਦਾ। ਫਿਰ ਗੋਦੀ ਮੀਡੀਏ ਤਾਂ ਕਾਰਪੋਰੇਟ ਦੇ ਹੱਕ ਵਿਚ ਹੀ ਭੁਗਤਦਾ ਹੈ। ਸੋਸ਼ਲ ਮੀਡੀਏ ਦੀ ਪ੍ਰਮਾਣਕਿਤਾ ਵੀ ਸ਼ੱਕ ਦੇ ਘੇਰੇ ਵਿਚ ਹੈ, ਪਰ ਅਸੀਂ ਸੋਸ਼ਲ ਮੀਡੀਏ 'ਤੇ ਹੀ ਜੋਰ ਲਾਇਆ ਹੋਇਆ ਹੈ ਕਿ ਕਿਸਾਨ ਆਗੂ ਇਸ ਅੰਦੋਲਨ ਰਾਹੀਂ ਰਾਜਨੀਤੀ ਵਿਚ ਆਪਣੀਆਂ ਸੀਟਾਂ ਪੱਕੀਆਂ ਕਰ ਰਹੇ ਹਨ, ਕੋਈ ਮੁਖ ਮੰਤਰੀ/ਮੰਤਰੀ, ਕੋਈ ਕੇਂਦਰ ਵਿਚ ਉਚ ਪੱਧਰੀ ਸੀਟ ਭਾਲਦਾ ਹੈ, ਇਤਿਆਦਿ ਵਰਗੇ ਜੁਮਲੇ ਲਿਖ ਕੇ ਵੇਲੇ ਦੀ ਵੇਲੇ ਵੱਡੇ ਫੇਸਬੁਕੀਏ ਵਿਦਵਾਨ ਬਣਨ ਦਾ ਭਰਮ ਪਾਲ ਬੈਠਦੇ ਹਾਂ। ਕਦੇ ਸੋਚਿਆ ਹੈ ਕਿ ਆਪਣਿਆਂ ਵਲੋਂ ਹੀ ਅਜਿਹਾ ਪ੍ਰਚਾਰ ਸਾਨੂੰ ਕਿਥੇ ਲੈ ਕੇ ਜਾਵੇਗਾ? ਸਾਨੂੰ ਇਹ ਬੇਸਿਰ ਪੈਰ ਦੀਆਂ ਸੁਝ ਰਹੀਆਂ ਹਨ, ਜਦੋਂ ਸਾਡਾ ਪੰਜਾਬ ਉਜੜ ਰਿਹਾ ਹੈ। ਅੰਦੋਲਨ ਜੋ ਕਾਫੀ ਹੱਦ ਤਕ ਜਿੱਤ ਦੇ ਨੇੜੇ ਹੈ, ਉਸ ਉਤੇ ਕੀ ਅਸਰ ਪਏਗਾ? ਕਾਰਪੋਰੇਟ ਤਾਂ ਪਹਿਲਾਂ ਹੀ ਸੂਬੇ ਦੀਆਂ ਜ਼ਮੀਨਾਂ 'ਤੇ ਕਾਬਜ ਹੋ ਚੁਕਾ ਹੈ। ਉਨ੍ਹਾਂ ਦੇ ਲਾਏ ਥਰਮਲ ਪਲਾਂਟ ਤੇ ਵੱਡੇ ਵੱਡੇ ਸਾਇਲੋ ਸਾਡੀ ਹੋਂਦ ਦਾ ਮੂੰਹ ਚਿੜਾ ਰਹੇ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਤੁਹਾਡੇ ਢਾਈ ਸੌ ਸਾਥੀਆਂ ਦੇ ਮਰਨ ਨਾਲੋਂ ਜੀਓ ਦੇ ਪੁੱਟੇ ਟਾਵਰਾਂ ਦਾ ਵੱਧ ਦੁਖ ਹੈ। ਕਦੇ ਸੋਚਿਆ ਹੈ ਕਿ ਅਸੀਂ ਕਿਹੋ ਜਿਹੀ ਤਾਨਾਸ਼ਾਹੀ ਡੈਮੋਕਰੇਸੀ ਵਿਚ ਰਹਿਣ ਲਈ ਮਜਬੂਰ ਹਾਂ। ਇੱਕ ਸਮਾਜਿਕ ਕਾਰਜਕਰਤਾ ਦੇ ਬੋਲ ਕਿ ਸਾਨੂੰ ਖਾਲਿਸਤਾਨੀ ਜਾਂ ਕਮਿਊਨਿਸਟ ਨਾਲ ਕੋਈ ਵਾਸਤਾ ਨਹੀਂ, ਸਾਨੂੰ ਤਾਂ ਬਸ ਇਹ ਹੈ ਕਿ ਕੋਈ ਤਾਂ ਹੈ ਦੇਸ਼ ਵਿਚ, ਜੋ ਇਸ ਤਾਨਾਸ਼ਾਹੀ ਹਕੂਮਤ ਦੇ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰ ਸਕਦਾ ਹੈ, ਲਹਿਰ ਖੜ੍ਹੀ ਕਰ ਸਕਦਾ ਹੈ; ਨਹੀਂ ਤਾਂ ਇਸ ਨੇ 'ਕੱਲੇ 'ਕੱਲੇ ਨੂੰ ਦੇਸ਼ਧ੍ਰੋਹੀ ਦੇ ਫਤਵੇ ਦੇ ਕੇ ਜੇਲ੍ਹੀਂ ਡੱਕ ਦੇਣਾ ਸੀ। ਕਿਸਾਨ ਅੰਦੋਲਨ ਨੇ ਫਿਰਕੂ ਹਨੇਰੀ ਨੂੰ ਬ੍ਰੇਕ ਲਾਈ ਹੈ। ਵੱਖ-ਵੱਖ ਭਾਈਚਾਰਿਆਂ ਵਿਚ ਵਿਸ਼ਵਾਸ ਸਦਭਾਵਨਾ ਦਾ ਸੰਚਾਰ ਵਧਿਆ ਹੈ। ਮੌਵ ਲਿਚਿੰਗ ਵਰਗੇ ਨਵੇਂ ਨਵੇਂ ਲਫਜ਼ਾਂ ਨੂੰ ਠੱਲ੍ਹ ਪਈ ਹੈ।

ਇਹ ਵੀ ਸਾਡੀ ਡਿਬੇਟ ਦਾ ਹਿੱਸਾ ਹੋਵੇ ਕਿ ਅਸੀਂ ਆਪਣੀ ਸ਼ਬਦਾਵਲੀ ਉਚ ਪੱਧਰ ਦੀ ਕਿਵੇਂ ਬਣਾਉਣੀ ਹੈ ਤਾਂ ਕਿ ਜੇ ਦੁਸ਼ਮਣ ਨਾਲ ਵੀ ਗੱਲ ਹੋਵੇ ਤਾਂ ਬੌਧਿਕਤਾ ਦੇ ਪੱਧਰ ਨੂੰ ਕਿਵੇਂ ਸਾਵਾਂ ਰੱਖਣਾ ਹੈ। ਅੱਜ ਤਾਂ ਅਸੀਂ ਸਧਾਰਨ ਗੱਲ ਕਰਦੇ ਵੀ ਕਿਵੇਂ ਨੀਵੇਂ ਪੱਧਰ ਦੀਆਂ ਸਾਰੀਆਂ ਹੱਦਾਂ ਪਾਰ ਕਰ ਜਾਂਦੇ ਹਾਂ। ਸਾਡੇ ਬਾਬਾ ਨਾਨਕ ਨੇ ਤਾਂ ਆਪਣੇ ਕੱਟੜ ਵਿਰੋਧੀਆਂ ਨਾਲ ਵੀ ਗੱਲ ਕੀਤੀ, ਜਿਵੇਂ ਮੱਕੇ ਮਦੀਨੇ ਗਏ, ਸਿੱਧ ਗੋਸਟੀ, ਹਰਿਦੁਆਰ ਤੇ ਜਾਬਰ ਹਕੂਮਤ ਨੂੰ ਵੀ ਹਲੂਣਿਆਂ। ਸੰਵਾਦ ਰਚਾਇਆ, ਪਰ ਦਲੀਲ ਦਾ ਪੱਲਾ ਨਹੀਂ ਛੱਡਿਆ, 'ਦੋਸ਼ ਨਾ ਕੀਜੈ ਉਤਰ ਦੀਜੈ॥' ਇਹ ਸਾਡਾ ਵਿਰਸਾ ਹੈ, ਇਸ ਨੂੰ ਭੁਲਾ ਕੇ ਤੁਸੀਂ ਬੇਹੂਦਾ ਗੱਲਾਂ ਕਰਦੇ ਹੋ। ਜਿਸ ਨੂੰ ਵੀ ਜਦ ਮਰਜੀ ਗਾਲੀ ਗਲੋਚ 'ਤੇ ਉਤਰ ਆਉਂਦੇ ਹੋ। ਜਿਹਨੂੰ ਮਰਜੀ ਗੱਦਾਰ ਦੇਸ਼ ਭਗਤ, ਦੇਸ਼ਧ੍ਰੋਹੀ ਦਾ ਫਤਵਾ ਦੇ ਦਿਓ। ਇਹੀ ਤਾਂ ਮੋਦੀ ਸਰਕਾਰ ਕਰ ਰਹੀ ਹੈ। ਤੁਹਾਡਾ ਵੱਖਰਾ ਕਿਰਦਾਰ ਕੀ ਹੋਇਆ? ਕਿਉਂਕਿ ਇਸ ਅੰਦੋਲਨ ਨੇ ਵੱਖਰਾ ਕਿਰਦਾਰ ਸਿਰਜਿਆ ਹੈ। ਇਸ ਲਈ ਜਦੋਂ ਕਿਰਦਾਰ ਬਦਲਦੇ ਨੇ ਤਾਂ ਦੁਨੀਆਂ ਬਦਲਦੀ ਹੈ। ਜੇ ਇਸ ਅੰਦੋਲਨ ਨੂੰ ਅੱਗੇ ਵਧਾਉਣਾ ਹੈ ਤਾਂ ਵੱਡੇ ਦਾਇਰੇ ਵਿਚ ਸੋਚਣਾ ਪਵੇਗਾ। ਬੰਦਿਆਂ ਦੀ ਥਾਂ ਸਮੁੱਚ ਦੀ ਗੱਲ ਹੋਵੇ, ਪਹੁੰਚ ਦੀ ਗੱਲ ਹੋਵੇ। ਜੇ ਬੰਦਿਆਂ ਦੀ ਹੀ ਗੱਲ ਹੁੰਦੀ ਤਾਂ ਗੁਰੂ ਸਾਹਿਬ ਸ਼ਬਦ ਗੁਰੂ ਨੂੰ ਗੁਰੂ ਦਾ ਦਰਜਾ ਨਾ ਦਿੰਦੇ। ਬੰਦਿਆਂ ਦੇ ਗਲਬੇ ਵਿਚੋਂ ਕੱਢ ਕੇ ਉਨ੍ਹਾਂ ਸਾਨੂੰ ਸ਼ਬਦ ਦੇ ਲੜ ਲਾਇਆ। ਸ਼ਬਦ ਗਿਆਨ ਹੈ। ਗਿਆਨ ਦੀ ਗੱਲ ਨਹੀਂ ਕਰ ਰਹੇ, ਅਸੀਂ ਮੱਥਾ ਟੇਕਣ ਤਕ ਸੀਮਤ ਹੋ ਗਏ ਹਾਂ।

ਨੌਜਵਾਨ ਵੀਰੋ ਤੁਸੀਂ ਕੌਮ ਦਾ ਹਰਿਆਵਲ ਦਸਤਾ ਹੋ। ਇਸ ਗੱਲ ਵਿਚ ਵੀ ਦਮ ਹੈ ਕਿ ਜੇ 26 ਨਵੰਬਰ ਨੂੰ ਤੁਸੀਂ ਹਰਿਆਣਾ ਸਰਕਾਰ ਵਲੋਂ ਲਾਈਆਂ ਰੋਕਾਂ ਦਾ ਮੁਕਾਬਲਾ ਨਾ ਕਰਦੇ ਤਾਂ ਅੰਦੋਲਨਕਾਰੀ ਸ਼ਾਇਦ ਦਿੱਲੀ ਦੀਆਂ ਬਰੂਹਾਂ ਤਕ ਨਾ ਪਹੁੰਚ ਸਕਦੇ। ਇਸ ਨਾਅਹਿਲ ਢੀਠ ਕੇਂਦਰੀ ਹਕੂਮਤ 'ਤੇ ਵੀ ਇੰਨਾ ਦਬਾਅ ਨਾ ਬਣ ਸਕਦਾ, ਜੋ ਦਿੱਲੀ ਪਹੁੰਚਣ ਨਾਲ ਪਿਆ ਹੈ; ਪਰ ਕਦੇ ਸੋਚਿਆ ਹੈ ਕਿ ਜੇ ਸਾਡੇ ਵੱਡੇ ਬਜੁਰਗ ਆਗੂ ਸਾਨੂੰ ਇਨ੍ਹਾਂ ਕਾਲੇ ਬਿਲਾਂ ਬਾਰੇ ਨਾ ਜਾਗਰੂਕ ਕਰਦੇ, ਕੀ ਅਸੀਂ ਅੰਦੋਲਨ ਦੇ ਰਾਹ ਪੈ ਸਕਦੇ ਸਾਂ? ਫਿਰ ਜਿਵੇਂ ਤੁਸੀਂ ਵਾਰ ਵਾਰ ਬੈਰੀਕੇਡ ਤੋੜਨ ਦਾ ਯਾਦ ਕਰਵਾਉਂਦੇ ਰਹਿੰਦੇ ਹੋ, ਕਦੇ ਸਾਡੇ ਆਗੂਆਂ ਨੇ ਸਾਨੂੰ ਜਤਾਇਆ ਹੈ ਕਿ ਅਸੀਂ ਹੀ ਤੁਹਾਨੂੰ ਜਾਇਦਾਦਾਂ ਹੜੱਪਣ ਵਾਲੇ ਕਾਲੇ ਕਾਨੂੰਨਾਂ ਬਾਰੇ ਅਵਗੱਤ ਕਰਾਇਆ ਹੈ। ਇਹ 80-90 ਸਾਲ ਦੇ ਬਜੁਰਗ ਆਪਣੇ ਲਈ ਨਹੀਂ, ਸਗੋਂ ਤੁਹਾਡੇ ਤੇ ਤੁਹਾਡੇ ਬੱਚਿਆਂ ਦੇ ਭਵਿਖ ਲਈ ਲੜ ਰਹੇ ਹਨ। ਅਸੀਂ ਉਨ੍ਹਾਂ ਨੂੰ ਸਤਿਕਾਰ ਤਾਂ ਕੀ ਦੇਣਾ ਸੀ, ਉਲਟਾ ਕਦੇ ਸਾਨੂੰ ਉਹ ਬੁਲਾਉਣਗੇ ਤਾਂ ਜਾਵਾਂਗੇ, ਜਾਂ ਜੋ ਉਨ੍ਹਾਂ ਨੇ ਸਾਨੂੰ ਉੱਚਾ ਨੀਵਾਂ ਬੋਲਿਆ ਹੈ, ਉਸ ਦੀ ਮਾਫੀ ਮੰਗਣ ਵਰਗੀਆਂ ਹੋਛੀਆਂ ਤੇ ਅਰਥਹੀਣ ਸ਼ਰਤਾਂ ਰੱਖੀਆਂ ਜਾਂਦੀਆਂ ਹਨ। ਕੀ ਕਦੇ ਅਸੀਂ ਆਪਣੇ ਮਾਪਿਆਂ 'ਤੇ ਵੀ ਅਜਿਹੀ ਸ਼ਰਤ ਰੱਖੀ ਹੈ? ਉਹ ਸਾਡੇ ਬਾਪ-ਦਾਦੇ ਦੇ ਹਾਣੀ ਹਨ।

ਸਾਡੇ ਸੂਬੇ ਦੀਆਂ ਚੋਣਾਂ ਲੜਦੀਆਂ ਪਾਰਟੀਆਂ-ਅਕਾਲੀ ਤੇ ਕਾਂਗਰਸ ਤਾਂ ਪਹਿਲਾਂ ਹੀ ਇਨ੍ਹਾਂ ਕਾਲੇ ਖੇਤੀ ਕਾਨੂੰਨਾਂ ਨੂੰ ਆਪਣੀ ਸਹਿਮਤੀ ਦੇ ਚੁਕੀਆਂ ਸਨ। ਅਕਾਲੀਆਂ ਨੇ ਤਾਂ ਇਨ੍ਹਾਂ ਦੇ ਹੱਕ ਵਿਚ ਪ੍ਰਚਾਰ ਵੀ ਵਿੱਢ ਲਿਆ ਸੀ, ਪਰ ਇਕ ਗੱਲ ਨਾਲ ਜਰੂਰ ਸਹਿਮਤ ਹਾਂ ਕਿ ਉਨ੍ਹਾਂ ਨੂੰ ਤੁਹਾਡੀ ਅੰਦੋਲਨ ਵਿਚ ਭਾਗੀਦਾਰੀ ਨੂੰ ਘਟਾ ਕੇ ਨਹੀਂ ਦੇਖਣਾ ਚਾਹੀਦਾ, ਬਣਦਾ ਥਾਂ ਜਰੂਰ ਦੇਣਾ ਚਾਹੀਦਾ ਹੈ। ਗੱਦਾਰ ਵਰਗੇ ਫਤਵਿਆਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਫਿਰ ਇਹ ਲੜਾਈ ਸਾਡੀਆਂ ਜ਼ਮੀਨਾਂ ਦੀ ਹੈ, ਸਾਡੀਆਂ ਅਣਖਾਂ, ਸਰਦਾਰੀਆਂ ਦੀ ਹੈ। ਚਲਦੇ ਅੰਦੋਲਨਾਂ ਵਿਚ ਬਹੁਤ ਕੁਝ ਹੇਠ-ਉਤੇ ਹੋ ਜਾਂਦਾ ਹੈ, ਪਰ ਆਸ਼ੇ ਨੂੰ ਪ੍ਰਨਾਏ ਸ਼ੰਘਰਸੀਏ ਕਦੇ ਜਾਬਰ ਹਕੂਮਤਾਂ ਅਤੇ ਮੰਦੀਆਂ ਚੰਗੀਆਂ ਹਾਲਤਾਂ ਅੱਗੇ ਗੋਡੇ ਨਹੀਂ ਟੇਕਦੇ ਤੇ ਸੰਘਰਸ਼ ਨੂੰ ਜਿੱਤ ਦੇ ਅੰਜਾਮ ਤਕ ਪਹੁੰਚਾ ਕੇ ਛੱਡਦੇ ਹਨ। ਸੋ ਇਸ ਨੂੰ ਤੂੰ-ਤੂੰ, ਮੈਂ-ਮੈਂ ਵਿਚ ਨਾ ਗੁਆਓ। ਦੁਸ਼ਮਣ ਤਾਂ ਚਾਹੁੰਦਾ ਹੀ ਇਹ ਕੁਝ ਹੈ।

ਤੁਹਾਡੇ ਰੋਲ ਮਾਡਲ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਗਾਂਧੀਵਾਦੀਆਂ ਨਾਲ ਸੌ ਵਖਰੇਵੇਂ ਸਨ, ਪਰ ਜਦੋਂ ਲਾਲਾ ਲਾਜਪਤ ਰਾਏ ਨੂੰ ਸਾਈਮਨ ਕਮੀਸ਼ਨ ਦਾ ਵਿਰੋਧ ਕਰਦਿਆਂ ਅੰਗਰੇਜ਼ੀ ਹਕੂਮਤ ਨੇ ਡਾਗਾਂ ਨਾਲ ਸ਼ਹੀਦ ਕਰ ਦਿੱਤਾ ਤਾਂ ਇਸ ਜੁਰਮ ਦਾ ਬਦਲਾ ਲੈਣ ਦਾ ਅਹਿਦ ਸਭ ਤੋਂ ਪਹਿਲਾਂ ਭਗਤ ਸਿੰਘ ਨੇ ਹੀ ਲਿਆ ਸੀ, ਜੋ ਉਸ ਨੇ ਸਾਂਡਰਸ ਨੂੰ ਗੋਲੀ ਮਾਰ ਕੇ ਪੂਰਾ ਵੀ ਕੀਤਾ। ਇੱਕ ਹੋਰ ਸਾਡੇ ਤਿੰਨੇ ਆਜ਼ਾਦੀ ਪ੍ਰਵਾਨਿਆਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਫਾਂਸੀ ਬਾਰੇ ਚਰਚਿਤ ਹੈ ਕਿ ਇਹ ਮਹਾਤਮਾ ਗਾਂਧੀ ਦੀ ਚਿੱਠੀ ਉਤੇ ਹੋਈ ਸੀ, ਜਿਸ ਵਿਚ ਉਨ੍ਹਾਂ ਵਾਇਸਰਾਏ ਨੂੰ ਲਿਖੀ ਚਿੱਠੀ ਵਿਚ ਜਲਦੀ ਫਾਂਸੀ ਦੇਣ ਬਾਰੇ ਲਿਖਿਆ ਸੀ। ਪਹਿਲਾਂ ਮੈਂ ਵੀ ਇਸੇ ਤਰ੍ਹਾਂ ਦੇ ਵਿਚਾਰ ਦੀ ਹਾਮੀ ਸੀ। ਜਦੋਂ ਕਿ ਇਹ ਵੀ ਅੰਗਰੇਜ਼ਾਂ ਅਤੇ ਉਸ ਦੇ ਪਿੱਠੂਆਂ ਵਲੋਂ ਗਰਮਖਿਆਲੀ ਤੇ ਗਾਂਧੀਵਾਦੀਆਂ ਵਿਚ ਫੁੱਟ ਪਾਉਣ ਲਈ ਹੀ ਪ੍ਰਚਾਰਿਆ ਗਿਆ ਸੀ। ਮਹਾਂਰਿਸ਼ੀ ਦਯਾਨੰਦ ਰੋਹਤਕ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਮਹਾਤਮਾ ਗਾਂਧੀ ਦੇ ਉਸ ਓਰਿਜਨਲ ਪੱਤਰ ਤੋਂ ਮਿਲੀ ਜਾਣਕਾਰੀ ਅਨੁਸਾਰ ਉਨ੍ਹਾਂ ਲਿਖਿਆ ਸੀ ਕਿ 'ਸਾਡੇ ਇਨ੍ਹਾਂ ਗਰਮਖਿਆਲੀ ਨੌਜਵਾਨਾਂ ਨਾਲ ਸੌ ਤਰ੍ਹਾਂ ਦੇ ਵਖਰੇਵੇਂ ਹੋ ਸਕਦੇ ਹਨ, ਪਰ ਉਨ੍ਹਾਂ ਨੂੰ ਫਾਂਸੀ ਦੇਣਾ ਵਾਜਬ ਨਹੀਂ, ਕਿਉਂਕਿ ਦੇਸ਼ ਦੀ ਆਜ਼ਾਦੀ ਲਈ ਇਨ੍ਹਾਂ ਉਤਸ਼ਾਹੀ ਨੌਜਵਾਨਾਂ ਦੀ ਬਹੁਤ ਲੋੜ ਹੈ।' ਪਰ ਲਿਖਣ-ਪੜ੍ਹਨ ਦੀ ਘਾਟ ਕਾਰਨ ਅਸੀਂ ਆਜ਼ਾਦੀ ਤੋਂ ਬਾਅਦ ਵੀ ਉਸ ਝੂਠੇ ਪ੍ਰਚਾਰ ਦਾ ਸ਼ਿਕਾਰ ਬਣੇ ਰਹੇ, ਜੋ ਅਸਲੀਅਤ ਦੇ ਬਿਲਕੁਲ ਉਲਟ ਸੀ।

ਵਿਚਾਰਾਂ ਦਾ ਵਖਰੇਵਾਂ ਹੋ ਸਕਦਾ ਹੈ, ਪਰ ਇਹ ਤਾਂ ਨਹੀਂ ਕਿ ਤੁਸੀਂ ਸੰਘਰਸ਼ ਛੱਡ ਕੇ ਘਰੇ ਬੈਠ ਜਾਓ। ਜੇ ਤੁਹਾਡੇ ਵਾਂਗ ਆਗੂ ਵੀ ਕਹਿ ਕਰ ਦੇਣ ਤਾਂ ਫਿਰ ਅੰਦੋਲਨ ਦਾ ਕੀ ਬਣੇਗਾ? ਸਾਡੀਆਂ ਜਾਇਦਾਦਾਂ ਦਾ ਕੀ ਬਣੇਗਾ? ਫਿਰ ਸਾਡੇ ਕੋਲ ਖੇਤੀ ਤੋਂ ਬਿਨਾ ਹੋਰ ਕੋਈ ਚਾਰਾ ਵੀ ਨਹੀਂ, ਜਿਸ ਨਾਲ ਅਸੀਂ ਆਪਣਾ ਤੇ ਆਪਣੇ ਪਰਿਵਾਰ ਦਾ ਗੁਜਰ ਬਸਰ ਕਰ ਸਕੀਏ। ਇਸ ਲਈ ਵੱਡੇ ਪਰਿਪੇਖ ਵਿਚ ਸਾਨੂੰ ਇਸ ਅੰਦੋਲਨ ਨੂੰ ਲੈਣਾ ਚਾਹੀਦਾ ਹੈ ਤੇ ਪੁਰਅਮਨ ਜ਼ਾਬਤੇ ਵਿਚ ਰਹਿਣਾ ਹੀ ਇਸ ਘੋਲ ਦੀ ਸਫਲਤਾ ਹੈ। ਲੀਡਰ ਜੋ ਬਣਦੇ ਨੇ, ਉਹ ਮਿੱਟੀ ਵਿਚੋਂ ਬਣਦੇ ਨੇ। ਵਰਿਆਂ ਦੀ ਖਾਸ ਤਪੱਸਿਆਂ ਉਨ੍ਹਾਂ ਦੇ ਸੰਘਰਸ਼ ਪਿਛੇ ਹੁੰਦੀ ਹੈ। ਸੋਚੋ ਜਦੋਂ ਸਾਡੇ ਆਗੂ ਵਿਚਾਰਧਾਰਕ ਮਤਭੇਦਾਂ ਦੇ ਬਾਵਜੂਦ 32 ਜਣੇ ਇਕੱਠੇ ਹਨ ਤੇ ਦੇਸ਼ ਭਰ ਦੀਆਂ 400 ਤੋਂ ਉਪਰ ਜਥੇਬੰਦੀਆਂ ਨਾਲ ਤਾਲਮੇਲ ਕਰਕੇ ਇੱਕੋ ਇੱਕ ਮੁੱਦਾ ਆਧਾਰਤ ਸੰਘਰਸ਼ ਕਰ ਰਹੀਆਂ ਹਨ ਤਾਂ ਕੀ ਅਸੀਂ ਵੀ ਆਪਣੀ ਈਗੋ ਭੁਲਾ ਕੇ ਉਨ੍ਹਾਂ ਨਾਲ ਸਹਿਯੋਗ ਨਹੀਂ ਕਰ ਸਕਦੇ? ਨਹੀਂ ਤਾਂ ਦੁਸ਼ਮਣ ਸਾਨੂੰ ਫੇਲ੍ਹ ਕਰਨ ਲਈ ਕਮਰਕੱਸੇ ਕਸੀ ਬੈਠਾ ਹੈ। ਸਾਡੇ ਇਸ ਵਖਰੇਵੇਂ ਨੂੰ ਕਦੇ ਵੀ ਸਾਡੇ ਖਿਲਾਫ ਵਰਤ ਸਕਦਾ ਹੈ। ਸਾਡਾ ਇੱਕੋ ਇੱਕ ਨਿਸ਼ਾਨਾ ਮੋਰਚੇ ਨੂੰ ਫਤਿਹ ਕਰਨ ਵੱਲ ਹੋਣਾ ਚਾਹੀਦਾ ਹੈ। ਜੇ ਕੋਈ ਗੁੱਸਾ ਗਿਲ੍ਹਾ ਫਿਰ ਵੀ ਹੈ ਤਾਂ ਘਰ ਜਾ ਕੇ ਕੱਢ ਲਵਾਂਗੇ। ਦੁਸ਼ਮਣ ਦੀ ਚਾਲ ਦੀ ਢਾਲ ਬਣਨ ਤੋਂ ਬਚੀਏ। ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੀ ਮਾਫ ਨਹੀਂ ਕਰਨਗੀਆਂ।



ਕਿਸਾਨ ਆਗੂ ਰਾਕੇਸ਼ ਟਿਕੈਤ ਅਤੇ ਬਲਬੀਰ ਸਿੰਘ ਰਾਜੇਵਾਲ



ਡਾ. ਸਵੈਮਾਨ ਸਿੰਘ

# ਦੁਸ਼ਮਣ ਬਾਤ ਕਰੇ ਅਨਹੋਣੀ


ਡਾ. ਗੁਰਨਾਮ ਕੌਰ, ਕੈਨੇਡਾ

ਦਿੱਲੀ ਦੇ ਬਾਰਡਰਾਂ 'ਤੇ ਕਿਸਾਨ ਅੰਦੋਲਨ ਚੱਲਦੇ ਨੂੰ ਕਰੀਬ 110 ਦਿਨ ਹੋ ਗਏ ਹਨ ਅਤੇ ਹੁਣ ਤੱਕ ਲਗਪਗ 300 ਕਿਸਾਨ ਸ਼ਹਾਦਤ ਪਾ ਚੁੱਕੇ ਹਨ। ਉਹ ਸਾਰੇ ਸ਼ਹੀਦ ਹਨ, ਜਿਨ੍ਹਾਂ ਦੀ ਇਸ ਰਸਤੇ 'ਤੇ ਚੱਲਦਿਆਂ ਜਾਨ ਗਈ ਹੈ-ਭਾਵੇਂ ਉਹ ਕੜਾਕੇ ਦੀ ਠੰਢ ਨਾ ਸਹਾਰਦਿਆਂ ਬਿਮਾਰ ਹੋ ਕੇ ਜਾਂ ਦਿਲ ਦਾ ਦੌਰਾ ਪੈਣ ਕਾਰਨ ਗਈ, ਭਾਵੇਂ ਰਸਤੇ ਵਿਚ ਵਾਪਰੇ ਕਿਸੇ ਹਾਦਸੇ ਕਾਰਨ ਜਾਂ ਕੇਂਦਰ ਸਰਕਾਰ ਦੇ ਸਿਰ ਚੜ੍ਹ ਕੇ ਕੀਤੀ ਖੁਦਕਸ਼ੀ ਕਰਨ ਕਰਕੇ ਗਈ; ਬੇਸ਼ੱਕ ਜਾਤੀ ਤੌਰ 'ਤੇ ਮੈਂ ਖੁਦਕਸ਼ੀ ਦੇ ਹੱਕ ਵਿਚ ਨਹੀਂ ਹਾਂ, ਕਿਉਂਕਿ ਗੁਰੂ ਨੇ ਸਾਨੂੰ ਜੂਝਣਾ ਸਿਖਾਇਆ ਹੈ, ਜ਼ਿੰਦਗੀ ਦੇ ਰਸਤੇ 'ਤੇ ਆ ਰਹੀਆਂ ਮੁਸ਼ਕਿਲਾਂ ਨਾਲ ਲੜਨ ਦਾ ਰਾਹ ਦੱਸਿਆ ਹੈ, ਫਿਰ ਵੀ ਇਹ ਸ਼ਹਾਦਤ ਹੀ ਕਹੀ ਜਾ ਸਕਦੀ ਹੈ, ਕਿਉਂਕਿ ਇਹ ਕੇਂਦਰ ਸਰਕਾਰ ਦੇ ਸਿਰ ਚੜ੍ਹ ਕੇ ਕਾਲੇ ਕਾਨੂੰਨ ਵਾਪਸ ਨਾ ਹੋਣ ਕਰਕੇ ਕੀਤੀ ਖੁਦਕਸ਼ੀ ਹੈ ਅਤੇ ਭਾਵੇਂ



ਨਵਰੀਤ ਸਿੰਘ ਦੀ ਟਰੈਕਟਰ ਰੈਲੀ ਦੌਰਾਨ ਪ੍ਰਾਪਤ ਸ਼ਹਾਦਤ ਹੈ; ਜਿੰਨੀਆਂ ਜਾਨਾਂ ਹੁਣ ਤੱਕ ਗਈਆਂ ਹਨ, ਉਹ ਕਿਸਾਨ ਅੰਦੋਲਨ ਦੇ ਲੇਖੇ ਲੱਗੀਆਂ ਹਨ। ਇਸ ਲਈ ਉਹ ਸਾਰੇ ਪੁਰਸ਼ ਜਾਂ ਬੀਬੀਆਂ ਇਸ ਅੰਦੋਲਨ ਦੇ ਸ਼ਹੀਦ ਹਨ। ਇਨ੍ਹਾਂ ਵਿਚ 16, 17, 18, 23-24 ਸਾਲ ਦੀ ਉਮਰ ਦੇ ਇਕਲੌਤੇ ਪੁੱਤਰਾਂ ਤੋਂ ਲੈ ਕੇ 80-85 ਸਾਲ ਦੇ ਬਜੁਰਗ ਤੱਕ ਸ਼ਾਮਲ ਹਨ। ਜਿਹੜਾ ਜੀਅ ਚਲਿਆ ਗਿਆ, ਉਹ ਉਸ ਘਰ ਨੂੰ ਸੁੰਨਾ ਕਰ ਗਿਆ ਹੈ, ਖਾਸ ਕਰਕੇ ਮਾਂਵਾਂ ਦੇ ਉਹ ਪੁੱਤਰ, ਜਿਨ੍ਹਾਂ ਵਿਚੋਂ ਕਈ ਆਪਣੇ ਘਰ ਦਾ ਇੱਕੋ ਇੱਕ ਚਿਰਾਗ ਸਨ ਅਤੇ ਜਿਨ੍ਹਾਂ ਨੇ ਅਜੇ ਜ਼ਿੰਦਗੀ ਨੂੰ ਜਿਉਣਾ ਸੀ। ਇਹ ਸਿਲਸਿਲਾ ਇਥੇ ਖਤਮ ਨਹੀਂ ਹੋਇਆ, ਹਰ ਰੋਜ਼ ਅਜਿਹੀਆਂ ਦੁਖਦਾਈ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ ਅਤੇ ਸਰਕਾਰ ਇਸ ਸਭ ਨੂੰ ਜਾਣਦਿਆਂ ਵੀ ਇਸ ਤੋਂ ਅਣਜਾਣ ਹੋਣ ਦਾ ਢੋਂਗ ਰਚ ਰਹੀ ਹੈ।

ਜੇ ਗੱਲ ਕਰੀਏ ਅੰਦੋਲਨ ਦੀ ਅਗਵਾਈ ਕਰ ਰਹੇ ਆਗੂਆਂ ਦੀ ਤਾਂ ਸਾਰੇ ਆਗੂ ਉਹ ਹਨ, ਜਿਨ੍ਹਾਂ ਕੋਲ ਹੁਣ ਤੱਕ ਅੰਦੋਲਨ ਕਰਨ ਦਾ ਬਹੁਤ ਲੰਬਾ ਤਜ਼ਰਬਾ ਹੈ। ਇਸ ਦੇ ਸੀਨੀਅਰ ਆਗੂਆਂ ਵਿਚੋਂ ਕਈ ਤਾਂ ਉਹ ਹਨ, ਜਿਹੜੇ 1970ਵਿਆਂ ਤੋਂ ਜਾਂ ਉਸ ਤੋਂ ਥੋੜ੍ਹਾ-ਬਹੁਤਾ ਪਿੱਛੇ ਜਾਂ ਉਸ ਦੇ ਆਸ-ਪਾਸ ਸਮੇਂ ਤੋਂ ਵੱਖਰੇ ਵੱਖਰੇ ਅੰਦੋਲਨਾਂ ਵਿਚ ਹਿੱਸਾ ਲੈਂਦੇ ਆ ਰਹੇ ਹਨ ਅਤੇ ਕਈਆਂ ਨੇ ਅੰਦੋਲਨਾਂ ਦੌਰਾਨ ਕਈ ਕਈ ਵਾਰ ਜੇਲ੍ਹਾਂ ਦੀ ਹਵਾ ਵੀ ਖਾਧੀ ਹੈ। ਇਨ੍ਹਾਂ ਵਿਚ ਕਈ ਉਹ ਆਗੂ ਵੀ ਸ਼ਾਮਲ ਹਨ, ਜਿਨ੍ਹਾਂ ਨੇ ਵਿਸ਼ਵ-ਵਪਾਰ ਸਮਝੌਤਿਆਂ ਨੂੰ ਦੇਖਦਿਆ ਸੰਨ 2013 ਤੋਂ ਹੀ ਖਦਸ਼ੇ ਜਾਹਰ ਕਰਨੇ ਸ਼ੁਰੂ ਕਰ ਦਿੱਤੇ ਸਨ ਕਿ ਕਿਸਾਨ ਅਤੇ ਖੇਤੀਬਾੜੀ ਦਾ ਕਿੱਤਾ ਦੋਵੇਂ ਹੀ ਵਿਸ਼ਵ-ਵਪਾਰ ਸਮਝੌਤਿਆਂ ਦੀ ਭੇਟ ਚੜ੍ਹਨ ਜਾ ਰਹੇ ਹਨ ਤੇ ਦੋਵੇਂ ਖਤਰੇ ਵਿਚ ਹਨ। ਮੇਰੇ ਇਹ ਦੱਸਣ ਦਾ ਮਕਸਦ ਇਹੀ ਹੈ ਕਿ ਇਹ ਕਿਸਾਨ ਆਗੂ ਕੱਲ ਦੇ ਬੱਚੇ ਨਹੀਂ ਹਨ, ਉਹ ਬਹੁਤ ਸਮਝਦਾਰ ਅਤੇ ਖੇਤੀ ਦੇ ਭਲੇ-ਬੁਰੇ ਤੋਂ ਚੰਗੀ ਤਰ੍ਹਾਂ ਵਾਕਫ ਹਨ। ਇਹੀ ਵਜ੍ਹਾ ਹੈ ਕਿ ਪੰਜਾਬ ਦੇ ਇਨ੍ਹਾਂ ਆਗੂਆਂ ਨੇ ਫਰਵਰੀ ਮਹੀਨੇ ਤੋਂ ਕਾਨੂੰਨ ਬਣਨ ਤੋਂ ਬਹੁਤ ਪਹਿਲਾਂ ਹੀ ਇਨ੍ਹਾਂ ਤੋਂ ਹੋਣ ਵਾਲੇ ਨੁਕਸਾਨਾਂ ਵੱਲ ਗੌਰ ਕਰਨੀ ਅਤੇ ਆਪਸ ਵਿਚ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆ ਸਨ। ਇਨ੍ਹਾਂ ਨੇ ਇਸ ਸਬੰਧੀ ਸੈਮੀਨਾਰ ਕੀਤੇ, ਪੰਜਾਬ ਦੀ ਮੌਜੂਦਾ ਰਾਜ ਕਰ ਰਹੀ ਪਾਰਟੀ ਅਤੇ ਦੂਸਰੀਆਂ ਰਾਜਨੀਤਕ ਪਾਰਟੀਆਂ ਦੀਆਂ ਸਾਂਝੀਆਂ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਆਉਣ ਵਾਲੇ ਖਤਰੇ ਤੋਂ ਅਗਾਊਂ ਜਾਣੂ ਕਰਵਾਇਆ, ਪਰ ਇਹ ਵੱਖਰੀ ਗੱਲ ਹੈ ਕਿ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਨੇ ਇਸ ਆਉਣ ਵਾਲੀ ਅਲਾਮਤ ਨੂੰ ਸੰਜੀਦਾ ਢੰਗ ਨਾਲ ਨਹੀਂ ਲਿਆ ਅਤੇ ਇਸ ਸਬੰਧੀ ਰਾਜਨੀਤਕ ਪੱਧਰ 'ਤੇ ਰੋਕੇ ਜਾਣ ਲਈ ਕੋਈ ਉਪਰਾਲੇ ਨਹੀਂ ਕੀਤੇ। ਕੋਈ ਇੱਕ ਵੀ ਕਿਸਾਨ ਆਗੂ ਅਜਿਹਾ ਨਹੀਂ ਹੈ, ਜਿਸ ਨੇ ਆਪਣੀ ਜ਼ਿੰਦਗੀ ਵਿਚ ਸੰਘਰਸ਼ਾਂ ਵਿਚ ਹਿੱਸਾ ਨਾ ਲਿਆ ਹੋਵੇ। ਇਸ ਦੇ ਵਿਸਤਾਰ ਵਿਚ ਨਾ ਜਾਂਦਿਆ ਮੈਂ ਇੱਥੇ ਸਿਰਫ ਇਹ ਕਹਿਣਾ ਚਾਹੁੰਦੀ ਹਾਂ ਕਿ ਕਿਸਾਨ ਆਗੂ ਸਮਝਦਾਰ, ਪੜ੍ਹੇ-ਲਿਖੇ ਅਤੇ ਸੰਘਰਸ਼ਾਂ ਤੋਂ ਬਹੁਤ ਚੰਗੀ ਤਰ੍ਹਾਂ ਜਾਣੂ ਹਨ। ਇਹ ਅੰਦੋਲਨ ਪੰਜਾਬ ਦੀਆਂ ਵੱਖ ਵੱਖ ਕਿਸਾਨ ਜਥੇਬੰਦੀਆਂ ਵੱਲੋਂ ਵੱਖ ਵੱਖ ਥਾਂਵਾਂ 'ਤੇ ਜਿਵੇਂ ਟੋਲ-ਪਲਾਜ਼ੇ, ਮਾਲ, ਰਿਲਾਇੰਸ ਦੇ ਪੈਟਰੋਲ ਪੰਪ, ਟਾਵਰਾਂ, ਸੈਲੋਜ਼ ਅਤੇ ਰੇਲਵੇ ਟਰੈਕਾਂ 'ਤੇ ਧਰਨਿਆ ਦੇ ਰੂਪ ਵਿਚ ਪੰਜਾਬ ਵਿਚ ਸ਼ੁਰੂ ਹੋਇਆ। ਇਸ ਤੋਂ ਪਤਾ ਲਗਦਾ ਹੈ ਕਿ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਇਸ ਗੱਲ ਦਾ ਗਿਆਨ ਸੀ ਕਿ ਇਹ ਕਾਨੂੰਨ ਕਿਵੇਂ ਖੇਤੀ ਨੂੰ ਕਾਰਪੋਰੇਸ਼ਨਾਂ ਦੇ ਰਹਿਮੋ-ਕਰਮ 'ਤੇ ਆਸ਼ਰਿਤ ਕਰ ਦੇਣਗੇ ਅਤੇ ਕਿਸਾਨਾਂ ਦੀਆਂ ਆਉਣ ਵਾਲੀਆਂ ਨਸਲਾਂ ਲਈ ਮਾਰੂ ਸਾਬਤ ਹੋਣਗੇ। ਇਹ ਕਿਸਾਨ ਆਗੂ ਹੀ ਹਨ, ਜਿਨ੍ਹਾਂ ਨੇ ਆਮ ਕਿਸਾਨਾਂ ਨੂੰ ਇਸ ਤੱਥ ਤੋਂ ਜਾਣੂ ਕਰਾਇਆ ਕਿ ਇਹ ਫਸਲਾਂ ਅਤੇ ਕਿਸਾਨਾਂ ਦੀਆਂ ਨਸਲਾਂ ਦੇ ਭਵਿੱਖ ਦਾ ਸਵਾਲ ਹੈ; ਜਿਸ ਨੂੰ ਮੁਖ ਰੱਖ ਕੇ ਆਮ ਕਿਸਾਨਾਂ ਨੂੰ ਸੰਘਰਸ਼ ਨਾਲ ਜੋੜਿਆ। ਇਨ੍ਹਾਂ ਅੰਦੋਲਨਾਂ ਵਿਚ ਮੁੱਢ ਤੋਂ ਹੀ ਕਿਸਾਨ ਜਥੇਬੰਦੀਆਂ ਨਾਲ ਜੁੜੇ ਨੌਜੁਆਨਾਂ ਅਤੇ ਬੀਬੀਆਂ ਨੇ ਸ਼ਿਰਕਤ ਕਰਨੀ ਸ਼ੂਰੂ ਕਰ ਦਿੱਤੀ ਸੀ। ਪੰਜਾਬ ਵਿਚ ਚੱਲ ਰਹੇ ਇਨ੍ਹਾਂ ਅੰਦੋਲਨਾਂ ਤੋਂ ਪੰਜਾਬ ਦੇ ਕਲਾਕਾਰਾਂ, ਗਾਇਕਾਂ ਨੂੰ ਪ੍ਰੇਰਨਾ ਮਿਲੀ ਅਤੇ ਉਨ੍ਹਾਂ ਨੇ ਆਪਣੇ



ਪੱਧਰ 'ਤੇ ਇਨ੍ਹਾਂ ਅੰਦੋਲਨਾਂ ਵਿਚ ਹਿੱਸਾ ਲੈਣਾ ਅਰੰਭਿਆ; ਉਨ੍ਹਾਂ ਨੂੰ ਸੁਣਨ ਆਉਣ ਵਾਲੇ ਉਨ੍ਹਾਂ ਦੇ ਪ੍ਰਸ਼ੰਸਕ ਨੌਜੁਆਨ ਵੀ ਅੰਦੋਲਨਾਂ ਤੋਂ ਪ੍ਰੇਰਤ ਹੋਣ ਲੱਗੇ ਅਤੇ ਅੰਦੋਲਨਾਂ ਦਾ ਹਿੱਸਾ ਬਣਨ ਲੱਗੇ। ਇਸ ਤਰ੍ਹਾਂ ਇਹ ਅੰਦੋਲਨ ਅੱਜ ਹੋਰ ਅਤੇ ਭਲਕ ਹੋਰ ਜ਼ੋਰ ਫੜਨ ਲੱਗਿਆ।

ਪਿਛਲੇ ਲੰਬੇ ਅਰਸੇ ਤੋਂ ਸਾਰਿਆਂ 'ਤੇ ਨਹੀਂ, ਪਰ ਪੰਜਾਬ ਦੇ ਕਈ ਗਾਇਕਾਂ 'ਤੇ ਦੋਸ਼ ਲੱਗ ਰਹੇ ਸਨ ਕਿ ਉਹ ਸਾਫ-ਸੁਥਰੀ ਗਾਇਕੀ ਦੀ ਥਾਂ ਨੌਜੁਆਨ ਪੀੜ੍ਹੀ ਅੱਗੇ ਸ਼ਰਾਬ ਵਰਗੇ ਨਸ਼ਿਆਂ, ਆਪਸੀ ਲੜਾਈਆਂ ਅਤੇ ਹਥਿਆਰਾਂ ਨੂੰ ਉਤਸ਼ਾਹਿਤ ਕਰਨ ਵਾਲੇ, ਸਮਾਜਿਕ ਰਿਸਤਿਆਂ ਦੀ ਤੌਹੀਨ ਕਰਦੇ ਅਜਿਹੇ ਗੀਤ ਪਰੋਸ ਰਹੇ ਹਨ, ਜੋ ਪਰਿਵਾਰਾਂ ਵਿਚ ਬੈਠ ਕੇ ਸੁਣੇ ਵੀ ਨਹੀਂ ਜਾ ਸਕਦੇ। ਕਈਆਂ ਦੀਆਂ ਗਾਹੇ-ਵਗਾਹੇ ਲਿਖਤੀ ਸ਼ਿਕਾਇਤਾਂ ਵੀ ਹੁੰਦੀਆਂ ਰਹੀਆਂ। ਕਿਸਾਨ ਅੰਦੋਲਨ ਤੋਂ ਪ੍ਰੇਰਿਤ ਪੰਜਾਬ ਦੇ ਗਾਇਕਾਂ ਨੇ ਪੰਜਾਬ ਦੇ ਇਤਿਹਾਸ, ਖਾਸ ਕਰਕੇ ਸਿੱਖ ਇਤਿਹਾਸ ਦੀ ਪ੍ਰੇਰਨਾ ਦੀਆਂ ਅਨੇਕਾਂ ਮਿਸਾਲਾਂ ਦੀ ਆਧੁਨਿਕ ਪ੍ਰਸੰਗ ਵਿਚ ਵਿਆਖਿਆ ਕਰਦਿਆਂ ਖੇਤੀ ਅਤੇ ਸੰਘਰਸ਼ਾਂ ਨਾਲ ਸਬੰਧਤ ਨਵੇਂ ਗੀਤਾਂ ਵੱਲ ਮੋੜਾ ਕੱਟਿਆ ਅਤੇ ਅੰਦੋਲਨ ਵਿਚ ਹੋਰ ਤਾਜ਼ਗੀ ਭਰੀ। ਇਹ 'ਜੋਸ਼ੀਲੇ' ਗੀਤ ਕਿਸੇ ਆਗੂ ਦੇ ਕਹਿਣ 'ਤੇ ਨਹੀਂ ਰਚੇ ਜਾਂ ਗਾਏ ਗਏ, ਸਗੋਂ ਅੰਦੋਲਨ ਤੋਂ ਅੰਤਰ-ਪ੍ਰੇਰਨਾ ਲੈ ਕੇ ਲਿਖੇ ਅਤੇ ਗਾਏ ਗਏ ਹਨ। ਕਿਸੇ ਦੇ ਕਹਿਣ 'ਤੇ ਲਿਖੇ ਜਾਣੇ ਕਹਿਣਾ ਜਿੱਥੇ ਹਾਸੋਹੀਣਾ ਜਾਪਦਾ ਹੈ, ਉਥੇ ਹੀ ਕਲਾਕਾਰਾਂ ਨੂੰ ਛੁਟਿਆਉਣ ਅਤੇ ਕਲਾ ਦੀ ਤੌਹੀਨ ਕਰਨ ਵਰਗੀ ਗੱਲ ਵੀ ਹੈ ਕਿ ਉਨ੍ਹਾਂ ਨੇ ਕਿਸਾਨ ਆਗੂਆਂ ਦੇ ਕਹਿਣ 'ਤੇ 'ਜੋਸ਼ੀਲੇ' ਗੀਤ ਲਿਖੇ ਅਤੇ ਗਾਏ। ਜਦੋਂ ਅਸੀਂ ਅਜਿਹੇ ਤਰਕ ਸਿਰਜਦੇ ਹਾਂ ਤਾਂ ਆਪਣੀ ਘਟੀਆ ਅਤੇ ਸੌੜੀ ਸੋਚ ਦਾ ਦਿਖਾਵਾ ਕਰਦੇ ਹਾਂ। ਇਨ੍ਹਾਂ ਸਮਝਦਾਰ ਅਤੇ ਸੰਵੇਦਨਸ਼ੀਲ ਗੀਤਕਾਰਾਂ ਤੇ ਗਾਇਕਾਂ ਨੇ ਸਿਰਫ ਜੋਸ਼ੀਲੇ ਗੀਤ ਹੀ ਨਹੀਂ ਗਾਏ, ਸਗੋਂ ਹੱਕਾਂ ਦੀ ਜੰਗ ਨੂੰ ਅਕਲਾਂ ਨਾਲ ਲੜਨ ਦੀ ਗੱਲ ਕੀਤੀ ਹੈ। ਬੀਰ ਸਿੰਘ ਇੱਕ ਸਾਬਤ ਸੂਰਤ ਗੁਰਸਿੱਖ ਗੀਤਕਾਰ ਤੇ ਗਾਇਕ ਹੈ, ਜਿਸ ਦਾ ਪੰਜਾਬ ਵਿਚ ਕਿਸਾਨ ਧਰਨਿਆਂ 'ਤੇ ਸ਼ੁਰੂ ਵਿਚ ਗਾਇਆ ਇਹ ਗੀਤ 'ਕਿਸਾਨ ਆਗੂਆਂ ਵੱਲੋਂ ਜੋਸ਼ੀਲੇ ਗੀਤ ਲਿਖਵਾਉਣ' ਕਹਿਣ ਵਾਲੇ ਵਿਦਵਾਨ ਦੇ ਧਿਆਨ ਦੀ ਮੰਗ ਕਰਦਾ ਹੈ:

ਹੱਕਾਂ ਦੀ ਜੰਗ ਹੈ ਵੀਰੋ
ਸਬਰਾਂ ਨਾਲ ਲੜਨੀ ਪੈਣੀ,
ਚੱਲੀ ਜੋ ਚਾਲ ਸਮੇਂ ਨੇ
ਅਕਲਾਂ ਨਾਲ ਫੜਨੀ ਪੈਣੀ।
ਸਮਝਾਂ ਨਾਲ ਮਿੱਥੋ ਨਿਸ਼ਾਨੇ
ਗੱਲਾਂ ਦੇ ਵਿਚ ਨਾ ਆਓ।
ਮਿੱਟੀ ਦੇ ਪੁੱਤਰੋ ਵੇ,
ਅਕਲਾਂ ਨੂੰ ਧਾਰ ਲਗਾਓ।

ਤੇਗਾਂ ਨੂੰ ਮੋੜਨ ਤੇਗਾਂ
ਨੀਤੀ ਨੂੰ ਅਕਲਾਂ ਬਈ,
ਹੋਂਦ ਸਾਂਭਣ ਦੀ ਜੰਗ ਹੈ
ਗੱਲ ਅਗਲੀਆਂ ਨਸਲਾਂ ਦੀ।
ਨਿੱਕਿਆਂ ਪਿੰਡਾਂ 'ਚੋਂ ਉਠ ਕੇ
ਦੁਨੀਆਂ ਨੂੰ ਗੱਲ ਸੁਣਾਉ...।

ਹੱਕਾਂ ਲਈ ਮਰਨ ਤੋਂ ਪਹਿਲਾਂ
ਹੱਕਾਂ ਲਈ ਜੀਣਾ ਸਿੱਖੀਏ,
ਮੱਤਾਂ ਨੂੰ ਰੌਸ਼ਨ ਕਰੀਏ
ਜ਼ਿੰਦਗੀ ਦੇ ਨਗਮੇ ਲਿਖੀਏ।
ਬਹਿ ਕੇ ਬਾਰੂਦ ਦੇ ਉਤੇ
ਤੀਲੀ ਨੂੰ ਹੱਥ ਨਾ ਪਾਓ...।

ਮਹਿਲਾਂ ਦੀ ਅੱਖ ਜਿਦ੍ਹੇ 'ਤੇ
ਫਿਕਰਾਂ ਉਸ ਬਾਗ ਦੀਆਂ ਨੇ,
ਜਾਤੀ ਜਾਂ ਧਰਮ ਦੀਆਂ ਨਹੀਂ
ਮੰਗਾਂ ਪੰਜਾਬ ਦੀਆਂ ਨੇ।
ਪਾਉਂਦੇ ਨੇ ਉਹ ਵਖਰੇਵੇਂ
ਇੱਕ ਹੋ ਕੇ ਤੁਸੀਂ ਦਿਖਾਓ...।

ਕੰਵਰ ਗਰੇਵਾਲ ਅਤੇ ਹਰਫ ਚੀਮਾ ਦੋਵੇਂ ਪੰਜਾਬ ਸਮੇਤ ਦਿੱਲੀ ਦੇ ਬਾਰਡਰ 'ਤੇ ਲਗਾਤਾਰ ਹਾਜ਼ਰੀ ਭਰ ਰਹੇ ਹਨ। ਉਨ੍ਹਾਂ ਨੇ ਸਿੰਘੂ, ਟਿੱਕਰੀ ਅਤੇ ਗਾਜ਼ੀਪੁਰ ਬਾਰਡਰ 'ਤੇ ਕਿਸਾਨਾਂ ਨੂੰ ਸੰਬੋਧਨ ਵੀ ਕੀਤਾ ਹੈ ਅਤੇ ਗੀਤ ਵੀ ਗਾਏ ਹਨ। ਉਨ੍ਹਾਂ ਨੇ 'ਅਕਲਾਂ ਵਾਲਿਓ ਚੁੱਕ ਲਉ ਕਲਮਾਂ ਮਾਰ ਲੈਣ ਨਾ ਰਫਲਾਂ ਸਾਨੂੰ' ਜਾਂ 'ਬਰਸੇ ਕੋਈ ਨੂਰ ਇਲਾਹੀ ਦਿੱਲੀ ਦੇ ਬਾਰਡਰ 'ਤੇ, ਓਸੇ ਹੀ ਰਾਹ 'ਤੇ ਤੁਰ ਪਏ ਪੁੱਤ ਤੇਗ ਬਹਾਦਰ ਦੇ; ਬੱਚਿਆਂ ਵਿਚ ਫਤਿਹ ਸਿੰਘ ਦੀਆਂ ਝਲਕਾਂ ਨੇ ਪਾਤਿਸ਼ਾਹ, ਸਾਡੇ ਲਈ ਕਿਲੇ ਬਣ ਗਈਆਂ ਸੜਕਾਂ ਨੇ ਪਾਤਿਸ਼ਾਹ' ਅਤੇ ਬੱਬੂ ਮਾਨ ਦਾ 'ਮੇਰੀ ਸਾਰੀ ਮੈਂ ਮੈਂ ਮੁੱਕ ਗਈ ਯਾਰੋ, ਬਾਬੇ ਨਾਨਕ ਦੇ ਖੂਹ ਤੋਂ ਪਾਣੀ ਪੀ ਆਇਆਂ...'ਜਾਂ ਗਿੱਲ ਰਉਂਤੇ ਅਤੇ ਹਿੰਮਤ ਸੰਧੂ ਦਾ 'ਘਾਹ ਉਗੇ ਚੁੱਲ੍ਹਿਆਂ 'ਤੇ ਫੇਰ ਦੇਗ ਬਣੂਗੀ' ਸੁਣ ਲੈਣੇ ਚਾਹੀਦੇ ਹਨ। ਅੰਦੋਲਨ ਨੂੰ ਵਿਚਲਿਤ ਕਰਨ ਲਈ ਅਤੇ ਇਸ ਦਾ ਧਿਆਨ ਅਸਲੀ ਮੁੱਦਿਆ ਤੋਂ ਭਟਕਾਉਣ ਲਈ (ਕੇਂਦਰ ਸਰਕਾਰ ਵੀ ਇਹੋ ਚਾਹੁੰਦੀ ਹੈ) ਅੱਜ ਕੱਲ੍ਹ ਵਾਰ ਵਾਰ ਇੱਕੋ ਗੱਲ ਕਹੀ ਜਾਂਦੀ ਹੈ ਕਿ ਕਿਸਾਨ ਆਗੂ ਨੌਜੁਆਨਾਂ ਨੂੰ ਨਾਲ ਲੈ ਕੇ ਨਹੀਂ ਤੁਰ ਰਹੇ ਅਤੇ ਦੀਪ ਸਿੱਧੂ, ਜਿਹੜਾ ਕਿ ਬੜਾ ਸਿਧਾਂਤਕਾਰੀ ਆਗੂ ਹੈ, ਉਸ ਨੂੰ ਆਗੂ ਨਹੀਂ ਮੰਨ ਰਹੇ।

ਪਹਿਲੀ ਗੱਲ ਤਾਂ ਇਹ ਹੈ ਕਿ ਕਿਸਾਨ ਜਥੇਬੰਦੀਆਂ ਦਾ ਜਿਨਾਂ ਵੀ ਨੌਜੁਆਨ ਕੈਡਰ ਹੈ, ਉਹ ਤਾਂ ਸਭ ਕਿਸਾਨ ਜਥੇਬੰਦੀਆਂ ਦੇ ਨਾਲ ਹੈ ਹੀ, ਪਰ ਹੋਰ ਨੌਜੁਆਨ ਵੀ ਬਾਕਾਇਦਾ ਵਾਰੀ ਸਿਰ ਅੰਦੋਲਨ ਵਿਚ ਹਾਜ਼ਰੀਆਂ ਲੁਆ ਰਹੇ ਹਨ। ਪੰਜਾਬ ਦੇ ਹਰ ਪਿੰਡ ਵਿਚ ਪੰਚਾਇਤੀ ਪੱਧਰ 'ਤੇ ਫੈਸਲੇ ਕੀਤੇ ਗਏ ਹਨ ਅਤੇ ਵਾਰੀਆਂ ਬੰਨ੍ਹੀਆਂ ਹੋਈਆਂ ਹਨ ਕਿ ਕਿੰਨੇ ਜਣੇ ਕਦੋਂ ਆਪਣੀ ਵਾਰੀ ਨਾਲ ਧਰਨੇ ਵਿਚ ਸ਼ਾਮਲ ਹੋਣਗੇ। 8 ਮਾਰਚ ਨੂੰ ਕਿਸਾਨ ਜਥੇਬੰਦੀਆਂ ਵੱਲੋਂ 'ਅੰਤਰਰਾਸ਼ਟਰੀ ਇਸਤਰੀ ਦਿਵਸ' ਮਨਾਇਆ ਗਿਆ। ਪੰਜਾਬ ਵਿਚ ਚੱਲ ਰਹੇ ਅੰਦੋਲਨਾਂ ਅਤੇ ਦਿੱਲੀ ਦੇ ਬਾਰਡਰਾਂ 'ਤੇ ਬੀਬੀਆਂ ਦਾ ਇਕੱਠ ਸਮੁੰਦਰ ਵਾਂਗ ਠਾਠਾਂ ਮਾਰ ਰਿਹਾ ਸੀ। ਇਹ ਕੋਈ ਮਹਿਜ਼ ਬਜੁਰਗ ਔਰਤਾਂ ਹੀ ਨਹੀਂ ਸਨ, ਸਗੋਂ ਨੌਜੁਆਨ ਕੁੜੀਆਂ ਅਤੇ ਔਰਤਾਂ ਵੱਡੀ ਗਿਣਤੀ ਵਿਚ ਹਰ ਅਦਾਰੇ ਅਤੇ ਵਰਗ ਤੋਂ ਸ਼ਾਮਲ ਹੋਈਆਂ ਸਨ। ਅੰਦੋਲਨ ਨੂੰ ਢਾਹ ਲਾਉਣ ਵਾਲੇ ਬਿਆਨ ਦੇਣ ਜਾਂ ਲਿਖਣ ਵੇਲੇ ਅਸੀਂ ਇਹ ਕਿਉਂ ਭੁੱਲ ਜਾਂਦੇ ਹਾਂ ਕਿ ਪਹਿਲੇ ਦਿਨ ਤੋਂ ਹੀ ਅੰਦੋਲਨ ਵਿਚ ਸਿਰਫ ਪੁਰਸ਼ ਹੀ ਸ਼ਾਮਲ ਨਹੀਂ, ਸਗੋਂ ਔਰਤਾਂ ਆਪਣੇ ਬੱਚਿਆਂ ਸਮੇਤ ਸ਼ਾਮਲ ਹਨ, ਜਿਨ੍ਹਾਂ ਦਾ ਖਿਆਲ ਰੱਖਣਾ ਕਿਸਾਨ ਜਥੇਬੰਦੀਆਂ ਦੀ ਸਾਂਝੀ ਜਿੰਮੇਵਾਰੀ ਵੀ ਬਣਦੀ ਹੈ ਅਤੇ ਉਹ ਰੱਖ ਰਹੇ ਹਨ। ਅੰਦੋਲਨ ਨੂੰ ਮਜ਼ਬੂਤੀ ਅਤੇ ਜਾਬਤਾ ਬਖਸ਼ਣ ਵਿਚ ਔਰਤਾਂ ਦਾ ਬਹੁਤ ਵੱਡਾ ਯੋਗਦਾਨ ਹੈ, ਜਿਸ ਤੋਂ ਮੁੱਕਰਿਆ ਨਹੀਂ ਜਾ ਸਕਦਾ।

ਇਹ ਅੰਦੋਲਨ ਸਿਰਫ ਪੰਜਾਬ ਜਾਂ ਸਿੱਖਾਂ ਦਾ ਅੰਦੋਲਨ ਨਹੀਂ ਹੈ, ਜਿਸ ਨੂੰ ਇਹ ਰੰਗਤ ਦੇਣ ਦੇ ਕੇਂਦਰ ਸਰਕਾਰ ਅਤੇ ਉਸ ਦੇ ਗੋਦੀ ਮੀਡੀਆ ਨੇ ਸਿਰਤੋੜ ਯਤਨ ਕੀਤੇ, ਪਰ ਸਫਲਤਾ ਨਹੀਂ ਮਿਲੀ। ਇਹ ਕਿਸਾਨੀ ਮੁੱਦਿਆਂ ਦਾ, ਖੇਤੀ ਨਾਲ ਜੁੜੀ ਆਰਥਿਕਤਾ ਦਾ ਅੰਦੋਲਨ ਹੈ। ਖੇਤੀ ਭਾਰਤ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਅਤੇ ਇਸ ਦੀ ਵੰਨ-ਸੁਵੰਨਤਾ ਨਾਲ ਸਾਰੇ ਸੂਬੇ ਜੁੜੇ ਹੋਏ ਹਨ। ਕਿਸਾਨ ਸਿੱਖ, ਹਿੰਦੂ, ਮੁਸਲਮਾਨ, ਈਸਾਈ ਸਾਰੇ ਧਰਮਾਂ ਵਿਚੋਂ ਹੈ। ਪੰਜਾਬ ਵਿਚ ਹੀ ਮਲੇਰਕੋਟਲੇ ਦਾ ਕਿਸਾਨ ਮੁਸਲਮਾਨ ਹੈ ਅਤੇ ਫਾਜ਼ਲਿਕਾ ਅਬੋਹਰ ਦਾ ਕਿਸਾਨ ਹਿੰਦੂ ਵੀ ਹੈ। ਕਿਸਾਨ ਖੇਤਾਂ ਦਾ ਪੁੱਤ ਹੈ ਅਤੇ ਕਿਸਾਨੀ ਉਸ ਦਾ ਧਰਮ ਹੈ, ਇਹ ਸਾਨੂੰ ਬਾਬੇ ਨਾਨਕ ਨੇ ਕਿਰਤ ਨਾਲ ਨਾਮ ਨੂੰ ਜੋੜ ਕੇ ਸਮਝਾਇਆ ਹੈ। ਇਸ ਲਈ ਕਿਸਾਨ ਕਿਸੇ ਵੀ ਜਾਤ ਜਾਂ ਧਰਮ ਦਾ ਹੋ ਸਕਦਾ ਹੈ ਅਤੇ ਉਸ ਦੇ ਮਸਲੇ ਸਾਂਝੇ ਹਨ। ਪੱਤਰਕਾਰ ਅਜੀਤ ਅੰਜੁਮ ਦਿੱਲੀ ਦੇ ਸਿੰਘੂ ਬਾਰਡਰ 'ਤੇ ਬੈਠੇ ਪੰਜਾਬ ਦੇ ਫਾਜ਼ਿਲਕਾ ਜਿਲੇ ਦੇ ਇੱਕ ਪਿੰਡ ਤੋਂ ਆਏ ਹਿੰਦੂ ਕਿਸਾਨ ਪਰਿਵਾਰ ਨਾਲ ਇੰਟਰਵਿਊ ਕਰ ਰਿਹਾ ਸੀ, ਜਿਸ ਪਰਿਵਾਰ ਦੇ 19 ਜੀਅ ਔਰਤਾਂ ਨਾਲ ਛੋਟੇ ਛੋਟੇ ਬੱਚਿਆਂ, ਇੰਜੀਨੀਅਰ, ਵਕੀਲ ਲੜਕਿਆਂ ਅਤੇ ਮੈਡੀਕਲ ਸਕੂਲ ਦੀ ਪੜ੍ਹਾਈ ਕਰ ਰਹੀਆਂ ਬੱਚੀਆਂ ਸਮੇਤ ਆਏ ਹੋਏ ਹਨ। ਉਨ੍ਹਾਂ ਨੇ ਸੌਣ-ਪੈਣ ਲਈ ਇੱਕ ਬਹੁਤ ਵੱਡੇ ਟਰਾਲੇ ਨੂੰ ਘਰ ਬਣਾਇਆ ਹੋਇਆ ਹੈ ਅਤੇ ਇੱਕ ਵੱਡੀ ਟਰਾਲੀ ਨੂੰ ਰਸੋਈ। ਉਸ ਕਿਸਾਨ ਦਾ ਕਹਿਣਾ ਹੈ ਕਿ ਪਹਿਲਾਂ ਉਸ ਦਾ ਲੜਕਾ ਧਰਨੇ ਵਿਚ ਸ਼ਾਮਲ ਹੋਇਆ ਸੀ; ਪ੍ਰੰਤੂ ਜਿਸ ਦਿਨ 26 ਜਨਵਰੀ ਦੀ ਘਟਨਾ ਹੋਈ ਅਤੇ ਟਰਾਲੀਆਂ ਵਾਪਸ ਮੁੜਨ ਲੱਗ ਪਈਆਂ ਤਾਂ ਉਸ ਨੇ ਸਿੰਘੂ ਬਾਰਡਰ 'ਤੇ ਆਪਣੇ ਸਿੱਖ ਕਿਸਾਨ ਭਰਾਵਾਂ ਨਾਲ ਸ਼ਾਮਲ ਹੋਣ ਦਾ ਫੈਸਲਾ ਕੀਤਾ ਅਤੇ ਕਿਹਾ ਕਿ ਜੇ ਕੋਈ ਗੋਲਾ ਡਿਗੇਗਾ ਤਾਂ ਪਹਿਲਾਂ ਉਸ 'ਤੇ ਡਿਗੇਗਾ।

ਜੇ ਹਰਿਆਣੇ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂੰਨੀ ਦੀ ਅਗਵਾਈ ਵਿਚ ਹਰਿਆਣੇ ਦੇ ਨੌਜੁਆਨ ਕਿਸਾਨ ਪੰਜਾਬ ਦੇ ਕਿਸਾਨਾਂ ਅਤੇ ਨੌਜੁਆਨਾਂ ਨਾਲ ਮਿਲ ਕੇ ਬੈਰੀਕੇਡ ਨਾ ਤੋੜਦੇ



ਪੱਤਰਕਾਰ ਅਜੀਤ ਅੰਜੁਮ

ਤਾਂ ਹੋ ਸਕਦਾ ਹੈ ਪੰਜਾਬ ਦੇ ਕਿਸਾਨ ਦਿੱਲੀ ਨਾ ਪਹੁੰਚ ਸਕਦੇ; ਏਸ਼ੀਆਈ ਖੇਡਾਂ ਵੇਲੇ ਅਤੇ ਜਾਟ ਅੰਦੋਲਨ ਵੇਲੇ ਪੰਜਾਬ ਨਾਲ ਕੀ ਵਾਪਰਿਆ ਸੀ, ਅਸੀਂ ਸਾਰੇ ਹੀ ਜਾਣਦੇ ਹਾਂ। ਅੱਜ ਵੀ ਹਰਿਆਣੇ ਦੇ ਤਿੰਨ-ਚਾਰ ਸੌ ਨੌਜੁਆਨ ਪੰਜਾਬ ਦੇ ਕਿਸਾਨਾਂ, ਨੌਜੁਆਨਾਂ ਨਾਲ ਮਿਲ ਕੇ ਰਾਤ ਨੂੰ ਪਹਿਰਾ ਦਿੰਦੇ ਹਨ। ਜੇ ਉੱਤਰ ਪ੍ਰਦੇਸ਼ ਦੇ ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਭਾਵੁਕ ਸੱਦੇ 'ਤੇ ਯੂ. ਪੀ., ਉਤਰਾਖੰਡ ਅਤੇ ਹਰਿਆਣੇ ਦੇ ਕਿਸਾਨ ਰਾਤੋ-ਰਾਤ ਗਾਜੀਪੁਰ ਤੇ ਟਿੱਕਰੀ ਬਾਰਡਰ 'ਤੇ ਨਾ ਪਹੁੰਚਦੇ ਤਾਂ ਮੋਰਚੇ ਨੇ ਖਿੰਡ-ਪੁੰਡ ਵੀ ਜਾਣਾ ਸੀ ਅਤੇ ਪੰਜਾਬੀ ਕਿਸਾਨਾਂ ਨੂੰ ਬਹੁਤ ਸਾਰੀਆਂ ਦੁਸ਼ਵਾਰੀਆਂ (ਕਰੀਬਨ ਚੁਰਾਸੀ ਵਰਗੀਆਂ) ਵਿਚੋਂ ਲੰਘਣਾ ਵੀ ਪੈਣਾ ਸੀ, ਜਿਸ ਦਾ ਪ੍ਰਬੰਧ ਦੀਪ ਸਿੱਧੂ ਦੀ ਮਾਅਰਕੇਬਾਜੀ ਨੇ ਪੂਰੀ ਤਰ੍ਹਾਂ ਕਰ ਦਿੱਤਾ ਹੋਇਆ ਸੀ। ਲਾਲ ਕਿਲੇ ਵੱਲ ਜਾਣ ਲਈ ਕਿਸਾਨ ਲੀਡਰਾਂ ਨੇ ਨਹੀਂ ਕਿਸੇ ਨੂੰ ਕਿਹਾ, ਇਹ ਸਭ ਨੇ 25 ਜਨਵਰੀ ਦੀ ਰਾਤ ਨੂੰ ਸਟੇਜ 'ਤੇ ਹੋਏ ਕਬਜੇ ਦੀ ਵਾਇਰਲ ਵੀਡੀਓ ਤੋਂ ਦੇਖਿਆ ਹੈ; ਸਭ ਨੇ ਇਹ ਵੀ ਦੇਖਿਆ ਹੈ ਕਿ ਸਮੇਤ ਦੀਪ ਸਿੱਧੂ ਦੇ ਚੰਦ ਲੋਕ ਸਟੇਜ ਤੋਂ ਭੜਕਾ ਰਹੇ ਸਨ ਅਤੇ ਚੰਦ ਲੋਕ ਹੀ ਸਾਹਮਣੇ ਤੋਂ ਇਸ ਦੀ ਤਾਈਦ ਵਿਚ ਰੌਲਾ ਪਾ ਰਹੇ ਸਨ।

ਪੁਲਿਸ ਦੀ ਮਿਲੀਭੁਗਤ ਨਾਲ ਇੱਕ ਜਥੇਬੰਦੀ ਦੇ ਪਿੱਛੇ ਪਿੱਛੇ ਲੋਕ ਕਿਉਂ ਗਏ, ਇਸ ਨੂੰ ਦੁਹਰਾਉਣ ਦੀ ਇੱਥੇ ਕੋਈ ਲੋੜ ਨਹੀਂ ਹੈ। ਦੀਪ ਸਿੱਧੂ ਤਾਂ ਮੁੱਢ ਤੋਂ ਹੀ ਕਿਸਾਨ ਜਥੇਬੰਦੀਆਂ ਤੋਂ ਵੱਖਰਾ ਏਜੰਡਾ ਲਈ ਫਿਰਦਾ ਸੀ, ਜਿਸ ਦੀ ਸਕ੍ਰਿਪਟ ਪਤਾ ਨਹੀਂ ਉਸ ਦੀਆਂ ਫਿਲਮਾਂ ਵਾਂਗ ਹੀ ਕਿਸ ਨੇ ਲਿਖੀ ਸੀ। ਉਹ ਕਿਸੇ ਕਿਸਾਨ ਸੰਘਰਸ਼ ਵਿਚੋਂ ਨਹੀਂ ਆਇਆ, ਨਾ ਹੀ ਭਾਜਪਾ ਦੇ ਸੰਸਦ ਸੰਨੀ ਦਿਓਲ ਲਈ ਪ੍ਰਚਾਰ ਕਰਨ ਤੋਂ ਬਿਨਾ ਕਿਸੇ ਰੈਲੀ ਜਾਂ ਧਰਨੇ ਨਾਲ ਜੁੜਿਆ ਹੋਇਆ ਸੀ। ਲਿਖੀ ਹੋਈ ਸਕ੍ਰਿਪਟ ਤੇ ਫਿਲਮਾਂ ਵਿਚ ਐਕਟਿੰਗ ਕਰਦਾ ਆਇਆ ਹੈ, ਜੋ ਪੰਜਾਬ ਦੇ ਕਿਸਾਨਾਂ ਦੇ ਹਰਿਆਣੇ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਹਰਿਆਣੇ ਵਿਚ ਅਤੇ ਲਾਲ ਕਿਲੇ 'ਤੇ ਵੀ ਪਹਿਲਾਂ ਹੀ ਮੌਜੂਦ ਸੀ। ਪੰਜਾਬ ਅਤੇ ਹਰਿਆਣੇ ਦੇ ਨੌਜੁਆਨ ਪਹਿਲਾਂ ਵੀ ਜਥੇਬੰਦੀਆਂ ਦੇ ਨਾਲ ਸਨ ਅਤੇ ਹੁਣ ਵੀ ਨਾਲ ਹਨ। ਅੱਜ ਇਹ ਅੰਦੋਲਨ ਹਿੰਦੁਸਤਾਨ ਭਰ ਦਾ ਜਨ-ਅੰਦੋਲਨ ਬਣ ਗਿਆ ਹੈ, ਜਿਸ ਦਾ ਸਿਹਰਾ ਸਮੇਤ ਪੰਜਾਬ ਦੀਆਂ 32 ਜਥੇਬੰਦੀਆਂ ਅਤੇ ਹਿੰਦੁਸਤਾਨ ਦੀਆਂ 500 ਦੇ ਕਰੀਬ ਜਥੇਬੰਦੀਆਂ ਦੇ ਆਗੂਆਂ ਦੀ ਸਾਂਝੀ ਕਮੇਟੀ ਦੀ ਮਿਲਵਰਤਣ ਅਤੇ ਅਗਵਾਈ ਨੂੰ ਜਾਂਦਾ ਹੈ। ਰਾਕੇਸ਼ ਟਿਕੈਤ ਐਲਾਨੀਆ ਕਹਿੰਦਾ ਹੈ ਕਿ 'ਨਾ ਮੰਚ ਬਦਲੇਗਾ, ਨਾ ਪੰਚ ਬਦਲੇਗਾ' ਜਿਸ ਦਾ ਅਰਥ ਹੈ ਕਿ ਉਹ ਸਿੰਘੂ ਬਾਰਡਰ ਦੀ ਅਗਵਾਈ ਅਨੁਸਾਰ ਸੰਯੁਕਤ ਮੋਰਚੇ ਦੀ ਸਹਿਮਤੀ ਵਿਚ ਹੀ ਚਲੇਗਾ।

26 ਜਨਵਰੀ ਦੇ ਵਰਤਾਰੇ ਨੇ ਤਾਂ ਕਿਸਾਨਾਂ ਦੀ ਸ਼ਾਨਦਾਰ ਟਰੈਕਟਰ ਪਰੇਡ ਦਾ ਕਿਸੇ ਨੂੰ ਨੋਟਿਸ ਹੀ ਨਹੀਂ ਲੈਣ ਦਿੱਤਾ ਅਤੇ ਪਤਾ ਲੱਗਣ 'ਤੇ ਕਿਸਾਨਾਂ ਨੂੰ ਪਰੇਡ ਅੱਧ-ਵਿਚਾਲੇ ਵਾਪਸ ਕਰਨੀ ਪਈ। ਉਸ ਵੇਲੇ ਉਨ੍ਹਾਂ ਨੂੰ ਸਿਰਫ ਏਨਾ ਪਤਾ ਸੀ ਕਿ ਉਥੇ ਗੋਲੀ ਚੱਲ ਗਈ ਹੈ। ਲਾਲ ਕਿਲਾ ਉਨ੍ਹਾਂ ਦੇ ਏਜੰਡੇ 'ਤੇ ਨਹੀਂ ਸੀ, ਇਹ ਉਥੇ ਜਾਣ ਵਾਲਿਆਂ ਨੂੰ ਪਤਾ ਸੀ। ਕਿਸਾਨਾਂ ਦੀਆਂ ਅੱਖਾਂ ਵਿਚ ਹੰਝੂ ਸੀ ਅਤੇ ਉਸ ਰਾਤ ਕਿਸੇ ਨੇ ਰੋਟੀ ਨਹੀਂ ਖਾਧੀ; ਹਰਿਆਣੇ ਦੇ ਕਿਸਾਨਾਂ ਨੇ ਪੰਜਾਬ ਦੇ ਕਿਸਾਨਾਂ ਨਾਲ ਗੱਲ ਤੱਕ ਨਹੀਂ ਕੀਤੀ ਅਤੇ ਉਨ੍ਹਾਂ ਦਾ ਇੱਕੋ ਸਵਾਲ ਸੀ ਕਿ 'ਆਹੀ ਕੁਝ ਕਰਨ ਆਏ ਸੀ ਇੱਥੇ?' ਜਦੋਂ ਸਿਖਰ 'ਤੇ ਚੜ੍ਹਿਆ ਅੰਦੋਲਨ ਧੈਂ ਕਰਕੇ ਜ਼ਮੀਨ 'ਤੇ ਡਿੱਗ ਪਿਆ, ਉਸ ਮਾਨਸਿਕ ਦੁੱਖ ਦਾ ਅੰਦਾਜ਼ਾ ਸਿਰਫ ਉਹੀ ਲਾ ਸਕਦੇ ਹਨ, ਜੋ ਇਸ ਦੀ ਚੜ੍ਹਤ ਲਈ ਮਿਹਨਤ ਕਰ ਰਹੇ ਸਨ। ਸਿੱਖ ਸਭਿਆਚਾਰ, ਸਿੱਖ ਕੀਮਤ-ਪ੍ਰਬੰਧ, ਜਿਸ ਵਿਚ ਬਾਬੇ ਨਾਨਕ ਦਾ 'ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ' ਦਾ ਕਿਰਤ-ਸਭਿਆਚਾਰ ਹੈ, ਜਿਸ ਵਿਚ ਭਾਈ ਲਾਲੋਆਂ ਦੀ ਤਰਫਦਾਰੀ, ਸਰਬੱਤ ਦਾ ਭਲਾ, ਭਾਈ ਘਨਈਏ ਦਾ ਸੇਵਾ-ਮਾਡਲ ਅਤੇ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਦੇ ਪ੍ਰਤੱਖ ਦਰਸ਼ਨ ਕਿਸਾਨ ਮੋਰਚੇ ਨੇ ਸਾਰੇ ਭਾਰਤੀਆਂ ਨੂੰ ਹੀ ਨਹੀਂ, ਸਗੋਂ ਕੌਮਾਂਤਰੀ ਪੱਧਰ 'ਤੇ ਸਾਰੇ ਸੰਸਾਰ ਨੂੰ ਕਰਾਏ ਹਨ, ਉਹ ਅੱਜ ਤੱਕ ਕੋਈ ਸੰਸਥਾ, ਕੋਈ ਪ੍ਰਬੰਧਕ ਕਮੇਟੀ ਆਪਣੇ ਆਪ ਵਿਚ ਇਸ ਤਰ੍ਹਾਂ ਨਹੀਂ ਕਰਾ ਸਕੀ। ਇਹ ਕਿਸਾਨ ਮੋਰਚੇ ਦਾ ਬਹੁਤ ਵੱਡਾ ਹਾਸਲ ਹੈ।

'ਦਾ ਵਾਇਰ' ਟੀ. ਵੀ. ਚੈਨਲ 'ਤੇ ਸੀਨੀਅਰ ਪੱਤਰਕਾਰ ਕਰਨ ਥਾਪਰ ਨੇ ਬਹੁਤ ਹੀ ਸੀਨੀਅਰ ਬੁੱਧੀਜੀਵੀ ਅਤੇ ਪੱਤਰਕਾਰ, ਦਰਜਨਾਂ ਕਿਤਾਬਾਂ ਦੇ ਲੇਖਕ, ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਿਚ ਕੇਂਦਰੀ ਮੰਤਰੀ ਰਹਿ ਚੁੱਕੇ ਅਰੁਣ ਸ਼ੋਰੀ ਨਾਲ ਚੱਲ ਰਹੇ ਕਿਸਾਨ ਮੋਰਚੇ ਬਾਰੇ ਗੱਲਬਾਤ ਕੀਤੀ ਹੈ। ਵੱਖ ਵੱਖ ਨੁਕਤਿਆਂ ਤੋਂ ਕੀਤੀ ਇਸ ਚਰਚਾ ਵਿਚ ਅਰੁਣ ਸ਼ੋਰੀ ਨੇ ਸਪੱਸ਼ਟ ਕੀਤਾ ਹੈ ਕਿ ਮੋਦੀ ਅਤੇ ਉਸ ਦੀ ਸਰਕਾਰ ਇਸ ਨੂੰ 'ਦਿੱਲੀ ਵਰਸਜ਼ ਸਿੱਖ' ਮੁੱਦਾ ਬਣਾਉਣਾ ਚਾਹੁੰਦੀ ਹੈ, ਜੋ ਕਿ ਹਿਮਾਕਤ ਹੈ। ਅਰੁਣ ਸ਼ੋਰੀ ਦਾ ਮੰਨਣਾ ਹੈ ਕਿ ਮੋਦੀ ਸਿੱਖਾਂ ਦੇ ਸੁਭਾਅ ਨੂੰ ਨਹੀਂ ਸਮਝਦਾ ਕਿ ਇਨ੍ਹਾਂ ਵਿਚ ਭਾਈਚਾਰਕ ਸਾਂਝ ਅਤੇ ਆਪਾ ਵਾਰਨ ਦਾ ਜਜ਼ਬਾ ਬਹੁਤ ਪ੍ਰਬਲ ਹੈ। ਇਸ ਦੀ ਚਰਚਾ ਕਰਦਿਆਂ ਅਰੁਣ ਸ਼ੋਰੀ ਮਿਸਾਲ ਗੁਰੂ ਤੇਗ ਬਹਾਦਰ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦਿੰਦੇ ਹਨ ਅਤੇ ਇਹ ਵੀ ਦਸਦੇ ਹਨ ਕਿ ਇਹ ਸਰਬੱਤ ਦਾ ਭਲਾ, ਸੇਵਾ ਤੇ ਭਾਈਚਾਰਕ ਸਾਂਝ ਹੀ ਹੈ, ਜਿਸ ਕਰਕੇ ਅੰਦੋਲਨ ਦੇ ਸ਼ੁਰੂ ਹੁੰਦਿਆਂ ਹੀ ਰਾਤੋ-ਰਾਤ ਉਥੇ ਲੰਗਰ ਲੱਗ ਗਏ, ਪੋਰਟੇਬਲ ਸ਼ੌਚਾਲੇ ਅਤੇ ਹੋਰ ਸਭ ਸਹੂਲਤਾਂ ਕਾਇਮ ਹੋ ਗਈਆਂ। ਸਿੱਖ ਸਹਿਨਸ਼ੀਲਤਾ ਅਤੇ ਇਰਾਦੇ ਦੀ ਦ੍ਰਿੜਤਾ ਦਾ ਖੁਲਾਸਾ ਉਹ ਨਨਕਾਣਾ ਸਾਹਿਬ ਦੇ ਸਾਕੇ ਦੀ

*(ਬਾਕੀ ਸਫਾ 21 ਉਤੇ)*

# ਕਿਸਾਨੀ ਅੰਦੋਲਨ ਵਿਚ ਨਾਨਕ ਬਾਣੀ ਦਾ ਪ੍ਰਗਟਾਵਾ

***ਵੱਖ-ਵੱਖ ਵਿਦਵਾਨਾਂ ਨੇ ਭਾਰਤ ਅੰਦਰ ਪਿਛਲੇ ਕਈ ਮਹੀਨਿਆਂ ਤੋਂ ਛਿੜੇ ਹੋਏ ਮਿਸਾਲੀ ਕਿਸਾਨ ਅੰਦੋਲਨ ਬਾਰੇ ਵਿਚਾਰ ਸਾਂਝੇ ਕੀਤੇ ਹਨ ਅਤੇ ਇਸ ਅੰਦੋਲਨ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਦਾ ਵੀ ਨਿੱਠ ਕੇ ਲੇਖਾ-ਜੋਖਾ ਕੀਤਾ ਹੈ। ਸ. ਹਾਕਮ ਸਿੰਘ ਨੇ ਇਸ ਅੰਦੋਲਨ ਦੀਆਂ ਜੜ੍ਹਾਂ ਬਾਰੇ ਅਣਮੁੱਲੇ ਵਿਚਾਰ ਆਪਣੇ ਇਸ ਲੇਖ ਵਿਚ ਪ੍ਰਗਟਾਏ ਹਨ ਅਤੇ ਨਾਲ ਹੀ ਤਾਕੀਦ ਕੀਤੀ ਹੈ ਕਿ ਅਜਿਹੇ ਸੰਘਰਸ਼ਾਂ ਦੇ ਅਗਲੇ ਰਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਵਿਚੋਂ ਹੋ ਕੇ ਹੀ ਲੰਘਦੇ ਹਨ। -ਸੰਪਾਦਕ***

**ਹਾਕਮ ਸਿੰਘ**
hak1270@yahoo.com

ਗੁਰੂ ਨਾਨਕ ਬਾਣੀ ਨੇ ਭਾਰਤੀ ਧਾਰਮਕ ਵਿਚਾਰਧਾਰਾ ਵਿਚ ਪ੍ਰਚਲਤ ਜਾਤੀਵਾਦ ਅਤੇ ਪੁਜਾਰੀਵਾਦ ਦੀਆਂ ਅਮਾਨਵੀ ਰੀਤਾਂ ਦਾ ਖੰਡਨ ਕਰਕੇ ਉਸ ਵਿਚਾਰਧਾਰਾ ਦੇ ਉਤਮ ਤੱਤਾਂ ਨੂੰ ਵਿਸ਼ਵਵਿਆਪੀ ਬਣਾ ਦਿੱਤਾ ਸੀ। ਭਾਰਤ ਦੀ ਸਨਾਤਨੀ ਧਾਰਮਕ ਵਿਚਾਰਧਾਰਾ ਨੇ ਲੋਕਾਂ ਵਿਚ ਜਨਮ ਦੇ ਆਧਾਰ ਤੇ ਵੰਡੀਆਂ ਪਾਈਆਂ ਹੋਈਆਂ ਸਨ ਅਤੇ ਬ੍ਰਾਹਮਣ ਪੁਜਾਰੀਆਂ ਨੇ ਆਪਣੇ ਸੁਆਰਥ ਲਈ ਲੋਕਾਂ ਨੂੰ ਜੀਵਨ ਵਿਚ ਉਦਮ ਅਤੇ ਮਿਹਨਤ ਕਰਕੇ ਜੀਵਨ ਨੂੰ ਬਿਹਤਰ ਬਣਾਉਣ ਦੀ ਥਾਂ ਮਰਨ ਮਗਰੋਂ ਮਿਲਣ ਵਾਲੇ ਜੀਵਨ ਨੂੰ ਸਵਰਗ ਵਿਚ ਸੁਖਾਲਾ ਅਤੇ ਖੁਸ਼ਹਾਲ ਬਣਾਉਣ ਲਈ ਪੁਜਾਰੀਆਂ ਨੂੰ ਦਾਨ ਕਰਨ ਦੀ ਪ੍ਰਥਾ ਪ੍ਰਚਲਤ ਕੀਤੀ ਹੋਈ ਸੀ। ਗੁਰੂ ਨਾਨਕ ਨੇ ਲੋਕਾਂ ਨੂੰ ਇਹ ਕੁਰੀਤਾਂ ਤਿਆਗ ਕੇ ਮਨੁੱਖਾਂ ਨੂੰ ਬਰਾਬਰ ਸਮਝਣ ਅਤੇ ਮਰਨ ਮਗਰੋਂ ਮਿਲਣ ਵਾਲੇ ਜੀਵਨ ਦੀ ਚਿੰਤਾ ਛੱਡ ਕੇ ਇਸੇ ਜੀਵਨ ਨੂੰ ਸਵੈਮਾਣ ਨਾਲ ਸਿਮਰਨ, ਉਦਮ, ਮਿਹਨਤ, ਮਿਲਵਰਤਣ ਅਤੇ ਨਿਸ਼ਕਾਮ ਸੇਵਾ ਕਰਨ ਵਾਲਾ ਬਣਾਉਣ ਲਈ ਪ੍ਰੇਰਿਆ। ਉਨ੍ਹਾਂ ਦਾ ਸੰਦੇਸ਼ ਸੀ: "ਘਾਲ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥" (ਪੰਨਾ 1245) ਅਤੇ "ਉਦਮੁ ਕਰੇਦਿਆ ਜੀਉ ਤੂੰ॥ ਕਮਾਵਦਿਆਂ ਸੁਖ ਭੁੰਚੁ" (ਪੰਨਾ 522)। ਗੁਰਗੱਦੀ ਅਤੇ ਉਦਾਸੀ ਮੱਤ ਦੇ ਉਪਾਸ਼ਕਾਂ ਵਲੋਂ ਗੁਰੂ ਨਾਨਕ ਵਿਚਾਰਧਾਰਾ ਦੇ ਸ਼ਰਧਾਲੂਆਂ ਨੂੰ ਸਨਾਤਨੀ ਵਿਚਾਰਧਾਰਾ ਨਾਲ ਜੋੜਨ ਅਤੇ ਸ਼ਾਸਨ ਦੀ ਅਧੀਨਗੀ ਪਰਵਾਨ ਕਰਨ ਦੀ ਸਿਰਤੋੜ ਕੋਸ਼ਿਸ਼ ਕੀਤੀ ਗਈ ਜੋ ਹੁਣ ਤੱਕ ਜਾਰੀ ਹੈ ਪਰ ਗੁਰੂ ਨਾਨਕ ਦੇ ਸ਼ਰਧਾਲੂਆਂ ਨੇ ਉਸ ਨੂੰ ਪ੍ਰਵਾਨ ਨਾ ਕੀਤਾ। ਨਤੀਜੇ ਵਜੋਂ, ਸ਼ਾਸਨ ਅਤੇ ਸਿੱਖ ਸ਼ਰਧਾਲੂਆਂ ਵਿਚ ਵਿਰੋਧ, ਸੰਘਰਸ਼ ਅਤੇ ਜੰਗ ਦੀ ਸਥਿਤੀ ਬਣੀ ਰਹੀ। ਸਦੀਆਂ ਬੱਧਾ ਸੰਘਰਸ਼ ਸਿੱਖ ਸਮਾਜ ਨੂੰ ਪ੍ਰਭੂ ਦੀ ਬੰਦਗੀ, ਗੁਰੂ ਪ੍ਰਤੀ ਸ਼ਰਧਾ, ਆਪਸੀ ਮਿਲਵਰਤਣ, ਕਿਰਤ ਵਾਲਾ ਉਦਮੀ, ਮਿਹਨਤੀ ਅਤੇ ਸੇਵਾ ਭਾਵਨਾ ਵਾਲਾ ਨਿਰਭੈ ਅਤੇ ਨਿਰਵੈਰ ਜੀਵਨ ਦ੍ਰਿੜ ਕਰਵਾਉਂਦਾ ਚਲਾ ਗਿਆ। ਸਿੱਖ ਸਮਾਜ ਕਿਸਾਨ ਅਤੇ ਛੋਟੇ ਵਪਾਰੀਆਂ ਨਾਲ ਜੁੜਿਆ ਹੋਣ ਕਾਰਨ ਸਾਧਾਰਨ ਲੋਕ ਇਸ ਨੂੰ ਅਪਨਾਉਂਦੇ ਚਲੇ ਗਏ। ਸਿੱਖੀ ਜੀਵਨ ਪੂੰਜੀ ਆਧਾਰਤ ਸਮਾਜ ਦੇ ਅਨੁਕੂਲ ਨਾ ਬਣ ਸਕਿਆ ਅਤੇ ਅਕਸਰ ਪੱਛਮੀ ਵਿਚਾਰਧਾਰਾ ਦੇ ਸਮਰਥਕਾਂ ਨਾਲ ਟਕਰਾਉਂਦਾ ਰਿਹਾ।

ਇਥੇ ਭਾਰਤ ਦੇ ਪਿਛੋਕੜ ਬਾਰੇ ਸੰਖੇਪ ਵਿਚਾਰ ਕਰਨੀ ਵੀ ਵਾਜਿਬ ਹੋਵੇਗੀ। ਭਾਰਤ ਦੀ ਆਰਥਕਤਾ ਦਾ ਆਧਾਰ ਪਿੰਡ ਸੀ। ਹਰ ਪਿੰਡ ਆਪਣੇ ਆਪ ਵਿਚ ਆਤਮ ਨਿਰਭਰ ਹੁੰਦਾ ਸੀ ਅਤੇ ਆਪਣੇ ਵਸਨੀਕਾਂ ਦੀਆਂ ਤਕਰੀਬਨ ਸਾਰੀਆਂ ਮੂਲ ਲੋੜ ਪੂਰੀ ਕਰਨ ਦੇ ਸਮਰਥ ਸੀ। ਭਾਰਤ ਵਿਚ ਧਰਤੀ ਨੂੰ ਮਾਂ ਦਾ ਰੁਤਬਾ ਹਾਸਲ ਸੀ। ਉਸ ਨੂੰ ਵੰਡਣ ਅਤੇ ਵੇਚਣ ਵਾਲੀ ਸੋਚ ਨੂੰ ਮਾਂ ਦਾ ਅਪਮਾਨ ਸਮਝਿਆ ਜਾਂਦਾ ਸੀ। ਪਿੰਡ ਦੀ ਖੁਦਮੁਖਤਾਰੀ ਆਮ ਲੋਕਾਂ ਦੇ ਜੀਵਨ ਨੂੰ ਦਿੱਲੀ ਦੇ ਰਾਜ ਵਿਚ ਅਦਲਾ ਬਦਲੀ ਹੋਣ ਤੇ ਪ੍ਰਭਾਵਤ ਨਹੀਂ ਸੀ ਹੋਣ ਦਿੰਦੀ ਪਰ ਅੰਗਰੇਜ਼ਾਂ ਦੇ ਰਾਜ ਨੇ ਇਹ ਸਭ ਕੁਝ ਬਦਲ ਦਿੱਤਾ ਕਿਉਂਕਿ ਉਨ੍ਹਾਂ ਦਾ ਮਨੋਰਥ ਭਾਰਤ ਦੀ ਕਿਸਾਨੀ ਨੂੰ ਪੱਛਮੀ ਆਰਥਕ ਪ੍ਰਣਾਲੀ ਦੇ ਅਨੁਕੂਲ ਅਤੇ ਲੋਕਾਂ ਨੂੰ ਗੁਲਾਮ ਬਣਾ ਕੇ ਲੁਟਣਾ ਸੀ। ਪੱਛਮੀ ਆਰਥਿਕ ਪ੍ਰਣਾਲੀ ਆਤਮ ਨਿਰਭਰ ਪਿੰਡ ਦੇ ਉਲਟ ਪੂੰਜੀ ਅਤੇ ਨਿੱਜੀ ਅਧਿਕਾਰ ਤੇ ਆਧਾਰਤ ਸੀ। ਉਹ ਮਨੁੱਖ ਨੂੰ ਨਹੀਂ ਸੰਪਤੀ ਅਤੇ ਉਸ ਦੇ ਮਾਲਕ ਨੂੰ ਪ੍ਰਥਮ ਮੰਨਦੀ ਸੀ। ਅੰਗਰੇਜ਼ ਸਰਕਾਰ ਨੇ 1820 ਵਿਚ ਮਦਰਾਸ, ਬੰਬਈ ਅਤੇ ਦਖਣੀ ਭਾਰਤ ਅਤੇ ਦੂਜੇ ਖੇਤਰਾਂ ਵਿਚ ਜ਼ਮੀਨ ਦੀ ਮਲਕੀਅਤ ਨਿਰਧਾਰਤ ਕਰਨ ਲਈ ਰਈਅਤਵਾਰੀ ਅਤੇ ਮਾਹਲਵਾਰੀ ਪ੍ਰਣਾਲੀਆਂ ਅਤੇ ਪਰਮਾਨੈਂਟ ਸੈਟਲਮੈਂਟ ਲਾਗੂ ਕਰ ਦਿੱਤੇ। ਕਾਸ਼ਤਕਾਰ ਕਿਸਾਨ ਰਈਅਤ ਬਣ ਗਏ ਅਤੇ ਧਰਤੀ ਵਪਾਰਕ ਵਸਤੂ ਹੋ ਗਈ। ਬੁਹਤੀਆਂ ਥਾਵਾਂ ਤੇ ਸਰਕਾਰੀ ਦਫਤਰਾਂ ਵਿਚ ਪਿੰਡ ਦਾ ਮਾਮਲਾ ਦੇਣ ਲਈ ਨਿਯੁਕਤ ਕੀਤੇ ਵਿਅਕਤੀ ਨੂੰ ਹੀ ਸਰਕਾਰੀ ਰਜਿਸਟਰਾਂ ਵਿਚ ਪਿੰਡ ਦਾ ਮਾਲਕ ਲਿਖਣਾ ਸ਼ੁਰੂ ਕਰ ਦਿੱਤਾ ਗਿਆ ਜੋ ਪਿੰਡ ਦਾ ਮਾਲਕ ਅਤੇ ਵੱਡਾ ਜ਼ਿਮੀਂਦਾਰ ਬਣ ਗਿਆ। ਅੰਗਰੇਜ਼ ਸਰਕਾਰ ਨੇ ਜ਼ਮੀਨ ਤੇ ਟੈਕਸ ਵਧਾ ਦਿੱਤੇ ਅਤੇ ਨਕਦੀ ਅਦਾਇਗੀ ਲਾਗੂ ਕਰ ਦਿੱਤੀ ਜਿਸ ਨਾਲ ਆਮ ਕਿਸਾਨ ਸ਼ਾਹੂਕਾਰਾਂ ਦਾ ਕਰਜ਼ਦਾਰ ਹੋ ਕੇ ਭੂਮੀਹੀਣ ਹੁੰਦਾ ਚਲਾ ਗਿਆ। ਬੰਧੂਆ ਮਜ਼ਦੂਰੀ ਸ਼ੁਰੂ ਹੋ ਗਈ, ਕਾਲ ਪੈਣ ਲੱਗ ਪਏ ਅਤੇ ਕਿਸਾਨੀ ਅੰਦੋਲਨਾਂ ਦਾ ਦੌਰ ਸ਼ੁਰੂ ਹੋ ਗਿਆ। 1947 ਤਕ ਭਾਰਤ ਵਿਚ 7% ਲੋਕ 75% ਜ਼ਮੀਨ ਦੇ ਮਾਲਕ ਬਣ ਚੁਕੇ ਸਨ ਪਰ ਪੰਜਾਬ ਦੀ ਆਰਥਕ ਹਾਲਤ ਬਾਕੀ ਭਾਰਤ ਨਾਲੋਂ ਕੁਝ ਵਖਰੀ ਸੀ ਕਿਉਂਕਿ ਲਾਇਲਪੁਰ, ਸ਼ੇਖੂਪੁਰਾ ਅਤੇ ਬਾਰ ਦੇ ਇਲਾਕੇ ਵਿਚ ਸਿੱਖ ਕਿਸਾਨਾਂ ਦੇ ਉਦਮ ਅਤੇ ਮਿਹਨਤ ਨੇ ਉਸ ਨੂੰ ਖੁਸ਼ਹਾਲ ਬਣਾ ਦਿੱਤਾ ਸੀ।

ਭਾਰਤ ਦੀ ਕਿਸਾਨੀ ਨੂੰ ਗੁਲਾਮ ਬਣਾਉਣ ਦੇ ਨਾਲ ਨਾਲ ਭਾਰਤ ਨੂੰ ਪੱਛਮੀ ਸਭਿਆਚਾਰ ਨਾਲ ਜੋੜਨ ਲਈ ਲਾਰਡ ਮਕਾਲੇ ਨੇ ਅੰਗਰੇਜ਼ੀ ਮਾਧਿਅਮ ਵਾਲੀ ਸਿਖਿਆ ਪ੍ਰਣਾਲੀ ਸਥਾਪਤ ਕਰਨ ਦਾ ਸੁਝਾਅ ਦਿੱਤਾ ਜੋ ਲਾਗੂ ਹੋ ਗਿਆ। 1885 ਵਚ ਐਲਨ ਹਿਊਮ ਨੇ ਇੰਡੀਆਨ ਨੈਸਨਲ ਕਾਂਗਰਸ ਦੀ ਸਥਾਪਨਾ ਕਰ ਕੇ ਭਾਰਤ



ਨੂੰ ਪੱਛਮੀ ਰਾਜ ਪ੍ਰਣਾਲੀ ਦੀਆਂ ਲ਼ੀਹਾਂ 'ਤੇ ਪਾ ਦਿੱਤਾ। ਕਾਂਗਰਸ ਦੇ ਬਹੁਤੇ ਲੀਡਰ ਇੰਗਲੈਂਡ ਤੋਂ ਉੱਚ ਵਿਦਿਆ ਪ੍ਰਾਪਤ ਵਿਅਕਤੀ ਅਤੇ ਪੱਛਮੀ ਵਿੱਦਿਆ, ਆਰਥਕਤਾ ਅਤੇ ਸਭਿਆਚਾਰ ਦੇ ਪ੍ਰਸੰਸਕ ਸਨ। ਭਾਰਤ ਦੀ ਆਜ਼ਾਦੀ ਮਗਰੋਂ ਕਾਂਗਰਸ਼ੀ ਲੀਡਰਾਂ ਨੇ ਭਾਰਤ ਵਿਚ ਉਦਯੋਗ ਅਤੇ ਸਰਮਏਦਾਰੀ ਨਿਜ਼ਾਮ ਨੂੰ ਪ੍ਰਫੁਲਤ ਕਰਨ ਲਈ ਪਲੈਨਿੰਗ ਕਮਿਸ਼ਨ ਬਣਾਇਆ ਜਿਸ ਦਾ ਮੁੱਖ ਮਨੋਰਥ ਭਾਰਤ ਵਿਚ ਮੂਲ ਉਦਯੋਗਾਂ ਨੂੰ ਹੁਲਾਰਾ ਦੇਣਾ ਸੀ ਪਰ ਭਾਰਤ ਖੇਤੀ ਪ੍ਰਧਾਨ ਦੇਸ਼ ਸੀ ਜਿਸ ਲਈ ਖੇਤੀਬਾੜੀ ਨੂੰ ਯੋਜਨਾਬੱਧ ਢੰਗ ਨਾਲ ਵਿਕਸਤ ਕਰਨ ਲਈ ਵਖਰਾ ਖੇਤੀਬਾੜੀ ਪਲੈਨਿੰਗ ਕਮਿਸ਼ਨ ਬਣਾਉਣ ਦੀ ਵੀ ਓਨੀ ਹੀ ਲੋੜ ਸੀ। ਵਖਰੇ ਖੇਤੀਬਾੜੀ ਕਮਿਸ਼ਨ ਦੀ ਲੋੜ ਇਸ ਲਈ ਵੀ ਸੀ ਕਿਉਂਕਿ ਉਦਯੋਗ ਅਤੇ ਖੇਤੀਬਾੜੀ ਵਿਚ ਮੂਲ ਅੰਤਰ ਹੈ। ਉਦਯੋਗ ਬੇਜਾਨ ਪਦਾਰਥ ਤੋਂ ਬੇਜਾਨ ਵਸਤਾਂ ਅਤੇ ਮਸ਼ੀਨਾਂ ਬਣਾਉਣ ਦੀ ਪ੍ਰਕਿਰਿਆ ਹੈ ਅਤੇ ਇਸ ਵਿਚ ਸਫਲਤਾ ਲਈ ਉਦਯੋਗਪਤੀ ਨੂੰ ਦੂਜੇ ਉਦਯੋਗਪਤੀਆਂ ਨਾਲ ਮੁਕਾਬਲਾ ਜ਼ਰੂਰੀ ਸਮਝਿਆ ਜਾਂਦਾ ਹੈ। ਇਸ ਦੇ ਉਲਟ ਖੇਤੀ ਅਤੇ ਇਸ ਨਾਲ ਜੁੜੇ ਸਾਰੇ ਕਿੱਤੇ ਜਿਊਂਦੀ ਬਨਸਪਤੀ ਜਾਂ ਜਿਊਂਦੀਆਂ ਜਾਨਾਂ ਨਾਲ ਸਬੰਧਤ ਹਨ ਇਸ ਲਈ ਇਨ੍ਹਾਂ ਕਿਤਿਆਂ ਵਿਚ ਆਪਣੀ ਕਿਰਤ ਵਲ ਪਿਆਰ ਭਾਵਨਾ ਹੋਣੀ ਜ਼ਰੂਰੀ ਹੁੰਦੀ ਹੈ। ਇਨ੍ਹਾਂ ਕਿੱਤਿਆਂ ਵਿਚ ਸਫਲਤਾ ਮੁਕਾਬਲੇ ਦੀ ਥਾਂ ਮਿਲਵਰਤਨ ਅਤੇ ਸਹਿਯੋਗ ਤੇ ਨਿਰਭਰ ਕਰਦੀ ਹੈ। ਉਪਜ ਵਧਾਉਣ ਲਈ ਇੱਕ ਦੂਜੇ ਤੋਂ ਸਿਖਣਾ ਅਤੇ ਉਸ ਨਾਲ ਰਲ ਮਿਲ ਕੇ ਕੰਮ ਕਰਨਾ ਪੈਂਦਾ ਹੈ। ਖੇਤੀ ਮਿੱਟੀ ਅਤੇ ਪਾਣੀ ਦੇ ਸੁਮੇਲ ਤੇ ਆਧਾਰਤ ਕਿੱਤਾ ਹੈ ਅਤੇ ਪਾਣੀ ਮਨੁੱਖੀ ਜੀਵਨ ਦਾ ਆਧਾਰ ਹੈ। ਕਿਸਾਨ ਦਾ ਪੈਦਾ ਕੀਤਾ ਅਨਾਜ ਮਨੁੱਖ ਨੂੰ ਜੀਵਨ, ਸ਼ਕਤੀ ਅਤੇ ਕੰਮ ਕਰਨ ਦਾ ਸਮਰਥਾ ਪ੍ਰਦਾਨ ਕਰਦਾ ਹੈ। ਮਸ਼ੀਨਾਂ ਅਤੇ ਜੰਤਰ ਮਨੁੱਖ ਦੀ ਕੰਮ ਕਰਨ ਦੀ ਯੋਗਤਾ ਵਿਚ ਵਾਧਾ ਕਰਦੇ ਹਨ ਅਤੇ ਅਕਸਰ ਉਸ ਦੇ ਹੰਕਾਰ ਨੂੰ ਵੀ ਹੁਲਾਰਾ ਦਿੰਦੇ ਹਨ। ਖੇਤੀ ਮਨੁੱਖਤਾ ਨੂੰ ਜਿਊਂਦਾ ਰਖਦੀ ਹੈ। ਕਿਸਾਨ ਦੀ ਉਪਜ ਤੇ ਹੀ ਮਨੁੱਖਾ ਜੀਵਨ ਆਸਰਤ ਹੈ ਜਦੋਂ ਕਿ ਉਦਯੋਗੀ ਵਸਤਾਂ ਅਤੇ ਮਸ਼ੀਨਾਂ ਜੀਵਨ ਲਈ ਜ਼ਰੂਰੀ ਨਹੀਂ ਹੁੰਦੀਆਂ। ਉਨ੍ਹਾਂ ਦੀ ਲੋੜ ਪੈਦਾ ਕਰਨੀ ਪੈਂਦੀ ਹੈ ਜਿਸ ਲਈ ਉਦਯੋਗਪਤੀ ਉਨ੍ਹਾਂ ਲਈ ਇਸ਼ਤਿਹਾਰ ਦਿੰਦੇ ਹਨ। ਪੱਛਮੀ ਆਰਥਕ ਪ੍ਰਣਾਲੀ ਦਾ ਮੁੱਖ ਮਨੋਰਥ ਮੁਨਾਫਾ ਕਮਾਉਣਾ ਅਤੇ ਮੁਕਾਬਲੇ ਵਿਚ ਜਿੱਤ ਪ੍ਰਾਪਤ ਕਰਨਾ ਹੈ। ਪੱਛਮੀ ਰਾਜ ਪ੍ਰਣਾਲੀ 'ਪਾੜੋ ਅਤੇ ਰਾਜ ਕਰੋ' ਦੇ ਸਿਧਾਂਤ 'ਤੇ ਆਧਾਰਤ ਹੈ ਅਤੇ ਘੱਟ ਗਿਣਤੀਆਂ ਨਾਲ ਵਿਤਕਰਾ ਕਰਨ ਅਤੇ ਉਨ੍ਹਾਂ ਨੂੰ ਦਬਾ ਕੇ ਰਖਣ ਦੀ ਨੀਤੀ ਵਿਚ ਵਿਸ਼ਵਾਸ ਰੱਖਦੀ ਹੈ। ਇਨ੍ਹਾਂ ਪ੍ਰਣਾਲੀਆਂ ਵਿਚ ਮਨੁੱਖਤਾ ਦਾ ਸਹੀ ਜ਼ਿਕਰ ਨਹੀਂ ਕੀਤਾ ਜਾਂਦਾ।

ਪੰਜਾਬ ਦਾ ਪਿਛੋਕੜ ਭਾਰਤ ਨਾਲੋਂ ਕੁਝ ਵਖਰਾ ਰਿਹਾ ਹੈ। ਪੰਦਰਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੇ ਪੰਜਾਬ ਵਿਚ ਇੱਕ ਅਲਗ ਅਤੇ ਭਾਰਤ ਨਾਲੋਂ ਵਖਰਾ ਗੁਰਬਾਣੀ ਕੇਂਦਰਤ ਸਭਿਆਚਾਰ ਹੋਂਦ ਵਿਚ ਆ ਗਿਆ ਸੀ ਜਿਸ ਨੇ ਨਵੀਂ ਅਤੇ ਵਖਰੀ ਮਾਨਵੀ ਵਿਚਾਰਧਾਰਾ ਨੂੰ ਜਨਮ ਦਿੱਤਾ। ਇਸ ਵਿਚਾਰਧਾਰਾ ਦਾ ਆਧਾਰ ਸਾਰੀ ਕਾਇਨਾਤ ਦੇ ਅਦਿੱਖ ਕਰਤੇ ਪ੍ਰਭੂ ਦੀ ਹੋਂਦ ਵਿਚ ਵਿਸ਼ਵਾਸ ਸੀ ਜੋ ਸਾਰੀ ਸ੍ਰਿਸ਼ਟੀ ਨੂੰ ਆਪ ਆਪਣੇ ਹੁਕਮੀ ਨੇਮਾਂ ਅਨੁਸਾਰ ਚਲਾ ਰਿਹਾ ਹੈ। ਉਸੇ ਕਰਤੇ ਪ੍ਰਭੂ ਨੇ ਮਨੁੱਖੀ ਸਰੀਰ ਵਿਚ ਮਨ ਦੁਆਰਾ ਆਪਣਾ ਅੰਸ਼ ਪਾਇਆ ਹੋਇਆ ਹੈ। ਪ੍ਰਭੂ ਦਾ ਅੰਸ਼ ਹੋਣ ਕਾਰਨ ਹਰ ਵਿਅਕਤੀ ਨਿੱਜੀ ਆਜ਼ਾਦੀ ਅਤੇ ਮਨੁੱਖੀ ਬਰਾਬਰੀ ਦਾ ਹੱਕਦਾਰ ਹੈ ਪਰ ਮਨ ਮਨੁੱਖ ਨੂੰ ਜਨਮ ਤੋਂ ਹੀ ਪ੍ਰਭੂ ਦਾ ਅੰਸ਼ ਸਮਝਣ ਦੀ ਥਾਂ ਉਸ ਨੂੰ ਆਪਣੀ ਵਖਰੀ ਆਜ਼ਾਦ ਹਸਤੀ ਹੋਣ ਦਾ ਭਰਮ ਪਾ ਦਿੰਦਾ ਹੈ। ਇਸ ਭਰਮ ਨੂੰ ਗੁਰਬਾਣੀ ਹਉਮੈ, ਮੈਂ ਹਾਂ, ਆਖਦੀ ਹੈ। ਹਉਮੈ ਦੇ ਪ੍ਰਭਾਵ ਅਧੀਨ ਮਨੁੱਖ ਪ੍ਰਭੂ ਨੂੰ ਭੁਲਾ ਦਿੰਦਾ ਹੈ ਅਤੇ ਹਉਮੈ ਮਨੁੱਖ ਦਾ ਵਡਾ ਰੋਗ ਬਣ ਜਾਂਦੀ ਹੈ ਜਿਸ ਨੂੰ ਕੇਵਲ ਪ੍ਰਭੂ ਦੀ ਯਾਦ ਹੀ ਦੂਰ ਕਰਨ ਦੇ ਸਮ੍ਰਥ ਹੁੰਦੀ ਹੈ। ਪ੍ਰਭੂ ਦੇ ਅੰਸ਼ ਦਾ ਮਨੋਰਥ ਪ੍ਰਭੂ ਮਿਲਾਪ ਹੈ ਜੋ ਮਨੁੱਖ ਨੂੰ ਪ੍ਰਭੂ ਦੇ ਗਿਆਨ ਦੁਆਰਾ ਪ੍ਰਾਪਤ ਹੁੰਦਾ ਹੈ ਅਤੇ ਉਹ ਗਿਆਨ ਦਇਆ, ਸੰਤੋਖ, ਜਤ ਅਤੇ ਸਤ ਵਾਲਾ ਧਾਰਮਕ ਜੀਵਨ ਧਾਰਨ ਕਰਨ ਨਾਲ ਸ਼ਬਦ-ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ। ਗੁਰਬਾਣੀ ਦੱਸਦੀ ਹੈ ਕਿ ਪ੍ਰਭੂ ਆਪਣੀ ਸਾਰੀ ਕਾਏਨਾਤ ਵਿਚ ਵਸ ਰਿਹਾ ਹੈ: "ਇਹੁ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥" (ਪੰਨਾ 463) ਅਤੇ "ਏਹੁ ਵਿਸੁ ਸੰਸਾਰ ਤੁਮ ਦੇਖਦੇ ਇਹੁ ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆਇਆ॥" (ਪੰਨਾ 922) ਅਤੇ ਮਾਨਵਤਾ ਦੀ ਨਿਸ਼ਕਾਮ ਸੇਵਾ ਕਰਨ ਨਾਲ ਪ੍ਰਭੂ ਮਿਲਾਪ ਦੀ ਸੰਭਾਵਨਾ ਬਣ ਜਾਂਦੀ ਹੈ। "ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥" (ਪੰਨਾ 26)।

ਇਸ ਮਾਨਵੀ ਵਿਚਾਰਧਾਰਾ ਦਾ ਪ੍ਰਚਲਤ ਸੰਸਾਰਕ ਵਿਚਾਰਧਾਰਾ ਅਤੇ ਸਭਿਆਚਾਰ ਨਾਲ ਟਕਰਾਓ ਹੋਣਾ ਸੁਭਾਵਕ ਸੀ। ਜਦੋਂ ਇਹ ਵਿਚਾਰਧਾਰਾ ਲੋਕ ਪਰੀਆ ਹੋਣ ਲੱਗ ਪਈ ਤਾਂ ਗੁਰਗੱਦੀ ਦੇ ਚਾਹਵਾਨ ਅਤੇ ਸਥਾਪਤ ਧਾਰਮਕ ਵਿਚਾਰਧਾਰਾ ਦੇ ਸਮਰਥਕ ਮੁਗਲ ਸ਼ਾਸਨ ਨੂੰ ਸ਼ਿਕਾਇਤਾਂ ਕਰਨ ਲੱਗ ਪਏ। ਸਮਾਂ ਪੈਣ ਨਾਲ ਉਨ੍ਹਾਂ ਦਾ ਵਿਰੋਧ ਅਤੇ ਸ਼ਾਸਨ ਦਾ ਵਿਹਾਰ ਹਿੰਸਕ ਰੂਪ ਧਾਰਨ ਕਰ ਗਿਆ। ਬੰਦਾ ਬਹਾਦਰ ਦੇ ਪੰਜਾਬ ਆਉਣ ਨਾਲ ਜੰਗ ਦੀ ਸਥਿਤੀ ਪੈਦਾ ਹੋ ਗਈ ਅਤੇ ਉਸ ਦੀ ਸ਼ਹੀਦੀ ਉਪਰੰਤ ਮੁਗਲ ਸ਼ਾਸਨ ਨੇ ਸਿੱਖਾਂ ਦੀ ਨਸਲਕੁਸ਼ੀ ਦਾ ਐਲਾਨ ਕਰ ਦਿੱਤਾ। ਸਿੱਖ ਜੰਗਲਾਂ ਵਿਚ ਰਹਿਣ ਅਤੇ ਮੁਗਲ ਸ਼ਾਸਨ ਦਾ ਟਾਕਰਾ ਕਰਨ ਲੱਗ ਪਏ। ਸਮਾਂ ਪੈਣ ਨਾਲ ਮੁਗਲ ਸ਼ਾਸਨ ਕਮਜ਼ੋਰ ਹੋ ਗਿਆ। ਮੁਗਲ ਸ਼ਾਸਨ ਕਮਜ਼ੋਰ ਹੋਣ ਤੇ ਨਾਦਰ ਸ਼ਾਹ ਅਤੇ ਫਿਰ ਅਹਿਮਦ ਸ਼ਾਹ ਅਬਦਾਲੀ ਨੇ ਦਿੱਲੀ ਨੂੰ ਲੁੱਟਣ ਲਈ ਉਸ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਦੀਆਂ ਧਾੜਵੀ ਫੌਜਾਂ ਪੰਜਾਬ ਵਿਚੋਂ ਦੀ ਜਾਂਦੀਆਂ ਹੋਈਆਂ ਪੰਜਾਬ ਨੂੰ ਵੀ ਲੁਟਣ ਲੱਗ ਪਈਆਂ ਪਰ ਪੰਜਾਬ ਅਤੇ ਦਿੱਲੀ ਵਿਚ ਫਰਕ ਸੀ। ਪੰਜਾਬ ਵਿਚ ਗੁਰੂ ਦੇ ਵਰੋਸਾਏ ਸਿੱਖ ਵਸਦੇ ਸਨ ਜੋ ਆਪਣੇ ਧਰਮ ਅਤੇ ਹੱਕਾਂ ਦੀ ਰੱਖਿਆ ਲਈ ਸੰਘਰਸ਼ ਅਤੇ ਜੰਗ ਕਰਨ ਤੋਂ ਸੰਕੋਚ ਨਹੀਂ ਸਨ ਕਰਦੇ। ਸਿੱਖਾਂ ਦੀਆਂ 12 ਮਿਸਲਾਂ ਨੇ ਅਬਦਾਲੀ ਵਿਰੁਧ ਸੰਘਰਸ਼ ਵਿੱਢ ਦਿੱਤਾ। ਅਬਦਾਲੀ ਹੰਭ ਕੇ ਅਫਗਾਨਿਸਤਾਨ ਮੁੜ ਗਿਆ। ਮਿਸਲਾਂ ਨੂੰ ਮਿਲਾ ਅਤੇ ਜਿੱਤ ਕੇ ਰਣਜੀਤ ਸਿੰਘ ਨੇ ਆਪਣਾ ਰਾਜ ਕਾਇਮ ਕਰ ਲਿਆ। ਉਸ ਸਮੇਂ ਦੇ ਸਿੱਖ ਸਿੱਖੀ ਜੀਵਨ ਦੇ ਮੁਢਲੇ ਸਿਧਾਂਤਾਂ ਦੀ ਪਾਲਣਾ ਕਰਦੇ ਸਨ ਅਤੇ ਰਣਜੀਤ ਸਿੰਘ ਦੇ ਰਾਜ ਨੂੰ ਸਿੱਖ ਰਾਜ ਨਹੀਂ ਸਨ ਸਮਝਦੇ। ਉਨ੍ਹਾਂ ਹੀ ਸਿੱਖੀ ਸਿਧਾਂਤਾਂ ਦਾ ਪ੍ਰਗਟਾਵਾ ਸਿੱਖ ਫੌਜੀਆਂ ਨੇ ਅੰਗਰੇਜ਼ਾਂ ਨਾਲ ਜੰਗਾਂ ਵਿਚ ਕੀਤਾ। ਉਨ੍ਹਾਂ ਦੀ ਬਹਾਦਰੀ ਅਤੇ ਨੈਤਿਕਤਾ ਬੇਮਿਸਾਲ ਹੋ ਨਿਬੜੀ। ਸ਼ਾਹ ਮੁਹੰਮਦ ਲਿਖਦਾ ਹੈ: "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ। ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ। ਸੈਆਂ ਆਦਮੀ ਗੋਲਿਆਂ ਨਾਲ ਉੱਡਣ ਹਾਥੀ ਢਾਹੁੰਦੇ ਸਣੇ ਅੰਬਾਰੀਆਂ ਨੀ। ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।" ਜੰਗ ਨੂੰ ਜਿੱਤ ਕੇ ਹਾਰਨਾ ਸਿੱਖਾਂ ਦੇ ਭੋਲੇਪਣ ਅਤੇ ਨੇਕ ਸੀਰਤ ਅਤੇ ਅੰਗਰੇਜ਼ ਸਰਕਾਰ ਦੇ ਧੋਖੇਬਾਜ਼ੀ ਅਤੇ ਨੈਤਿਕ ਗਿਰਾਵਟ ਦਾ ਪ੍ਰਤੀਕ ਸੀ।

ਸਿੱਖਾਂ ਨੂੰ ਈਸਾਈ ਮੱਤ ਦੇ ਪ੍ਰਭਾਵ ਤੋਂ ਬਚਾਉਣ ਲਈ ਸਿੰਘ ਸਭਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਦੇ ਵਿਆਪਕ ਪ੍ਰਚਾਰ ਨੇ ਆਮ ਸਿੱਖਾਂ ਵਿਚ ਧਾਰਮਕ ਜਾਗ੍ਰਤੀ ਲੈ ਆਂਦੀ।

ਅੰਗਰੇਜ਼ ਸਰਕਾਰ ਸ਼ੁਰੂ ਤੋਂ ਹੀ ਸਿੱਖ ਧਰਮ ਦਾ ਵਿਰੋਧ ਕਰ ਰਹੀ ਸੀ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮਹੱਤਵਹੀਣ ਸਿੱਧ ਕਰਨ ਲਈ ਅਰਨੈਸਟ ਟਰੰਪ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਦੀ ਜ਼ਿੰਮੇਵਾਰੀ ਸੌਂਪੀ। ਗੁਰੂ ਨਾਨਕ ਦਾ ਮਾਨਵੀ ਸੰਦੇਸ਼ ਸਾਰੇ ਜਗਤ ਲਈ ਸੀ ਪਰ ਅੰਗਰੇਜ਼ਾਂ ਵਲੋਂ 1809 ਵਿਚ ਮੈਟਕਾਫ ਟਰੀਟੀ ਰਾਹੀਂ ਪੰਜਾਬ ਦੀ ਸਰਹੱਦ ਸਤਲੁਜ ਨਿਸਚਤ ਕਰਨ ਨਾਲ ਨਾਨਕ ਵਿਚਾਰਧਾਰਾ ਦਾ ਪ੍ਰਭਾਵ ਅੰਬਾਲੇ ਦੇ ਪੱਛਮ ਤਕ ਸੀਮਤ ਹੋ ਕੇ ਰਹਿ ਗਿਆ ਜਿਸ ਤੇ ਸਿੱਖ ਗੁਰਦੁਆਰਾਜ਼ ਐਕਟ ਅਤੇ ਅਕਾਲੀ ਦਲ ਦੀ ਸਿਆਸਤ ਨੇ ਮੋਹਰ ਲਾ ਦਿੱਤੀ।

ਅੰਗਰੇਜ਼ੀ ਸਾਮਰਾਜ ਵਿਚ ਸਿੱਖਾਂ ਨੂੰ ਆਜ਼ਾਦ ਜੀਵਨ ਜਿਊਣ ਲਈ ਨਿਰੰਤਰ ਸੰਘਰਸ਼ ਕਰਨੇ ਪਏ। ਉਨ੍ਹਾਂ ਦੀਆਂ ਵਧੀਕੀਆਂ ਵਿਰੁਧ ਨਾਮਧਾਰੀ ਲਹਿਰ ਉਠੀ ਜਿਸ ਵਿਚ ਸਿੱਖਾਂ ਨੂੰ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ ਅਤੇ ਬਹੁਤ ਸਾਰੇ ਨਾਮਧਾਰੀ ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾ ਦਿੱਤਾ ਗਿਆ। ਕੈਨੇਡਾ, ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਰਿਟਾਇਰਡ ਫੌਜੀ ਅਤੇ ਦੂਜੇ ਵਸ ਰਹੇ ਸਿੱਖਾਂ ਨਾਲ ਵਿਤਕਰਾ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਨੂੰ ਅਨਿਆਂ ਅਤੇ ਜ਼ਲਾਲਤ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਨੇ ਕੈਨੇਡਾ ਅਤੇ ਅਮਰੀਕਾ ਵਿਚ ਗੁਰਦੁਆਰੇ ਸਥਾਪਤ ਕਰ ਲਏ ਜਿਨ੍ਹਾਂ ਵਿਚ ਐਤਵਾਰ ਨੂੰ ਦੀਵਾਨ ਸਜਣ ਲੱਗ ਪਏ ਅਤੇ ਉਨ੍ਹਾਂ ਦੀਵਾਨਾਂ ਵਿਚ ਸਿੱਖਾਂ ਨੂੰ ਆਪਣੇ ਹੱਕਾਂ ਅਤੇ ਸਵੈਮਾਣ ਅਤੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਨ ਲਈ ਉਤਸ਼ਾਹਤ ਕੀਤਾ ਜਾਣ ਲੱਗ ਪਿਆ। 1912 ਵਿਚ ਭਾਰਤੀਆਂ ਨੂੰ ਕੌਮੀ ਸੰਗਠਨ ਵਿਚ ਸੰਗਠਤ ਕਰ ਕੇ ਭਾਰਤ ਨੂੰ ਆਜ਼ਾਦ ਕਰਵਾਉਣਾ ਲਈ ਅਮਰੀਕਾ ਵਿਚ ਪੈਸਿਫਿਕ ਕੋਸਟ ਹਿੰਦੁਸਤਾਨ ਅਸੋਸੀਏਸ਼ਨ ਦਾ ਗਠਨ ਕੀਤਾ ਗਿਆ। ਇਹ ਸੰਸਥਾ ਗਦਰ ਪਾਰਟੀ ਦੇ ਨਾਂ ਹੇਠ ਮਸ਼ਹੂਰ ਹੋਈ ਅਤੇ ਆਪਣਾ ਅਖਬਾਰ 'ਗਦਰ' ਛਾਪਣ ਲੱਗ ਪਈ। ਗਦਰ ਪਾਰਟੀ ਦੇ ਮੈਂਬਰਾਂ ਅਤੇ ਕਾਮਾ ਗਾਟਾ ਮਾਰੂ ਦੇ ਯਾਤਰੂਆਂ ਨੂੰ ਜਿਨ੍ਹਾਂ ਵਿਚ ਬਹੁਗਿਣਤੀ ਸਿੱਖ ਸਨ, ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿਚ ਅਤਿਆਚਾਰਾਂ, ਕੁਰਕੀਆਂ, ਕਾਲੇ ਪਾਣੀ ਦੀਆਂ ਕੈਦਾਂ ਅਤੇ ਫਾਂਸੀਆਂ ਦੀਆਂ ਸਜ਼ਾਵਾਂ ਝਲਣੀਆਂ ਪਈਆਂ।

ਜਾਗਰੂਕ ਸਿੱਖ ਗੁਰਦੁਆਰਿਆਂ ਵਿਚ ਉਦਾਸੀ ਅਤੇ ਨਿਰਮਲੇ ਮਹੰਤਾਂ ਦੇ ਪ੍ਰਬੰਧਾਂ ਅਤੇ ਉਨ੍ਹਾਂ ਵਲੋਂ ਕੀਤੀਆਂ ਜਾਣ ਵਾਲੀਆਂ ਕੁਰੀਤਾਂ ਤੋਂ ਚਿੰਤਤ ਸਨ ਅਤੇ ਚਾਹੁੰਦੇ ਸਨ ਕਿ ਗੁਰਦੁਆਰਿਆਂ ਦੀ ਸੇਵਾ ਸਿੱਖ ਸ਼ਰਧਾਲੂ ਕਰਨ। 15 ਨਵੰਬਰ, 1920 ਨੂੰ ਅਕਾਲ ਤਖਤ ਤੇ ਦਰਬਾਰ ਸਾਹਿਬ ਅਤੇ ਦੂਜੇ ਇਤਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਪ੍ਰਤੀਨਿਧ ਕਮੇਟੀ ਚੁਣਨ ਲਈ ਸਾਰੇ ਦੇਸ਼ਾਂ ਵਿਚ ਵਸਦੇ ਸਿੱਖਾਂ ਦੇ ਨੁਮਾਇੰਦਿਆਂ ਦਾ ਇਕੱਠ ਹੋਇਆ ਜਿਸ ਨੇ ਗੁਰਦੁਅਰਿਆਂ ਦੇ ਪ੍ਰਬੰਧ ਲਈ 175 ਮੈਂਬਰਾਂ ਦੀ ਕਮੇਟੀ ਦੀ ਚੋਣ ਕੀਤੀ ਜਿਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਨਨਕਾਣਾ ਸਾਹਿਬ ਵਿਚ ਮਹੰਤ ਨਰਾਇਣਦਾਸ ਦੇ ਗੁੰਡਿਆਂ ਨੇ 150 ਸਿੱਖ ਸ਼ਰਧਾਲੂਆਂ ਦੇ ਜੱਥੇ ਨੂੰ ਗੋਲੀਆਂ ਮਾਰ ਕੇ ਮਾਰ ਮੁਕਾਇਆ। ਗੁਰਦੁਆਰਿਆਂ ਦੇ ਸੁਧਾਰ ਲਈ ਲਹਿਰ ਸ਼ੁਰੂ ਹੋ ਗਈ। ਅੰਗਰੇਜ਼ ਸਰਕਾਰ ਨੇ ਮਹੰਤਾਂ ਦੀ ਰਖਿਆ ਲਈ ਸਿੱਖਾਂ ਤੇ ਤਸ਼ੱਦਦ ਕਰਨਾ ਸ਼ੁਰੂ ਕਰ ਦਿੱਤਾ। ਮਹੰਤਾਂ ਵਿਰੁਧ ਵਿਢਿਆ ਸੰਘਰਸ਼ ਅੰਗਰੇਜ਼ੀ ਸਰਕਾਰ ਵਿਰੁਧ ਹੋ ਗਿਆ। ਸਿੱਖਾਂ ਨੂੰ ਸਰਕਾਰ ਦੇ ਜ਼ੁਲਮ ਦਾ ਸ਼ਾਂਤਮਈ ਢੰਗ ਨਾਲ ਲੰਮਾ ਟਾਕਰਾ ਕਰਨਾ ਪਿਆ ਅਤੇ ਜੇਲ੍ਹਾਂ ਕਟਣੀਆਂ ਪਈਆਂ। ਲੰਮੇ ਸੰਘਰਸ਼ ਮਗਰੋਂ ਅੰਗਰੇਜ਼ੀ ਸਰਕਾਰ ਜਿਸ ਨੂੰ ਆਪਣੇ ਰਾਜ ਤੇ ਸੂਰਜ ਨਾ ਛਿਪਣ ਦਾ ਬਹੁਤ ਮਾਨ ਸੀ, ਹਾਰ ਕੇ ਸਿੱਖਾਂ ਦੀਆਂ ਮੰਗਾਂ ਮੰਨਣ ਲਈ ਤਿਆਰ ਹੋ ਗਈ ਪਰ ਅੰਗਰੇਜ਼ਾਂ ਦੇ ਵਫਾਦਾਰ ਸਿੱਖਾਂ ਨੇ ਗੁਰਦੁਆਰਿਆਂ ਦੇ ਪ੍ਰਬੰਧਾਂ ਵਿਚ ਸੁਧਾਰ ਲਿਆਉਣ ਲਈ 1920 ਵਿਚ ਚੁਣੀ 175 ਮੈਂਬਰੀ ਕਮੇਟੀ ਨੂੰ ਪੱਕੇ ਪੈਰੀਂ ਕਰਨ ਦੀ ਥਾਂ ਗੁਰਦੁਆਰਾ ਕਾਨੂੰਨ ਦੀ ਮੰਗ ਰੱਖ ਦਿੱਤੀ। ਸਿੱਖ ਗੁਰਦੁਆਰਾ ਐਕਟ, 1925 ਬਣ ਗਿਆ। ਸਿੱਖਾਂ ਨੇ ਆਪਣੀ ਰਾਜਸੀ ਪਾਰਟੀ, ਅਕਾਲੀ ਪਾਰਟੀ, ਬਣਾ ਲਈ। ਸਿੱਖੀ ਜੀਵਨ ਨੂੰ ਪੱਛਮੀ ਆਰਥਕ ਅਤੇ ਸਿਆਸੀ

***(ਬਾਕੀ ਅਗਲੇ ਸਫੇ 'ਤੇ)***

# ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਨੂੰ ਯਾਦ ਕਰਦਿਆਂ

**23 ਮਾਰਚ 'ਤੇ ਵਿਸ਼ੇਸ਼**

ਹਰੇਕ ਸਾਲ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਸਾਥੀਆਂ, ਰਾਜ ਗੁਰੂ ਤੇ ਸੁਖਦੇਵ ਨੂੰ ਯਾਦ ਕੀਤਾ ਜਾਂਦੈ। ਸ਼ਹੀਦ ਭਗਤ ਸਿੰਘ ਦੇ ਪਿੰਡ ਅਤੇ ਆਲੇ-ਦੁਆਲੇ ਦੇ ਪਿੰਡਾਂ 'ਚ ਬੜੀ ਚਹਿਲ-ਪਹਿਲ ਹੁੰਦੀ ਐ। ਮੇਲਾ ਵੇਖਣ ਦੇ ਸ਼ੌਕੀਨ ਰਿਸ਼ਤੇਦਾਰਾਂ ਲਈ ਇਕ ਦਿਨ ਪਹਿਲਾਂ ਹੀ ਲਾਗੇ ਦੇ ਪਿੰਡਾਂ 'ਚ ਮਹਿਮਾਨ-ਨਿਵਾਜ਼ੀ ਹੋਣ ਲੱਗ ਪੈਂਦੀ ਹੈ। ਕਾਹਮੇਂ ਦੇ ਅੱਡੇ ਤੋਂ ਖਟਕੜ-ਕਲਾਂ ਤੱਕ ਵੱਖ ਵੱਖ ਤਰ੍ਹਾਂ ਦੀਆਂ ਦੁਕਾਨਾਂ ਮੇਲੇ ਦੀ ਸ਼ਾਨ ਬਣਦੀਆਂ ਨੇ।

**ਇਕਬਾਲ ਸਿੰਘ ਜੱਬੋਵਾਲੀਆ**





ਸ਼ਹੀਦ ਭਗਤ ਸਿੰਘ ਦਾ ਇਕ ਚਿੱਤਰ ਅਤੇ (ਸੱਜੇ) ਉਸ ਦੇ ਘਰ ਦੇ ਵਿਹੜੇ ਵਿਚ ਲੱਗੀ ਖੂਹੀ

ਪੰਜਾਬ ਸਰਕਾਰ ਵਲੋਂ ਮੁੱਖ ਮਾਰਗ ਨੂੰ ਚੰਗੀ ਤਰ੍ਹਾਂ ਸ਼ਿੰਗਾਰਿਆ ਜਾਂਦੈ। ਸਪੀਕਰਾਂ 'ਚ ਵੱਜਦੇ ਦੇਸ਼ ਭਗਤੀ ਦੇ ਗੀਤ ਮੇਲੇ ਨੂੰ ਚਾਰ ਚੰਨ ਲਾਉਂਦੇ ਨੇ।

ਕ੍ਰਾਂਤੀਕਾਰੀ ਭਗਤ ਸਿੰਘ ਦੇ ਘਰ ਦੀਆਂ ਰਹਿ ਗਈਆਂ ਨਿਸ਼ਾਨੀਆਂ ਵੇਖਣ ਦਾ ਮੌਕਾ ਮਿਲਿਆ (ਇਹ 2008 ਦੀ ਗੱਲ ਹੈ)। ਪਲੰਘ, ਸੰਦੂਕ, ਰਸੋਈ, ਭਾਂਡੇ, ਪੱਖੀਆਂ, ਚਰਖਾ, ਪੀੜ੍ਹੀ, ਚੱਕੀ, ਮੂੜ੍ਹੇ, ਗਾਗਰਾਂ ਵੇਖੀਆਂ। ਘਰ ਦੇ ਵਿਹੜੇ ਵਿਚ ਖੂਹੀ ਹੁੰਦੀ ਸੀ, ਜਿਥੋਂ ਇਹ ਪਰਿਵਾਰ ਜਾਂ ਹੋਰ ਆਲੇ-ਦੁਆਲੇ ਦੇ ਪਿੰਡ ਵਾਸੀ ਪਾਣੀ ਭਰਦੇ ਹੋਣਗੇ। ਹੁਣ ਉਹ ਪੂਰ ਦਿੱਤੀ ਗਈ ਹੈ। ਹੁਣ ਉਥੇ ਸੋਹਣਾ ਘਾਹ ਤੇ ਵਧੀਆ ਬੂਟੇ ਬਗੈਰਾ ਲਾ ਦਿਤੇ ਗਏ ਹਨ। ਘਰ ਦੇ ਮੂਹਰੇ ਹੀ ਫੁਹਾਰਾ ਲੱਗਾ ਹੋਇਆ ਸੀ, ਜਿਸ ਨੂੰ ਸ਼ਾਇਦ ਮੇਲੇ ਦੇ ਦਿਨਾਂ ਵਿਚ ਹੀ ਚਲਾਇਆ ਜਾਂਦਾ ਹੈ। ਮੇਲੇ ਵੇਖਣ ਆਏ ਸੈਲਾਨੀ ਜਾਂ ਇਲਾਕੇ ਭਰ ਦੇ ਲੋਕ ਉਨ੍ਹਾਂ ਵਸਤਾਂ ਨੂੰ ਵੇਖ ਧੰਨ ਧੰਨ ਹੋ ਜਾਂਦੇ ਹਨ।

ਮੈਨੂੰ ਯਾਦ ਐ, ਜਦੋਂ ਅਸੀਂ ਛੋਟੇ ਛੋਟੇ ਹੁੰਦੇ ਸਾਂ ਤਾਂ ਮੇਲੇ ਵਾਲੇ ਦਿਨ ਸ. ਭਗਤ ਸਿੰਘ ਦੀ ਮਾਤਾ ਸ੍ਰੀਮਤੀ ਵਿਦਿਆਵਤੀ ਜੀ ਨੂੰ ਕਾਰ ਵਿਚ ਬਿਠਾ ਮੇਲੇ ਵਿਚ ਘੁੰਮਾਇਆ ਜਾਂਦਾ ਸੀ। ਉਸ ਵੇਲੇ ਦੀ ਸਰਕਾਰਾਂ ਵਲੋਂ ਮਾਤਾ ਜੀ ਨੂੰ 'ਪੰਜਾਬ ਮਾਤਾ ਦੇ ਖਿਤਾਬ' ਦਿੱਤੇ ਜਾਂਦੇ ਸਨ। ਫਿਲਮੀ ਐਕਟਰ-ਡਾਇਰੈਕਟਰ ਸਵਰਗੀ ਵਰਿੰਦਰ ਨੇ ਪੰਜਾਬ ਮਾਤਾ ਫਿਲਮ ਬਣਾਉਣ ਦਾ ਐਲਾਨ ਵੀ ਕੀਤਾ ਸੀ। ਉਸ ਦੀ ਮੌਤ ਤੋਂ ਬਾਅਦ ਸਭ ਕੁਝ ਧਰਿਆ ਧਰਾਇਆ ਰਹਿ ਗਿਆ ਸੀ।

ਬੰਬਈ ਫਿਲਮ ਇੰਡਸਟ੍ਰੀਜ਼ ਵਾਲਿਆਂ ਨੇ ਭਗਤ ਸਿੰਘ ਦੇ ਨਾਂ 'ਤੇ ਕਈ ਫਿਲਮਾਂ ਵੀ ਬਣਾਈਆਂ। ਪੈਸਾ ਵੀ ਵਾਹਵਾ ਕਮਾਇਆ ਹੋਵੇਗਾ, ਪਰ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਸ. ਭਗਤ ਸਿੰਘ ਦੇ ਪਿੰਡ ਦਾ ਉਹ ਵਿਕਾਸ ਨਹੀਂ ਹੋਇਆ, ਜੋ ਹੋਣਾ ਚਾਹੀਦਾ ਸੀ। ਸਰਕਾਰ ਵੀ ਸਮੇਂ ਸਮੇਂ 'ਤੇ ਆ ਕੇ ਸੜਕਾਂ ਦੀ ਮੁਰੰਮਤ ਜਾਂ ਸਫਾਈ ਬਗੈਰਾ ਕਰਾ ਦਿੰਦੀ ਹੈ। ਮੇਲੇ ਤੋਂ ਬਾਅਦ ਫਿਰ ਭੁਲ ਭੁਲਾ ਜਾਂਦੀਆਂ ਹਨ। ਮੇਲੇ 'ਤੇ ਸਟੇਜਾਂ ਲਾ ਕੇ ਇਕ-ਦੂਜੇ ਤੋਂ ਵਧੀਆ ਸਾਬਤ ਹੋਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਲੋਕਾਂ ਨੂੰ ਸਬਜ਼ਬਾਗ ਵਿਖਾ ਕੇ ਅਗਲੇ ਸਾਲ ਲਈ ਫਿਰ ਤਿਆਰੀ ਖਿਚਣ ਲੱਗ ਪੈਂਦੇ ਹਨ।

ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦੀ ਦੇਸ਼ ਨੂੰ ਬੜੀ ਵੱਡੀ ਦੇਣ ਹੈ। ਅੱਜ ਕੱਲ੍ਹ ਜੋ ਕਿਸਾਨਾਂ ਦਾ ਸੰਘਰਸ਼ ਚਲਦਾ ਹੈ, ਅਜਿਹਾ ਹੀ ਕਿਸਾਨੀ ਅੰਦੋਲਨ ਕਦੇ ਸ. ਭਗਤ ਸਿੰਘ ਜੀ ਦੇ ਪਿਤਾ ਅਤੇ ਚਾਚਾ ਜੀ ਨੇ ਕੀਤਾ ਸੀ। ਉਹ ਸੰਘਰਸ਼ ਕਈ ਮਹੀਨੇ ਚਲਿਆ ਸੀ ਤੇ ਜਾ ਕੇ ਫਤਿਹ ਹਾਸਲ ਹੋਈ ਸੀ। ਹੁਣ ਉਹੀ ਕਿਸਾਨੀ ਸੰਘਰਸ਼ ਪੰਜਾਬ ਵਾਸੀ ਸ. ਭਗਤ ਸਿੰਘ ਦੇ ਵਾਰਿਸ ਬਣ ਕੇ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਰ ਰਹੇ ਨੇ। ਸ਼ਹੀਦ ਭਗਤ ਸਿੰਘ ਦੇ ਸੁਪਨੇ ਸਾਕਾਰ ਕਰਨ ਅਤੇ ਪੰਜਾਬ ਨੂੰ ਖੁਸ਼ਹਾਲ ਵੇਖਣ ਲਈ ਪੰਜਾਬ ਵਾਸੀ ਕਰ ਰਹੇ ਹਨ। ਜਾਨਾਂ ਤੋਂ ਬੇਪ੍ਰਵਾਹ ਪੰਜਾਬੀ, ਦੇਸ਼ ਦੀ ਇੱਜਤ ਅਤੇ ਸੁਰੱਖਿਆ ਲਈ ਹਮੇਸ਼ਾ ਅੱਗੇ ਰਹੇ ਹਨ। ਜੈ ਜਵਾਨ, ਜੈ ਕਿਸਾਨ। 23 ਮਾਰਚ ਦੇ ਸ਼ਹੀਦਾਂ ਨੂੰ ਹਮੇਸ਼ਾ ਸਲਾਮ ਹੈ।

ਸ਼ਹੀਦੋਂ ਕੀ ਚਿਤਾਓਂ ਪਰ  
ਲਗੇਗੇਂ ਹਰ ਬਰਸ ਮੇਲੇ,  
ਵਤਨ ਪੇ ਮਿਟਨੇ ਵਾਲੋਂ ਕਾ  
ਯਹੀ ਬਾਕੀ ਨਿਸ਼ਾਂ ਹੋਗਾ।

# ਕਿਸਾਨੀ ਅੰਦੋਲਨ ਵਿਚ ਨਾਨਕ ਬਾਣੀ ਦਾ ਪ੍ਰਗਟਾਵਾ

*(ਪਿਛਲੇ ਸਫੇ ਦੀ ਬਾਕੀ)*

ਪ੍ਰਣਾਲੀਆਂ ਦੇ ਅਨੁਕੂਲ ਬਣਾਉਣ ਦੀ ਕਵਾਇਦ ਸ਼ੁਰੂ ਹੋ ਗਈ। ਸਿੱਖ ਜੀਵਨ ਗੁਰਬਾਣੀ ਉਪਦੇਸ਼ ਤੋਂ ਅਗਵਾਈ ਲੈਂਦਾ ਆ ਰਿਹਾ ਸੀ ਉਸ ਵਿਚ ਪੱਛਮੀ ਪੱਧਤੀਆਂ ਦੀਆਂ ਸੁਆਰਥੀ ਰੀਤਾਂ ਮਿਲਾਉਣੀਆਂ ਸੰਭਵ ਨਹੀਂ ਸਨ। ਅਜਿਹਾ ਕਰਨ ਨਾਲ ਸਿੱਖ ਸਿਆਸਤ ਵਿਚ ਅਰਥਹੀਣ ਸਮਸਿਆਵਾਂ ਪੈਦਾ ਹੋਣੀਆਂ ਸ਼ੁਰੂ ਹੋ ਗਈਆਂ।

1947 ਵਿਚ ਭਾਰਤ ਦੀ ਆਜ਼ਾਦੀ ਨੇ ਅੰਗਰੇਜ਼ ਸ਼ਾਸਕ ਤੇ ਬਦਲ ਦਿੱਤੇ ਪਰ ਅਜਿਹਾ ਹੋਣ ਨਾਲ ਭਾਰਤੀ ਸਮਾਜ ਅਤੇ ਆਮ ਲੋਕਾਂ ਦੀ ਸੋਚ ਵਿਚ ਕੋਈ ਬਦਲਾਓ ਨਾ ਆਇਆ। ਅੰਗਰੇਜ਼ ਸ਼ਾਸਕ ਕਾਨੂੰਨ ਦਾ ਸਤਕਾਰ ਕਰਦੇ ਸੀ ਅਤੇ ਉਸ ਅਨੁਸਾਰ ਕੰਮ ਕਰਨ ਦੇ ਆਦੀ ਸੀ ਪਰ ਭਾਰਤੀ ਸ਼ਾਸਕਾਂ ਵਿਚ ਕਾਨੂੰਨ ਨੂੰ ਆਪਣੇ ਹਿੱਤ ਵਿਚ ਵਰਤਣ ਦੀ ਰੁਚੀ ਪ੍ਰਬਲ ਸੀ। ਭਾਰਤ ਵਿਚ ਅੰਗਰੇਜ਼ ਸਰਕਾਰ ਦੀ ਥਾਂ ਹਿੰਦੂ ਬਹੁਮਤ ਤੇ ਮਾਨ ਕਰਨ ਵਾਲੀ ਕਾਂਗਰਸ ਸਰਕਾਰ ਹੋਂਦ ਵਿਚ ਆ ਗਈ। ਪੰਜਾਬ ਦੀ ਆਰੀਆ ਸਮਾਜੀ ਲਾਬੀ ਦਾ ਕਾਂਗਰਸ ਵਿਚ ਬਹੁਤ ਪ੍ਰਭਾਵ ਸੀ। ਇਹ ਲਾਬੀ ਸਿੱਖ ਵਿਰੋਧੀ ਸੀ ਅਤੇ ਘੱਟਗਿਣਤੀ ਸਿੱਖਾਂ ਨੂੰ ਨੁਕਸਾਨ ਪਹੁੰਚਾਉਣ ਲਈ ਪੰਜਾਬ ਦੀ ਤਰੱਕੀ ਵਿਚ ਰੁਕਾਵਟਾਂ ਪਾਉਂਦੀ ਸੀ। ਭਾਰਤ ਦੇ ਭਾਸ਼ਾ ਆਧਾਰਤ ਪੁਨਰਗਠਨ ਵਿਚ ਪੰਜਾਬ ਨੂੰ ਸ਼ਾਮਲ ਨਾ ਕੀਤਾ ਗਿਆ। ਅਕਾਲੀਆਂ ਨੂੰ ਪੰਜਾਬੀ ਸੂਬੇ ਲਈ ਸੰਘਰਸ਼ ਕਰਨਾ ਪਿਆ ਪਰ ਇਸ ਸੰਘਰਸ਼ ਵਿਚ ਸਿੱਖ ਆਗੂ ਨੈਤਿਕ ਦਿਵਾਲੀਏਪਣ ਤੋਂ ਨਾ ਬਚ ਸਕੇ। ਜਲ ਮਰਨ ਦੇ ਡਰਾਮੇ ਰਚੇ ਗਏ, ਜੱਟ ਭਾਪੇ ਅਤੇ ਮਾਝੇ ਮਾਲਵੇ ਵਿਚ ਵੰਡੀਆਂ ਪਾਉਣ ਦੀ ਸਿਆਸਤ ਕੀਤੀ ਗਈ।

16-17 ਅਕਤੂਬਰ, 1973 ਨੂੰ ਅਨੰਦਪੁਰ ਸਾਹਿਬ ਵਿਚ ਹੋਈ ਅਕਾਲੀ ਦਲ ਦੀ ਸਾਲਾਨਾ ਕਾਨਫਰੰਸ ਨੇ ਸ. ਕਪੂਰ ਸਿੰਘ ਵਲੋਂ ਡਰਾਫਟ ਕੀਤੇ ਭਾਰਤੀ ਸੰਘੀ ਢਾਂਚੇ ਨੂੰ ਰਾਜਾਂ ਪੱਖੀ ਬਣਾਉਣ ਦਾ ਮਤਾ ਪ੍ਰਵਾਨ ਕਰ ਕੇ ਭਾਰਤ ਦੇ ਉਤਰੀ ਹਿਸੇ ਵਿਚ ਭਾਰਤੀ ਸੰਘ ਦੇ ਅਨੁਕੂਲ ਖੁਦਮੁਖਤਾਰ ਅਧਿਕਾਰ ਖੇਤਰ ਬਣਾਉਣ ਅਤੇ ਉਸ ਵਿਚ ਸਿੱਖੀ ਹੱਕਾਂ ਨੂੰ ਮੂਲ ਰਾਜਨੀਤੀ ਦੇ ਤੌਰ 'ਤੇ ਬੁਨਿਆਦੀ ਅਤੇ ਵਿਸ਼ੇਸ਼ ਮਹਤੱਤਾ ਵਜੋਂ ਸੰਵਿਧਾਨਕ ਮਾਨਤਾ ਦੇਣ ਦੀ ਮੰਗ ਰੱਖ ਦਿੱਤੀ। ਭਾਰਤ ਦੇ ਸੰਘੀ ਢਾਂਚੇ ਨੂੰ ਰਾਜਾਂ ਪੱਖੀ ਬਣਾਉਣ ਦੀ ਮੰਗ ਬਹੁਤ ਹੀ ਮਹਤੱਵਪੂਰਨ ਸੀ, ਕਿਉਂਕਿ ਭਾਰਤੀ ਸੰਘ ਮੂਲ ਰੂਪ ਵਿਚ ਸੰਘੀ ਲਫ਼ਜ਼ਾਂ ਵਾਲਾ ਏਕਾਤਮਕ ਢਾਂਚਾ ਹੈ ਅਤੇ ਕੇਂਦਰ ਸਰਕਾਰ ਆਪਣੀ ਸ਼ਕਤੀ ਦੀ ਨਾਜਾਇਜ਼ ਵਰਤੋਂ ਕਰ ਕੇ ਰਾਜਾਂ ਦੇ ਅਧਿਕਾਰਾਂ 'ਤੇ ਕਬਜ਼ੇ ਕਰਨ ਦੀ ਆਦੀ ਹੈ। ਇਸ ਲਈ ਰਾਜਾਂ ਦੇ ਅਧਿਕਾਰਾਂ ਦੀ ਰਖਿਆ ਅਤੇ ਭਾਰਤੀ ਯੂਨੀਅਨ ਨੂੰ ਏਕਾਤਮਕ ਦੀ ਥਾਂ ਪੂਰਾ ਸੰਘੀ ਢਾਂਚਾ ਬਣਾਉਣ ਦੀ ਸੰਵਿਧਾਨਕ ਵਿਵਸਥਾ ਦੀ ਮੰਗ ਬਿਲਕੁਲ ਜਾਇਜ਼ ਸੀ ਪਰ ਉਸ ਮਤੇ ਵਿਚ ਸਿੱਖੀ ਹੱਕਾਂ ਨੂੰ ਬੁਨਿਆਦੀ ਅਤੇ ਵਿਸ਼ੇਸ਼ ਮਹੱਤਤਾ ਦੇਣ ਦੀ ਮੰਗ ਨੂੰ ਸ਼ਾਮਲ ਕਰਨ ਦੀ ਕੋਈ ਤੁਕ ਨਹੀਂ ਸੀ ਬਣਦੀ ਕਿਉਂਕਿ ਇਹ ਮੰਗ ਕਰਨ ਦਾ ਤਾਂ ਸਮਾਂ ਹੀ ਬੀਤ ਚੁਕਿਆ ਸੀ। ਇਹ ਮੰਗ ਤੇ ਅਕਾਲੀਆਂ ਨੂੰ 1947 ਦੇ ਬਟਵਾਰੇ ਵੇਲੇ ਕਰਨੀ ਚਾਹੀਦੀ ਸੀ ਜਾਂ ਫਿਰ ਸੰਵਿਧਾਨ ਬਣਾਉਣ ਸਮੇਂ ਸੰਵਿਧਾਨ ਵਿਚ ਅਜਿਹੀ ਵਿਵਸਥਾ ਕਰਨ ਲਈ ਜ਼ੋਰ ਪਾਉਣਾ ਚਾਹੀਦਾ ਸੀ ਪਰ ਉਨ੍ਹਾਂ ਸਮੇਂ ਸਿਰ ਕੁਝ ਵੀ ਨਾ ਕੀਤਾ। ਉਨ੍ਹਾਂ ਨੂੰ ਤੇ ਸਿੱਖਾਂ ਦੀ ਹਿੰਦੂਆਂ ਨਾਲੋਂ ਵਖਰੀ ਧਾਰਮਕ ਹੋਂਦ ਦਾ ਅਹਿਸਾਸ ਵੀ ਨਹੀਂ ਸੀ ਹੋਇਆ। 1973 1947 ਨਹੀਂ ਸੀ। 1947 ਵਿਚ ਕਾਂਗਰਸ ਸਿੱਖ ਰਾਜਿਆਂ ਦੇ ਪੰਜਾਬ ਵਿਚ ਖੁਦਮੁਖਤਾਰ ਰਾਜ ਨੂੰ ਲੈ ਕੇ ਬਹੁਤ ਚਿੰਤਤ ਸੀ ਕਿਉਂਕਿ ਪਟਿਆਲੇ ਦਾ ਮਹਾਰਾਜਾ ਭੁਪਿੰਦਰ ਸਿੰਘ ਰਾਊਂਡ ਟੇਬਲ ਕਾਨਫਰੰਸ ਦਾ ਮੈਂਬਰ ਸੀ। ਇਸੇ ਲਈ ਦੂਰਅੰਦੇਸ਼ ਗਾਂਧੀ ਰਾਜਕੁਮਾਰੀ ਅੰਮ੍ਰਿਤ ਕੌਰ ਨੂੰ ਆਪਣੇ ਨਾਲ ਮਿਲਾ ਕੇ ਪੰਜਾਬ ਦੇ ਕਪੂਰਥਲਾ ਰਾਜ ਨੂੰ ਕਾਂਗਰਸ ਪੱਖੀ ਬਣਾਉਣ ਦਾ ਜਤਨ ਕਰ ਰਿਹਾ ਸੀ ਅਤੇ ਕਾਂਗਰਸ ਭੁਪਿੰਦਰ ਸਿੰਘ ਦੀ ਜਾਂਚ ਕਰ ਕੇ ਉਸ ਵਿਰੁਧ ਵਾਇਸਰਾਏ ਨੂੰ ਸ਼ਿਕਾਇਤਾਂ ਕਰ ਰਹੀ ਸੀ। ਮਹਾਰਾਜੇ ਦੀ ਛੋਟੀ ਉਮਰ ਵਿਚ ਮੌਤ ਹੋ ਜਾਣੀ ਵੀ ਚਿੰਤਾਜਨਕ ਸੀ ਪਰ ਅਕਾਲੀਆਂ ਅਤੇ ਮਾਲਵੇ ਦੇ ਸਿੱਖ ਰਾਜਿਆਂ ਨੂੰ ਭਾਰਤ ਦੇ ਬਟਵਾਰੇ ਸਮੇਂ ਆਪਣੀ ਸਿਆਸੀ ਸ਼ਕਤੀ ਦੀ ਕੋਈ ਸੋਝੀ ਹੀ ਨਹੀਂ ਸੀ। 1973 ਵਿਚ ਤਾਂ ਹਾਲਤ ਬਿਲਕੁਲ ਬਦਲ ਚੁੱਕੀ ਸੀ। ਕਾਂਗਰਸ ਦੇ ਹੱਥ ਵਿਚ ਸੱਤਾ ਸੀ ਅਤੇ ਉਹ ਅਕਾਲੀਆਂ ਨੂੰ ਦਬਾਉਣ ਦੇ ਰੌਂ ਵਿਚ ਸੀ। ਅਨੰਦਪੁਰ ਦੇ ਮਤੇ ਵਿਚ ਇਹ ਮੰਗ ਰੱਖ ਕੇ ਸਿੱਖਾਂ ਨੇ ਵਿਰੋਧੀਆਂ ਦੀ ਤਲਖੀ ਵਧਾਉਣ ਦਾ ਕੰਮ ਹੀ ਕੀਤਾ ਕਿਉਂਕਿ ਇਤਿਹਾਸਕ ਭੁੱਲ ਦੇ ਜਜ਼ਬਾਤੀ ਪ੍ਰਗਟਾਵੇ ਤੋਂ ਵਿਰੋਧੀਆਂ ਨੂੰ ਸਿੱਖਾਂ ਨੂੰ ਖਾਲਿਸਤਾਨੀ ਆਖ ਕੇ ਬਦਨਾਮ ਕਰਨ ਦਾ ਮੌਕਾ ਮਿਲ ਗਿਆ। ਚਾਹੀਦਾ ਤਾਂ ਇਹ ਸੀ ਕਿ ਅਕਾਲੀ ਦਲ ਦੱਖਣੀ ਅਤੇ ਪੂਰਬੀ ਰਾਜਾਂ ਦੇ ਨੁਮਾਇੰਦਿਆਂ ਨਾਲ ਮਿਲ ਕੇ ਭਾਰਤੀ ਯੂਨੀਅਨ ਨੂੰ ਪੂਰੀ ਸੰਘੀ ਪ੍ਰਣਾਲੀ ਬਣਵਾਉਣ ਲਈ ਜਤਨ ਕਰਦਾ ਪਰ ਐਸਾ ਕਰਨ ਲਈ ਸਿਆਸੀ ਦੂਰਅੰਦੇਸ਼ੀ ਦੀ ਲੋੜ ਸੀ ਜਿਸ ਦੀ ਅਕਾਲੀ ਲੀਡਰਾਂ ਵਿਚ ਘਾਟ ਸੀ।

1975 ਵਿਚ ਇੰਦਰਾ ਗਾਂਧੀ ਨੇ ਐਮਰਜੈਂਸੀ ਲਾ ਦਿੱਤੀ ਪਰ ਆਉਣ ਵਾਲੀਆਂ ਚੋਣਾਂ ਹਾਰ ਗਈ। 1980 ਵਿਚ ਫਿਰ ਚੋਣਾਂ ਜਿੱਤ ਕੇ ਜਦੋਂ ਮੁੜ ਪ੍ਰਧਾਨ ਮੰਤਰੀ ਬਣੀ ਤਾਂ ਉਸ ਨੇ ਅਕਾਲੀਆਂ ਜਿਨ੍ਹਾਂ ਨੂੰ ਉਹ ਆਪਣੀ ਹਾਰ ਲਈ ਜ਼ਿੰਮੇਵਾਰ ਸਮਝਦੀ ਸੀ, ਸਬਕ ਸਿਖਾਉਣ ਦਾ ਮਨ ਬਣਾ ਲਿਆ। ਅਕਾਲੀ ਦਲ ਨੂੰ ਤੋੜਨ ਲਈ ਉਸ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਵਰਤਣਾ ਚਾਹਿਆ ਪਰ ਸਫਲ ਨਾ ਹੋਈ। 1970-80 ਦੀ ਸਿੱਖ ਸਿਆਸਤ ਦਾ ਇਨੀਸ਼ੀਏਟਿਵ ਇੰਦਰਾ ਗਾਂਧੀ ਦੇ ਹੱਥ ਵਿਚ ਸੀ ਅਤੇ ਉਸ ਦੇ ਹੱਥ ਵਿਚ ਹੀ ਰਿਹਾ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਪੰਜਾਬ ਵਿਚ ਧਾਰਮਕ ਭਾਵਨਾਵਾਂ ਤੇ ਆਧਾਰਤ ਸਿਆਸਤ ਕਰਨ ਦਾ ਜਤਨ ਕੀਤਾ ਜੋ ਬਹੁਤ ਹੀ ਘਾਤਕ ਸਿੱਧ ਹੋਇਆ ਅਤੇ ਜਿਸ ਦੀ ਅਸਹਿ ਤੇ ਅਕਹਿ ਮਾਰ ਸਿੱਖ ਜਵਾਨੀ ਨੂੰ ਸਹਿਣੀ ਪਈ।

ਸਿੱਖ ਧਰਮ ਦਾ ਵਿਰੋਧ ਅਤੇ ਸਿੱਖਾਂ ਨਾਲ ਵੈਰ ਤੇ ਅੰਗਰੇਜ਼ ਸਰਕਾਰ ਦੀ ਨੀਤੀ ਰਹੀ ਸੀ। ਅੰਗਰੇਜ਼ ਪੰਜਾਬ ਵਿਚ ਹਰ ਹਿੰਸਾਤਮਕ ਜੁਰਮ ਦਾ ਦੋਸ਼ ਅਕਾਲੀਆਂ ਦੇ ਸਿਰ ਮੜ੍ਹ ਦਿੰਦੇ ਸਨ ਅਤੇ ਉਦਾਸੀ ਵਿਦਵਾਨ ਉਨ੍ਹਾਂ ਦੀ ਸੁਰ ਵਿਚ ਸੁਰ ਮਿਲਾ ਕੇ ਉਸ ਦੀ ਪੁਸ਼ਟੀ ਕਰ ਦਿੰਦੇ ਸੀ। ਗਿਆਨੀ ਗਿਆਨ ਸਿੰਘ ਲਿਖਦੇ ਹਨ: "ਇਨ੍ਹ ਸੀਖਨ ਕਾ ਕਾਮ ਹੈ ਦੰਗਾ।" ਅਜਿਹੀ ਸੋਚ ਅਧੀਨ ਹੀ ਕਾਂਗਰਸ ਸਰਕਾਰ ਸਿੱਖਾਂ ਨਾਲ ਪੱਖਪਾਤ ਅਤੇ ਉਨ੍ਹਾਂ ਵਿਰੁਧ ਭੰਡੀ ਪ੍ਰਚਾਰ ਕਰਦੀ ਰਹੀ ਜੋ 1984 ਵਿਚ ਹਿੰਸਾਤਮਕ ਰੂਪ ਧਾਰਨ ਕਰ ਕੇ ਦਰਬਾਰ ਸਾਹਿਬ ਤੇ ਹਮਲੇ ਅਤੇ ਪੰਜਾਬ, ਦਿੱਲੀ ਅਤੇ ਮੱਧ ਭਾਰਤ ਵਿਚ ਸਿਖਾਂ ਦੇ ਕਤਲੇਆਮ ਦਾ ਕਾਰਨ ਬਣਿਆ। 1984 ਦੇ ਕਤਲੇਆਮ ਨੇ ਸਿੱਖਾਂ ਦੀ ਸਿਆਸੀ ਚੇਤਨਤਾ ਵਿਚ ਭਾਰੀ ਪਰਿਵਰਤਨ ਲੈ ਆਂਦਾ ਹੈ। ਉਨ੍ਹਾਂ ਨੂੰ ਭਾਰਤ ਦੇ ਮਨੁੱਖਤਾ ਵਿਰੋਧੀ ਸਮਾਜਕ ਢਾਂਚੇ ਦੀ ਸਮਝ ਪੈ ਗਈ ਹੈ ਅਤੇ ਉਨ੍ਹਾਂ ਨੇ ਉਸ ਨੂੰ ਚਣੌਤੀ ਦੇਣ ਦਾ ਮਨ ਬਣਾ ਲਿਆ ਹੈ। ਉਹ ਇਹ ਵੀ ਜਾਣ ਗਏ ਹਨ ਕਿ ਅੰਗਰੇਜ਼ੀ ਸਾਮਰਾਜ ਵਲੋਂ ਸਥਾਪਤ ਅਣਮਨੁੱਖੀ ਸਮਾਜਕ ਢਾਂਚੇ ਨੂੰ ਗੁਰੂ ਨਾਨਕ ਦੇਵ ਜੀ ਵਲੋਂ ਉਲੀਕਿਆ ਮਾਨਵ ਹਿਤੈਸ਼ੀ ਮਾਰਗ ਹੀ ਸੁਧਾਰਨਯੋਗ ਹੈ ਪਰ ਉਸ ਮਾਰਗ 'ਤੇ ਚਲਣਾ ਬਹੁਤ ਔਖਾ ਹੈ। ਹੁਣ ਜਦੋਂ ਪੰਜਾਬ ਵਲੋਂ ਮੋਦੀ ਸਰਕਾਰ ਦੇ ਬਣਾਏ ਕਿਸਾਨੀ ਮਾਰੂ ਕਾਨੂੰਨਾਂ ਵਿਰੁਧ ਵਿੱਢੇ ਕਿਸਾਨ ਅੰਦੋਲਨ ਦੀ ਹਨੇਰੀ ਨੇ ਅੰਗਰੇਜ਼ਾਂ ਅਤੇ ਕਾਂਗਰਸ ਵਲੋਂ ਸਿੱਖਾਂ ਬਾਰੇ ਕੂੜ ਪ੍ਰਚਾਰ ਦਾ ਢੇਰ ਉਡਾ ਛੱਡਿਆ ਹੈ ਅਤੇ ਸਿੱਖ ਧਰਮ ਦੇ ਪ੍ਰਭਾਵ ਨੂੰ ਰੋਕਣ ਲਈ ਬਣਾਈ ਸੀਮਾ ਮਿਟਾ ਦਿੱਤੀ ਹੈ, ਭਾਰਤੀ ਸਮਾਜ ਨੂੰ ਮਨੁੱਖਤਾ ਪੱਖੀ ਬਣਾਉਣ ਲਈ ਸਿੱਖ ਸਿਧਾਂਤਾਂ ਦਾ ਮਾਡਲ ਪੇਸ਼ ਕਰਨਾ ਸੰਭਵ ਹੋ ਗਿਆ ਹੈ। ਉਸ ਮਾਡਲ ਦੇ ਚਾਰ ਮੁੱਖ ਸਿਧਾਂਤ ਹਨ, ਜਿਨਾਂ ਬਾਰੇ ਹੁਣ ਤਕਰੀਬਨ ਸਭ ਜਾਣ ਗਏ ਹਨ। ਉਹ ਹਨ: (1) ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ (2) ਨਿਰਭਯਤਾ ਅਤੇ ਨਿਰਵੈਰਤਾ ਦੇ ਰੱਬੀ ਗੁਣਾਂ ਨੂੰ ਧਰਾਨ ਕਰਨਾ (3) ਹਰ ਇਸਤਰੀ ਤੇ ਪੁਰਸ਼ ਨੂੰ ਨਿੱਜੀ ਆਜ਼ਾਦੀ ਤੇ ਮਨੁੱਖੀ ਬਰਾਬਰੀ ਦਾ ਅਧਿਕਾਰੀ ਮੰਨਣਾ, ਤੇ (4) ਮਾਨਵਤਾ ਦੀ ਸੇਵਾ ਨੂੰ ਰੱਬ ਦੀ ਸੇਵਾ ਸਮਝਣਾ। ਯੂ.ਐਨ.ਓ. ਵੀ ਸਿੱਖਾਂ ਦੇ ਇਨ੍ਹਾਂ ਸਿਧਾਂਤਾ ਦੀ ਸਮਰਥਕ ਹੈ। ਮਾਨਵਤਾ ਹਿਤੈਸ਼ੀ ਸੰਘਰਸ਼ ਬਹੁਤ ਔਖਾ ਅਤੇ ਲੰਮਾ ਚਲਣ ਵਾਲਾ ਸੰਘਰਸ਼ ਹੈ ਕਿਉਂਕਿ ਦੁਨੀਆ ਦੀਆਂ ਸਾਮਰਾਜੀ ਸ਼ਕਤੀਆਂ ਦੀ ਦੌਲਤ, ਹਥਿਆਰ, ਰਸੂਖ ਅਤੇ ਪ੍ਰਭਾਵ ਇਸ ਦੇ ਵਿਰੁਧ ਡਟੇ ਖੜ੍ਹੇ ਹਨ।

# ਦੁਸ਼ਮਣ ਬਾਤ ਕਰੇ ਅਨਹੋਣੀ

*(ਸਫਾ 19 ਦੀ ਬਾਕੀ)*

ਮਿਸਾਲ ਰਾਹੀਂ ਕਰਦੇ ਹਨ ਕਿ ਕਿਸ ਤਰ੍ਹਾਂ ਸ਼ਾਂਤ-ਚਿੱਤ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ ਅਤੇ ਸ਼ਹੀਦਾਂ ਦੀ ਗਿਣਤੀ ਕਰੀਬ 150 ਤੱਕ ਪਹੁੰਚ ਗਈ ਸੀ (ਅੱਜ ਸਾਰਾ ਸਿੱਖ ਜਗਤ ਨਨਕਾਣਾ ਸਾਹਿਬ ਮੋਰਚਾ ਦੇ ਨਾਲ ਨਾਲ ਗੁਰੂ ਕਾ ਬਾਗ ਮੋਰਚਾ, ਜੈਤੋ ਦਾ ਮੋਰਚਾ, ਚਾਬੀਆਂ ਦਾ ਮੋਰਚਾ ਦਾ ਸੌ ਸਾਲਾ ਮਨਾ ਰਿਹਾ ਹੈ ਅਤੇ ਸਾਰਾ ਸਿੱਖ ਜਗਤ ਇਨ੍ਹਾਂ ਮੋਰਚਿਆਂ ਦੇ ਸ਼ਾਂਤਮਈ ਸੁਭਾਅ ਤੋਂ ਬਾਖੂਬੀ ਵਾਕਫ ਹੈ) ਅਤੇ ਇਸ ਦੇ ਨਾਲ ਹੀ ਸਿੱਖ ਅਤੇ ਹਰਿਆਣਵੀ ਫੌਜੀਆਂ ਦੀ ਦੇਸ਼ ਸੇਵਾ ਅਤੇ ਵਫਾਦਾਰੀ ਦੀ ਮਿਸਾਲ ਦਿੰਦਿਆਂ ਅਰੁਣ ਸ਼ੋਰੀ ਕਹਿੰਦੇ ਹਨ ਕਿ ਇਨ੍ਹਾਂ ਦੀ ਦੇਸ਼ ਭਗਤੀ 'ਤੇ ਸ਼ੱਕ ਕਰਨਾ ਸਰਾਸਰ ਗਲਤ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸਿੱਖਾਂ ਨੂੰ ਅਤਿਵਾਦੀ ਜਾਂ ਵੱਖਵਾਦੀ ਕਹਿ ਕੇ ਭਾਜਪਾਈ ਨੇਤਾ ਜਾਂ ਕਾਰਕੁਨ ਕਿਸਾਨਾਂ ਦੇ ਸਵੈਮਾਣ 'ਤੇ ਸੱਟ ਮਾਰ ਰਹੇ ਹਨ, ਜੋ ਠੀਕ ਨਹੀਂ ਹੈ। ਕਿਸਾਨਾਂ ਦਾ ਇਹ ਅਪਮਾਨ ਨਹੀਂ ਕਰਨਾ ਚਾਹੀਦਾ, ਕਿਸਾਨ ਆਪਣੇ ਸਵੈਮਾਣ 'ਤੇ ਚੋਟ ਅਤੇ ਆਪਣਾ ਅਪਮਾਨ ਨਹੀਂ ਸਹਿ ਸਕਦਾ।

ਅਸੀਂ ਸਾਰੇ ਜਾਣਦੇ ਹਾਂ ਅਤੇ ਕਿਸਾਨ ਅੰਦੋਲਨ ਨੇ ਤਾਂ ਬਿਲਕੁਲ ਸਪੱਸ਼ਟ ਕਰ ਦਿੱਤਾ ਹੈ ਕਿ ਸਿਰਫ ਪੰਜਾਬ ਦਾ ਕਿਸਾਨ ਹੀ ਸਿੱਖ ਨਹੀਂ ਹੈ। ਹਰਿਆਣਾ, ਉੱਤਰ ਪ੍ਰਦੇਸ਼ ਦਾ ਤਰਾਈ ਖੇਤਰ, ਉਤਰਾਖੰਡ, ਰਾਜਸਥਾਨ, ਗੁਜਰਾਤ, ਮਹਾਰਾਸ਼ਟਰ, ਮੱਧ ਪ੍ਰਦੇਸ਼, ਪੱਛਮੀ ਬੰਗਾਲ ਆਦਿ ਕਿਹੜਾ ਪ੍ਰਾਂਤ ਹੈ, ਜਿੱਥੇ ਸਿੱਖ ਨਹੀਂ ਵੱਸਦੇ? ਕਿਸਾਨ ਆਗੂਆਂ ਦਾ ਸੁਆਗਤ ਕਰਨ ਲਈ ਜਿਵੇਂ ਕਲਕੱਤੇ ਹਵਾਈ ਅੱਡੇ 'ਤੇ ਬੰਗਾਲੀ ਕਿਸਾਨਾਂ ਦੇ ਨਾਲ ਸਿੱਖ ਭਾਈਚਾਰਾ ਪਹੁੰਚਿਆ ਹੋਇਆ ਸੀ, ਇਉਂ ਲੱਗਦਾ ਸੀ ਜਿਵੇਂ ਬੰਗਾਲ ਨਹੀਂ ਪੰਜਾਬ ਹੋਵੇ। ਇਹ ਅੰਦੋਲਨ 'ਪੰਜਾਬ ਬਨਾਮ ਦਿੱਲੀ' ਜਾਂ 'ਸਿੱਖ ਬਨਾਮ ਦਿੱਲੀ' ਨਹੀਂ ਹੈ। ਇਹ ਕੋਈ ਧਾਰਮਿਕ ਅੰਦੋਲਨ ਨਹੀਂ ਹੈ, ਇਹ ਸਮੁੱਚੇ ਭਾਰਤ ਦੇ ਕਿਸਾਨਾਂ ਦੀ ਆਰਥਿਕਤਾ ਦੀ ਲੜਾਈ ਹੈ, ਜਿਸ ਦੀ ਜਾਗ ਪੰਜਾਬੀਆਂ ਨੇ ਲਾਈ ਅਤੇ ਇਸ ਦਾ ਮੁੱਢ ਬੰਨ੍ਹਿਆ। ਇਸ ਲਈ ਜਿਹੜਾ ਵੀ ਕੋਈ ਕਿਸਾਨ ਆਗੂਆਂ ਖਿਲਾਫ ਭੰਡੀ ਪ੍ਰਚਾਰ ਕਰਦਾ ਜਾਂ ਇਸ ਨੂੰ 'ਸਿੱਖ ਬਨਾਮ ਦਿੱਲੀ' ਜਾਂ 'ਪੰਜਾਬ ਬਨਾਮ ਦਿੱਲੀ' ਅੰਦੋਲਨ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਉਹ ਭਾਜਪਾ ਸਰਕਾਰ ਦੀ ਹਮਾਇਤ ਸਪੱਸ਼ਟ ਤੌਰ 'ਤੇ ਕਰ ਰਿਹਾ ਹੈ, ਕਿਉਂਕਿ ਇਹੀ ਤਾਂ ਸਰਕਾਰ ਚਾਹੁੰਦੀ ਹੈ।

ਇਹ ਕਿਸਾਨ ਆਗੂਆਂ ਦੀ ਸਹੀ ਅਗਵਾਈ ਸਦਕਾ ਹੀ ਹੈ ਕਿ ਅੱਜ ਯੂ. ਕੇ., ਕੈਨੇਡਾ, ਨਿਊਜ਼ੀਲੈਂਡ, ਆਸਟ੍ਰੇਲੀਆ ਦੀਆਂ ਸਰਕਾਰਾਂ ਦੇ ਨਾਲ ਨਾਲ ਯੂ. ਐਨ. ਓ. ਵਰਗੀਆਂ ਸੰਸਥਾਵਾਂ ਨੇ ਕਿਸਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਦਾ ਨੋਟਿਸ ਲਿਆ ਹੈ। ਪੰਜਾਬ ਦੀ ਕਿਸਾਨ ਲੀਡਰਸ਼ਿਪ ਸਿੱਖ ਮਾਨਸਿਕਤਾ ਤੋਂ ਭਲੀਭਾਂਤ ਜਾਣੂ ਹੈ, ਜਿਨ੍ਹਾਂ ਵਿਚੋਂ ਬਜ਼ੁਰਗ ਕਿਸਾਨ ਨੇਤਾ ਅੰਮ੍ਰਿਤਧਾਰੀ ਸਿੱਖ ਅਤੇ ਪੰਜ ਬਾਣੀ ਦਾ ਨਿੱਤਨੇਮੀ ਹੈ। ਜੇ ਅਰੁਣ ਸ਼ੋਰੀ ਨੂੰ ਪੰਜਾਬੀ ਹੁੰਦਿਆਂ ਪੰਜਾਬ ਤੋਂ ਬਾਹਰ ਰਹਿ ਕੇ ਵੀ ਸਿੱਖ ਮਾਨਸਿਕਤਾ



ਅਰੁਣ ਸ਼ੋਰੀ

ਦੀ ਸੋਝੀ ਹੈ ਤਾਂ ਪੰਜਾਬ ਵਿਚ ਜੰਮੇ, ਪਲੇ ਕਿਸਾਨ ਆਗੂਆਂ ਨੂੰ ਕਿਉਂ ਨਹੀਂ ਹੋ ਸਕਦੀ? ਹੁਣ ਤਾਂ ਇਸ ਮਾਨਸਿਕਤਾ ਦੀ ਸਮਝ ਹਰਿਆਣੇ ਦੇ ਕਿਸਾਨਾਂ ਅਤੇ ਰਾਕੇਸ਼ ਟਿਕੈਤ ਅਤੇ ਉਸ ਵਰਗੇ ਦੂਸਰੇ ਕਿਸਾਨ ਆਗੂਆਂ ਨੂੰ ਵੀ ਆ ਗਈ ਹੈ, ਜੋ ਆਪਣੀ ਕਿਸੇ ਵੀ ਇੰਟਰਵਿਊ ਜਾਂ ਗੱਲਬਾਤ ਦਾ ਅਰੰਭ ਹੀ ਇੱਥੋਂ ਕਰਦੇ ਹਨ ਕਿ ਉਨ੍ਹਾਂ ਨੇ ਪੰਜਾਬ ਦੇ ਸਿੱਖ ਭਾਈਆਂ ਤੋਂ ਬਹੁਤ ਕੁਝ ਸਿੱਖਿਆ ਹੈ।

'ਪੰਜਾਬ ਟਾਈਮਜ਼' ਵਿਚ ਕਿਸਾਨ ਮੋਰਚੇ ਦੇ ਸੁਭਾਅ, ਇਸ ਦੀਆਂ ਪ੍ਰਾਪਤੀਆਂ ਬਾਰੇ ਲਗਾਤਾਰ ਲਿਖ ਕੇ ਸੁਕੰਨਿਆਂ ਭਾਰਦਵਾਜ ਨਾਭਾ, ਡਾ. ਗੁਰਬਖਸ਼ ਸਿੰਘ ਭੰਡਾਲ ਵਰਗੇ ਵਿਦਵਾਨ ਆਪਣੇ ਲੇਖਾਂ ਰਾਹੀਂ ਮੋਰਚੇ 'ਤੇ ਬੈਠੇ ਕਿਸਾਨ ਲੀਡਰਾਂ ਨੂੰ ਆਪਣੇ ਆਸ-ਪਾਸ ਤੋਂ ਚੇਤੰਨ ਕਰਕੇ ਬਹੁਤ ਵਧੀਆ ਯੋਗਦਾਨ ਪਾ ਰਹੇ ਹਨ। ਜਿਵੇਂ ਕੰਵਰ ਗਰੇਵਾਲ ਅਤੇ ਹਰਫ ਚੀਮਾ ਨੇ ਗਾਇਆ ਹੈ, 'ਅਕਲਾਂ ਵਾਲਿਓ ਚੁੱਕ ਲਓ ਕਲਮਾਂ, ਮਾਰ ਲੈਣ ਨਾ ਰਫਲਾਂ ਸਾਨੂੰ'; ਅਭੈ ਕੁਮਾਰ ਦੂਬੇ, ਸਰਬਜੀਤ ਧਾਲੀਵਾਲ, ਹਰਜਿੰਦਰ ਸਿੰਘ ਗੁਲਪੁਰ, ਅਮਰਜੀਤ ਸਿੰਘ ਮੁਲਤਾਨੀ, ਪ੍ਰੋ. ਨਿਰਮਲ ਸਿੰਘ ਧਾਰਨੀ, ਹਰਵੰਤ ਸਿੰਘ ਸਹੋਤਾ, ਹਰਚਰਨ ਸਿੰਘ ਪਰਹਾਰ, ਡਾ. ਬਲਕਾਰ ਸਿੰਘ, ਹਜ਼ਾਰਾ ਸਿੰਘ ਤੇ ਹੋਰ ਵਿਦਵਾਨ ਕਿਸਾਨ ਮੋਰਚੇ ਬਾਰੇ ਗਿਆਨ-ਭਰਪੂਰ ਲੇਖਾਂ ਰਾਹੀਂ ਆਪਣਾ ਯੋਗਦਾਨ ਪਾ ਰਹੇ ਹਨ। ਜੋ ਵੀ ਕੋਈ ਅੰਦੋਲਨ ਵਿਚ ਬੈਠ ਕੇ ਧਰਨਿਆਂ ਵਿਚ ਸ਼ਮੂਲੀਅਤ ਨਹੀਂ ਕਰ ਰਿਹਾ, ਉਸ ਦਾ ਕੀ ਨੈਤਿਕ ਹੱਕ ਬਣਦਾ ਹੈ ਕਿ ਉਹ ਕਿਸਾਨ ਆਗੂਆਂ ਨੂੰ ਮਰਨ ਲਈ ਪਰਚੀਆਂ ਪਾਉਣ ਦੀ ਸਲਾਹ ਦੇਵੇ? ਬਹੁਤ ਅਫਸੋਸ ਦੀ ਗੱਲ ਹੈ!

# ਨੀਲਮ ਦਾ 'ਬਲੈਕ ਬਾਕਸ'

## ਕਲਾ ਪਰਿਕਰਮਾ

ਡਾ. ਨੀਲਮ ਮਾਨ ਸਿੰਘ ਚੌਧਰੀ ਪੰਜਾਬੀ ਰੰਗਮੰਚ ਦੀ ਸ਼ਾਹਕਾਰ ਜਾਦੂਗਰਨੀ ਹੈ। ਉਸ ਦਾ ਨਾਟਕ ਘੱਟ ਬੋਲਦਾ ਹੈ ਪਰ ਦਰਸ਼ਕ ਨੂੰ ਪੂਰਾ ਸੁਣਾਈ ਦਿੰਦਾ ਹੈ। ਉਸ ਦਾ ਅਦਾਕਾਰ ਬੜੀ ਕੰਜੂਸੀ ਨਾਲ ਹਾਵ-ਭਾਵ ਉਜਾਗਰ ਕਰਦਾ ਹੈ ਪਰ ਦਰਸ਼ਕ ਹਰ ਛਿਣ ਦਾ ਭਾਵ ਫੜਦਾ ਹੈ। ਤਾਜ਼ਾ ਪੇਸ਼ਕਾਰੀ ਵਿਚ ਉਸ ਨੇ ਕਰੋਨਾ ਕਾਰਨ ਪੈਦਾ ਹੋਈ ਲੌਕਡਾਊਨ ਦੇ ਹਾਲਾਤ ਫੜੇ ਹਨ। ਨਾਟਕ ਉਹੀ ਸਹਿਮ, ਡਰ ਪੇਸ਼ ਕਰਦਾ ਹੈ। ਦਰਸ਼ਕ ਦੇ ਸਾਹਮਣੇ ਜੋ ਵਾਪਰ ਰਿਹਾ ਹੈ, ਉਸ ਨੂੰ ਲੱਗਦਾ ਹੈ ਕਿ ਅਦਾਕਾਰ ਨਹੀਂ ਕਰ ਰਿਹਾ, ਬਲਕਿ ਉਹ ਖੁਦ ਉਸ ਸਥਿਤੀ ਨੂੰ ਭੁਗਤ ਰਿਹਾ ਹਾਂ। ਨੀਲਮ ਦੀ ਨਿਰਦੇਸ਼ਨਾ ਹੈ, ਵੰਸ਼ ਭਾਰਦਵਾਜ ਦੀ ਅਦਾਕਾਰੀ ਹੈ, ਪ੍ਰਵੀਨ ਜੱਗੀ ਦੀਆਂ ਰੋਸ਼ਨੀਆਂ ਹਨ। ਨਾਟਕ ਵਿਚ ਨਾ ਗੀਤ ਹੈ, ਨਾ ਸਾਜ਼ ਹੈ



**ਡਾ. ਸਾਹਿਬ ਸਿੰਘ**
ਫੋਨ: +91-98880-11096

ਤੇ ਨਾ ਸੰਗੀਤ ਹੈ ਪਰ ਸਾਈਕਲ ਦੀ ਸੁਸਤ ਗਤੀ ਤੋਂ ਤੇਜ਼ ਗਤੀ ਵੱਲ ਵਧਦੇ ਟਾਇਰਾਂ ਦੀ ਆਵਾਜ਼ ਤਬਲੇ ਦੇ ਢਿੱਲੇ ਪੁੜੇ 'ਤੇ ਵੱਜਦੇ ਮਜ਼ਬੂਤ ਹੱਥਾਂ ਦੀ ਥਾਪ ਵਰਗਾ ਪ੍ਰਭਾਵ ਸਿਰਜਦੀ ਹੈ। ਪਲਾਸਟਿਕ ਦੇ ਲਿਫਾਫੇ ਸਾਜ਼ ਬਣ ਜਾਂਦੇ ਹਨ। ਉਨ੍ਹਾਂ ਵਿਚੋਂ ਧਾਰ ਬੰਨ੍ਹ ਕੇ ਡਿੱਗਦਾ ਪਾਣੀ ਸਰਗਮ ਬਣ ਜਾਂਦਾ ਹੈ ਤੇ ਫਿਰ ਪਾਣੀ ਦੀ ਇਹ ਸਰਗਮ ਜਦੋਂ ਥੱਲੇ ਪਈ ਪਰਾਤ ਦੀ ਹਿੱਕ ਵਿਚ ਵੱਜਦੀ ਹੈ ਤਾਂ ਅਜਿਹਾ ਸੰਗੀਤ ਉਭਰਦਾ ਹੈ ਕਿ ਦਰਸ਼ਕ ਦੀ ਰੂਹ ਭਿੱਜ ਜਾਂਦੀ ਹੈ। 'ਬਲੈਕ ਬਾਕਸ' ਹਰ ਛਿਣ ਨਵਾਂ ਚਮਤਕਾਰ ਸਿਰਜਦਾ ਹੋਇਆ ਦਰਸ਼ਕ ਨੂੰ ਆਪਣੇ ਸੰਗ ਤੋਰੀ ਰੱਖਦਾ ਹੈ, ਉਵੇਂ ਹੀ ਜਿਵੇਂ ਜਾਦੂਗਰ ਮਜਮਾ ਸਿਰਜਣ ਵੇਲੇ ਤੁਹਾਡੇ ਪੈਰ ਬੰਨ੍ਹ ਲੈਂਦਾ ਹੈ। ਇੱਥੇ ਅੰਤਰ ਬੜਾ ਵੱਡਾ ਹੈ। ਜਾਦੂਗਰਨੀ ਨੀਲਮ ਪੈਰ ਬੰਨ੍ਹ ਰਹੀ ਹੈ... ਸਿਰ, ਦਿਲ, ਦਿਮਾਗ ਦੀ ਹਰ ਬਾਰੀ ਖੋਲ੍ਹ ਰਹੀ ਹੈ।

ਲੌਕਡਾਊਨ ਹੋ ਗਿਆ ਹੈ। ਅਦਾਕਾਰ ਹਰ ਚੀਜ਼ ਨੂੰ ਹੱਥ ਲਾਉਣ ਤੋਂ ਬਾਅਦ ਹੱਥਾਂ ਨੂੰ ਕੀਟਾਣੂ ਨਾਸ਼ਕ ਸਪਰੇਅ ਨਾਲ ਧੋ ਰਿਹਾ ਹੈ ਪਰ ਖੌਫ ਦਾ ਜੋ ਕੀਟਾਣੂ ਦਿਲ ਦਿਮਾਗ ਦੇ ਆਲੇ ਦੁਆਲੇ ਭੀਂ ਭੀਂ ਕਰ ਰਿਹਾ ਹੈ, ਉਹਦਾ ਕੀ ਕਰੇ! ਚਾਰਲਜ਼ ਡਿਕਨਜ਼ ਦੀ ਰਚਨਾ 'ਏ ਟੇਲ ਆਫ ਟੂ ਸਿਟੀਜ਼' ਵਿਚੋਂ ਪੰਕਤੀਆਂ ਉਭਰਦੀਆਂ ਹਨ, 'ਅਸੀਂ ਸਭ ਤੋਂ ਵਧੀਆ ਸਮੇਂ 'ਚ ਜੀਅ ਰਹੇ ਹਾਂ... ਅਸੀਂ ਸਭ ਤੋਂ ਬੁਰੇ ਸਮੇਂ 'ਚ ਜੀਅ ਰਹੇ ਹਾਂ!' ਅਦਾਕਾਰ ਨੂੰ ਕਹਾਣੀ ਕਹਿਣ ਲਈ ਨੀਲਮ ਨੇ ਕੁਝ ਸਾਮਾਨ ਦਿੱਤਾ ਹੈ। ਕੁਝ ਵੱਡੇ ਟਰੰਕ, ਕੁਝ ਛੋਟੇ ਟਰੰਕ, ਕੁਝ ਪਰਦੇ, ਸੂਟ, ਪਾਣੀ, ਇੱਟਾਂ, ਸਾਈਕਲ, ਸ਼ੀਸ਼ਾ। ਅਦਾਕਾਰ ਘਰ ਜਾਣਾ ਚਾਹੁੰਦਾ ਹੈ ਪਰ ਕਿਵੇਂ ਜਾਵੇ। ਉਹ ਗਿਣਤੀ ਕਰ ਰਿਹਾ ਹੈ। ਇਹ ਗਿਣਤੀ ਸੈਂਕੜਿਆਂ ਤੋਂ ਸ਼ੁਰੂ ਹੋ ਕੇ ਨਾਟਕ ਦੇ ਅੰਤ ਤਕ ਲੱਖਾਂ ਵਿਚ ਪਹੁੰਚ ਜਾਂਦੀ ਹੈ। ਓਪਰੇ ਤੌਰ 'ਤੇ ਦੇਖਣ ਨੂੰ ਭਾਵੇਂ ਇਹ ਕੋਵਿਡ ਕਾਰਨ ਹੋਈਆਂ ਮੌਤਾਂ ਦੇ ਅੰਕੜੇ ਹਨ ਪਰ ਅਦਾਕਾਰ ਜਿਵੇਂ ਇਹ ਗਿਣਤੀ ਕਰ ਰਿਹਾ ਹੈ, ਇਕ-ਇਕ ਹਿੰਦਸਾ ਹਥੌੜੇ ਵਾਂਗ ਸਿਰ 'ਚ ਵੱਜ ਰਿਹਾ ਹੈ। ਦਿਨ, ਮਹੀਨੇ, ਪਲ, ਛਿਣ ਗਿਣਨਾ, ਬੁਰੇ ਦਿਨਾਂ ਦੇ ਅੰਤ ਬਾਰੇ ਗਿਣਤੀਆਂ ਮਿਣਤੀਆਂ ਕਰਨਾ, ਅੱਛੇ ਦਿਨ ਆਉਣ ਦੀ ਉਡੀਕ ਵਿਚ ਕੰਧਾਂ 'ਤੇ ਲੀਕਾਂ ਮਾਰਨ ਸਮਾਨ ਹੈ। ਅਦਾਕਾਰ ਕੁਝ ਸੁਣਾਉਣਾ ਚਾਹੁੰਦਾ ਹੈ। ਕਿਸ ਨੂੰ ਸੁਣਾਵੇ! ਚਾਰੇ ਪਾਸੇ ਸੁੰਨ ਹੈ। ਉਸ ਨੂੰ ਕੁੱਤਾ ਦਿਖਾਈ ਦਿੰਦਾ ਹੈ। ਪੁਚਕਾਰਦਾ ਹੈ, ਖਾਣਾ ਦਿੰਦਾ ਹੈ ਤੇ ਕਹਾਣੀ ਸੁਣਨ ਲਈ ਕਹਿੰਦਾ ਹੈ। ਕਹਾਣੀ ਚਿੜੀ ਦੀ ਹੈ। ਚਿੜੀ ਵਿਚਾਰੀ ਕੀ ਕਰੇ, ਠੰਢਾ ਪਾਣੀ ਪੀ ਮਰੇ! ਹਜ਼ਾਰਾਂ ਵਾਰ ਸੁਣੀ ਤੇ ਸੁਣਾਈ ਗਈ ਕਹਾਣੀ ਨੀਲਮ ਕਿਉਂ ਸੁਣਾਉਣਾ ਚਾਹੁੰਦੀ ਹੈ? ਅਦਾਕਾਰ ਕੁੱਤੇ ਨੂੰ ਸੰਬੋਧਨ ਹੁੰਦਾ ਹੈ, 'ਤੂੰ ਮੇਰੀ ਕਹਾਣੀ ਅੱਗੇ ਜ਼ਰੂਰ ਸੁਣਾਈ, ਜੇ ਅੱਗੇ ਨਾ ਤੁਰੇ ਤਾਂ ਕਹਾਣੀ ਦਮ ਤੋੜ ਜਾਂਦੀ ਹੈ!' ਨੀਲਮ ਆਪਣੀ ਪ੍ਰੇਸ਼ਾਨੀ ਦਰਸ਼ਕ ਤਕ ਪਹੁੰਚਾਉਣਾ ਚਾਹੁੰਦੀ ਹੈ ਕਿ ਸਾਡੀਆਂ ਕਹਾਣੀਆਂ ਅੱਗੇ ਨਹੀਂ ਤੁਰੀਆਂ, ਦਮ ਤੋੜ ਗਈਆਂ! ਪਰ ਅਸੀਂ ਕਹਾਣੀ ਕਹਿਣੀ ਹੈ। ਵਾਰ-ਵਾਰ ਕਹਿਣੀ ਹੈ ਤੇ ਵੱਖਰੇ ਅੰਦਾਜ਼ ਵਿਚ ਕਹਿਣੀ ਹੈ ਤਾਂ ਕਿ ਇਹ ਦਿਲ ਦੇ ਅੰਦਰਲੇ ਕੋਨਿਆਂ ਤਕ ਪੁੱਜ ਜਾਵੇ। ਨੀਲਮ ਵੱਖਰੇ ਅੰਦਾਜ਼ ਸਹਿਤ ਕਹਾਣੀ ਲੈ ਕੇ ਹਾਜ਼ਰ ਹੈ।



*ਨੀਲਮ ਮਾਨ ਸਿੰਘ*



*ਨੀਲਮ ਮਾਨ ਸਿੰਘ ਦੇ ਨਵੇਂ ਨਾਟਕ 'ਬਲੈਕ ਬਾਕਸ' ਦੀ ਇਕ ਝਲਕ।*

ਨੀਲਮ ਦੇ ਰੰਗਮੰਚ ਦਾ ਮਿਜ਼ਾਜ ਵੱਖਰਾ ਹੈ। ਸਰੀਰਕ ਭਾਸ਼ਾ ਨੂੰ ਵਰਤਣਾ ਅਤੇ ਰੰਗਮੰਚ ਦੀ ਭਾਸ਼ਾ ਬਣਾਉਣਾ ਉਸ ਦਾ ਮੁੱਖ ਹਥਿਆਰ ਹੈ। ਉਸ ਦਾ ਅਦਾਕਾਰ ਦਰਸ਼ਕ ਦੇ ਸਾਹਮਣੇ ਤਿਆਰ ਹੋਏਗਾ, ਕੱਪੜੇ ਉਤਾਰੇਗਾ, ਪਹਿਨੇਗਾ! ਪਰ ਕਾਹਲੀ ਨਾਲ ਨਹੀਂ, ਆਪਣੇ ਸਮੁੱਚੇ ਸਹਿਜ ਦਾ ਪਾਲਣ ਕਰੇਗਾ। ਉਹ ਤੁਹਾਡੇ ਸਾਹਮਣੇ ਨਹਾ ਰਿਹਾ ਹੈ... ਡਗਮਗਾਉਂਦੀਆਂ ਇੱਟਾਂ 'ਤੇ ਤੁਰ ਰਿਹਾ ਹੈ, ਦੌੜ ਰਿਹਾ ਹੈ, ਛੋਟੇ ਟਰੰਕ 'ਤੇ ਵੱਡਾ ਟਰੰਕ ਰੱਖ ਕੇ ਕਿਸੇ ਕਰਤਬੀ ਕਲਾਕਾਰ ਵਾਂਗ ਸੰਤੁਲਨ ਬਣਾ ਰਿਹਾ ਹੈ। ਉਹ ਸ਼ੀਸ਼ਾ ਦੇਖਦਾ ਹੈ। ਨੀਲਮ ਸ਼ੀਸ਼ਾ ਦਿਖਾਉਂਦੀ ਹੈ। ਉਹ ਸ਼ੋਰ ਤੋਂ ਬਾਅਦ ਵਾਲੀ ਚੁੱਪ ਦਾ ਤਲਿਸਮ ਸਿਰਜਦੀ ਹੈ, ਐਸੀ ਚੁੱਪ ਕਿ ਅਦਾਕਾਰ ਦੇ ਸਾਹਾਂ ਦੀ ਆਵਾਜ਼ ਤੁਹਾਡੇ ਤਕ ਪਹੁੰਚਦੀ ਹੈ ਤੇ ਆਪ ਮੁਹਾਰੇ ਤੁਹਾਡਾ ਹੱਥ ਆਪਣੇ ਸੀਨੇ ਦੇ ਖੱਬੇ ਪਾਸੇ ਧਰਿਆ ਜਾਂਦਾ ਹੈ। ਅਦਾਕਾਰ ਦੇ ਮੂੰਹੋਂ ਨੀਲਮ ਸਵਾਲ ਖੜ੍ਹਾ ਕਰਦੀ ਹੈ, 'ਬਿਮਾਰੀ ਆ ਗਈ ਹੈ, ਬਿਮਾਰ ਹੋ ਜਾਵਾਂਗੇ, ਫਿਕਰ ਇਹ ਨਹੀਂ; ਫਿਕਰ ਤਾਂ ਇਹ ਹੈ ਕਿ ਅਸੀਂ ਇਸ ਦਾ ਸਾਹਮਣਾ ਕਰਨ ਲਈ ਤਿਆਰ ਹਾਂ!' ਅਦਾਕਾਰ ਦੇ ਦਿਲ ਵਿਚ ਆਪਣੀ ਮਹਿਬੂਬਾ ਲਈ ਤੜਫ ਹੈ। ਮੁਹੱਬਤ ਸੰਗ ਮਿਲਣ ਲਈ ਤੜਫ ਰਿਹਾ ਹੈ। ਸ਼ਿਵ ਕੁਮਾਰ ਬਟਾਲਵੀ ਦੀ ਰੂਹ ਮੰਚ 'ਤੇ ਆ ਪਹੁੰਚਦੀ ਹੈ, 'ਇਕ ਕੁੜੀ ਜਿਹਦਾ ਨਾਮ ਮੁਹੱਬਤ, ਗੁੰਮ ਹੈ! ਗੁੰਮ ਹੈ! ਗੁੰਮ ਹੈ!' ਅਦਾਕਾਰ ਟਰੰਕ ਵਿਚੋਂ ਮਾਸ਼ੂਕਾ ਦਾ ਸੂਟ ਕੱਢਦਾ ਹੈ। ਆਪਣੇ ਤੇ ਦਰਸ਼ਕ ਦੇ ਵਿਚਕਾਰ ਉਸ ਦਾ ਸੂਟ ਟੰਗ ਦਿੰਦਾ ਹੈ। ਹੁਣ ਦਰਸ਼ਕ ਨੇ ਅਦਾਕਾਰ ਦੀ ਮੁਹੱਬਤ ਵਾਲੀ ਛਾਨਣੀ ਰਾਹੀਂ ਉਸ ਤਕ ਪਹੁੰਚਣਾ ਹੈ। ਅਦਾਕਾਰ ਨੇ ਆਪਣੇ ਜਜ਼ਬਾਤ ਉਸ ਮੁਹੱਬਤੀ ਸੂਟ ਦੇ ਰੇਸ਼ਿਆਂ ਥਾਣੀਂ ਦਰਸ਼ਕ ਤਕ ਪਹੁੰਚਾਉਣੇ ਹਨ। ਪਰਦੇ ਨੂੰ ਨੀਲਮ ਪਰਦਾ ਨਹੀਂ ਰਹਿਣ ਦਿੰਦੀ, ਆਰ ਪਾਰ ਦਿਸਦਾ ਸ਼ੀਸ਼ਾ ਬਣਾ ਦਿੰਦੀ ਹੈ। ਨੀਲਮ ਦਾ ਰੰਗਮੰਚ ਪੰਜ ਤੱਤਾਂ ਦੇ ਸੱਚ ਨਾਲ ਜੁੜਿਆ ਹੋਇਆ ਹੈ। ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਵੀ ਉਸ ਦੇ ਖਿਆਲਾਂ ਵਿਚੋਂ ਬਾਹਰ ਨਹੀਂ। ਕਰੋਨਾ ਦੀ ਬਿਮਾਰੀ ਚੱਖਣ ਤੇ ਸੁੰਘਣ ਦੀ ਤਾਕਤ 'ਤੇ ਹਮਲਾ ਕਰਦੀ ਹੈ। ਅਦਾਕਾਰ ਆਪਣੀ ਮਾਸ਼ੂਕਾ ਦੇ ਸਾਹਾਂ ਦੀ ਖੁਸ਼ਬੋ ਮਾਨਣਾ ਚਾਹੁੰਦਾ ਹੈ ਪਰ ਉਸ ਨੂੰ ਖੁਸ਼ਬੋ ਨਹੀਂ ਆ ਰਹੀ। ਉਹ ਤੜਫਦਾ ਹੈ। ਸਮਾਂ ਜਦੋਂ ਮੂੰਹ ਜ਼ੋਰ ਹੋ ਜਾਵੇ ਤੇ ਸਿਆਸਤਾਂ ਸਮੇਂ ਦੇ ਨੱਕ ਵਿਚ ਨਕੇਲ ਪਾ ਕੇ ਮਨਮਰਜ਼ੀਆਂ ਕਰਨ 'ਤੇ ਉਤਾਰੂ ਹੋ ਜਾਣ ਤਾਂ ਖੁਸ਼ਬੋਆਂ 'ਤੇ ਹਮਲਾ ਹੁੰਦਾ ਹੈ।

ਅਦਾਕਾਰ ਬਗਾਵਤ ਦੀ ਸੁਰ ਛੇੜਦਾ ਹੈ ਪਰ 'ਨੀਲਮੀ ਅੰਦਾਜ਼' ਵਿਚ। ਟਰੰਕ ਖੋਲ੍ਹਦਾ ਹੈ... ਕਾਲੀ ਟੇਪ ਕੱਢਦਾ ਹੈ, ਉਸ ਦੇ ਟੁਕੜੇ ਕੱਟਣੇ ਸ਼ੁਰੂ ਕਰਦਾ ਹੈ, ਇਕ ਟੁਕੜਾ ਖੱਬੀ ਅੱਖ 'ਤੇ, ਦੂਜਾ ਸੱਜੀ ਅੱਖ 'ਤੇ। ਫਿਰ ਨੱਕ 'ਤੇ, ਫਿਰ ਬੁੱਲ੍ਹਾਂ 'ਤੇ। ਉਸ ਦੀ ਆਵਾਜ਼ ਬਦਲ ਰਹੀ ਹੈ। ਚਿਹਰਾ ਡਰਾਉਣੀ ਸ਼ਕਲ ਅਖਤਿਆਰ ਕਰ ਰਿਹਾ ਹੈ। ਅਦਾਕਾਰ ਦੀ ਸਰੀਰਕ ਗਤੀ ਤੇਜ਼ੀ ਫੜਦੀ ਹੈ। ਉਹ ਚੀਜ਼ਾਂ ਸਮੇਟਣ ਲੱਗਦਾ ਹੈ। ਪਰਦੇ ਉਤਰ ਰਹੇ ਹਨ, ਸਾਮਾਨ ਵਿਉਂਤ ਵਿਚ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਸਾਹਾਂ ਦੀ ਆਵਾਜ਼ ਤੇਜ਼ ਹੋ ਰਹੀ ਹੈ, ਪਿੱਠਭੂਮੀ ਤੋਂ ਕੋਈ ਸੰਗੀਤ ਉਸ ਦੀ ਮਦਦ ਨਹੀਂ ਕਰ ਰਿਹਾ, ਉਹ ਸੰਗੀਤ ਦਰਸ਼ਕ ਦੇ ਦਿਲ ਦੀ ਧੌਂਕਣੀ ਦੇ ਰੂਪ ਵਿਚ ਬਦਲ ਜਾਂਦਾ ਹੈ। ਰੌਸ਼ਨੀ ਸਿਮਟਣ ਲੱਗਦੀ ਹੈ, ਦਰਸ਼ਕ ਰੌਸ਼ਨ ਹੋਇਆ ਮਹਿਸੂਸ ਕਰਦਾ ਹੈ। ਨੀਲਮ ਦੇ ਕਾਲੇ ਡੱਬੇ ਦੀ ਇਕ ਬਾਰੀ ਦਰਸ਼ਕ ਵੱਲ ਖੁੱਲ੍ਹਦੀ ਹੈ। ਰੰਗਮੰਚ ਉਚੇ ਟਿੱਬੇ 'ਤੇ ਚੜ੍ਹ ਆਪਣੀ ਸਮੁੱਚੀ ਬੁਲੰਦੀ ਸਮੇਤ ਨਫਾਸਤ, ਨਜ਼ਾਕਤ, ਲਿਆਕਤ, ਹਿਮਾਕਤ ਦਾ ਨਗਾਰਾ ਵਜਾ ਰਿਹਾ ਹੈ। ਨੀਲਮ ਦੇ ਘਰ ਦੇ ਪਿਛਵਾੜੇ ਬਣੇ ਰਿਹਰਸਲ ਘਰ ਦਾ ਫਰਸ਼, ਕੰਧਾਂ, ਬੂਹੇ ਬਾਰੀਆਂ ਰੰਗਮੰਚ ਦੇ ਰੰਗ ਵਿਚ ਰੰਗੀਆਂ ਰਾਸ ਰਚਾ ਰਹੀਆਂ ਹਨ। ਵੰਸ਼ ਭਾਰਦਵਾਜ ਉਰਫ ਰੌਕੀ ਦੀ ਅਦਾਕਾਰੀ ਦਾ ਜਲੌਅ ਦੇਖਣ ਵਾਲਾ ਹੈ। ਆਪਣੀਆਂ ਸਰੀਰਕ ਅਦਾਵਾਂ, ਸੰਵਾਦ ਅਦਾਇਗੀ, ਹਾਵ-ਭਾਵ 'ਚ ਫੌਰੀ ਬਦਲਾਅ ਤੇ ਰਿਦਮ ਦੀ ਪਾਲਣਾ ਕਰਦਾ ਰੌਕੀ ਇਕ ਛਿਣ ਲਈ ਵੀ ਤੁਹਾਡੀ ਅੱਖ ਦੀ ਪੁਤਲੀ ਨੂੰ ਆਸੇ ਪਾਸੇ ਨਹੀਂ ਘੁੰਮਣ ਦਿੰਦਾ। ਰੌਕੀ ਰੰਗਮੰਚ ਅਦਾਕਾਰੀ ਦਾ ਸਿਰਤਾਜ ਹੈ। ਪ੍ਰਵੀਨ ਜੱਗੀ ਨੇ ਲੋੜ ਮੁਤਾਬਕ ਬਹੁਤ ਹੀ ਘੱਟ ਰੌਸ਼ਨੀ ਉਪਕਰਨ ਦਾ ਇਸਤੇਮਾਲ ਕਰਦਿਆਂ ਮਾਹੌਲ ਨੂੰ ਜ਼ਿੰਦਾ ਕੀਤਾ। 'ਬਲੈਕ ਬਾਕਸ' ਨੇ ਇਕ ਵਾਰ ਫਿਰ ਡਾ. ਨੀਲਮ ਮਾਨ ਸਿੰਘ ਚੌਧਰੀ ਦੀ ਵਿਲੱਖਣਤਾ 'ਤੇ ਮੋਹਰ ਲਗਾਈ ਹੈ।

*ਅਦਾਕਾਰ ਕੁਝ ਸੁਣਾਉਣਾ ਚਾਹੁੰਦਾ ਹੈ। ਕਿਸ ਨੂੰ ਸੁਣਾਵੇ! ਚਾਰੇ ਪਾਸੇ ਸੁੰਨ ਹੈ। ਉਸ ਨੂੰ ਕੁੱਤਾ ਦਿਖਾਈ ਦਿੰਦਾ ਹੈ। ਪੁਚਕਾਰਦਾ ਹੈ, ਖਾਣਾ ਦਿੰਦਾ ਹੈ ਤੇ ਕਹਾਣੀ ਸੁਣਨ ਲਈ ਕਹਿੰਦਾ ਹੈ। ਕਹਾਣੀ ਚਿੜੀ ਦੀ ਹੈ। ਚਿੜੀ ਵਿਚਾਰੀ ਕੀ ਕਰੇ, ਠੰਢਾ ਪਾਣੀ ਪੀ ਮਰੇ! ਹਜ਼ਾਰਾਂ ਵਾਰ ਸੁਣੀ ਤੇ ਸੁਣਾਈ ਗਈ ਕਹਾਣੀ ਨੀਲਮ ਕਿਉਂ ਸੁਣਾਉਣਾ ਚਾਹੁੰਦੀ ਹੈ? ਅਦਾਕਾਰ ਕੁੱਤੇ ਨੂੰ ਸੰਬੋਧਨ ਹੁੰਦਾ ਹੈ, 'ਤੂੰ ਮੇਰੀ ਕਹਾਣੀ ਅੱਗੇ ਜ਼ਰੂਰ ਸੁਣਾਈ, ਜੇ ਅੱਗੇ ਨਾ ਤੁਰੇ ਤਾਂ ਕਹਾਣੀ ਦਮ ਤੋੜ ਜਾਂਦੀ ਹੈ!' ਨੀਲਮ ਆਪਣੀ ਪ੍ਰੇਸ਼ਾਨੀ ਦਰਸ਼ਕ ਤਕ ਪਹੁੰਚਾਉਣਾ ਚਾਹੁੰਦੀ ਹੈ ਕਿ ਸਾਡੀਆਂ ਕਹਾਣੀਆਂ ਅੱਗੇ ਨਹੀਂ ਤੁਰੀਆਂ, ਦਮ ਤੋੜ ਗਈਆਂ! ਪਰ ਅਸੀਂ ਕਹਾਣੀ ਕਹਿਣੀ ਹੈ। ਵਾਰ-ਵਾਰ ਕਹਿਣੀ ਹੈ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਮਾਰਚ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-474



*ਬੜੇ ਹੁਨਰ ਨਾਲ ਚਿਣ ਕੇ ਪਾਥੀਆਂ, ਟੀਸੀ ਲਾ ਕੇ ਕਲਾ ਦਿਖਾਵੇ।*
*ਐਵੇਂ ਨਹੀਂ ਸਿਆਣੇ ਆਖਿਆ, ਗੁਹਾਰੇ ਤੋਂ ਪਿੰਡ ਪਛਾਣਿਆ ਜਾਵੇ।*

## ਕੈਪਸ਼ਨ ਮੁਕਾਬਲਾ-472



ਕਿਸਾਨ ਘੋਲ ਨੇ ਰੰਗ ਦਿਖਾਏ
ਰਿਸ਼ਤਿਆਂ ਅੰਦਰ ਫਰਕ ਪਿਆ ਹੈ।
ਸਰਹੱਦਾਂ ਉਪਰ ਆਮਦ ਹੋਈ
ਚੁੱਲ੍ਹਿਆਂ ਤੀਕਰ ਪਹੁੰਚ ਗਿਆ ਹੈ।
ਅਸਲ ਪਿਆਰ ਦੇ ਰੰਗ ਉਘੜੇ ਨੇ
ਬੜਾ ਕੁਝ ਅਸਾਂ ਸਿੱਖ ਲਿਆ ਹੈ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਸੇਵਾ ਭਾਵ ਮਿਲਿਆ ਵਿਰਸੇ ਵਿਚ
ਇਹ ਜੋੜਾ ਰੀਤ ਨਿਭਾਉਂਦਾ ਏ,
ਇੱਕ ਪਰਾਤ ਵਿਚ ਗੁੰਨ੍ਹਦਾ ਆਟਾ
ਦੂਸਰਾ ਪਾਣੀ ਪਾਉਂਦਾ ਏ।
ਲਾਏ ਕਿਸਾਨ ਜੰਗਲ 'ਚ ਮੰਗਲ
ਰੜੇ ਸਿਆਲ ਕੱਟ ਦਿੱਤਾ,
ਦੂਰ ਦੂਰ ਹੋਈ ਜੱਗ ਅੰਦਰ
ਪਰ ਸਰਕਾਰਾਂ ਨੇ ਹਠ ਕੀਤਾ।
***-ਸੇਵਾ ਸਿੰਘ ਨੂਰਪੁਰੀ***
***ਫੋਨ: 408-912-3438***

---

ਦੋਨੋਂ ਜੀਅ ਰਲ ਆਟਾ ਗੁੰਨ੍ਹਣ,
ਨਾ ਕੋਈ ਸੰਗ, ਨਾ ਸੰਕੋਚ।
ਸਾਂਝ, ਸੇਵਾ, ਹੱਥ ਵਟਾਉਣਾ,
ਬਦਲੀ ਸੰਘਰਸ਼ ਨੇ ਸਭ ਦੀ ਸੋਚ।
ਸਬਰ ਨਾਲ ਇਸ ਜੰਗ ਨੂੰ ਜਿੱਤਣਾ,
ਹਰ ਕੋਈ ਮਨੋਂ ਰਿਹਾ ਹੈ ਲੋਚ।
***-ਦਵਿੰਦਰ ਕੌਰ***

---

ਤਨੋਂ ਮਨੋਂ ਕਰਨ ਮਾਨਵ ਸੇਵਾ
ਦੋਵੇਂ ਜੀਆਂ ਦਾ ਚਾਅ ਝਲਕੇ।
ਸਾਂਝੀਵਾਲਤਾ ਦੀਆਂ ਖੁਸ਼ਬੋਆਂ ਆਵਣ
ਜਿਉਂ ਕਿਸਾਨਾਂ ਦਾ ਚੱਲੇ ਲੰਗਰ ਰਲ ਕੇ।
ਗਿਲੇ-ਸ਼ਿਕਵੇ, ਭੇਦਭਾਵ ਭੁਲਾ ਕੇ
ਜ਼ਮਾਨੇ ਦੀ ਹਮਦਰਦੀ ਹੈ ਬਟੋਰੀ।
ਸਦਕੇ ਜਾਈਏ ਅਜਿਹੇ ਇਨਸਾਨਾਂ ਦੇ
ਜਿਹੜੇ ਕਿਸਾਨੀ ਹੱਕਾਂ ਲਈ ਹੋਏ ਮੋਹਰੀ।
***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਉਹ ਕਦੇ ਆਰਾਮ ਨਾਲ ਨਾ ਬਹਿੰਦੇ
ਵਸਲੋਂ ਉਰੇ ਮੁਕਾਮ ਨਾ ਕੋਈ
ਉਹ ਦਿਨੇ ਰਾਤ ਪਏ ਵਹਿੰਦੇ।
ਲਗਨ, ਮੁਗਨ ਹੈ ਜਿਨ੍ਹਾਂ ਦੇ ਜਿਹਨੀਂ
ਹਾਜ਼ਰ ਹੋ ਜਾਂਦੇ ਜਿੱਥੇ ਲੋੜ ਮਾਨਵਤਾ ਨੂੰ।
ਪੂਰੇ ਸਿਰੜ, ਤਾਨ ਨਾਲ ਲੱਗ ਜਾਂਦੇ ਲੰਗਰ।
ਭੁੱਖਾ ਤਿਹਾਇਆ ਰੱਜ ਢਿੱਡ ਭਰਦਾ ਉਥੇ।
ਸੋਭਾ ਇਸ ਦੀ ਫੈਲ ਜਾਂਦੀ ਹਰ ਪਾਸੇ
ਉਦਾਹਰਣ ਹੈ ਸਿਰ ਮੱਥੇ
ਜਾ ਕੇ ਦੇਖੋ ਸਿੰਘੂ, ਟਿੱਕਰੀ ਬਾਰਡਰ 'ਤੇ।
***-ਦਰਸ਼ਨਪਾਲ ਦੋਸਾਂਝ***

---

ਸੇਵਾ ਮਨ ਦੀ ਭਾਵਨਾ,
ਜੋ ਕਰਦਾ ਮਨ ਨਾਲ।
ਸੇਵਾ ਕਰਦਿਆਂ ਕਦੇ ਵੀ
ਨਾ ਆਉਣ ਮਾੜੇ ਖਿਆਲ।
ਕੁਝ ਕਰਦੇ ਸੇਵਾ ਲੋਕ
ਵਿਖਾਵਾ ਕਰਨ ਲਈ
ਕੁਝ ਧੋਂਦੇ ਆਪਣੇ ਪਾਪ।
ਸੇਵਾ ਉਹੀ ਸਫਲ ਹੈ,
ਜੋ ਕਰਦੇ ਬਿਨਾ ਸੁਆਰਥ ਆਪ।
ਫੋਟੋ ਵਿਚ ਵੀ ਜਾਪਦਾ,
ਸੇਵਾ ਕਰਨ ਦੋਨੋਂ ਮਨ ਨਾਲ।
ਸੇਵਾ ਉਹੀ ਸਫਲ ਹੈ
ਜੋ ਰੱਖਦੇ ਦੂਜਿਆਂ ਦਾ ਖਿਆਲ।
ਦੋਵੇਂ ਵਿਚ ਕਿਸਾਨੀ ਮੋਰਚੇ,
ਆਪਣਾ ਪੂਰਾ ਪਾਉਂਦੇ ਯੋਗਦਾਨ।
ਸਾਡੇ ਗੁਰੂਆਂ ਦੱਸਿਆ ਇਹੋ ਸਾਨੂੰ ਗਿਆਨ।
***-ਗੌਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-640-6660***

# ਮਨੁੱਖੀ ਆਦਤਾਂ ਬਦਲੀਆਂ ਵੀ ਜਾ ਸਕਦੀਆਂ ਨੇ...

ਇਹ ਆਮ ਧਾਰਨਾ ਹੈ ਕਿ ਮਨੁੱਖ ਲਈ ਆਪਣੀਆਂ ਆਦਤਾਂ ਨੂੰ ਬਦਲਣਾ ਆਸਾਨ ਨਹੀਂ ਹੈ। ਬਚਪਨ ਦੀਆਂ ਆਦਤਾਂ ਬੁਢਾਪੇ ਤੱਕ ਨਾਲ ਹੀ ਜਾਂਦੀਆਂ ਹਨ। ਪੰਜਾਬੀਆਂ ਦਾ ਹਰਮਨ-ਪਿਆਰਾ ਮਹਾਂ-ਕਾਵਿ 'ਹੀਰ' ਜੋ ਹੀਰ ਤੇ ਰਾਂਝੇ ਦੀ ਪ੍ਰੇਮ-ਗਾਥਾ ਨੂੰ ਬਾਖੂਬੀ ਬਿਆਨਦਾ ਹੈ, ਦੇ ਰਚਨਹਾਰੇ ਮੀਆਂ ਵਾਰਸ ਸ਼ਾਹ ਆਪਣੇ ਇਸ ਸ਼ਾਹਕਾਰ ਵਿਚ ਫਰਮਾਉਂਦੇ ਹਨ, "ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ-ਪੋਰੀਆਂ ਜੀ।"

ਵਾਰਸ ਸ਼ਾਹ ਹੋਰਾਂ ਦੇ ਇਸ ਕਥਨ ਦਾ ਸਾਰ-ਅੰਸ਼ ਹੈ ਕਿ ਮਨੁੱਖੀ ਆਦਤਾਂ ਨੂੰ ਬਦਲਣਾ ਮੁਸ਼ਕਿਲ ਹੀ ਨਹੀਂ, ਸਗੋਂ ਇਹ ਲਗਭਗ ਅਸੰਭਵ ਹੈ ਅਤੇ ਇਹ ਮਨੁੱਖ ਦੇ ਨਾਲ ਹੀ ਉਸ ਦੇ ਅੰਤ ਤੱਕ ਨਿਭਦੀਆਂ ਹਨ। ਉਨ੍ਹਾਂ ਦੇ ਇਸ ਕਥਨ ਦੀ ਪ੍ਰੋੜ੍ਹਤਾ ਪ੍ਰਚੱਲਤ ਲੋਕ-ਅਖਾਣ 'ਵਾਦੜੀਆਂ



**ਡਾ. ਸੁਖਦੇਵ ਸਿੰਘ ਝੰਡ**
**ਫੋਨ: 647-567-9128**

ਸਜਾਦੜੀਆਂ ਨਿਭਣ ਸਿਰਾਂ ਦੇ ਨਾਲ' ਵੀ ਪੂਰੀ ਤਰ੍ਹਾਂ ਕਰਦਾ ਹੈ। ਆਦਤਾਂ ਦੋ ਤਰ੍ਹਾਂ ਦੀਆਂ ਹਨ- ਚੰਗੀਆਂ ਤੇ ਮਾੜੀਆਂ। ਇਹ ਵੀ ਹੋ ਸਕਦਾ ਹੈ ਕਿ ਵਾਰਸ ਸ਼ਾਹ ਹੋਰਾਂ ਨੇ ਇਹ ਗੱਲ ਮਾੜੀਆਂ ਆਦਤਾਂ ਦੇ ਨਾਲ-ਨਾਲ ਚੰਗੀਆਂ ਆਦਤਾਂ ਲਈ ਵੀ ਆਖੀ ਹੋਵੇ। ਵੈਸੇ, ਆਮ ਲੋਕਾਂ ਦਾ ਮਾੜੀਆਂ ਆਦਤਾਂ ਬਾਰੇ ਖਿਆਲ ਹੈ ਕਿ ਮਨੁੱਖ ਲਈ ਬਚਪਨ ਜਾਂ ਜਵਾਨੀ ਵਿਚ ਪਈਆਂ ਮਾੜੀਆਂ ਆਦਤਾਂ ਨੂੰ ਬਦਲਣਾ ਬੜਾ ਮੁਸ਼ਕਿਲ ਹੈ ਅਤੇ ਇਹ ਉਸ ਦੇ ਨਾਲ ਜੀਵਨ-ਭਰ ਚੱਲਦੀਆਂ ਹਨ। ਉਨ੍ਹਾਂ ਅਨੁਸਾਰ ਝੂਠ ਬੋਲਣ, ਲੜਨ, ਝਗੜਨ, ਲੋਭ, ਲਾਲਚ, ਈਰਖਾ ਜਾਂ ਸਾੜਾ ਕਰਨ ਵਰਗੀਆਂ ਆਦਤਾਂ ਮਨੁੱਖ ਦੇ ਮਰਨ ਤੱਕ ਉਸ ਦਾ ਪਿੱਛਾ ਨਹੀਂ ਛੱਡਦੀਆਂ ਅਤੇ ਇਹ ਉਸ ਦੇ ਨਾਲ ਹੀ ਨਿਭਦੀਆਂ ਹਨ।

ਕਰੋਨਾ ਚੱਲ ਰਹੇ ਪ੍ਰਕੋਪ ਦੌਰਾਨ ਮਹੀਨਾ ਕੁ ਪਹਿਲਾਂ ਮੈਂ ਮਨੁੱਖੀ ਆਦਤਾਂ ਬਾਰੇ ਜੇਮਜ਼ ਕਲੀਅਰ ਦੀ 306 ਪੰਨਿਆਂ ਦੀ ਵੱਡ-ਆਕਾਰੀ ਪੁਸਤਕ 'ਐਟੌਮਿਕ ਹੈਬਿਟਸ' (Atomic Habits) 'ਐਮਾਜ਼ੋਨ' ਵਾਲਿਆਂ ਕੋਲੋਂ ਡਾਕ ਰਾਹੀਂ ਮੰਗਵਾ ਕੇ ਅੱਖਰ-ਅੱਖਰ ਪੜ੍ਹੀ ਹੈ। ਇਸ ਪੁਸਤਕ ਦਾ ਸਬ-ਟਾਈਟਲ ਹੈ, "An Easy & Proven Way to Build Good Habits & Break Bad Ones." ਇਸ ਵਿਚ ਚੰਗੀਆਂ ਆਉਣ ਅਤੇ ਮਾੜੀਆਂ ਆਦਤਾਂ ਛੁਡਵਾਉਣ ਬਾਰੇ ਇਸ ਵਿਚ ਦਰਸਾਏ ਗਏ ਢੰਗਾਂ-ਤਰੀਕਿਆਂ ਦੀ ਖੂਬਸੂਰਤ ਝਲਕ ਪਵਾਉਂਦਾ ਹੈ। ਲੇਖਕ ਨੇ ਜਿੱਥੇ ਇਸ ਪੁਸਤਕ ਵਿਚ ਮਨੁੱਖ ਦੀਆਂ ਛੋਟੀਆਂ-ਛੋਟੀਆਂ ਆਦਤਾਂ ਦਾ ਬਾਖੂਬੀ ਜ਼ਿਕਰ ਕੀਤਾ ਹੈ, ਉੱਥੇ ਇਸ ਵਿਚ ਚੰਗੀਆਂ ਆਦਤਾਂ ਨੂੰ ਅਪਨਾਉਣ ਅਤੇ ਮਾੜੀਆਂ ਨੂੰ ਛੱਡਣ ਦੇ ਢੰਗ-ਤਰੀਕਿਆਂ ਬਾਰੇ ਵੀ ਵੱਡਮੁੱਲੀ ਜਾਣਕਾਰੀ ਦਰਜ ਕੀਤੀ ਹੈ। ਉਸ ਦਾ ਕਹਿਣਾ ਕਿ ਮਨੁੱਖੀ ਆਦਤਾਂ ਬਦਲੀਆਂ ਵੀ ਜਾ ਸਕਦੀਆਂ ਹਨ। ਇਸ ਦੇ ਲਈ ਮਨੁੱਖ ਨੂੰ ਆਪਣਾ ਮਨ ਪੱਕਾ ਕਰਨ ਅਤੇ ਲੋੜੀਂਦਾ ਫੈਸਲਾ ਲੈ ਕੇ ਉਸ ਨੂੰ ਦੁਹਰਾਉਣ ਅਤੇ ਫਿਰ ਉਸ ਨੂੰ ਆਪਣੇ ਉੱਪਰ ਲਾਗੂ ਕਰਨ ਲਈ ਅਭਿਆਸ ਕਰਨ ਦੀ ਲੋੜ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਪੁਸਤਕ ਦੇ ਲੇਖਕ ਜੇਮਜ਼ ਕਲੀਅਰ ਦੇ ਆਰਟੀਕਲ ਸੰਸਾਰ ਪ੍ਰਸਿੱਧ ਰਿਸਾਲਿਆਂ 'ਟਾਈਮ', 'ਐਂਟਰਪ੍ਰੀਨੀਅਰ' ਤੇ 'ਨਿਊ ਯਾਰਕ ਟਾਈਮਜ਼' ਵਰਗੀਆਂ ਮਿਆਰੀ ਅਖਬਾਰਾਂ ਵਿਚ ਅਕਸਰ ਛਪਦੇ ਰਹਿੰਦੇ ਹਨ ਅਤੇ ਉਸ ਨੂੰ ਵੱਡੇ-ਵੱਡੇ ਪਲੈਟਫਾਰਮਾਂ 'ਤੇ ਵੱਖ-ਵੱਖ ਵਿਸ਼ਿਆਂ ਉੱਪਰ ਬੋਲਣ ਦੀ ਮੁਹਾਰਤ ਹਾਸਲ ਹੈ।

ਜੇਮਜ਼ ਕਲੀਅਰ ਅਨੁਸਾਰ 'ਆਦਤ' ਇਕ "ਅਜਿਹਾ ਵਰਤਾਰਾ ਹੈ, ਜਿਸ ਨੂੰ ਮਨੁੱਖ ਜਾਂ ਕਿਸੇ ਜੀਵ ਵੱਲੋਂ ਵਾਰ-ਵਾਰ ਦੁਹਰਾਇਆ ਜਾਂਦਾ ਹੈ ਅਤੇ ਇਸ ਤਰ੍ਹਾਂ ਚੱਲਦਾ ਚੱਲਦਾ ਇਹ ਵਰਤਾਰਾ 'ਸਵੈ-ਚਾਲਕ' (Automatic) ਹੋ ਜਾਂਦਾ ਹੈ।" ਮਨੁੱਖੀ ਆਦਤਾਂ ਚੰਗੀਆਂ ਵੀ ਹੋ ਸਕਦੀਆਂ ਅਤੇ ਮਾੜੀਆਂ ਵੀ। ਇਹ 'ਦੋ-ਧਾਰੀ ਤਲਵਾਰ' ਹਨ। ਮਿਸਾਲ ਵਜੋਂ, ਸਿਗਰਟ-ਨੋਸ਼ੀ ਜਾਂ ਤੰਮਾਕੂ ਪੀਣ ਦੀ ਆਦਤ ਦਮੇ ਦੀ ਬੀਮਾਰੀ (Asthma) ਦੇ ਮਰੀਜ਼ ਲਈ ਉਸ ਨੂੰ ਸਾਹ ਸੌਖੀ ਤਰ੍ਹਾਂ ਲੈਣ ਵਿਚ ਮਦਦਗਾਰ ਸਾਬਤ ਹੋ ਸਕਦੀ ਹੈ, ਪਰ ਇਸ ਦੇ ਨਾਲ ਹੀ ਇਹ ਉਸ ਦੇ ਫੇਫੜਿਆਂ ਉੱਪਰ ਬਹੁਤ ਬੁਰਾ ਅਸਰ ਪਾ ਸਕਦੀ ਹੈ, ਜੋ ਫੇਫੜਿਆਂ ਦੇ ਕੈਂਸਰ ਦਾ ਰੂਪ ਵੀ ਧਾਰਨ ਕਰ ਸਕਦਾ ਹੈ। ਚੰਗੀਆਂ ਆਦਤਾਂ ਮਨੁੱਖ ਦੇ ਸੁਧਾਰ ਰੂਪੀ ਮੂਲਧੰਨ ਵਿਚ ਇਨ੍ਹਾਂ ਦੇ ਵਿਆਜ (Interest) ਨੂੰ ਜਮ੍ਹਾ ਕਰਕੇ ਉਸ ਨੂੰ ਵਧੀਆ ਜੀਵਨ-ਜਾਚ ਦੇ 'ਮਿਸ਼ਰਧੰਨ' (Compound Principal Amount) ਵਿਚ ਬਦਲ ਦਿੰਦੀਆਂ ਹਨ ਅਤੇ ਮਾੜੀਆਂ ਆਦਤਾਂ ਦੇ ਸੰਦਰਭ ਵਿਚ ਇਹ ਉਸ ਦੇ 'ਵਿਗਾੜਾਂ ਦਾ ਮਿਸ਼ਰਧੰਨ' ਵੀ ਬਣ ਜਾਂਦੀਆਂ ਹਨ। ਮਨੁੱਖੀ ਮਨ ਮਾੜੀਆਂ ਆਦਤਾਂ ਨੂੰ ਬੜੀ ਜਲਦੀ ਸਵੀਕਾਰਦਾ ਹੈ, ਜਦੋਂ ਕਿ ਚੰਗੀਆਂ ਆਦਤਾਂ ਅਪਨਾਉਣ ਲਈ ਉਸ ਨੂੰ ਕਾਫੀ ਸਮਾਂ ਲੱਗ ਜਾਂਦਾ ਹੈ।

ਵੱਡੇ-ਵੱਡੇ ਫੈਸਲਿਆਂ ਦੀ ਸ਼ੁਰੂਆਤ ਛੋਟੀਆਂ-ਛੋਟੀਆਂ ਗੱਲਾਂ ਤੋਂ ਹੀ ਹੁੰਦੀ ਹੈ। ਹਰੇਕ ਆਦਤ ਦਾ ਬੀਜ ਸਾਡੇ ਮਨ ਦੇ ਨਿੱਕੇ ਜਿਹੇ ਫੈਸਲੇ ਵਿਚ ਛੁਪਿਆ ਹੁੰਦਾ ਹੈ। ਇਹ ਫੈਸਲਾ ਸਾਡੇ ਵੱਲੋਂ ਆਪਣੇ ਮਨ ਵਿਚ ਅੰਦਰੇ ਅੰਦਰ ਦੁਹਰਾਇਆ ਜਾਂਦਾ ਹੈ ਅਤੇ ਹੌਲੀ-ਹੌਲੀ ਇਹ ਮਜ਼ਬੂਤ ਹੁੰਦਾ ਜਾਂਦਾ ਹੈ। ਕਿਸੇ ਮਾੜੀ ਆਦਤ ਨੂੰ ਛੱਡਣਾ ਮਨ ਵਿਚੋਂ 'ਵੱਡੇ ਰੁੱਖ' (ਬੋਹੜ ਜਾਂ ਓਕ) ਨੂੰ ਜੜ੍ਹੋਂ ਪੁੱਟਣ ਵਾਂਗ ਹੈ ਅਤੇ ਚੰਗੀ ਆਦਤ ਨੂੰ ਮਨ ਵਿਚ ਵਸਾਉਣਾ ਕੋਈ ਖੂਬਸੂਰਤ ਖੁਸ਼ਬੂਦਾਰ ਫੁੱਲ ਉਗਾਉਣਾ ਹੈ। ਇਹ ਸਾਡੀ ਆਪਣੀ ਮਰਜ਼ੀ ਹੈ ਕਿ ਅਸੀਂ ਕੀ ਕਰਨਾ ਚਾਹੁੰਦੇ ਹਾਂ। ਕੀ ਅਸੀਂ ਮਾੜੀ ਆਦਤ ਨੂੰ ਛੱਡ ਕੇ ਕਿਸੇ ਚੰਗੀ ਆਦਤ ਨੂੰ ਅਪਨਾਉਣਾ ਚਾਹੁੰਦੇ ਹਾਂ ਜਾਂ ਫਿਰ ਉਸੇ ਤਰ੍ਹਾਂ ਉਸੇ ਹੀ ਹਾਲਤ ਵਿਚ ਜਿਊਣਾ ਚਾਹੁੰਦੇ ਹਾਂ। ਮਿਸਾਲ ਵਜੋਂ, ਲੇਖਕ ਬਣਨ ਲਈ ਕਿਸੇ ਵਿਅਕਤੀ ਨੂੰ ਰੋਜ਼ ਕੁਝ ਨਾ ਕੁਝ, ਭਾਵੇਂ ਇਕ ਸਫਾ ਹੀ ਸਹੀ, ਲਿਖਣਾ ਜ਼ਰੂਰੀ ਹੈ ਅਤੇ ਖਿਡਾਰੀ ਬਣਨ ਦੇ ਇੱਛਕ ਨੂੰ ਆਪਣੀ ਮਨ-ਪਸੰਦ ਖੇਡ ਦੀ ਹਰ ਰੋਜ਼ ਪ੍ਰੈਕਟਿਸ ਕਰਨੀ ਜ਼ਰੂਰੀ ਹੈ। ਇਸੇ ਤਰ੍ਹਾਂ ਕਿਸੇ ਮਾੜੀ ਆਦਤ ਨੂੰ ਛੱਡਣ ਲਈ ਉਸ ਲਈ ਪਹਿਲਾਂ ਆਪਣਾ ਮਨ ਪੱਕਾ ਬਣਾਉਣਾ ਅਤੀ ਜ਼ਰੂਰੀ ਹੈ ਕਿ ਮੈਂ ਇਹ ਹਰ ਹਾਲਤ ਵਿਚ ਛੱਡਣੀ ਹੀ ਹੈ ਅਤੇ ਫਿਰ ਇਸ ਛੱਡੀ ਹੋਈ ਆਦਤ ਆਪਣੇ ਤੋਂ ਪਰੇ ਰੱਖਣਾ ਵੀ ਜ਼ਰੂਰੀ ਹੈ।


ਆਦਤਾਂ ਸਾਡੇ ਜੀਵਨ ਵਿਚ ਛੋਟੇ-ਛੋਟੇ 'ਅਣੂਆਂ' (Atoms) ਵਾਂਗ ਹਨ, ਜੋ ਵਿਖਾਈ ਨਹੀਂ ਦਿੰਦੀਆਂ, ਪਰ ਇਹ ਸਾਡੀ ਸ਼ਖਸੀਅਤ ਉੱਪਰ ਡੂੰਘਾ ਅਸਰ ਪਾਉਂਦੀਆਂ ਹਨ। ਅਣੂ ਮਿਲ ਕੇ ਜਿਵੇਂ ਇਕ ਵੱਡੇ ਯੂਨਿਟ 'ਮੌਲੀਕਿਊਲ' (Molecule) ਦਾ ਰੂਪ ਧਾਰਨ ਕਰ ਲੈਂਦੇ ਹਨ, ਇਸੇ ਤਰ੍ਹਾਂ ਸਾਡੀਆਂ ਆਦਤਾਂ ਵੀ ਮਿਲ ਕੇ ਸਾਡੀ ਸਮੁੱਚੀ ਸ਼ਖਸੀਅਤ ਦਾ ਪ੍ਰਤੀਕ ਬਣ ਜਾਂਦੀਆਂ ਹਨ। ਜੇਮਜ਼ ਕਲੀਅਰ ਨੇ ਛੋਟੀਆਂ-ਛੋਟੀਆਂ ਆਦਤਾਂ ਨੂੰ 'ਐਟੌਮਿਕ ਹੈਬਿਟਸ' (Atomic Habits) ਦਾ ਨਾਂ ਦਿੱਤਾ ਹੈ। ਉਸ ਅਨੁਸਾਰ ਇਹ ਅਣੂ-ਆਦਤਾਂ (ਐਟੌਮਿਕ ਹੈਬਿਟਸ) ਬੜੀਆਂ ਹੀ ਸੂਖਮ, ਪਰ ਬੜੀਆਂ ਤਾਕਤਵਰ ਹੁੰਦੀਆਂ ਹਨ। ਸ਼ੁਰੂ-ਸ਼ੁਰੂ ਵਿਚ ਇਹ ਬੜੀਆਂ ਮਾਮੂਲੀ ਜਿਹੀਆਂ ਲੱਗਦੀਆਂ ਹਨ ਅਤੇ ਕਾਫੀ ਕਮਜ਼ੋਰ ਜਾਪਦੀਆਂ ਹਨ, ਪਰ ਫਿਰ ਇਹ ਆਪਸ ਵਿਚ ਜਮ੍ਹਾਂ ਅਤੇ ਜ਼ਰਬ (ਗੁਣਾ) ਹੋ ਕੇ ਕਈ ਗੁਣਾਂ ਸ਼ਕਤੀਸ਼ਾਲੀ ਹੋ ਜਾਂਦੀਆਂ ਹਨ ਅਤੇ ਮਨੁੱਖ ਦੇ ਸੁਭਾਅ ਤੇ ਉਸ ਦੀ ਸ਼ਖਸੀਅਤ ਦਾ ਅਹਿਮ ਅੰਗ ਬਣ ਜਾਂਦੀਆਂ ਹਨ।

ਮਨੁੱਖੀ ਆਦਤਾਂ ਨੂੰ ਬਦਲਣ ਲਈ, ਜਿਨ੍ਹਾਂ ਵਿਚ ਚੰਗੀਆਂ ਆਦਤਾਂ ਨੂੰ ਅਪਨਾਉਣਾ ਅਤੇ ਮਾੜੀਆਂ ਆਦਤਾਂ ਨੂੰ ਤਿਆਗਣਾ ਸ਼ਾਮਲ ਹੈ, ਦੇ ਲਈ ਜੇਮਜ਼ ਕਲੀਅਰ ਨੇ ਚਾਰ ਨਿਯਮ ਦੱਸੇ ਹਨ ਅਤੇ ਇਹ ਚਾਰੇ ਹੀ ਬੜੇ ਅਹਿਮ ਹਨ। ਆਓ! ਇਨ੍ਹਾਂ ਬਾਰੇ ਸੰਖੇਪ ਜਿਹੀ ਵਿਚਾਰ ਕਰਦੇ ਹਾਂ।

ਪਹਿਲਾ ਨਿਯਮ ਹੈ, ਕੋਈ ਵੀ ਕੰਮ ਕਰਨ ਲਈ ਮਨ ਬਣਾਉਣਾ ਅਤੇ ਇਸ ਪਹਿਲੇ ਨਿਯਮ ਨੂੰ ਉਸ ਨੇ ਚਾਰ ਪੜਾਆਂ ਵਿਚ ਵੰਡਿਆ ਹੈ:

1. ਖਿਆਲ ਮਨ ਵਿਚ ਆਉਣਾ
2. ਮਨ ਵਿਚ ਚਾਹਤ ਪੈਦਾ ਹੋਣੀ
3. ਚਾਹਤ ਦਾ ਮਨ ਅਤੇ ਸਰੀਰ 'ਤੇ ਅਸਰ ਹੋਣਾ
4. ਹੋਏ ਅਸਰ ਦਾ ਇਨਾਮ ਮਿਲਣਾ

ਕੋਈ ਵੀ ਚੰਗਾ ਜਾਂ ਮਾੜਾ ਕੰਮ ਕਰਨ ਲਈ ਸਭ ਤੋਂ ਪਹਿਲਾਂ ਇਸ ਦਾ ਖਿਆਲ ਸਾਡੇ ਮਨ (ਦਿਮਾਗ) ਵਿਚ ਆਉਂਦਾ ਹੈ ਕਿ ਮੈਂ ਇਹ ਕੰਮ ਕਰਨਾ ਹੈ। ਆਮ ਪ੍ਰਚੱਲਤ ਭਾਸ਼ਾ ਵਿਚ ਇਸ ਨੂੰ 'ਫੁਰਨਾ' ਵੀ ਕਿਹਾ ਜਾ ਸਕਦਾ ਹੈ। ਅੰਗਰੇਜ਼ੀ ਭਾਸ਼ਾ ਵਿਚ ਇਸ ਦਾ ਸਮਾਨੰਤਰ ਸ਼ਬਦ 'ਕਿਊ' (Cue) ਹੈ, ਜਿਸ ਨੂੰ ਵਿਗਿਆਨਕ ਭਾਸ਼ਾ ਵਿਚ 'ਸਟਿਮੂਲੱਸ' (Stimulus) ਕਿਹਾ ਜਾਂਦਾ ਹੈ ਅਤੇ ਮਨੋਵਿਗਿਆਨਕ ਭਾਸ਼ਾ ਵਿਚ 'ਉਤਸ਼ਾਹੀ-ਇਸ਼ਾਰੇ' (Exciting Actions) ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਸਾਡਾ ਦਿਮਾਗ ਸੋਚਾਂ ਦੀ ਮਸ਼ੀਨ ਹੈ। ਇਸ ਵਿਚ ਤਰ੍ਹਾਂ ਤਰ੍ਹਾਂ ਦੀਆਂ ਸੋਚਾਂ ਜਨਮ ਲੈਂਦੀਆਂ ਹਨ। ਰਾਤ ਨੂੰ ਸੁੱਤੇ ਪਿਆਂ ਵੀ ਸੁਪਨਿਆਂ ਵਿਚ ਅਚੇਤ ਮਨ ਵਿਚ ਘੁੰਮਦੀਆਂ ਰਹਿੰਦੀਆਂ ਹਨ। ਇਸ ਖਿਆਲ ਦਾ ਚਾਹਤ ਵਿਚ ਬਦਲਣਾ ਸਾਡੇ ਦਿਮਾਗ ਦੇ ਵੱਖ-ਵੱਖ ਹਿੱਸਿਆਂ ਵਿਚ ਚੱਲ ਰਹੇ ਵੱਖ-ਵੱਖ ਹਾਰਮੋਨਾਂ (Hormones) ਅਤੇ ਰਸਾਇਣ-ਪਦਾਰਥਾਂ




(Chemicals) ਦੇ ਕਾਰਨ ਹੈ।

ਦੂਸਰੇ ਨਿਯਮ ਵਿਚ ਜੇਮਜ਼ ਕਲੀਅਰ ਨੇ ਚੰਗੀਆਂ ਆਦਤਾਂ ਨੂੰ ਦਿਲਕਸ਼, ਭਾਵ ਮਨ-ਭਾਉਂਦੀਆਂ ਬਣਾਉਣ ਅਤੇ ਮਾੜੀਆਂ ਆਦਤਾਂ ਨੂੰ ਨਫਰਤਯੋਗ ਬਣਾਉਣ ਦੀ ਗੱਲ ਕੀਤੀ ਹੈ। ਆਦਤ ਜਿੰਨੀ ਮਨ-ਭਾਉਂਦੀ ਹੋਵੇਗੀ, ਉਸ ਨੂੰ ਅਪਨਾਉਣ ਵਿਚ ਓਨਾ ਹੀ ਘੱਟ ਸਮਾਂ ਲੱਗੇਗਾ। ਮਾੜੀ ਆਦਤ ਛੱਡਣ ਲਈ ਇਸ ਦਾ ਓਨਾ ਹੀ ਨਫਰਤਯੋਗ ਹੋਣਾ ਜ਼ਰੂਰੀ ਹੈ। ਸਾਡੇ ਦਿਮਾਗ ਵਿਚ ਖਾਸ ਕਿਸਮ ਦੇ ਰਸਾਇਣ 'ਡੋਪਾਮੀਨ' (Dopamine) ਦੀ ਵੱਧ ਜਾਂ ਘੱਟ ਮਾਤਰਾ ਦਾ ਰਿਸਣਾ ਇਨ੍ਹਾਂ ਆਦਤਾਂ ਦੇ ਜਲਦੀ ਜਾਂ ਦੇਰੀ ਨਾਲ ਅਪਨਾਉਣ ਜਾਂ ਛੱਡਣ ਵਿਚ ਆਪਣਾ ਭਰਪੂਰ ਯੋਗਦਾਨ ਪਾਉਂਦਾ ਹੈ।

ਆਦਤਾਂ ਨੂੰ ਬਦਲਣ ਵਿਚ ਪਰਿਵਾਰ ਦਾ ਵੀ ਵੱਡਾ ਯੋਗਦਾਨ ਹੈ। ਇਸ ਦੁਨੀਆਂ ਦੇ ਛੋਟੇ ਜਿਹੇ ਦੇਸ਼ ਹੰਗਰੀ ਦੇ ਇਕ ਵੱਡੇ ਵਿਦਵਾਨ ਲੈਜ਼ਲੋ ਪੋਲਗਰ ਦਾ ਕਹਿਣਾ ਹੈ, "ਕੋਈ ਵੀ ਵਿਦਵਾਨ ਉਸ ਦੇ ਜਨਮ ਤੋਂ ਨਹੀਂ ਹੁੰਦਾ, ਪਰ ਇੰਜ ਦਾ ਉਸ ਨੂੰ ਪੜ੍ਹਾ-ਲਿਖਾ ਕੇ ਅਤੇ ਸਿਖਲਾਈ ਦੇ ਕੇ ਬਣਾਇਆ ਜਾਂਦਾ ਹੈ।" (A genius is not born, but is educated and trained). ...ਤੇ ਇਸ ਸਾਰੇ ਕੁਝ ਵਿਚ ਉਸ ਦੇ ਪਰਿਵਾਰ ਦੀ ਬੜੀ ਵੱਡੀ ਭੂਮਿਕਾ ਹੁੰਦੀ ਹੈ, ਜਿੱਥੇ ਉਸ ਦੀ ਪੜ੍ਹਾਈ ਦਾ ਅਤੇ ਅਗਲੇਰੀ ਲੋੜੀਂਦੀ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜਿਸ ਵਾਤਾਵਰਣ ਅਤੇ ਸੱਭਿਆਚਾਰ ਵਿਚ ਉਹ ਵਿਚਰਦਾ ਹੈ, ਉਸ ਦਾ ਵੀ ਉਸ ਦੇ ਮਨ 'ਤੇ ਡੂੰਘਾ ਅਸਰ ਹੁੰਦਾ ਹੈ, ਕਿਉਂਕਿ ਉਹ ਸਮਾਜ ਵਿਚ ਰਹਿੰਦਿਆਂ ਹੋਇਆਂ ਦੋਸਤਾਂ-ਮਿੱਤਰਾਂ, ਗਵਾਂਢੀਆਂ ਅਤੇ ਆਲੇ-ਦੁਆਲੇ ਤੋਂ ਬੜਾ ਕੁਝ ਸਿੱਖਦਾ ਹੈ।

ਆਸੇ-ਪਾਸੇ ਦਾ ਮਾਹੌਲ ਅਤੇ ਵਾਤਾਵਰਣ ਇਸ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਂਦਾ ਹੈ। ਮਨੁੱਖ ਆਲੇ-ਦੁਆਲੇ ਦੀ ਸੰਗਤ ਤੋਂ ਬੜਾ ਕੁਝ ਸਿੱਖਦਾ ਹੈ। ਪੰਜਾਬੀ ਵਿਚ ਆਮ ਕਹਾਵਤ ਪ੍ਰਚੱਲਤ ਹੈ, "ਜਿਹੀ ਸੰਗਤ, ਤਿਹੀ ਰੰਗਤ", ਭਾਵ ਜਿਨ੍ਹਾਂ ਲੋਕਾਂ ਨਾਲ ਮਨੁੱਖ ਦਾ ਮੇਲ-ਜੋਲ ਹੈ, ਉਸ ਦਾ ਅਸਰ ਉਸ ਮਨੁੱਖ 'ਤੇ ਜ਼ਰੂਰ ਹੁੰਦਾ ਹੈ ਅਤੇ ਇਹ ਸੰਗਤ ਚੰਗੀ ਅਤੇ ਮਾੜੀ ਦੋਹਾਂ ਤਰ੍ਹਾਂ ਦੀ ਹੀ ਹੋ ਸਕਦੀ ਹੈ। ਫਿਰ ਸੰਗਤ ਜ਼ਰੂਰੀ ਨਹੀਂ ਕਿ ਮਨੁੱਖੀ ਰੂਪ ਵਿਚ ਹੀ ਹੋਵੇ, ਇਹ ਆਲੇ-ਦੁਆਲੇ ਪਈਆਂ ਚੀਜ਼ਾਂ-ਵਸਤਾਂ, ਪੁਸਤਕਾਂ, ਖੇਲਣ-ਮੱਲਣ ਦੇ ਸਮਾਨ ਅਤੇ ਮਨੋਰੰਜਨ ਦੇ ਸਾਧਨਾਂ ਦੇ ਰੂਪ ਵਿਚ ਵੀ ਹੋ ਸਕਦੀ ਹੈ। ਵੇਖਣ ਵਿਚ ਆਇਆ ਹੈ ਕਿ ਚੰਗੀ ਸੰਗਤ ਨਾਲੋਂ ਮਾੜੀ ਸੰਗਤ ਦਾ ਅਸਲ ਬੜੀ ਜਲਦੀ ਹੁੰਦਾ ਅਤੇ ਇਹ ਹੁੰਦਾ ਵੀ ਵਧੇਰੇ ਤੀਬਰਤਾ ਨਾਲ ਹੈ। ਚੰਗੀਆਂ ਆਦਤਾਂ ਸਿੱਖਣ ਲਈ ਆਲੇ-ਦੁਆਲੇ ਦਾ ਮਾਹੌਲ ਖੁਸ਼ਗਵਾਰ ਹੋਣਾ ਚਾਹੀਦਾ ਹੈ, ਕਿਉਂਕਿ ਮਾੜਾ ਮਾਹੌਲ ਹਮੇਸ਼ਾ ਮਾੜੀਆਂ ਆਦਤਾਂ ਨੂੰ ਹੀ ਜਨਮ ਦਿੰਦਾ ਹੈ। ਮਨ ਵਿਚ ਉਪਜੀ ਕਿਸੇ ਵੀ ਚਾਹਤ ਦਾ ਸਾਡੇ ਸਰੀਰ 'ਤੇ ਡੂੰਘਾ ਅਸਰ ਹੁੰਦਾ ਹੈ ਅਤੇ ਉਹ ਅੱਗੋਂ ਉਸ ਚਾਹਤ ਨੂੰ ਅਮਲੀ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕਰਦਾ ਹੈ। ਮਨ ਅਤੇ ਸਰੀਰ ਉੱਪਰ ਹੋਏ ਇਸ ਅਸਰ ਦਾ ਇਨਾਮ (ਪ੍ਰਭਾਵ) ਵੀ ਉਸ ਨੂੰ ਮਿਲਣ ਦੀ ਪੂਰੀ ਸੰਭਾਵਨਾ ਬਣਦੀ ਹੈ।

ਤੀਸਰੇ ਨਿਯਮ ਵਿਚ ਜੇਮਜ਼ ਨੇ ਮਨੁੱਖ ਨੂੰ ਚੰਗੀਆਂ ਆਦਤਾਂ ਨੂੰ ਆਸਾਨ ਬਣਾਉਣ ਅਤੇ ਮਾੜੀਆਂ ਨੂੰ ਮੁਸ਼ਕਿਲ ਕਰਾਰ ਦੇਣ ਦੀ ਗੱਲ ਕੀਤੀ ਹੈ। ਇਸ ਦੇ ਲਈ ਉਹ ਆਪਣੀ ਮੰਜ਼ਿਲ ਵੱਲ ਹੌਲੀ-ਹੌਲੀ ਅੱਗੇ ਵਧਣ ਅਤੇ ਪਿੱਛੇ ਮੁੜ ਕੇ ਨਾ ਵੇਖਣ ਦੀ ਸਲਾਹ ਦਿੰਦਾ ਹੈ। ਮਨੁੱਖ ਦਾ ਕੇਂਦਰ-ਬਿੰਦੂ 'ਕਰਮ' (Action) ਹੋਣਾ ਚਾਹੀਦਾ ਹੈ, ਨਾ ਕਿ 'ਚੱਲਣ ਦੀ ਤਿਆਰੀ ਵਿਚ' (Being in Motion). ਕਿਸੇ ਵੀ ਚੰਗੀ ਆਦਤ ਨੂੰ ਅਪਨਾਉਣ ਤੋਂ ਬਾਅਦ ਇਸ ਦੇ ਲਈ ਅਭਿਆਸ ਜ਼ਰੂਰੀ ਹੈ। ਵਾਰ-ਵਾਰ ਅਭਿਆਸ ਕਰਨ ਤੋਂ ਬਾਅਦ ਹੀ ਉਹ ਆਦਤ ਪੱਕ ਜਾਂਦੀ ਹੈ ਅਤੇ ਸਾਡੇ ਸੁਭਾਅ ਦਾ ਅੰਗ ਬਣ ਜਾਂਦੀ ਹੈ। ਮਨੁੱਖੀ ਸੁਭਾਅ ਹੈ ਕਿ ਉਹ ਥੋੜ੍ਹੀ ਜਿਹੀ ਮਿਹਨਤ ਨਾਲ ਬਹੁਤਾ ਕੁਝ ਹਾਸਲ ਕਰਨਾ ਚਾਹੁੰਦਾ ਹੈ ਅਤੇ ਇਸ ਦੇ ਲਈ ਉਹ 'ਛੋਟੇ-ਰਸਤੇ' (Short-Cuts) ਅਪਨਾਉਂਦਾ ਹੈ। ਪਰ ਜ਼ਰੂਰੀ ਨਹੀਂ ਕਿ ਇਹ ਛੋਟੇ ਰਸਤੇ ਉਸ ਨੂੰ ਸਫਲਤਾ ਵੱਲ ਲਿਜਾਣ ਵਿਚ ਸਹਾਈ ਹੋਣ ਅਤੇ ਬਹੁਤੀ ਵਾਰ ਇਹ ਸਹੀ ਸਾਬਤ ਨਹੀਂ ਹੁੰਦੇ।

ਆਪਣੇ ਨਿੱਜੀ ਤਜਰਬੇ ਤੋਂ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਹੌਲੀ-ਹੌਲੀ ਅੱਗੇ ਵੱਧ ਕੇ ਹੀ ਸਫਲਤਾ ਦੀ ਪੌੜੀ ਦੇ ਉੱਪਰਲੇ ਡੰਡੇ ਵੱਲ ਵਧਿਆ ਜਾ ਸਕਦਾ ਹੈ। ਮੈਂ ਆਪਣੀ ਸਵੇਰ ਦੀ ਸੈਰ ਦੋ ਕਿਲੋਮੀਟਰ ਤੋਂ ਸ਼ੁਰੂ ਕੀਤੀ ਅਤੇ ਕਈ ਮਹੀਨੇ ਇਹ ਦੋ ਕਿਲੋਮੀਟਰ ਹੀ ਚੱਲਦੀ ਰਹੀ। ਫਿਰ ਆਪਣੇ ਮਨ ਨਾਲ ਫੈਸਲਾ ਕਰਕੇ ਮੈਂ ਇਸ ਨੂੰ ਪਹਿਲਾਂ ਚਾਰ ਅਤੇ ਫਿਰ ਪੰਜ ਕਿਲੋਮੀਟਰ ਤੱਕ ਵਧਾਇਆ। ਹੌਲੀ-ਹੌਲੀ ਇਸ ਨੂੰ ਹੋਰ ਵਧਾ ਕੇ ਮੈਂ ਇਸ ਸੈਰ 'ਤੇ ਹਲਕੀ ਦੌੜ ਨੂੰ 10 ਕਿਲੋਮੀਟਰ ਤੱਕ ਲਿਜਾਣ ਵਿਚ ਸਫਲ ਹੋਇਆ ਹਾਂ। ਬੇਸ਼ਕ, ਇਸ ਵਿਚ ਮੇਰੇ ਆਪਣੇ ਫੈਸਲਿਆਂ ਦੇ ਨਾਲ ਇੱਥੇ ਪਿਛਲੇ ਬਰੈਂਪਟਨ ਵਿਚ 6-7 ਸਾਲਾਂ ਤੋਂ ਵਿਚਰ ਰਹੀ ਰੱਨਰਜ਼ ਕਲੱਬ 'ਟੀ. ਪੀ. ਏ. ਆਰ. ਕਲੱਬ' (ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ) ਦੇ ਕੁਝ ਮੈਂਬਰ-ਦੋਸਤਾਂ ਵੱਲੋਂ ਮਿਲੀ ਹੱਲਾਸ਼ੇਰੀ ਅਤੇ ਹੌਸਲਾ-ਅਫਜ਼ਾਈ ਦਾ ਵੀ ਪੂਰਾ ਹੱਥ ਹੈ, ਜਿਨ੍ਹਾਂ ਵਿਚੋਂ ਕਈਆਂ ਨੇ ਇਹ ਸੈਰ ਤੇ ਦੌੜ ਮੇਰੇ ਵਾਂਗ ਦੋ ਕਿਲੋਮੀਟਰ ਤੋਂ ਸ਼ੁਰੂ ਕੀਤੀ ਅਤੇ ਉਹ ਇਸ ਨੂੰ 'ਹਾਫ-ਮੈਰਾਥਨ' ਤੱਕ ਲੈ ਗਏ।

ਚੌਥੇ ਨਿਯਮ ਵਿਚ ਜੇਮਜ਼ ਕਲੀਅਰ ਵੱਲੋਂ ਚੰਗੀਆਂ ਆਦਤਾਂ ਨੂੰ ਤਸੱਲੀ-ਪੂਰਵਕ ਬਨਾਉਣ ਅਤੇ ਮਾੜੀਆਂ ਨੂੰ ਤਸੱਲੀ-ਰਹਿਤ ਕਰਾਰ ਦੇਣ ਦੀ ਗੱਲ ਕੀਤੀ ਗਈ ਹੈ। ਮਾੜੀਆਂ ਆਦਤਾਂ ਸ਼ੁਰੂ-ਸ਼ੁਰੂ ਵਿਚ ਸਾਨੂੰ ਬੜੀਆਂ ਚੰਗੀਆਂ ਲੱਗਦੀਆਂ ਹਨ ਪਰ ਅੱਗੇ ਜਾ ਕੇ ਕੁਝ ਸਮੇਂ ਬਾਅਦ ਇਨ੍ਹਾਂ ਦਾ ਮਾੜਾ ਪੱਖ ਸਾਡੇ ਸਾਹਮਣੇ ਆਉਣ ਲੱਗਦਾ ਹੈ ਅਤੇ ਫਿਰ ਇਹ ਸਾਨੂੰ ਭੈੜੀਆਂ ਲੱਗਣ ਲੱਗਦੀਆਂ ਹਨ। ਅਸੀਂ ਮਾੜੀਆਂ ਆਦਤਾਂ ਨੂੰ ਕਿਉਂ ਦੁਹਰਾਉਂਦੇ ਹਾਂ? ਉਹ ਇਸ ਲਈ ਕਿ ਸਾਨੂੰ ਇਨ੍ਹਾਂ ਵਿਚੋਂ ਵਕਤੀ ਖੁਸ਼ੀ ਹਾਸਲ ਹੁੰਦੀ ਹੈ। ਇਹ ਸਦੀਵੀ ਨਹੀਂ ਹੈ। ਚੰਗੀਆਂ ਆਦਤਾਂ ਦਾ ਵਰਤਾਰਾ ਇਸ ਦੇ ਉਲਟ ਹੈ। ਇਹ ਸ਼ੁਰੂ ਵਿਚ ਸਾਨੂੰ ਔਖੀਆਂ ਜਾਪਦੀਆਂ ਹਨ, ਪਰ ਬਾਅਦ ਵਿਚ ਜਦੋਂ ਇਨ੍ਹਾਂ ਦੀ ਚੰਗਿਆਈ ਸਾਡੇ ਸਾਹਮਣੇ ਆਉਣ ਲੱਗਦੀ ਹੈ ਤਾਂ ਹੌਲੀ-ਹੌਲੀ ਇਹ ਸਾਡੇ ਜੀਵਨ ਦਾ ਅੰਗ ਬਣ ਜਾਂਦੀਆਂ ਹਨ। ਮਿਸਾਲ ਵਜੋਂ, ਕਾਰ ਵਿਚ ਸਫਰ ਕਰਨ ਲਈ ਸੀਟ-ਬੈੱਲਟ ਪਹਿਨਣ ਦਾ ਨਿਯਮ ਸਭ ਤੋਂ ਪਹਿਲਾਂ ਅਮਰੀਕਾ ਦੇ ਸ਼ਹਿਰ ਨਿਊ ਯਾਰਕ ਵਿਚ ਪਹਿਲੀ ਦਸੰਬਰ 1984 ਨੂੰ ਪਾਸ ਕੀਤਾ ਗਿਆ ਅਤੇ ਉਦੋਂ ਅਮਰੀਕਾ ਵਿਚ ਸਿਰਫ 14% ਲੋਕਾਂ ਨੇ ਇਸ ਦੀ ਪਾਲਣਾ ਕੀਤੀ। ਲੋਕ ਇਸ ਨੂੰ ਵਾਧੂ ਜਿਹਾ ਵਰਤਾਰਾ (ਝੰਜਟ) ਹੀ ਸਮਝਦੇ ਸਨ। ਪੰਜਾਂ ਸਾਲਾਂ ਬਾਅਦ ਅਮਰੀਕਾ ਦੀ ਅੱਧੀ ਤੋਂ ਵਧੇਰੇ ਵਸੋਂ ਨੇ ਇਸ ਨੂੰ ਸਹੀ ਸਮਝਦਿਆਂ ਮੰਨਣਾ ਸ਼ੁਰੂ ਕਰ ਦਿੱਤਾ। ਹੁਣ ਇਹ ਨਿਯਮ ਦੁਨੀਆਂ-ਭਰ ਦੇ ਦੇਸ਼ਾਂ ਵਿਚ ਸਖਤੀ ਨਾਲ ਲਾਗੂ ਕੀਤਾ ਜਾਂਦਾ ਹੈ ਅਤੇ ਇਸ ਨੂੰ ਨਾ ਮੰਨਣ ਵਾਲਿਆਂ ਨੂੰ ਜੁਰਮਾਨੇ ਕੀਤੇ ਜਾਂਦੇ ਹਨ।

ਮਨੁੱਖ ਵਿਚ ਚੰਗੀਆਂ ਆਦਤਾਂ ਦਾ ਹੋਣਾ ਜ਼ਰੂਰੀ ਹੈ, ਪਰ ਇਹ ਸਭ ਕੁਝ ਨਹੀਂ ਹੈ, ਸਗੋਂ ਇਨ੍ਹਾਂ ਵਿਚ ਮੁਹਾਰਤ ਹਾਸਲ ਕਰਨਾ ਵਧੇਰੇ ਅਹਿਮ ਹੈ। ਉਂਜ ਵੀ ਕਿਸੇ ਵੀ ਕੰਮ ਵਿਚ ਮੁਹਾਰਤ ਹਾਸਲ ਕਰਨ ਲਈ ਉਸ ਦੀ ਆਦਤ ਪਾਉਣਾ ਅਤੇ ਉਸ ਦਾ ਅਭਿਆਸ ਕਰਨਾ ਦੋਵੇਂ ਹੀ ਮਹੱਤਵਪੂਰਨ ਪੱਖ ਹਨ। ਇਨ੍ਹਾਂ ਦੋਹਾਂ ਦਾ ਸੁਮੇਲ ਮੁਹਾਰਤ ਵੱਲ ਪੁੱਟੇ ਜਾ ਰਹੇ ਕਦਮਾਂ ਦੀ ਗਵਾਹੀ ਭਰਦਾ ਹੈ।

ਆਦਤਾਂ+ਲੋੜੀਂਦਾ ਅਭਿਆਸ= ਮੁਹਾਰਤ
(Habits+Delibrate Practice= Mastery)

ਮਨੁੱਖ ਦੀਆਂ ਚੰਗੀਆਂ ਅਤੇ ਮਾੜੀਆਂ ਆਦਤਾਂ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਵਿਚ ਗੁਣ ਅਤੇ ਅਵਗੁਣ ਸ਼ਬਦਾਂ ਦਾ ਜ਼ਿਕਰ ਆਉਂਦਾ ਹੈ। ਗੁਰੂ ਸਾਹਿਬਾਨ ਅਤੇ ਕਈ ਮਹਾਂ-ਪੁਰਖਾਂ ਨੇ ਸਾਨੂੰ ਚੰਗੀਆਂ ਆਦਤਾਂ ਨੂੰ 'ਗੁਣ' ਤੇ ਮਾੜੀਆਂ ਨੂੰ 'ਅਵਗੁਣ' ਦਾ ਦਰਜਾ ਦਿੱਤਾ ਹੈ ਅਤੇ ਸਾਨੂੰ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਵਰਗੇ ਔਗੁਣਾਂ ਤੋਂ ਦੂਰ ਰਹਿ ਕੇ ਨੇਕੀ ਕਰਨ, ਸਰਬੱਤ ਦਾ ਭਲਾ ਚਾਹੁਣ ਅਤੇ ਪਰਮਾਤਮਾ ਦਾ ਨਾਂ ਲੈਣ ਵਾਲੇ ਗੁਣ ਅਪਨਾਉਣ ਦੀ ਪ੍ਰੇਰਨਾ ਕੀਤੀ ਹੈ।

ਗੁਰਵਾਕ ਹਨ:

ਅਵਗੁਣ ਛੋਡਿ ਗੁਣਾ ਕਉ ਧਾਵਹੁ
ਕਰ ਅਵਗੁਣ ਪਛਤਾਹੀ ਜੀਉ॥ (ਸ੍ਰੀ ਰਾਗ, ਮਹਲਾ ਪਹਿਲਾ, ਅੰਗ 598)

—

ਲੋਕ ਅਵਗੁਣਾ ਕੀ ਬੰਨੈ ਗੰਠੜੀ
ਗੁਣ ਨਾ ਵਿਹਾਝੇ ਕੋਇ॥
ਗੁਣ ਕਾ ਗਾਹਕੁ ਨਾਨਕਾ
ਵਿਰਲਾ ਕੋਈ ਹੋਇ॥
(ਮਹਲਾ ਤੀਜਾ, ਅੰਗ 1092)

ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਕੌੜਾ ਬੋਲਣ ਵਰਗੀ ਮਾੜੀ ਆਦਤ ਬਾਰੇ ਫਰਮਾਉਂਦੇ ਹਨ:

ਨਾਨਕ ਫਿਕੈ ਬੋਲੀਐ
ਤਨੁ ਮਨੁ ਫਿਕਾ ਹੋਇ॥
(ਆਸਾ ਦੀ ਵਾਰ, ਮਹਲਾ ਪਹਿਲਾ, ਅੰਗ 473)

ਬਾਬਾ ਫਰੀਦ ਜੀ ਵੀ ਆਪਣੇ ਇਕ ਸਲੋਕ ਵਿਚ ਮਾੜੀਆਂ ਆਦਤਾਂ (ਕੰਮ) ਤਿਆਗਣ ਲਈ ਕਹਿੰਦੇ ਹਨ:

ਫਰੀਦਾ ਜਿਨੀ ਕੰਮੀ ਨਾਹਿ ਗੁਣ
ਤੇ ਕਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ
ਸਾਂਈ ਦੈ ਦਰਬਾਰਿ॥
(ਸਲੋਕ 59, ਫਰੀਦ ਜੀ, ਅੰਗ 1381)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਨ ਵਿਚ ਇੱਛਾ ਸ਼ਕਤੀ ਪੈਦਾ ਕਰਕੇ ਜੇ ਅਸੀਂ ਆਪਣੀ ਕੋਈ ਆਦਤ ਬਦਲਣੀ ਚਾਹੀਏ ਅਤੇ ਉਸ ਦੇ ਲਈ ਲੋੜੀਂਦਾ ਅਭਿਆਸ ਕਰੀਏ ਤਾਂ ਉਸ ਨੂੰ ਬਦਲਿਆ ਵੀ ਜਾ ਸਕਦਾ ਹੈ। ਗੁਰਬਾਣੀ ਅਤੇ ਕਈ ਮਹਾਂ-ਪੁਰਖਾਂ ਦੇ ਕਥਨ ਵੀ ਇਸ ਦੇ ਲਈ ਸਾਡੀ ਅਗਵਾਈ ਕਰਦੇ ਹਨ। ਇਹ ਵੀ ਵੇਖਣ ਵਿਚ ਆਇਆ ਹੈ ਕਿ ਜਵਾਨੀ ਵੇਲੇ ਕਈ ਕਿਸਮ ਦਾ ਨਸ਼ਾ ਕਰਨ ਵਾਲੇ ਕਈ ਮਨੁੱਖ ਮਗਰਲੀ ਉਮਰੇ ਜਾ ਕੇ ਆਪਣੀ ਇੱਛਾ ਸ਼ਕਤੀ ਨਾਲ ਇਹ ਨਸ਼ੇ ਤਿਆਗ ਵੀ ਦਿੰਦੇ ਹਨ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਪ੍ਰਭੂ-ਭਗਤੀ ਵਾਲੇ ਮਾਰਗ ਵੱਲ ਤੁਰ ਪੈਂਦੇ ਹਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਮੀਆਂ ਵਾਰਸ ਸ਼ਾਹ ਹੋਰਾਂ ਦਾ ਇਸ ਲੇਖ ਦੇ ਅਰੰਭ ਵਿਚ ਦਿੱਤਾ ਗਿਆ ਕਥਨ 'ਭਾਵੇਂ ਕੱਟੀਏ ਪੋਰੀਆਂ-ਪੋਰੀਆਂ ਜੀ' ਹਰੇਕ ਮਨੁੱਖ ਉੱਪਰ ਲਾਗੂ ਨਹੀਂ ਹੁੰਦਾ, ਸਗੋਂ ਇਸ ਦੇ ਉਲਟ ਜੇਮਜ਼ ਕਲੀਅਰ ਦੇ ਆਦਤਾਂ ਬਦਲਣ ਲਈ ਦਿੱਤੇ ਗਏ ਚਾਰ ਨਿਯਮ ਵੀ ਸਾਰਥਿਕ ਸਾਬਤ ਹੋ ਸਕਦੇ ਹਨ।

ਫਿਰ ਤਾਂ ਇਹ ਵੀ ਕਿਹਾ ਜਾ ਸਕਦਾ ਹੈ, "ਮਨੁੱਖੀ ਆਦਤਾਂ ਬਦਲੀਆਂ ਜਾ ਸਕਦੀਆਂ ਨੇ ਜੇਕਰ ਬਦਲਣ ਦੀ ਇੱਛਾ ਤੇ ਲਗਨ ਹੋਵੇ।"

ਕਹਾਣੀ

# ਸ਼ੀਸ਼ਾ

***ਇਸ ਵਾਰ ਦਾ ਵੱਕਾਰੀ ਸਾਹਿਤ ਅਕਾਦਮੀ ਪੁਰਸਕਾਰ ਉਘੇ ਕਹਾਣੀਕਾਰ ਗੁਰਦੇਵ ਸਿੰਘ ਰੁਪਾਣਾ ਨੂੰ ਮਿਲਿਆ ਹੈ। ਸਮੁੱਚੇ ਪੰਜਾਬੀ ਸਾਹਿਤ ਜਗਤ ਨੇ ਉਨ੍ਹਾਂ ਨੂੰ ਇਹ ਪੁਰਸਕਾਰ ਮਿਲਣ ਦੀ ਖੁਸ਼ੀ ਮਨਾਈ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਦੀ ਇਕ ਕਹਾਣੀ 'ਸ਼ੀਸ਼ਾ' ਪੇਸ਼ ਕਰ ਰਹੇ, ਹਾਂ ਜਿਸ ਵਿਚ ਸੰਤਾਲੀ ਵਾਲੀ ਵੰਡ ਦਾ ਦਰਦ ਸਮੋਇਆ ਹੋਇਆ ਹੈ। -ਸੰਪਾਦਕ***

ਉਹ ਪਤਲਾ, ਤੰਦਰੁਸਤ ਸਰੀਰ ਵਾਲਾ, ਚਵ੍ਹੀ-ਪੰਝੀ ਸਾਲ ਦਾ ਜਵਾਨ ਸੀ। ਚਿਹਰੇ ਦਾ ਰੰਗ ਤਾਂਬੇ ਵਰਗਾ ਜਿਸ ਕਰ ਕੇ ਹੋਰ ਵੀ ਸਿਹਤਮੰਦ ਲੱਗਦਾ ਸੀ। ਨਾਂ ਸੀ ਦਾਨੀ ਤੇ ਪੈਰਿਸ ਦਾ ਰਹਿਣ ਵਾਲਾ ਸੀ। ਸਾਹਿਤ ਦਾ ਵਿਦਿਆਰਥੀ। 'ਵੀਹਵੀਂ ਸਦੀ ਦਾ ਪੰਜਾਬੀ ਸਾਹਿਤ' ਦਾ ਵਿਸ਼ਾ ਲੈ ਕੇ ਪੀਐਚ.ਡੀ. ਕਰ ਰਿਹਾ ਸੀ। ਦਿੱਲੀ ਰਹਿ ਕੇ ਪੁਸਤਕਾਂ ਇਕੱਠੀਆਂ ਕਰਦਾ ਤੇ ਦਿੱਲੀ ਵਿਚ ਰਹਿੰਦੇ ਪੰਜਾਬੀ ਲੇਖਕਾਂ ਨੂੰ ਮਿਲਦਾ। ਮੇਰੇ ਨਾਲ ਮੁਲਾਕਾਤ ਵੀ ਇਸੇ ਸਿਲਸਿਲੇ ਵਿਚ ਹੋਈ। ਕੰਵਲ ਤੇ ਗੁਰਦਿਆਲ ਸਿੰਘ ਦੇ ਨਾਵਲ ਪੜ੍ਹਦਿਆਂ ਉਹਨੂੰ ਬਹੁਤ ਸਾਰੇ ਮਲਵਈ ਸ਼ਬਦਾਂ ਦੇ ਅਰਥ ਸਮਝ ਨਾ ਆਉਂਦੇ। ਕਿਸੇ ਡਿਕਸ਼ਨਰੀ ਵਿਚੋਂ ਵੀ ਨਾ ਲੱਭਦੇ। ਕਈ ਵਾਰ ਉਹ ਮੇਰੀ ਸਹਾਇਤਾ ਲੈ ਲੈਂਦਾ। ਦੋਸਤਾਂ ਵਿਚ ਬੈਠੇ, ਇਕ ਦਿਨ ਉਹਨੂੰ ਪਤਾ ਲੱਗਿਆ ਕਿ ਮੈਂ ਕੁਝ ਦਿਨਾਂ ਵਾਸਤੇ ਆਪਣੇ ਪਿੰਡ (ਰੁਪਾਣਾ) ਜਾ ਰਿਹਾ ਹਾਂ ਤਾਂ ਉਹਨੇ ਰੁਕ-ਰੁਕ ਕੇ ਬੋਲਦਿਆਂ ਕਿਹਾ, "ਆਪ... ਜੀ... ਦੇ...



ਗੁਰਦੇਵ ਸਿੰਘ ਰੁਪਾਣਾ

ਨਾਲ... ਜੇ... ਮੈਂ... ਚੱਲਾਂ ਤਾਂ...।" ਉਹ ਪੰਜਾਬ ਦੇ ਪਿੰਡ ਵੇਖਣਾ ਚਾਹੁੰਦਾ ਸੀ, ਲੋਕਾਂ ਨੂੰ ਮਿਲਣਾ ਚਾਹੁੰਦਾ ਸੀ, ਗੱਲਾਂ ਕਰਨਾ ਚਾਹੁੰਦਾ ਸੀ ਪਰ ਕਿਸੇ ਉਤੇ ਬੋਝ ਬਣਨ ਤੋਂ ਝਿਜਕ ਰਿਹਾ ਸੀ। ਮੈਂ ਉਹਨੂੰ ਦੱਸਿਆ, "ਪਿੰਡ ਮੇਰੀ ਮਾਂ ਰਹਿੰਦੀ ਹੈ। ਬੋਝ ਵਾਲੀ ਕੋਈ ਗੱਲ ਨਹੀਂ। ਖਾਣ-ਪੀਣ 'ਤੇ ਕੋਈ ਖਰਚ ਨਹੀਂ ਆਵੇਗਾ, ਸਾਡਾ ਕਿਰਾਇਆ ਭਾੜਾ ਹੀ ਲੱਗੇਗਾ। ਉਹ ਜ਼ਰੂਰ ਚੱਲੇ।"

ਉਹਨੂੰ ਚਾਅ ਚੜ੍ਹ ਗਿਆ ਤੇ ਖੁਸ਼ੀ ਨਾਲ ਉਹਦਾ ਸਰੀਰ ਕੰਬ ਗਿਆ।

ਅਗਲੇ ਦਿਨ ਅਸੀਂ ਦਿੱਲੀ-ਫਿਰੋਜ਼ਪੁਰ ਵਾਲੀ ਬੱਸ ਵਿਚ ਸਵਾਰ ਹੋ ਗਏ। ਰਸਤੇ ਵਿਚ ਨਿੱਕੇ-ਨਿੱਕੇ ਵੇਰਵੇ ਪੁੱਛ-ਪੁੱਛ ਕੇ ਉਹਨੇ ਮੇਰਾ ਦਿਮਾਗ ਪੱਛ ਛੱਡਿਆ। ਮੈਂ ਖੁਸ਼ੀ-ਖੁਸ਼ੀ ਦੱਸਦਾ ਰਿਹਾ। ਦੱਸਦਾ ਕੀ ਰਿਹਾ, ਆਪਣੇ ਲੋਕਾਂ ਦਾ ਗੁਣ-ਗਾਨ ਕਰਦਾ ਰਿਹਾ। ਹਰ ਗੱਲ ਨੂੰ ਲਿਸ਼ਕਾ ਕੇ, ਹਰ ਵੇਰਵੇ ਵਿਚੋਂ ਆਪਣੇ ਲੋਕਾਂ ਦੀ ਸਿਫ਼ਤ-ਸਲਾਹ ਲੱਭਦਾ ਰਿਹਾ। ਇਹ ਉਸਤਤ-ਪੁਰਾਣ ਹੋਰ ਵੀ ਤਿੱਖਾ ਹੋ ਗਿਆ ਜਦੋਂ ਬੱਸ ਪੰਜਾਬ ਦੀ ਹੱਦ ਵਿਚ ਦਾਖ਼ਲ ਹੋ ਗਈ। ਪ੍ਰਸ਼ੰਸਾ ਕਰਦਾ ਮੈਂ ਉਤਸ਼ਾਹ ਨਾਲ ਨੱਕੋ-ਨੱਕ ਭਰਿਆ ਹੋਇਆ ਸਾਂ, ਕਿਉਂਕਿ ਦਾਨੀ ਸਭ ਕੁਝ ਮੰਨਦਾ ਜਾ ਰਿਹਾ ਸੀ। ਉਹਨੂੰ ਵਿਸ਼ਵਾਸ ਹੋ ਰਿਹਾ ਸੀ।

ਤਿੰਨ ਵਜੇ ਅਸੀਂ ਪਿੰਡ ਪੁੱਜ ਗਏ। ਅੱਡੇ ਤੋਂ ਪਹਿਲਾਂ ਅਸੀਂ ਸੂਏ ਦੇ ਪੁਲ ਉਤੇ ਉਤਰ ਗਏ। ਸਾਡਾ ਘਰ ਪਿੰਡ ਦੇ ਦੂਜੇ ਪਾਸੇ ਹੈ। ਅੱਡੇ ਤੋਂ ਉਤਰੀਏ ਤਾਂ ਸਾਰੇ ਪਿੰਡ ਵਿਚੋਂ ਦੀ ਲੰਘਣਾ ਪੈਂਦਾ ਹੈ। ਸੋਚ ਆਈ, ਪਰਦੇਸੀ ਬੰਦੇ ਨੂੰ ਵੇਖ ਕੇ ਲੋਕ ਅੱਖਾਂ ਪਾੜ-ਪਾੜ ਵੇਖਣਗੇ ਤੇ ਉਹਦੇ ਬਾਰੇ ਭਾਂਤ-ਭਾਂਤ ਦੇ ਸਵਾਲ ਕਰਨਗੇ। ਉਸ ਸਮੇਂ ਮੈਂ ਇਤਨਾ ਥੱਕਿਆ ਹੋਇਆ ਸਾਂ ਕਿ ਹੋਰ ਬੋਲਣ ਦੇ ਰੌਂਅ ਵਿਚ ਨਹੀਂ ਸਾਂ।

ਪੁਲ ਉਤੇ ਖੜੋ ਕੇ ਦਾਨੀ ਨੇ ਆਲੇ-ਦੁਆਲੇ ਵੇਖਿਆ। ਫੇਰ ਰੁਕ-ਰੁਕ ਕੇ ਬੋਲਿਆ, "ਆਪ... ਜੀ... ਦੀ... ਕਹਾਣੀ... 'ਹਵਾ'... ਵਿਚ ਇਹ ਸੜਕ... ਹੈ?"

ਮੈਂ ਦੱਸਿਆ ਕਿ ਇਹੀ ਸੜਕ ਹੈ ਜਿਸ ਉਤੇ ਚਲਦਾ ਕਾਫ਼ਲਾ ਵੱਢਿਆ ਗਿਆ ਸੀ। ਬਚੇ-ਖੁਚੇ ਲੋਕ, ਉਸ ਥਾਂ ਆ ਕੇ ਬੈਠੇ ਸਨ ਤੇ ਪੁਲ ਦੀ ਜੜ੍ਹ ਵਿਚੋਂ ਨਿਕਲਦੀ ਸੜਕ, ਅਹੁ ਸਾਹਮਣੇ ਪਿੰਡ 'ਧਿਗਾਣੇ' ਤੱਕ ਜਾਂਦੀ ਹੈ ਜਿਥੇ ਅੰਤ ਵਿਚ ਮਦਨ ਪਹੁੰਚਦਾ ਹੈ।

ਉਹਨੇ ਮੇਰਾ ਨਵਾਂ-ਨਵਾਂ ਛਪਿਆ ਨਾਵਲ 'ਗੋਰੀ' ਦੋ ਦਿਨ ਪਹਿਲਾਂ ਹੀ ਪੜ੍ਹਿਆ ਸੀ। ਪੁੱਛਣ ਲੱਗਾ, "ਗੋਰੀ... ਦੇਵ... ਮਿੱਠੇ... ਵੀ... ਏ... ਸੜਕ... ਤੋਂ ਲੱਭਦੇ... ਨੇ ਵੱਟੀਆਂ।"

ਦਾਨੀ ਦੀਆਂ ਇਨ੍ਹਾਂ ਗੱਲਾਂ ਨੇ ਮੇਰਾ ਥਕੇਵਾਂ ਲਾਹ ਦਿੱਤਾ ਤੇ ਮੈਂ ਫੇਰ ਗੱਲਾਂ ਕਰਨ ਦੇ ਮੂਡ ਵਿਚ ਹੋ ਗਿਆ।

ਅਸੀਂ ਸੂਏ ਦੀ ਪਟੜੀ 'ਤੇ ਚੱਲਣ ਲੱਗੇ। ਪਟੜੀ ਦੇ ਨਾਲ ਹੀ ਸਿਵੇ ਸਨ। ਸਿਵਿਆਂ ਕੋਲੋਂ ਰਾਹ ਉਤਰ ਕੇ ਫਿਰਨੀ ਵਿਚ ਜਾ ਪੈਂਦਾ ਹੈ। ਉਥੇ ਕਿਸੇ ਦਾ ਸਸਕਾਰ ਹੋ ਰਿਹਾ ਸੀ। ਸਿਵੇ ਨੂੰ ਅੱਗ ਲੱਗ ਚੁੱਕੀ ਸੀ ਤੇ ਲਾਟਾਂ ਨਿਕਲ ਰਹੀਆਂ ਸਨ। ਮੁਰਦੇ ਦੇ ਨਾਲ ਸਿਰਫ ਮਰਦ ਹੀ ਸਨ। ਸੋਚਿਆ, ਕੋਈ ਛੜਾ ਬੁੱਢਾ ਮਰ ਗਿਆ ਹੋਵੇਗਾ। ਪਟੜੀ ਤੋਂ ਲਹਿ ਕੇ ਅਸੀਂ ਉਨ੍ਹਾਂ ਬੰਦਿਆਂ ਵਿਚ ਰਲ ਗਏ। ਕਿਸੇ ਤੋਂ ਪਤਾ ਲੱਗਿਆ, ਬੂੜਾ ਵੈਲੀ ਚੱਲ ਵਸਿਆ ਸੀ।

"ਚਲੋ! ਕਈ ਮੁੰਡਿਆਂ ਦੀ ਜ਼ਿੰਦਗੀ ਬਚ ਗਈ", ਮੈਂ ਸੋਚਿਆ।

ਬੁੱਢਾ ਹੋਣ ਕਰ ਕੇ ਬੂੜਾ ਬਦਮਾਸ਼ੀ ਕਰਨੋਂ ਰਹਿ ਗਿਆ ਸੀ। ਹੁਣ ਉਹ ਨਵੇਂ ਜਵਾਨ ਹੋ ਰਹੇ ਮੁੰਡਿਆਂ ਨੂੰ ਆਪਣੇ ਰਾਹ 'ਤੇ ਪਾਉਣ ਲੱਗ ਪਿਆ ਸੀ। ਵੈਲੀ ਬਣਨ ਦੀਆਂ ਕਲਾਕਾਰੀਆਂ ਸਿਖਾਉਂਦਾ। ਜਿਵੇਂ ਬੁੱਢੀ ਹੋ ਕੇ ਨਾਚੀ ਸਕੂਲ ਖੋਲ੍ਹ ਲੈਂਦੀ ਹੈ, ਬੂੜੇ ਨੇ ਵੈਲੀ ਬਣਾਉਣ ਦਾ ਇਕ ਤਰ੍ਹਾਂ ਨਾਲ ਸਕੂਲ ਖੋਲ੍ਹ ਰੱਖਿਆ ਸੀ। ਉਹਦੀ ਸਿੱਖਿਆ ਵਿਚ ਆ ਕੇ ਕੋਈ ਮੁੰਡਾ ਸਕੂਲ ਛੱਡ ਦਿੰਦਾ, ਕੋਈ ਆਪਣੇ ਪਿਉ ਦੇ ਗਲ ਪੈ ਜਾਂਦਾ ਤਾਂ ਉਹਨੂੰ ਲੱਗਦਾ, ਉਹਦੀ ਫੀਸ ਆ ਗਈ ਸੀ। ਕਈ ਵਸਦੇ ਰਸਦੇ ਘਰ ਉਹਨੇ ਉਜਾੜੇ ਸਨ। ਕਿਸੇ ਦਾ ਭਲਾ ਸੋਚਣਾ ਤਾਂ ਕੀ, ਕਦੀ ਵਿਖਾਵੇ ਵਜੋਂ ਵੀ ਉਸ ਅਜਿਹਾ ਨਹੀਂ ਕੀਤਾ ਸੀ।

ਦੋ-ਚਾਰ ਬੰਦਿਆਂ ਨੇ ਬਲਦੇ ਸਿਵੇ ਵਿਚ ਡੱਕੇ ਸੁੱਟੇ ਤੇ ਗੱਲੀਂ ਪੈ ਗਏ।

"ਮੌਤ ਆਵੇ ਤਾਂ ਐਹੋ ਜੀ।"

"ਕੋਈ ਤਾਪ ਨ੍ਹੀਂ, ਕੋਈ ਸਰਵਾਹ ਨ੍ਹੀਂ।"

"ਇਕ ਦਿਨ ਵੀ ਬਿਮਾਰ ਨਹੀਂ ਹੋਇਆ।"

"ਇਕ ਦਿਨ ਤਾਂ ਵੱਡਾ ਹੁੰਦੈ-ਪੰਜ ਮਿੰਟ ਨ੍ਹੀਂ ਹੋਇਆ ਏਹ ਤਾਂ।"

"ਜਿਵੇਂ ਕੋਈ ਬਾਹਲੇ ਪੁੰਨ ਕੀਤੇ ਹੋਣ।"

"ਹਾਂ, ਜਿਵੇਂ ਬਾਹਲੇ ਪੁੰਨ ਕੀਤੇ ਹੋਣ, ਕੋਈ ਤਕਲੀਫ ਨ੍ਹੀਂ ਹੋਈ।"

ਦਾਨੀ ਨੇ ਮੈਨੂੰ ਪੁੰਨ ਬਾਰੇ ਪੁੱਛਿਆ। ਫੇਰ ਪੁੱਛਿਆ, ਮਰਨ ਵਾਲੇ ਨੇ ਬਹੁਤ ਪੁੰਨ ਕੀਤੇ ਸਨ? ਇਸ ਕਰ ਕੇ ਲੋਕ ਆਖ ਰਹੇ ਸਨ। ਸੰਖੇਪ ਵਿਚ ਤੇ ਧੀਮੀ ਆਵਾਜ਼ ਵਿਚ ਦਾਨੀ ਨੂੰ ਬੂੜੇ ਦੇ ਚਰਿੱਤਰ ਬਾਰੇ ਦੱਸਿਆ... ਘੋਰ ਪਾਪੀ ਬਣਾ ਕੇ 'ਜਿਵੇਂ ਪੁੰਨ ਕੀਤੇ ਹੋਣ' 'ਚ 'ਜਿਵੇਂ' ਦੀ ਰਮਜ਼ ਸਮਝਾਈ।

ਮੈਨੂੰ ਵੇਖ ਕੇ ਬੂੜੇ ਦਾ ਪੁੱਤਰ ਕਿਹਰੂ ਹੌਲੀ-ਹੌਲੀ ਸਾਡੇ ਕੋਲ ਨੂੰ ਹੋ ਗਿਆ। ਅਫਸੋਸ ਕਰਨ ਦੇ ਢੰਗ ਨਾਲ ਮੈਂ ਪੁੱਛ ਲਿਆ, "ਕੀ ਗੱਲ, ਬਿਮਾਰ ਹੋ ਗਿਆ ਸੀ ਤਾਇਆ?"

ਉਹ ਪਹਿਲਾਂ ਹੀ ਤਿਆਰ ਸੀ। ਵਾਰ-ਵਾਰ ਦੱਸ ਕੇ ਉਹਦਾ ਚੰਗਾ ਅਭਿਆਸ ਹੋ ਚੁੱਕਿਆ ਸੀ, ਇਕਦਮ ਸ਼ੁਰੂ ਹੋ ਗਿਆ, "ਕੋਈ ਬਿਮਾਰ ਨਹੀਂ ਸੀ। ਚੰਗਾ ਭਲਾ। ਤਾਪ ਵੀ ਨਹੀਂ ਚੜ੍ਹਿਆ। ਨਾ ਜੁਕਾਮ ਨਾ ਬੁੱਲਾ। ਚੰਗੀ ਭਲੀ ਰੋਟੀ ਖਾਧੀ। ਵੱਡੀ ਰਾਤ ਤਾਈਂ ਮੁੰਡਿਆਂ ਨਾਲ ਧੂੰਏਂ 'ਤੇ ਬੈਠਾ ਰਿਹਾ। ਚੰਗਾ ਭਲਾ ਉਠ ਕੇ ਆਇਆ। ਆਪ ਈ ਬਾਰ ਬੰਦ ਕੀਤਾ। ਕੁੰਡਾ ਲਾਇਆ, ਸਵੇਰੇ ਮੈਂ ਚਾਹ ਦੀ ਗੜਵੀ ਦੇਣ ਗਿਆ। 'ਵਾਜ਼ ਦਿੱਤੀ ਤਾਂ ਬੋਲਿਆ ਨਾ। ਰਜਾਈ ਲਾਹ ਕੇ ਮੂੰਹ ਵੇਖਿਆ, ਅੱਖਾਂ ਮਿਚੀਆਂ ਹੋਈਆਂ, ਮੂੰਹ ਬੰਦ, ਜਮਾਂ ਸੁੱਤਾ ਲੱਗਿਆ। ਮਰੇ ਬੰਦੇ ਦੀਆਂ ਅੱਖਾਂ ਤੇ ਮੂੰਹ ਖੁੱਲ੍ਹੇ ਰਹਿ ਜਾਂਦੇ ਐ ਪਰ ਨਹੀਂ, ਜਿਵੇਂ ਘੂਕ ਸੁੱਤਾ ਹੋਵੇ। ਮੈਂ ਚਾਹ ਵਾਲੀ ਗੜਵੀ ਮੋੜ ਕੇ ਚੁੱਲ੍ਹੇ 'ਚ ਅੱਗ 'ਤੇ ਰੱਖ ਦਿੱਤੀ, ਬਈ ਤੱਤੀ ਰਹੂ। ਚਾਹ ਉਹਨੂੰ ਆਦਤ ਸੀ, ਸੜਦੀ-ਸੜਦੀ ਪੀਂਦਾ ਹੁੰਦਾ ਸੀ। ਫੇਰ ਮੈਂ ਆਵਦੇ ਕੰਮ ਲੱਗ ਗਿਆ। ਪਿੰਡ 'ਚ ਵੀ ਇਕ-ਦੋ ਕੰਮ ਕਰ ਆਇਆ। ਆ ਕੇ ਵੇਖਿਆ ਤਾਂ ਗੜਵੀ ਉਵੇਂ ਚੁੱਲ੍ਹੇ 'ਚ ਪਈ। ਵੱਡੀਆਂ-ਵੱਡੀਆਂ ਧੁੱਪਾਂ ਚੜ੍ਹ ਆਈਆਂ ਸੀ। 'ਵਾਜ਼ਾਂ ਦਿੱਤੀਆਂ, ਇਕ-ਦੋ... ਪਰ ਬੋਲਣਾ ਕੀ ਸੀ? 'ਵਾਜ਼ ਵਿਚ ਹੁੰਦੀ ਤਾਂ ਬੋਲਦਾ ਨਾ...। ਬੋਲਣ ਵਾਲੀ ਚੀਜ਼ ਤਾਂ ਉਡ ਗਈ ਸੀ। ਰਜ਼ਾਈ ਲਾਹ ਕੇ ਮੂੰਹ ਨੰਗਾ ਕੀਤਾ। ਬਾਂਹ ਫੜ ਕੇ ਹਲੂਣੀ ਤਾਂ ਠੰਢੀ ਬਰਫ ਵਰਗੀ। ਸੁੱਤੇ-ਸੁੱਤੇ ਦੇ ਪਰਾਣ ਪੰਖੇਰੂ ਹੋ ਗਏ, ਬੱਸ!" ਰੋਣ ਦੇ ਯਤਨ ਵਿਚ ਕਿਹਰੂ ਨੇ ਬੁੱਲ੍ਹ ਜਿਹੇ ਅਟੇਰੇ ਪਰ ਰੋਣ ਨਹੀਂ ਨਿਕਲਿਆ।

ਦੂਜੇ ਪਾਸੇ ਕੋਈ ਧਰਮ ਸਿੰਘ ਦੀ ਮੌਤ ਨੂੰ ਯਾਦ ਕਰ ਰਿਹਾ ਸੀ, "ਦਿਨ-ਰਾਤ ਭਜਨ-ਬੰਦਗੀ ਕਰਨ ਵਾਲਾ, ਨਿਤਨੇਮੀ, ਪੰਜਾਂ ਬਾਣੀਆਂ ਦਾ ਪਾਠ ਕਰਨ ਪਿੱਛੋਂ ਮੂੰਹ ਜੂਠਾ ਕਰਦਾ। ਕਿਸੇ ਨੂੰ ਕੋਈ ਦੁੱਖ-ਤਕਲੀਫ ਹੁੰਦੀ, ਸਭ ਤੋਂ ਪਹਿਲਾਂ ਪੁੱਜਦਾ। ਕਿਸੇ ਦੇ ਕੰਡਾ ਵੱਜਿਆ ਧਰਮ ਸਿੰਘ ਤੋਂ ਜਰ ਨਾ ਹੁੰਦਾ ਪਰ ਮਰਿਆ ਵੇਖ ਲਉ ਕਿਵੇਂ? ਛੇ ਮਹੀਨੇ ਅੱਡੀਆਂ ਰਗੜ-ਰਗੜ ਕੇ। ਇਕ ਪਾਸਾ ਮਾਰਿਆ ਗਿਆ, ਪਏ-ਪਏ ਦਾ ਸਰੀਰ ਗਲ ਗਿਆ, ਇਕ ਪਾਸੇ ਤੋਂ। ਮੁਸ਼ਕ ਮਾਰਿਆ ਕਰੇ ਪਰ ਮੌਤ ਨੇ ਤਾਂ ਆਪਣੇ ਵਕਤ 'ਤੇ ਹੀ ਆਉਣਾ ਸੀ। ਬਹੁਤ ਨਰਕ ਭੋਗਿਆ ਵਿਚਾਰੇ ਨੇ। ਵੇਖ ਲਉ ਰੱਬ ਦੇ ਰੰਗ!"



*ਸੰਤਾਲੀ ਦੀ ਵੰਡ ਦੇ ਦਰਦ ਬਾਰੇ ਪ੍ਰਾਣ ਨਾਥ ਮਾਗੋ ਦਾ ਚਿੱਤਰ।*

ਧਰਮ ਸਿੰਘ ਦੀ ਮੌਤ ਬਾਰੇ ਸਾਰਿਆਂ ਨੇ ਕੁਝ ਕਿਹਾ। ਫੇਰ ਕੁਝ ਲੋਕ ਬੂੜੇ ਦੀ ਸੌਖੀ ਮੌਤ ਬਾਰੇ ਦੱਸਦੇ ਤੇ ਕੋਈ ਧਰਮ ਸਿੰਘ ਦੀ ਕਸ਼ਟਾਂ ਭਰੀ ਮੌਤ ਬਾਰੇ ਗੱਲ ਕਰਦਾ। ਇਕ ਤਰ੍ਹਾਂ ਨਾਲ 'ਗੁਰਮੁਖ' ਤੇ 'ਮਨਮੁਖ' ਦੀ ਮੌਤ ਦਾ ਮੁਕਾਬਲਾ ਹੋਣ ਲੱਗਾ ਪਿਆ। ਪੁੰਨ ਕਰਨ ਵਾਲਾ ਕਿੰਨਾ ਦੁਖੀ ਹੋ ਕੇ ਮਰਿਆ, ਤੇ ਪਾਪੀ ਦੀ ਮੌਤ ਕਿੰਨੀ ਸੁਖਾਲੀ ਸੀ। ਧਰਮ ਸਿੰਘ ਬਾਰੇ ਕਹਿ ਰਹੇ ਸਨ, 'ਕਿੰਨੇ ਪੁੰਨ ਕੀਤੇ ਸੀ' ਅਤੇ ਬੂੜੇ ਬਾਰੇ, 'ਜਿਵੇਂ ਪੁੰਨ ਕੀਤੇ ਹੋਣ।'

ਕਿਹਰੂ ਦੀ ਹਾਲਤ ਬੜੀ ਤਰਸਯੋਗ ਸੀ, ਉਹਦੇ ਪਿਉ ਦੀ ਸੁਖੀ ਮੌਤ ਲੋਕਾਂ ਨੂੰ ਚੁਭ ਰਹੀ ਸੀ। ਐਸੀ ਮੌਤ ਦੇ ਵੀ ਉਹਨੂੰ ਯੋਗ ਨਹੀਂ ਸਮਝ ਰਹੇ ਸਨ। ਪਿੱਪਲ ਦਾ ਮੁੱਢ ਵਿਚੋਂ ਲੈ ਕੇ ਉਹਨੇ ਖੇਸ ਦੀ ਬੁੱਕਲ ਮਾਰ ਲਈ ਤੇ ਇਉਂ ਖੜ੍ਹਾ ਹੋ ਗਿਆ, ਜਿਵੇਂ ਐਲਾਨ ਕਰਨਾ ਹੋਵੇ।

"ਅਸਲ 'ਚ ਉਹ ਪੁੰਨ ਤਾਰ ਗਿਆ ਬਾਪੂ ਨੂੰ... ਓਸ ਉਪਕਾਰ ਨੇ ਸਹਾਇਤਾ ਕੀਤੀ ਉਹਦੀ।" ਕਿਹਰੂ ਨੇ ਕਿਹਾ ਤੇ ਲੋਕਾਂ ਦੇ ਚਿਹਰਿਆਂ ਵੱਲ ਵੇਖਣ ਲੱਗਾ।

ਸਾਰੇ ਚੁੱਪ ਹੋ ਗਏ, ਜਿਵੇਂ ਯਾਦ ਕਰਦੇ ਹੋਣ, ਕਿਹੜਾ ਉਪਕਾਰ ਸੀ ਜੋ ਲੋਕਾਂ ਤੋਂ ਚੋਰੀ-ਚੋਰੀ ਬੂੜੇ ਨੇ ਕਰ ਦਿੱਤਾ ਸੀ? ਜਿਸ ਨੇ ਉਹਦੀ ਮੌਤ ਇਤਨੀ ਆਸਾਨ ਕਰ ਦਿੱਤੀ? "ਇਥੋਂ ਦੀ ਕਾਫਲਾ ਲੰਘਿਆ ਸੀ ਰੌਲੇ ਵੇਲੇ।" ਕਿਹਰੂ ਨੇ ਦੱਸਿਆ, "ਤੀਹ ਦੁੱਧ ਪੀਂਦੇ ਬੱਚਿਆਂ ਦੀ ਮੁਕਤੀ ਕੀਤੀ ਸੀ ਬਾਪੂ ਨੇ। ਉਹੀ ਪੁੰਨ ਤਾਰ ਗਿਆ।"

ਦੇਸ਼ ਦੀ ਵੰਡ ਸਮੇਂ 1947 ਵਿਚ ਪਿੰਡ ਵਿਚੋਂ ਲੰਘਦੀ ਸੜਕ ਉਤੋਂ ਦੀ ਪੰਦਰਾਂ-ਵੀਹ ਮੀਲ ਲੰਮਾ ਕਾਫਲਾ ਲੰਘਿਆ। ਲੁਟੇਰੇ ਤੇ ਧਾੜਵੀ ਕਾਫਲੇ ਦੇ ਪਿੱਛੋਂ ਥੋੜ੍ਹੇ ਕੁ ਬੰਦਿਆਂ ਨੂੰ ਵੱਖ ਕਰ ਲੈਂਦੇ। ਲੁੱਟ ਮਾਰ ਕਰਦੇ, ਮਰਦਾਂ ਤੇ ਬੁੱਢੀਆਂ ਔਰਤਾਂ ਨੂੰ ਮਾਰ ਦਿੰਦੇ, ਜਵਾਨ ਤੀਵੀਆਂ ਨੂੰ ਉਧਾਲ ਕੇ ਲੈ ਜਾਂਦੇ। ਫਿਰ ਹੋਰ ਧਾੜਵੀ ਆ ਜਾਂਦੇ। ਇਹ ਸਿਲਸਿਲਾ ਚਲਦਾ ਰਿਹਾ। ਪਿੱਛੋਂ ਕਾਫਲਾ ਵੱਢਿਆ ਜਾ ਰਿਹਾ ਸੀ, ਅੱਗਿਉਂ ਤੁਰ ਰਿਹਾ ਸੀ। ਸੜਕ ਲਾਸ਼ਾਂ ਨਾਲ ਭਰ ਗਈ। ਬਿਮਾਰੀ ਫੈਲਣ ਦੇ ਡਰ ਤੋਂ ਅਗਲੇ ਦਿਨ ਲਾਸ਼ਾਂ ਸਮੇਟਣ ਲੱਗੇ ਤਾਂ ਪਿੰਡ ਦੀ ਜੂਹ ਵਿਚ ਕੁਝ ਦੁੱਧ ਪੀਂਦੇ ਬੱਚੇ ਜਿਉਂਦੇ ਲੱਭੇ। ਪਿੰਡ ਵਾਲੇ ਉਨ੍ਹਾਂ ਨੂੰ ਧਰਮਸ਼ਾਲਾ ਲੈ ਗਏ। ਹੁਣ ਚਿੰਤਾ ਬਣੀ ਕਿ ਇਨ੍ਹਾਂ ਬੱਚਿਆਂ ਦਾ ਕੀਤਾ ਕੀ ਜਾਏ? ਕੁਝ ਬੱਚੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਲੈ ਗਏ, ਫਿਰ ਵੀ ਤੀਹ ਬੱਚੇ ਰਹਿ ਗਏ ਜਿਨ੍ਹਾਂ ਦੀ ਉਮਰ ਕੁਝ ਮਹੀਨਿਆਂ ਦੀ ਹੀ ਸੀ। ਪੰਜ ਸੱਤ ਦਿਨਾਂ ਵਿਚ ਹੀ ਪਿੰਡ ਵਾਲੇ ਦੁਖੀ ਹੋ ਗਏ। ਕੌਣ ਸੰਭਾਲੇ ਬਿਗਾਨੇ ਬੱਚਿਆਂ ਨੂੰ? ਬੰਦੇ ਦਾ ਬੱਚਾ ਪਾਲਣਾ ਕੋਈ ਖੇਲ ਨਹੀਂ। ਵਿਚਾਰ ਹੋਣ ਲੱਗੀ। ਕੋਈ ਕਹੇ ਪਾਕਿਸਤਾਨ ਛੱਡ ਆਈਏ। ਕੋਈ ਕਿਸੇ ਯਤੀਮਖਾਨੇ ਦੀ ਗੱਲ ਕਰਦਾ ਪਰ ਛੱਡ ਕੇ ਕੌਣ ਆਵੇ? ਖਤਰਨਾਕ ਹਾਲਾਤ ਵਿਚ ਕੋਈ ਜਾਨ ਖਤਰੇ ਵਿਚ ਪਾਉਣ ਨੂੰ ਤਿਆਰ ਨਹੀਂ ਸੀ।

"ਪਰ੍ਹਾਂ ਮੁਕਤੀ ਕਰੋ ਵਿਚਾਰਿਆਂ ਦੀ। ਪਾਕਿਸਤਾਨ 'ਚ ਕੌਣ ਇਨ੍ਹਾਂ ਵਾਸਤੇ ਪੂੜੇ ਲਈ ਬੈਠੇ।" ਬੂੜੇ ਨੇ ਸਲਾਹ ਦਿੱਤੀ।

"ਇੰਨੇ ਛੋਟੇ ਦੁੱਧ ਪੀਂਦੇ ਬੱਚਿਆਂ ਨੂੰ ਮਾਰੇਗਾ ਕੌਣ? ਕੋਈ ਨਹੀਂ ਮਾਰ ਸਕਦਾ। ਜੇ ਕੋਈ ਮਾਰ ਸਕਦਾ ਹੁੰਦਾ ਤਾਂ ਉਹੀ ਨਾ ਮਾਰ ਜਾਂਦੇ ਜਿਨ੍ਹਾਂ ਨੇ ਬਾਕੀ ਕਾਫਲਾ ਵੱਢਿਆ ਸੀ ਜਿਹੜੇ ਇਨ੍ਹਾਂ ਦੀਆਂ ਮਾਵਾਂ ਨੂੰ ਲੈ ਗਏ ਸਨ।" ਇਸ ਖਿਆਲ ਨਾਲ ਹੀ ਲੋਕਾਂ ਦਾ ਦਿਲ ਦਹਿਲ ਜਾਂਦਾ।

"ਲਿਆਉ! ਮੈਂ ਕਰਦਾਂ ਇਹ ਪੁੰਨ।" ਅੰਤ ਨੂੰ ਬੂੜੇ ਨੇ ਕਿਹਾ, "ਇਨ੍ਹਾਂ ਦਾ ਕੀ ਐ, ਇਕ-ਇਕ ਟੱਕ ਦੀ ਮਾਰ ਐ ਵਿਚਾਰੇ। ਸਾਰੀ ਉਮਰ ਰੁਲਦੇ ਫਿਰਨਗੇ ਮਾਂ-ਮਹਿਟਰ।"

ਬੂੜਾ ਬੱਚਿਆਂ ਨੂੰ ਸੂਏ 'ਤੇ ਲੈ ਗਿਆ ਤੇ ਇਕ-ਇਕ ਟੱਕ ਲਾ ਕੇ ਸੂਏ ਵਿਚ ਸੁੱਟ ਦਿੱਤੇ। ਇਹ ਪੁੰਨ ਸੀ, ਕਿਹਰੂ ਦੇ ਦੱਸਣ ਅਨੁਸਾਰ ਜਿਸ ਨੇ ਉਹਦੇ ਬਾਪੂ ਦੀ ਮੌਤ ਸੌਖੀ ਕਰ ਦਿੱਤੀ ਸੀ।

ਕਿਹਰੂ ਦੀ ਜ਼ਬਾਨੀ ਸੁਣ ਕੇ ਦਾਨੀ ਨੂੰ ਗੱਲ ਪੂਰੀ ਤਰ੍ਹਾਂ ਸਮਝ ਨਾ ਪਈ। ਮੇਰੇ ਕੋਲੋਂ ਦੁਬਾਰਾ ਸੁਣੀ।

"ਆਪ... ਜੀ... ਨੇ... ਵੇਖਿਆ... ਸੀ?" ਦਾਨੀ ਨੇ ਕਿਹਰੂ ਨੂੰ ਪੁੱਛਿਆ।

ਕਿਹਰੂ ਨੂੰ ਜਦ ਪਤਾ ਲੱਗਿਆ ਕਿ ਪੁੱਛਣ ਵਾਲਾ ਪਰਦੇਸੀ ਹੈ, ਉਹਨੇ ਪਰਦੇਸੀਆਂ ਨੂੰ ਸਮਝ ਆਉਣ ਵਾਲੇ ਅੰਦਾਜ਼ ਵਿਚ ਬੋਲਣਾ ਸ਼ੁਰੂ ਕਰ ਦਿੱਤਾ, "ਹਾਂ, ਹਮ ਕੋ ਦੇਖਿਆ ਸੀ... ਹਮ ਤੇਰਾਂ ਬਰਸ ਕਾ ਸੀ ਉਸ ਟੈਮ। ਗੱਡੇ ਉਪਰ ਲੱਦ ਕੇ ਲੈ ਗਏ ਥੇ, ਹਮ ਬੱਚਿਆਂ ਕੋ।"

"ਕਿੰਨੇ... ਵੱਡੇ... ਸਨ... ਬੱਚੇ?" ਦਾਨੀ ਨੇ ਪੁੱਛਿਆ।

"ਨੀਕੇ-ਨੀਕੇ ਥੇ।" ਕਿਹਰੂ ਨੇ ਦੋਵਾਂ ਹੱਥਾਂ ਵਿਚ ਵਿੱਥ ਕਰ ਕੇ ਬੱਚਿਆਂ ਦੇ ਆਕਾਰ ਦੱਸੇ, "ਐਤਨੇ, ਐਤਨੇ... ਦੁੱਧ ਪੀਂਦੇ। ਇਹੀ ਪੁੰਨ ਨੇ ਤਾਰ ਦੀਤਾ।"

"ਤਲਵਾਰ... ਨਾਲ ਕੱਟ... ਦਿੱਤੇ... ਆਪ।"

ਕਿਹਰੂ ਨੇ ਹੱਥ ਦੀ ਤਲਵਾਰ ਬਣਾ ਕੇ ਉਪਰ ਥੱਲੇ ਵਾਰ ਕਰਨ ਵਾਂਗ ਕੀਤਾ, "ਬੱਸ-ਏਕ ਟੱਕ ਔਰ ਸਿਰ ਅੱਡ।"

ਦਾਨੀ ਦਾ ਜਿਸਮ ਧੁੜਧੁੜੀ ਨਾਲ ਕੰਬ ਗਿਆ। ਚਿਹਰੇ ਦਾ ਤਾਂਬੇ ਵਰਗਾ ਰੰਗ ਪੀਲਾ ਪੈ ਗਿਆ ਤੇ ਫਿਰ ਇਕਦਮ ਬੱਗਾ ਪੂਣੀ ਵਰਗਾ। ਮੈਨੂੰ ਤੁਰਨ ਵਾਸਤੇ ਇਸ਼ਾਰਾ ਕੀਤਾ। ਬੋਲ ਨਹੀਂ ਨਿਕਲਿਆ ਉਹਦਾ।

ਬੰਦਿਆਂ ਤੋਂ ਵੱਖ ਹੋ ਕੇ ਅਸੀਂ ਰਾਹ ਵਿਚ ਆ ਗਏ। ਉਹਨੇ ਆਪਣਾ ਅਟੈਚੀ ਧਰਤੀ ਉਤੇ ਰੱਖ ਦਿੱਤਾ ਤੇ ਅਟੈਚੀ ਵੱਲ ਇਉਂ ਵੇਖਣ ਲੱਗਾ ਜਿਵੇਂ ਖੋਲ੍ਹਣਾ ਚਾਹੁੰਦਾ ਹੋਵੇ। ਖੋਲ੍ਹਣ ਦਾ ਵਿਚਾਰ ਛੱਡ ਕੇ, ਉਹ ਆਪਣੇ ਚਿਹਰੇ ਉਤੇ ਹੱਥ ਫੇਰਨ ਲੱਗਿਆ। ਉਂਗਲਾਂ ਦੇ ਪੋਟਿਆਂ ਨਾਲ ਟੋਹਣ ਲੱਗਾ, ਜਿਵੇਂ ਚਿਹਰੇ ਦਾ ਬਦਲਿਆ ਰੰਗ, ਪੋਟਿਆਂ ਨਾਲ ਵੇਖ ਰਿਹਾ ਹੋਵੇ। ਫਿਰ ਇਕਦਮ ਮੂੰਹ ਦੂਜੇ ਪਾਸੇ ਕਰ ਕੇ ਬੈਠ ਗਿਆ। ਉਸ ਨੂੰ ਉਲਟੀ ਆ ਗਈ। ਸਹਾਰਾ ਦੇਣ ਵਾਸਤੇ ਮੈਂ ਉਹਦੇ ਮੋਢੇ ਫੜ ਲਏ। ਉਹਨੇ ਤਿੰਨ ਵਾਰ ਉਲਟੀ ਕੀਤੀ।

ਰਾਹ ਦੇ ਦੂਜੇ ਪਾਸੇ ਪੱਕਾ ਖਾਲ ਪਾਣੀ ਦਾ ਭਰਿਆ ਹੋਇਆ ਸੀ। ਸਹਾਰਾ ਦੇ ਕੇ ਉਹਨੂੰ ਉਥੇ ਬਿਠਾ ਦਿੱਤਾ। ਕੁਰਲੀ ਕੀਤੀ, ਰੁਮਾਲ ਨਾਲ ਮੂੰਹ ਪੂੰਝਿਆ ਤੇ ਮੈਥੋਂ ਮੁਆਫੀ ਮੰਗੀ, "ਮੈਨੂੰ... ਅਫੋਸਸ ਹੈ... ਮੈਨੂੰ ਮਜ਼ਬੂਤ... ਹੋਣਾ... ਚਾਹੀਦਾ... ਸੀ... ਮੁਆਫੀ... ਚਾਹੁੰਦਾ ਹਾਂ... ਬੰਦੇ ਨੂੰ... ਕਮਜ਼ੋਰ... ਨਹੀਂ ਹੋਣਾ... ਚਾਹੀਦਾ...।" ਉਹ ਅਟਕ-ਅਟਕ ਕੇ ਬੋਲਿਆ।

ਮੇਰੀ ਮਾਂ ਨੂੰ ਜਦ ਪਤਾ ਲੱਗਿਆ, ਉਹ ਪਰਦੇਸੀ ਹੈ, ਆਪਣੇ ਪਰਿਵਾਰ ਤੇ ਦੇਸ ਤੋਂ ਦੂਰ ਹੈ, ਉਹਨੇ ਦਾਨੀ ਦਾ ਬਹੁਤ ਆਦਰ ਕੀਤਾ। ਮੂੰਹ ਹੱਥ ਧੋਣ ਵਾਸਤੇ ਪਾਣੀ ਗਰਮ ਕਰ ਕੇ ਦਿੱਤਾ। ਚਾਹ ਬਣਾ ਕੇ ਦਿੱਤੀ ਤੇ ਉਸ ਤੋਂ ਉਸ ਦੇ ਦੇਸ਼ ਬਾਰੇ ਗੱਲਾਂ ਪੁੱਛਦੀ ਰਹੀ ਪਰ ਦਾਨੀ ਖੁੱਲ੍ਹ ਨਹੀਂ ਸੀ ਰਿਹਾ। ਉਹਦਾ ਚਿੱਤ ਖੁਸ਼ ਕਰਨ ਵਾਸਤੇ ਮੈਂ ਉਹਨੂੰ ਚਾਚੇ ਦੇ ਘਰ ਲੈ ਗਿਆ। ਚਾਚੇ ਦੇ ਪੁੱਤਰ ਨੇ ਵਿਸਕੀ ਪਿਆਈ, ਮੁਰਗੇ ਬਣਵਾਏ ਪਰ ਦਾਨੀ ਪਿਚਕਿਆ ਹੀ ਰਿਹਾ। ਜੋ ਉਹਨੂੰ ਪੁੱਛਿਆ ਜਾਂਦਾ, ਸੰਖੇਪ ਵਿਚ ਦੱਸ ਦਿੰਦਾ। ਜੋ ਉਹਨੂੰ ਦੱਸਿਆ ਜਾਂਦਾ, ਸੁਣ ਲੈਂਦਾ; ਆਪ ਕੁਝ ਨਾ ਪੁੱਛਦਾ। ਪੁੱਛਣ ਤੇ ਜਾਣਨ ਦਾ ਉਹਦਾ ਉਤਸ਼ਾਹ ਉੱਕਾ ਮਰ ਗਿਆ ਸੀ। ਰੋਟੀ ਵੀ ਉਹਨੇ ਥੋੜ੍ਹੀ ਕੁ ਖਾਧੀ। ਉਹਦੀ ਚੁੱਪ ਨੇ ਆਪਣੇ ਲੋਕਾਂ ਦੀ ਮਹਿਮਾਨ ਨਿਵਾਜ਼ੀ ਦੀ ਸਿਫਤ ਕਰਨ ਦਾ ਮੌਕਾ ਵੀ ਮੇਰੇ ਹੱਥੋਂ ਖੋਹ ਲਿਆ। ਮੈਂ ਤਾਂ ਦੱਸਣਾ ਚਾਹੁੰਦਾ ਸਾਂ ਕਿ ਬਿਨ ਬੁਲਾਏ ਮਹਿਮਾਨ ਦਾ ਵੀ ਕਿੰਨਾ ਸਵਾਗਤ ਹੁੰਦਾ ਹੈ, ਸਾਡੇ ਘਰਾਂ ਵਿਚ।

ਉਹਦਾ ਬਿਸਤਰਾ ਚੁਬਾਰੇ ਵਿਚ ਕਰ ਦਿੱਤਾ। ਉਤੇ ਰੋਸ਼ਨੀ ਦਾ ਚੰਗਾ ਪ੍ਰਬੰਧ ਸੀ। ਟਿਊਬ ਸੀ, ਟੇਬਲ ਲੈਂਪ ਵੀ ਸੀ, ਉਹਨੂੰ ਪੜ੍ਹਨ ਵਾਸਤੇ ਸੌਖ ਰਹਿਣੀ ਸੀ। ਉਹਨੇ ਮੈਨੂੰ ਵੀ ਉਥੇ ਹੀ ਸੌਣ ਵਾਸਤੇ ਕਿਹਾ। ਸੌਣ ਤੋਂ ਪਹਿਲਾਂ ਉਹਨੇ ਕੋਈ ਗੱਲ ਨਾ ਕੀਤੀ। ਚੁੱਪ-ਚਾਪ ਰਜ਼ਾਈ ਤਾਣ ਕੇ ਪੈ ਗਿਆ।

ਅੱਧੀ ਕੁ ਰਾਤ ਹੋਵੇਗੀ, ਉਹਦੀ ਆਵਾਜ਼ ਸੁਣ ਕੇ ਮੇਰੀ ਨੀਂਦ ਖੁੱਲ੍ਹ ਗਈ। ਰਜਾਈ ਦੀ ਝੀਤ ਵਿਚੋਂ ਵੇਖਿਆ, ਦਾਨੀ ਨੇ ਸਾਰੀਆਂ ਬੱਤੀਆਂ ਜਗਾ ਰੱਖੀਆਂ ਸਨ। ਮੰਜੇ ਉਤੇ ਬੈਠਾ ਫਰੈਂਚ ਵਿਚ ਗੱਲਾਂ ਕਰ ਰਿਹਾ ਸੀ। ਜਿਤਨੀ ਕੁ ਮੈਂ ਸਮਝ ਸਕਿਆ, 'ਪੈਂਤੀ ਸਾਲਾਂ ਬਾਅਦ ਵੀ ਉਹ ਕੰਮ ਪੁੰਨ ਦਾ ਲੱਗਦਾ ਸੀ, ਪੈਂਤੀ ਸਾਲਾਂ ਬਾਅਦ ਪੁੰਨ... ਤੋਬਾ-ਤੋਬਾ... ਮੇਰੀ ਬੱਚੀ ਤਿੰਨ ਮਹੀਨਿਆਂ ਦੀ ਹੈ-ਦੁੱਧ ਪੀਂਦੀ ਬੱਚੀ... ਛੋਟੀ ਬੱਚੀ...।'

ਫੇਰ ਉਹ ਮੰਜੇ ਉਤੇ ਡਿੱਗ ਪਿਆ ਤੇ ਇਉਂ ਵਲਾਵੇਂ ਜਿਹੇ ਖਾਣ ਲੱਗ ਪਿਆ, ਜਿਵੇਂ ਸੱਪ ਵਿਸ ਘੋਲਦਾ ਹੈ। ਕਦੇ ਇਕ ਪਾਸੇ ਦੀ ਬਾਹੀ ਨਾਲ ਵੱਜਦਾ, ਕਦੇ ਦੂਜੇ ਨਾਲ। ਮੂੰਹ 'ਚੋਂ ਇਉਂ ਆਵਾਜ਼ ਆ ਰਹੀ ਸੀ ਜਿਵੇਂ ਦੰਦ ਪੀਹ ਰਿਹਾ ਹੋਵੇ। ਮੰਜੇ ਦੀਆਂ ਚੂਲਾਂ ਜਰਕ ਰਹੀਆਂ ਸਨ, ਜਿਵੇਂ ਕੋਈ ਉਤੇ ਘੋਲ ਕਰ ਰਿਹਾ ਹੋਵੇ। ਮੈਂ ਡਰ ਗਿਆ।

(ਬਾਕੀ ਅਗਲੇ ਸਫੇ 'ਤੇ)

# ਗੋਰੀ ਦੇ ਹੱਥ 'ਚ ਫੜਿਆ ਸੂਹਾ ਗੁਲਾਬ ਗੁਰਦੇਵ ਸਿੰਘ ਰੁਪਾਣਾ

*ਕਹਾਣੀਕਾਰ ਗੁਰਦੇਵ ਸਿੰਘ ਰੁਪਾਣਾ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਣ 'ਤੇ ਦਿੱਲੀ ਵੱਸਦੇ ਉਘੇ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਬੜਾ ਦਿਲਚਸਪ ਲੇਖ ਲਿਖਿਆ ਹੈ। ਇਨ੍ਹਾਂ ਦੋਹਾਂ ਕਹਿੰਦੇ-ਕਹਾਉਂਦੇ ਕਹਾਣੀਕਾਰਾਂ ਦੀ ਦੋਸਤੀ ਦੇ ਕਿੱਸੇ ਅਕਸਰ ਸਾਹਿਤ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਦੇ ਰਹੇ ਹਨ। ਇਸ ਲੇਖ ਦਾ ਰੰਗ ਵੀ ਇਸੇ ਚਾਸ਼ਣੀ ਵਿਚ ਡੁਬਕੀਆਂ ਮਾਰ ਰਿਹਾ ਜਾਪਦਾ ਹੈ। -ਸੰਪਾਦਕ*

**ਗੁਰਬਚਨ ਸਿੰਘ ਭੁੱਲਰ**
ਫੋਨ: 011-42502364

ਗੁਰਦੇਵ ਸਿੰਘ ਰੁਪਾਣਾ ਪੰਜਾਬੀ ਗਲਪ ਦਾ ਆਦਰ ਨਾਲ ਲਿਆ ਜਾਂਦਾ ਨਾਂ ਹੈ। ਉਹਨੇ ਜੋ ਕੁਝ ਵੀ ਲਿਖਿਆ, ਕਲਮੀ ਜ਼ਿੰਮੇਦਾਰੀ ਸਮਝਦਿਆਂ ਲਿਖਿਆ ਤੇ ਪਾਠਕਾਂ ਨੇ ਦਿਲੋਂ ਪਰਵਾਨਿਆ। ਸਾਹਿਤ ਅਕਾਦਮੀ ਪੁਰਸਕਾਰ ਉਹਦਾ ਚਿਰ-ਪੁਰਾਣਾ ਹੱਕ ਸੀ ਜੋ ਆਖ਼ਰ ਮਿਲ ਗਿਆ। 'ਦਰੁਸਤ' ਕੁਝ ਜ਼ਿਆਦਾ ਹੀ ਦੇਰ ਕਰ ਕੇ 'ਆਇਦ' ਹੋਇਆ ਪਰ ਆਪਾਂ ਗੱਲ ਪੰਜਾਬੀ ਅਖਾਣ ਦੀ ਹੀ ਕਰੀਏ- ਅੰਤ ਭਲਾ ਸੋ ਭਲਾ!

ਗੁਰਦੇਵ ਨੇ ਕਹਾਣੀ ਅਗੇਤੀ ਹੀ ਲਿਖਣੀ ਸ਼ੁਰੂ ਕਰ ਦਿੱਤੀ ਸੀ। ਦਸਵੀਂ ਦਾ ਇਮਤਿਹਾਨ ਦੇ ਕੇ ਵਿਹਲਾ ਇਹ ਇਕ ਦਿਨ ਸਾਈਕਲ 'ਤੇ ਮੁਕਤਸਰ ਨੂੰ ਜਾ ਰਿਹਾ ਸੀ। ਅੱਗੇ-ਅੱਗੇ ਇਕ ਸਾਈਕਲ-ਸਵਾਰ ਦੂਜੇ ਨੂੰ ਕੋਈ ਸੱਚੀ ਘਟਨਾ ਸੁਣਾ ਰਿਹਾ ਸੀ। ਹਟ-ਹਟ ਕੇ, ਕਾਫ਼ੀ ਜ਼ੋਰ ਲਾ ਕੇ, ਇਹਨੇ ਉਸ ਘਟਨਾ ਨੂੰ ਕਹਾਣੀ 'ਦਰੋਪਦੀ' ਦਾ ਰੂਪ ਦਿੱਤਾ ਅਤੇ 'ਗੁਰਦੇਵ ਸਿੰਘ' ਦੇ ਨਾਂ ਹੇਠ 'ਪੰਜ ਦਰਿਆ' ਨੂੰ ਭੇਜ ਦਿੱਤੀ। ਜਦੋਂ ਕਹਾਣੀ ਛਪੀ, ਇਹ ਕਾਲਜ ਦੇ ਪਹਿਲੇ ਸਾਲ ਵਿਚ ਜਾ ਚੁੱਕਿਆ ਸੀ। ਇਸ ਕਹਾਣੀ ਨੇ ਕਾਲਜ ਵਿਚ ਇਹਦੀ ਧਾਂਕ ਜਮਾ ਦਿੱਤੀ। ਪੰਜਾਬੀ ਦੇ ਪ੍ਰੋਫੈਸਰ ਨੇ ਇਹਨੂੰ ਝੱਟ ਕਾਲਜ ਮੈਗਜ਼ੀਨ ਦਾ ਸੰਪਾਦਕ ਬਣਾ ਦਿੱਤਾ। ਵੱਡੀਆਂ ਜਮਾਤਾਂ ਦੇ ਵਿਦਿਆਰਥੀ ਝਗੜਾ ਪ੍ਰਿੰਸੀਪਲ ਕੋਲ ਲੈ ਗਏ। ਪ੍ਰੋਫੈਸਰ ਨੇ 'ਪੰਜ ਦਰਿਆ' ਦਾ ਅੰਕ ਮੇਜ਼ ਉੱਤੇ ਰਖਦਿਆਂ ਕਿਹਾ, "ਸਰ, ਮੈਨੂੰ 'ਪੰਜ ਦਰਿਆ' ਨੂੰ ਲਿਖਤਾਂ ਭੇਜਦੇ ਨੂੰ ਕਈ ਸਾਲ ਹੋ ਗਏ, ਅਜੇ ਤੱਕ ਮੈਂ ਛਪ ਨਹੀਂ ਸਕਿਆ। ਇਸ ਮੁੰਡੇ ਦੀ ਕਹਾਣੀ ਛਪੀ ਦੇਖੋ।" ਪ੍ਰਿੰਸੀਪਲ ਨੇ ਫੈਸਲਾ ਇਹਦੇ ਹੱਕ ਵਿਚ ਦੇ ਦਿੱਤਾ।

ਸਾਹਿਤਕ ਨਾਂ ਵਜੋਂ 'ਗੁਰਦੇਵ ਸਿੰਘ' ਇਹਨੂੰ ਅਧੂਰਾ ਜਿਹਾ ਲਗਿਆ। ਕਿਹੜਾ ਗੁਰਦੇਵ ਸਿੰਘ? ਇਹਦੀ ਜਮਾਤ ਵਿਚ ਹੀ ਸੱਤ ਗੁਰਦੇਵ ਸਿੰਘ ਸੀ। ਇਹਨੇ ਸੋਚਿਆ, ਨਾਂ ਨਾਲ ਅਜਿਹਾ ਕੁਝ ਜੋੜੇ ਕਿ ਹੋਰ ਕਿਸੇ ਲੇਖਕ ਦਾ ਨਾਂ ਇਹਦੇ ਨਾਂ ਨਾਲ ਮੇਲ ਨਾ ਖਾਵੇ। ਇਉਂ ਪਿੰਡ ਦਾ ਨਾਂ ਰੁਪਾਣਾ ਇਹਦੇ ਨਾਂ ਦਾ ਹਿੱਸਾ ਬਣ ਗਿਆ। ਇਹ ਨਾਂ ਪਹਿਲੀ ਵਾਰ ਕਹਾਣੀ 'ਇਕ ਟੋਟਾ ਔਰਤ' ਨਾਲ 'ਨਾਗਮਣੀ' ਵਿਚ ਛਪਿਆ।

ਇਹਨੇ ਪਹਿਲਾ ਨਾਵਲ 'ਆਸੋ ਦਾ ਟੱਬਰ' ਜੋ ਛਪਿਆ ਬਹੁਤ ਮਗਰੋਂ, ਵੀ ਬੀ.ਏ. ਵਿਚ ਪੜ੍ਹਦਿਆਂ ਹੀ ਲਿਖ ਲਿਆ ਸੀ। ਸਟੂਡੈਂਟਸ ਫੈਡਰੇਸ਼ਨ ਕਰਕੇ ਨਵਤੇਜ ਇਹਨੂੰ ਜਾਣਦਾ ਸੀ। ਇਹ ਇਕ ਦੋਸਤ ਨੂੰ ਨਾਲ ਲੈ ਕੇ ਪ੍ਰੀਤਨਗਰ ਪਹੁੰਚ ਗਿਆ। ਨਵਤੇਜ ਘਰ ਨਹੀਂ ਸੀ, ਇਹ ਨਾਨਕ ਸਿੰਘ ਨੂੰ ਮਿਲਣ ਚਲੇ ਗਏ। ਜਦੋਂ ਇਹਨੇ ਦੱਸਿਆ ਕਿ ਮੈਂ ਨਵਤੇਜ ਨੂੰ ਨਾਵਲ ਦਾ ਖਰੜਾ ਪੜ੍ਹਨ ਲਈ ਦੇਣ ਆਇਆ ਸੀ, ਉਹਨਾਂ ਨੂੰ ਤਾਂ ਬੱਸ ਚਾਅ ਹੀ ਚੜ੍ਹ ਗਿਆ। ਕਹਿੰਦੇ, "ਤੂੰ ਨਾਵਲ ਲਿਖਿਐ? ਪਹਿਲਾਂ ਮੈਂ ਪੜ੍ਹਾਂਗਾ। ਪੜ੍ਹ ਕੇ ਨਵਤੇਜ ਨੂੰ ਦੇ ਦੇਵਾਂਗਾ।" ਕੁਝ ਸਮੇਂ ਮਗਰੋਂ ਉਹਨਾਂ ਦੀ ਚਿੱਠੀ ਆਈ। ਨਾਵਲ ਦੀ ਪ੍ਰਸੰਸਾ ਕਰ ਕੇ ਕੁਝ ਸੁਝਾਅ ਵੀ ਦਿੱਤੇ ਹੋਏ ਸਨ ਅਤੇ ਨਾਵਲ ਨਵਤੇਜ ਨੂੰ ਦੇਣ ਦੀ ਸੂਚਨਾ ਵੀ।

ਪਿੰਡ ਤੋਂ ਇਹਦਾ ਦਿੱਲੀ ਪਹੁੰਚਣਾ ਇਕ ਅਣਵਿਉਂਤਿਆ ਸਬਬ ਸੀ। 1936 ਦੇ ਵਿਸਾਖੀ ਵਾਲੇ ਦਿਨ ਮੁਕਤਸਰ ਨੇੜਲੇ ਪਿੰਡ ਰੁਪਾਣਾ ਵਿਚ ਜਨਮੇ ਗੁਰਦੇਵ ਨੇ ਪ੍ਰਾਇਮਰੀ ਪਿੰਡ ਦੇ ਸਕੂਲ ਤੋਂ, ਮੈਟਰਿਕ ਖਾਲਸਾ ਹਾਈ ਸਕੂਲ ਮੁਕਤਸਰ ਤੋਂ ਅਤੇ ਬੀ.ਏ. ਗੌਰਮਿੰਟ ਕਾਲਜ ਮੁਕਤਸਰ ਤੋਂ ਪਾਸ ਕੀਤੀ। ਇਕ ਵਾਰ ਇਹ ਪਿੰਡ ਦੇ ਕਾਮਰੇਡਾਂ ਨਾਲ ਇਕ ਰੈਲੀ ਵਿਚ ਦਿੱਲੀ ਆਇਆ ਤੇ ਉਹਨਾਂ ਨਾਲੋਂ ਨਿੱਖੜ ਕੇ ਆਪਣੇ ਇਕ ਮਿੱਤਰ ਨੂੰ ਮਿਲਣ ਚਲਿਆ ਗਿਆ ਜੋ ਦਿੱਲੀ ਆ ਕੇ ਪੰਜਾਬੀ ਅਧਿਆਪਕ ਲਗਿਆ ਹੋਇਆ ਸੀ। ਉਹ ਬੋਲਿਆ, ਤੂੰ ਇਥੇ ਕਿਉਂ ਨਹੀਂ ਆ ਜਾਂਦਾ। ਦੋਵੇਂ ਵਿਦਿਆ ਵਿਭਾਗ ਦੇ ਇਕ ਅਧਿਕਾਰੀ ਕੋਲ ਚਲੇ ਗਏ। ਨੌਕਰੀ ਲਈ ਅਜੇ ਭਲੇ ਵੇਲੇ ਸਨ। ਉਹ ਕਹਿੰਦਾ, ਸਾਨੂੰ ਤਾਂ ਪੰਜਾਬੀ ਅਧਿਆਪਕਾਂ ਦੀ ਬਹੁਤ ਲੋੜ ਹੈ, ਸਰਟੀਫਿਕੇਟ ਦਿਓ ਤੇ ਨਿਯੁਕਤੀ-ਪੱਤਰ ਲਓ। ਇਹ ਪਿੰਡੋਂ ਕਾਗਜ਼-ਪੱਤਰ ਚੁੱਕ ਲਿਆਇਆ। ਇਹਨੇ ਐਮ.ਏ. ਤੇ ਪੀਐਚ.ਡੀ. ਦਿੱਲੀ ਯੂਨੀਵਰਸਿਟੀ ਤੋਂ ਕੀਤੀਆਂ ਅਤੇ ਦਿੱਲੀ ਨੌਕਰੀ ਕਰਦਿਆਂ ਹੀ ਕਹਾਣੀਕਾਰ ਵਜੋਂ ਨਾਂ ਕਮਾਇਆ। ਇਹਨੇ ਗਲਪ ਤੋਂ ਬਿਨਾਂ ਕਦੀ ਕੁਝ ਨਹੀਂ ਲਿਖਿਆ।

ਗੁਰਦੇਵ ਦਾ ਸਕੂਲ ਦੁਪਹਿਰੇ ਲਗਦਾ ਸੀ। ਜਾਗਣ ਦੀ ਖੁੱਲ੍ਹ ਹੋਣ ਕਰਕੇ ਇਹਨੂੰ ਕੁੱਕੜ ਦੀ ਬਾਂਗ ਤੱਕ ਪੜ੍ਹਦਾ-ਲਿਖਦਾ ਰਹਿਣ ਦੀ ਆਦਤ ਪੈ ਗਈ। ਇਹਦਾ ਕਹਿਣਾ ਸੀ ਕਿ ਟਿਕੀ ਰਾਤ ਵਿਚ, ਜਦੋਂ ਸਾਰੀ ਕਾਇਨਾਤ ਸੁੱਤੀ ਪਈ ਹੁੰਦੀ ਹੈ, ਪੜ੍ਹਨ-ਲਿਖਣ ਵਿਚ ਬਹੁਤ ਇਕਾਗਰਤਾ ਬਣਦੀ ਹੈ। ਜੇ ਇਹ ਕਹਾਣੀ ਰਾਤ ਨੂੰ ਸ਼ੁਰੂ ਕਰਦਾ, ਇਕੋ ਬੈਠਕ ਵਿਚ ਮੁਕਾ ਲੈਂਦਾ ਪਰ ਦਿਨ ਨੂੰ ਸ਼ੁਰੂ ਕੀਤੀ ਕਹਾਣੀ ਵਿਚੇ ਛੱਡ ਕੇ ਫੇਰ ਲਿਖਣ ਨਾਲ ਇਹਨੂੰ ਕੋਈ ਫਰਕ ਨਹੀਂ ਸੀ ਪੈਂਦਾ। ਇਹ ਕਹਿੰਦਾ ਸੀ, "ਜਦੋਂ ਮੈਂ ਲਿਖਣ ਲਗਦਾ ਹਾਂ, ਕਹਾਣੀ ਪੂਰੀ ਮੇਰੇ ਸਾਹਮਣੇ ਹੁੰਦੀ ਹੈ। ਖਾਸ ਕਰ ਕੇ ਅੰਤ ਬਾਰੇ ਮੈਂ ਬਿਲਕੁਲ ਸਪਸ਼ਟ ਹੁੰਦਾ ਹਾਂ ਕਿਉਂਕਿ, ਮੈਂ ਸਮਝਦਾ ਹਾਂ, ਕਹਾਣੀ ਦਾ ਅੰਤ ਹੀ ਸਾਰੀ ਗੱਲ ਮਿਥਦਾ ਹੈ।"

ਉਹਨਾਂ ਰਾਤਾਂ ਵਿਚ ਇਹਨੇ ਆਪ ਲਿਖਣ ਤੇ ਰਚਨਾਤਮਿਕ ਸਾਹਿਤ ਪੜ੍ਹਨ ਤੋਂ ਇਲਾਵਾ ਹੋਰ ਬਹੁਤ ਕੁਝ ਪੜ੍ਹਿਆ, ਸਾਹਿਤ ਸਿਧਾਂਤ, ਦਰਸ਼ਨ ਸ਼ਾਸਤਰ, ਮਨੋਵਿਗਿਆਨ, ਸਮਾਜ ਵਿਗਿਆਨ, ਧਰਮ ਤੇ ਹੋਰ। ਇਹਦੇ ਨਾਲ ਗੱਲਾਂ ਕਰਦਿਆਂ ਬੜਾ ਅਨੰਦ ਆਉਂਦਾ। ਲਗਦਾ, ਤੁਸੀਂ ਠੀਕ ਹੀ ਕਿਸੇ ਸਿਆਣੇ ਬੰਦੇ ਨਾਲ ਗੱਲਾਂ ਕਰ ਰਹੇ ਹੋ ਤੇ ਤੁਹਾਡੀ ਝੋਲੀ ਵਿਚ ਕੁਝ ਪੈ ਰਿਹਾ ਹੈ। ਮੈਂ ਇਹਨੂੰ ਸਾਹਿਤ-ਸਭਿਆਚਾਰ ਬਾਰੇ ਲੇਖ ਲਿਖਣ ਲਈ ਆਖਦਾ ਜੋ ਲੇਖਕਾਂ, ਪਾਠਕਾਂ ਤੇ ਵੱਡੀਆਂ ਜਮਾਤਾਂ ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਰਹਿਣੇ ਸਨ। ਇਹ ਸਹਿਮਤ ਨਾ ਹੁੰਦਾ, "ਮੈਂ ਆਪਣੀ ਸੋਚ ਦੀ ਨੋਕ ਗਲਪ ਤੋਂ ਹਟਾਉਣਾ ਨਹੀਂ ਚਾਹੁੰਦਾ। ਫੇਰ ਮਨ ਲਾਂਭੇ ਪੈ ਜਾਂਦਾ ਹੈ।"


ਗੁਰਦੇਵ ਸਿੰਘ ਰੁਪਾਣਾ ਅਤੇ ਗੁਰਬਚਨ ਸਿੰਘ ਭੁੱਲਰ

ਪਚਵੰਜਾ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਮੈਂ ਦਿੱਲੀ ਪਹੁੰਚਿਆ। ਗੁਰਦੇਵ ਓਦੋਂ ਤੱਕ ਉਥੇ ਟਿਕ ਚੁਕਿਆ ਸੀ। ਪੰਜ-ਚਾਰ ਦਿਨ ਮਗਰੋਂ ਮੈਂ ਦਫ਼ਤਰੀ ਕੰਮ ਦੇ ਸੰਬੰਧ ਵਿਚ ਨਵਯੁਗ ਗਿਆ ਤਾਂ ਭਾਪਾ ਪ੍ਰੀਤਮ ਸਿੰਘ ਬੋਲੇ, "ਆਓ, ਭੁੱਲਰ ਜੀ, ਤੁਹਾਨੂੰ ਤੁਹਾਡਾ ਭਵਿੱਖੀ ਯਾਰ ਮਿਲਾਵਾਂ। ਇਕੋ ਇਲਾਕਾ, ਦੋਵੇਂ ਕਹਾਣੀਕਾਰ।" ਉਹਨਾਂ ਦੀ ਭਵਿੱਖਬਾਣੀ ਸੱਚੀ ਸਿੱਧ ਹੋਈ। ਸਾਡਾ ਰਿਸ਼ਤਾ ਯਾਰੀ ਤੋਂ ਵੀ ਅੱਗੇ ਲੰਘ ਗਿਆ। ਦਿੱਲੀ ਦੇ ਲੇਖਕ ਸਾਨੂੰ ਜੋੜੇ ਭਾਈ ਆਖਦੇ। ਜੇ ਸਾਡੇ ਵਿਚੋਂ ਕਿਸੇ ਇਕ ਨੂੰ ਕੋਈ ਲੇਖਕ ਮਿੱਤਰ ਮਿਲ ਪੈਂਦਾ, ਉਹ ਉਹਦਾ ਹਾਲ-ਚਾਲ ਪੁੱਛਣ ਦੇ ਨਾਲ-ਨਾਲ ਦੂਜੇ ਦਾ ਹਾਲ-ਚਾਲ ਵੀ ਜ਼ਰੂਰ ਪੁੱਛਦਾ।

ਦਿੱਲੀ ਵਿਚ ਉਹਨੀਂ ਦਿਨੀਂ ਦੋ ਸਾਹਤਿਕ ਬੈਠਕਾਂ ਪ੍ਰਸਿੱਧ ਸਨ। ਦੋਵਾਂ ਦਾ ਹੀ ਸਮਾਂ ਅਤੇ ਸਥਾਨ ਨਿਸ਼ਚਿਤ ਸੀ। ਨਾ ਕਾਰਡ ਛਾਪਣ ਦੀ ਲੋੜ, ਨਾ ਫੋਨ ਕਰ ਕੇ ਜਾਂ ਸੁਨੇਹੇ ਭੇਜ ਕੇ ਬੁਲਾਉਣ ਦੀ ਮਜਬੂਰੀ। ਅੰਮ੍ਰਿਤਾ ਪ੍ਰੀਤਮ ਦੇ ਘਰ ਹਰ ਮਹੀਨੇ ਦੇ ਅੰਤਲੇ ਐਤਵਾਰ 'ਨਾਗਮਣੀ ਸ਼ਾਮ' ਜੁੜਦੀ। ਕਨਾਟ ਪਲੇਸ ਦੇ ਨੇੜੇ ਹਰ ਐਤਵਾਰ ਪੰਜਾਬ ਸਾਹਿਤ ਸਭਾ ਦੀ ਇਕੱਤਰਤਾ ਹੁੰਦੀ। ਗਿਆਨੀ ਹਰੀ ਸਿੰਘ ਸਮੇਂ ਤੋਂ ਅੱਧਾ ਘੰਟਾ ਪਹਿਲਾਂ ਆਪਣੀ ਕੋਠੀ ਦੇ ਇਕ ਕਮਰੇ ਵਿਚੋਂ ਮੰਜੇ-ਪੀੜ੍ਹੀਆਂ ਇਧਰ-ਉਧਰ ਕਰ ਕੇ ਦਰੀ ਵਿਛਾ ਦਿੰਦੇ ਅਤੇ ਦਰਵਾਜ਼ਾ ਖੋਲ੍ਹ ਦਿੰਦੇ। ਜੋ ਆਵੇ ਸੋ ਰਾਜ਼ੀ ਜਾਵੇ। ਸਾਹਿਤਕਾਰ ਅਤੇ ਸਾਹਿਤ-ਪ੍ਰੇਮੀ ਤੰਬੂ ਵਾਲੇ ਕਾਫ਼ੀ ਹਾਊਸ ਵਿਚੋਂ ਉਠਦੇ ਅਤੇ ਉਥੇ ਜਾ ਮਹਿਫ਼ਲ ਜਮਾਉਂਦੇ। ਗੁਰਦੇਵ ਤੇ ਮੈਂ ਕਾਫ਼ੀ ਹਾਊਸ ਵੀ ਇਕੱਠੇ ਜਾਂਦੇ ਤੇ ਦੋਵਾਂ ਸਾਹਿਤਕ ਬੈਠਕਾਂ ਵਿਚ ਵੀ।

ਸਾਡੇ ਪਹਿਲੇ ਕਹਾਣੀ ਸੰਗ੍ਰਹਿ, ਮੇਰਾ 'ਓਪਰਾ ਮਰਦ' ਅਤੇ ਗੁਰਦੇਵ ਦਾ 'ਇਕ ਟੋਟਾ ਔਰਤ' ਨਵਯੁਗ ਤੋਂ ਨਾਲੋ-ਨਾਲ ਛਪੇ। ਦੋਵਾਂ ਪੁਸਤਕਾਂ ਦੀ ਖ਼ੂਬ ਸਲਾਹੁਤਾ ਹੋਈ। ਕਾਫ਼ੀ ਹਾਊਸ ਵਿਚ ਤਾਰਾ ਸਿੰਘ ਜੋ ਅੱਗੇ ਚੱਲ ਕੇ ਸਾਡਾ ਗੂੜ੍ਹਾ ਮਿੱਤਰ ਬਣਿਆ, ਸਾਨੂੰ ਕਹਿਣ ਲੱਗਿਆ, ਤੁਹਾਡੀਆਂ ਦੋਵਾਂ ਦੀਆਂ ਕਿਤਾਬਾਂ ਛਪੀਆਂ ਬਹੁਤ ਖ਼ੂਬਸੂਰਤ ਨੇ। ਅਸੀਂ ਉਹਦੀ ਚਤੁਰਾਈ ਸਮਝ ਗਏ ਅਤੇ ਬੋਲੇ, ਛਪੀਆਂ ਹੀ ਖ਼ੂਬਸੂਰਤ ਨਹੀਂ, ਪੜ੍ਹ ਕੇ ਦੇਖੀਂ, ਕਹਾਣੀਆਂ ਵੀ ਬਹੁਤ ਖ਼ੂਬਸੂਰਤ ਨੇ। ਉਹ ਖਚਰੀ ਹਾਸੀ ਹੱਸਿਆ, "ਯਾਰ, ਅਸੀਂ ਤਾਂ ਕਦੀ ਦਿੱਲੀ ਵਿਚ ਨਵੇਂ ਬੰਦੇ ਦੇ ਛੇਤੀ-ਛੇਤੀ ਪੈਰ ਹੀ ਨਹੀਂ ਲੱਗਣ ਦਿੱਤੇ। ਅਗਲੇ ਤੋਂ ਟੋਲ-ਟੈਕਸ ਵਸੂਲਦੇ ਹਾਂ; ਕਾਫ਼ੀਆਂ, ਤੇ ਜੇ ਬਹੁਤਾ ਹੀ ਲੇਲ੍ਹਾ ਹੋਵੇ ਦਾਰੂਆਂ ਛਕਦੇ ਰਹਿੰਦੇ ਹਾਂ। ਪਰ ਤੁਸੀਂ ਦੋਵੇਂ ਜੱਟ ਇਥੇ ਪਹਿਲੇ ਦਿਨੋਂ ਇਉਂ ਫਿਰਦੇ ਹੋ ਜਿਵੇਂ ਦਿੱਲੀ ਤੁਹਾਡੇ ਨਾਨਕੇ ਹੋਣ!"

ਕਿਸੇ ਸਾਹਿਤਕ ਸੂਝ-ਸਮਝ ਤੋਂ ਬਿਨਾਂ ਐਵੇਂ ਵਰਕੇ ਕਾਲੇ ਕਰਦੇ ਰਹਿਣ ਵਾਲੇ ਲੇਖਕਾਂ ਨਾਲ ਗੁਰਦੇਵ ਨੂੰ ਖ਼ਾਸ ਚਿੜ ਸੀ। ਇਹ ਟਿੱਚਰ ਵੀ ਬਹੁਤ ਕਾਟਵੀਂ ਕਰਦਾ। ਇਕ ਵਾਰ ਇਕ ਇਕੱਤਰਤਾ ਵਿਚ ਹਿੱਸਾ ਲੈਣ ਲਈ ਅਸੀਂ ਦੋਵੇਂ, ਰੁਪਾਣੇ ਦੇ ਪੈਰ ਨੂੰ ਮੋਚ ਆਈ ਹੋਣ ਕਾਰਨ, ਹੌਲੀ-ਹੌਲੀ ਤੁਰੇ ਜਾ ਰਹੇ ਸੀ। ਪਿਛੋਂ ਆ ਕੇ ਕਹਾਣੀਆਂ ਦੀਆਂ ਦਰਜਨ ਕੁ ਪੁਸਤਕਾਂ ਦਾ ਇਕ ਲੇਖਕ, ਜਿਸ ਨੂੰ ਕੋਈ ਕਿਸੇ ਗਿਣਤੀ ਵਿਚ ਨਹੀਂ ਸੀ ਲੈਂਦਾ, ਬੋਲਿਆ, "ਕੇਹ ਗੱਲ ਰੁਪਾਣਾ ਜੀ, ਇੰਜ ਢਿੱਲੇ-ਢਿੱਲੇ ਤੁਰਦੇ ਹੋ?" ਇਹਨੇ ਪੀੜ ਦੀ ਕਸੀਸ ਵੱਟ ਕੇ ਕਿਹਾ, "ਕੀ ਕਰੀਏ ਜੀ, ਸਾਨੂੰ ਤਾਂ ਪੰਜਾਬੀ ਕਹਾਣੀ ਦੇ ਮਿਆਰ ਦੀ ਚਿੰਤਾ ਨੇ ਹੀ ਮਾਰ ਲਿਆ!" ਉਸ ਪਿਛੋਂ ਉਹ ਲੇਖਕ ਇਹਦੇ ਨਾਲ ਕਦੀ ਚੰਗੀ ਤਰ੍ਹਾਂ ਨਜ਼ਰ ਮਿਲਾ ਕੇ ਨਹੀਂ ਸੀ ਬੋਲਿਆ।

ਇਕ ਕਹਾਣੀਕਾਰ ਸਾਹਿਤ ਸਭਾ ਵਿਚ ਉਚੇਚੀ ਤਿਆਰੀ ਕਰ ਕੇ ਕਹਾਣੀ ਸੁਣਾਉਣ ਆਇਆ। ਉਹ ਬਾਹਰ ਖੜ੍ਹਾ ਇਕ ਹੋਰ ਲੇਖਕ ਨਾਲ ਗੱਲਾਂ ਕਰ ਰਿਹਾ ਸੀ। ਥ੍ਰੀ-ਪੀਸ ਸੂਟ, ਟਾਈ, ਚਿਲਕਵੀਂ ਚੁੰਝ ਪੱਗ, ਗੂੰਦ ਲਾ ਕੇ ਚਿਪਕਾਈ ਹੋਈ ਦਾੜ੍ਹੀ। ਇਹ ਮੇਰੇ ਕੂਹਣੀ ਮਾਰ ਕੇ ਕਹਿੰਦਾ, "ਤਿਆਰੀ ਤਾਂ ਦੇਖ ਕੀਤੀ ਜਿਵੇਂ ਪਿਉ ਦਾ ਵਿਆਹ ਹੋਵੇ। ਆ ਮੇਰੇ ਨਾਲ!" ਇਹ ਹੱਥ ਮਿਲਾ ਕੇ ਬੋਲਿਆ, "ਪਿਛੇ ਜਿਹੇ ਤੁਹਾਡੀ ਤਸਵੀਰ ਕਿਥੇ ਦੇਖੀ ਸੀ।" ਉਹ ਖ਼ੁਸ਼ ਹੋ ਗਿਆ, "ਟੀ.ਵੀ. ਉਤੇ ਦੇਖ ਹੋਸੀ।" ਇਹਨੇ ਕਿਹਾ, "ਟੀ.ਵੀ. ਤਾਂ ਮੈਂ ਦੇਖਦਾ ਨਹੀਂ।" ਰਸਾਲਾ ਕਹਿਣ ਉੱਤੇ ਇਹਨੇ ਦੱਸਿਆ, "ਰਸਾਲੇ ਮੈਂ ਪੜ੍ਹਦਾ ਨਹੀਂ।" ਅਖ਼ਬਾਰ ਦੇ ਉੱਤਰ ਵਿਚ ਇਹਨੇ ਆਖਿਆ, "ਅਖ਼ਬਾਰ ਮੈਂ ਮੰਗਵਾਉਂਦਾ ਨਹੀਂ।" ਸੋਚੀਂ ਪਏ ਕਹਾਣੀਕਾਰ ਦੇ ਮੋਢੇ ਉੱਤੇ ਹੱਥ ਮਾਰ ਕੇ ਇਹ ਇਕਦਮ ਬੋਲਿਆ, "ਹਾਂ, ਆਇਆ ਯਾਦ! ਤੁਹਾਡੀ ਤਸਵੀਰ ਮੈਂ ਇਕ ਮਿੱਤਰ ਦੇ ਘਰ ਹੇਅਰ ਫਿਕਸਰ ਦੀ ਸ਼ੀਸ਼ੀ ਉੱਤੇ ਦੇਖੀ ਸੀ।" ਉਹ ਬਿਚਾਰਾ ਅਜਿਹਾ ਝਿਤਕਿਆ ਕਿ ਕਹਾਣੀ ਵੀ ਚੱਜ ਨਾਲ ਪੜ੍ਹ ਨਾ ਸਕਿਆ।

ਸਾਡਾ ਦੋਵਾਂ ਦਾ ਸਮਕਾਲੀ ਸਾਹਿਤਕ ਉਭਾਰ, ਕਹਾਣੀਆਂ ਦਾ ਲਗਭਗ ਇਕੋ ਧਰਾਤਲ ਅਤੇ ਹਰ ਸਾਹਿਤਕ ਸਮਾਗਮ ਵਿਚ ਇਕੱਠਿਆਂ ਜਾਣਾ ਬਹੁਤ ਲੋਕਾਂ ਲਈ ਸਾਡੀ ਪਛਾਣ ਤੱਕ ਰਲਗੱਡ ਕਰ ਦਿੰਦਾ। ਦਿੱਲੀ ਰੇਡੀਓ ਦੇ ਪੰਜਾਬੀ ਸੈਕਸ਼ਨ ਵਿਚ ਉਹਨੀਂ ਦਿਨੀਂ ਸਤਿਆ ਸੇਠ ਨਾਂ ਦੀ ਬੀਬੀ ਕੰਮ ਕਰਦੀ ਸੀ। ਇਕ ਦਿਨ ਮੇਰੀ ਕਹਾਣੀ ਦੀ ਰਿਕਾਰਡਿੰਗ ਤੋਂ ਮਗਰੋਂ ਬੋਲੀ, "ਤੁਹਾਡੀ ਉਹ ਕਹਾਣੀ ਵੀ ਮੈਨੂੰ ਭੁਲਦੀ ਨਹੀਂ ਜਿਸ ਵਿਚ ਇਕ ਪਿਆਸਾ ਆਦਮੀ ਰੇਤ ਦੇ ਬੁੱਕ ਭਰ-ਭਰ ਪੀਂਦਾ ਹੈ।" ਉਹ ਗੁਰਦੇਵ ਦੀ ਕਹਾਣੀ 'ਪਿਆਸ' ਦੀ ਗੱਲ ਕਰ ਰਹੀ ਸੀ। ਫੇਰ ਇਕ ਦਿਨ ਗੁਰਦੇਵ ਨੇ ਦੱਸਿਆ, ਉਹ ਉਹਦੇ ਨਾਲ ਵੀ ਮੇਰੀ ਕਹਾਣੀ 'ਬਕੇਵਾਂ' ਦਾ ਜ਼ਿਕਰ ਏਵੇਂ ਹੀ, ਉਹਦੀ ਰਚਨਾ ਸਮਝ ਕੇ, ਕਰਦੀ ਰਹੀ ਸੀ। ਉਹਨੀਂ ਦਿਨੀਂ ਜੰਮੂ ਤੋਂ ਦਿੱਲੀ ਆ ਕੇ ਵਸੀ ਇਕ ਲੇਖਿਕਾ ਨੇ ਕਹਾਣੀਆਂ ਦੀ ਆਪਣੀ ਨਵੀਂ ਛਪੀ ਪੁਸਤਕ ਗੁਰਦੇਵ ਨੂੰ ਮੇਰਾ ਨਾਂ ਲਿਖ ਕੇ ਭੇਟ ਕਰ ਦਿੱਤੀ ਅਤੇ ਕੁਝ ਦਿਨਾਂ ਮਗਰੋਂ ਗੁਰਦੇਵ ਦਾ ਨਾਂ ਲਿਖ ਕੇ ਮੈਨੂੰ ਦੇ ਦਿੱਤੀ। ਅਸੀਂ ਉਹਨੂੰ ਕੁਝ ਕਹੇ ਬਿਨਾਂ ਪੁਸਤਕਾਂ ਆਪਸ ਵਿਚ ਵਟਾ ਲਈਆਂ।

ਕੁਦਰਤੀ ਸੀ, ਗੁਰਦੇਵ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਤਾਂ ਇਉਂ ਮਹਿਸੂਸ ਹੋਇਆ ਜਿਵੇਂ ਉਹ ਮੈਨੂੰ ਦੁਬਾਰਾ ਮਿਲ ਗਿਆ ਹੋਵੇ। ਸਾਡੇ ਪੁਰਾਣੇ ਜਾਣਕਾਰਾਂ ਵਿਚੋਂ ਕਈਆਂ ਨੇ ਮੈਨੂੰ ਵੀ ਵਧਾਈ ਦਿੱਤੀ।

ਇਕ ਵਾਰ ਮੈਂ ਗੁਰਦੇਵ ਬਾਰੇ ਸ਼ਬਦ-ਚਿੱਤਰ ਲਿਖ ਕੇ ਇਹਤੋਂ ਸਿਰਲੇਖ ਦਾ ਸੁਝਾਅ ਮੰਗਿਆ। ਨਾਲ ਹੀ ਇਹ ਵੀ ਦੱਸ ਦਿੱਤਾ ਕਿ ਮੈਂ ਧੀਰ ਵਾਲੇ ਦਾ ਸਿਰਲੇਖ 'ਗੁਲਾਬੀ ਕਾਗਜ਼ ਉੱਤੇ ਲਿਖੀ ਕਵਿਤਾ' ਤੇ ਸਤਿਆਰਥੀ ਵਾਲੇ ਦਾ 'ਫੁੱਲਾਂ ਨਾਲ ਲੱਦਿਆ ਗੁਲਮੋਹਰ' ਰੱਖਿਆ ਹੈ। ਇਹ ਹੱਸਿਆ, "ਮੇਰੇ ਬਾਰੇ ਸਿਰਲੇਖ ਤਾਂ ਕੋਈ ਕਿੱਕਰ ਜਾਂ ਜੰਡ ਤੋਂ ਬਣਾ, ਜਿਵੇਂ 'ਰੋਜ਼ ਗਾਰਡਨ ਵਿਚ ਉੱਗਿਆ ਜੰਡ'। ਉਹਨੀਂ ਦਿਨੀਂ ਇਹਦਾ ਨਾਵਲ ਗੋਰੀ ਚਰਚਾ ਵਿਚ ਸੀ। ਮੈਂ ਇਹਦਾ ਹੱਥ ਘੁੱਟਿਆ, "ਤੂੰ ਰੋਜ਼ ਗਾਰਡਨ ਵਿਚ ਉੱਗਿਆ ਜੰਡ ਨਹੀਂ, ਤੂੰ ਤਾਂ ਗੋਰੀ ਦੇ ਹੱਥ ਵਿਚ ਫੜਿਆ ਸੂਹਾ ਗੁਲਾਬ ਹੈਂ!"

# ਸ਼ੀਸ਼ਾ

*(ਪਿਛਲੇ ਸਫੇ ਦੀ ਬਾਕੀ)*

"ਜਾਗ ਗਏ?" ਹੌਸਲਾ ਕਰ ਕੇ ਆਵਾਜ਼ ਦਿੱਤੀ।

ਉਹ ਛਾਲ ਮਾਰ ਕੇ ਫਰਸ਼ ਉੱਤੇ ਖੜ੍ਹਾ ਹੋ ਗਿਆ। ਫਰਨ-ਫਰਨ ਕੰਬ ਰਿਹਾ ਸੀ। ਚਿਹਰਾ ਪੂਣੀ ਵਾਂਗ ਬੱਗਾ। ਉਹਨੇ ਕੰਸ ਤੋਂ ਸ਼ੀਸ਼ਾ ਚੁੱਕਿਆ ਤੇ ਇਕ ਹੱਥ ਵਿਚ ਫੜ ਕੇ ਵੇਖਣ ਲੱਗ ਪਿਆ, ਦੂਜਾ ਹੱਥ ਉਹ ਗਰਦਨ ਉੱਤੇ ਫੇਰ ਰਿਹਾ ਸੀ।

"ਦਾਨੀ ਕੀ ਗੱਲ ਹੈ?"

"ਮੇਰਾ ਦਿਲ ਸ਼ੀਸ਼ਾ ਦੇਖਣ ਨੂੰ ਕਰਦਾ ਸੀ- ਮੇਰੀ ਬੇਬੀ ਤਿੰਨ ਮਹੀਨਿਆਂ ਦੀ ਹੈ।"

"ਸਮਝ ਨਹੀਂ ਆਈ, ਮੈਨੂੰ ਸ਼ੀਸ਼ੇ ਦੀ ਸਮਝ ਨਹੀਂ ਆਈ।"

"ਮੈਨੂੰ ਵੀ ਨਹੀਂ ਆਈ-ਪਰ ਹਰ ਵਾਰ ਮੇਰਾ ਦਿਲ ਸ਼ੀਸ਼ਾ ਵੇਖਣ ਨੂੰ ਕਰਦਾ ਹੈ... ਨਹੀਂ ਤਾਂ ਮੈਂ ਠੀਕ ਨਹੀਂ ਰਹਿੰਦਾ... ਬਿਮਾਰ ਮਹਿਸੂਸ ਕਰਦਾ ਹਾਂ... ਮੈਨੂੰ ਬਹੁਤ ਅਫਸੋਸ ਹੈ... ਡਿਸਟਰਬ ਕੀਤਾ, ਮਜਬੂਰ ਹਾਂ ਮੈਂ।" ਉਹਨੇ ਵਾਰ-ਵਾਰ ਮੁਆਫੀ ਮੰਗੀ। ਮੈਂ ਵਾਰ-ਵਾਰ ਸ਼ੀਸ਼ਾ ਵੇਖਣ ਬਾਰੇ ਪੁੱਛਿਆ, ਪਰ ਉਹਨੂੰ ਆਪ ਪਤਾ ਨਹੀਂ ਸੀ, ਇਸ ਤਰ੍ਹਾਂ ਦੀ ਹਾਲਤ ਵਿਚ ਉਹ ਸ਼ੀਸ਼ਾ ਕਿਉਂ ਵੇਖਣਾ ਚਾਹੁੰਦਾ ਹੈ? ਫੇਰ ਪੁੱਛਣ ਲੱਗਾ, "ਉਹ ਆਦਮੀ (ਕਿਹਰੂ) ਜਿਸ ਕਾਫਲੇ ਦੀ ਗੱਲ ਸੁਣਾ ਰਿਹਾ ਸੀ, ਤੁਹਾਡੀ ਕਹਾਣੀ 'ਹਵਾ' ਵਿਚ ਉਸੇ ਕਾਫਲੇ ਦਾ ਜ਼ਿਕਰ ਹੈ?"

ਮੈਂ ਦੱਸਿਆ, ਉਹੀ ਕਾਫਲਾ ਸੀ।

"ਆਪ ਜੀ... ਨੇ... ਬੱਚਿਆਂ ਵਾਲੀ ਘਟਨਾ ਕਿਉਂ ਨਾ ਲਿਖੀ?" ਇਸ ਸਵਾਲ ਦੀ ਮੈਨੂੰ ਉੱਕਾ ਆਸ ਨਹੀਂ ਸੀ। ਦੱਸਣ ਨੂੰ ਬਹੁਤ ਦਲੀਲਾਂ ਦੇ ਸਕਦਾ ਸਾਂ ਪਰ ਮੈਨੂੰ ਲੱਗਿਆ ਜਿਵੇਂ ਉਹ ਕਹਿ ਰਿਹਾ ਹੋਵੇ, 'ਤੁਸੀਂ ਸਿਰਫ ਉਸਤਤ ਹੀ ਲਿਖ ਸਕਦੇ ਹੋ, ਆਪਣੇ ਲੋਕਾਂ ਦੀ।' ਮੈਂ ਇਤਨਾ ਹੀ ਕਹਿ ਦਿੱਤਾ, "ਧਿਆਨ ਨਹੀਂ ਰਿਹਾ।"

ਸਵੇਰੇ ਉਹ ਸਵਾ ਛੇ ਵਜੇ ਵਾਲੀ ਬੱਸ ਫੜ ਕੇ ਦਿੱਲੀ ਮੁੜ ਗਿਆ। ਮੇਰੇ ਬਹੁਤ ਜ਼ੋਰ ਦੇਣ 'ਤੇ ਵੀ ਨਾ ਰੁਕਿਆ।

## ਮਾਂ ਬੋਲੀ ਨੂੰ ਸਮਰਪਿਤ

ਮਾਂ ਬੋਲੀ ਪੰਜਾਬੀ ਸਾਡੀ
ਮਾਂ ਬੋਲੀ ਪੰਜਾਬੀ
ਸ਼ਰਮ ਦੀ ਬੜੀ ਗੱਲ ਹੈ
ਮਾਂ ਨੂੰ ਮਾਂ ਕਹਿੰਦੇ
ਸ਼ਰਮਾਉਂਦੇ ਹਾਂ ਅਸੀਂ।

ਮਾਂ ਬੋਲੀ ਭੁੱਲ ਜਾਵਾਂਗੇ
ਕੱਖਾਂ ਵਾਂਗ ਰੁਲ ਜਾਵਾਂਗੇ
ਹਾਲਾਂ ਵਿਚ ਭਾਸ਼ਣ ਦੇਣ ਵਾਲੇ
ਰਹਿ ਗਏ ਹਾਂ ਅਸੀਂ।

ਨੱਬੇ ਦਿਨ ਵਿਚ ਸਿੱਖੋ ਅੰਗਰੇਜ਼ੀ
ਹੁਣ ਤੱਕ ਅਜਿਹਾ ਬੋਰਡ
ਮਾਂ ਬੋਲੀ ਲਈ
ਨਹੀਂ ਲਾ ਸਕੇ ਅਸੀਂ।

ਸਭ ਸਿਖਣ ਕੋ ਹੁਕਮ ਹੈ
ਗੁਰੂ ਮਾਨਿਓ ਗ੍ਰੰਥ।
ਸ਼ਰਮ ਦੀ ਕਿੰਨੀ ਗੱਲ ਹੈ
ਹੁਕਮ ਨਹੀਂ ਪੜ੍ਹ ਸਕਦੇ ਅਸੀਂ।

**-ਕੰਵਲਜੀਤ ਕੌਰ ਜੁਨੇਜਾ**
**ਫੋਨ: 91-98120-32868**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਚੁੱਪ ਦੀ ਵੀ ਜ਼ੁਬਾਨ ਹੁੰਦੀ ਆ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਇਕੱਲ ਤੋਂ ਇਕਾਂਤ ਦੇ ਸਫਰ ਦਾ ਜ਼ਿਕਰ ਛੇੜਿਆ ਸੀ ਕਿ ਦਰਅਸਲ ਜ਼ਿੰਦਗੀ ਇਕੱਲ ਤੋਂ ਇਕਾਂਤ ਨੂੰ ਜਾਣ ਦਾ ਸੁਹਾਵਣਾ ਸਫਰ, ਅਨੰਦਮਈ ਅਹਿਸਾਸ।...ਇਕੱਲ ਸਰਾਪ, ਇਕਾਂਤ ਸੁਗਾਤ। ਇਕੱਲ ਗਲਤੀ, ਇਕਾਂਤ ਸੁਧਾਰ। ਇਕੱਲ ਗੁਨਾਹ, ਇਕਾਂਤ ਪਰਉਪਕਾਰ। ਇਕੱਲ ਪਾਪ, ਇਕਾਂਤ ਪੁੰਨ। ਇਕੱਲ ਕੂੜ-ਕਮਾਈ, ਇਕਾਂਤ ਬੰਦਿਆਈ। ਇਕੱਲ ਅਵੱਗਿਆ, ਇਕਾਂਤ ਆਗਿਆਕਾਰੀ। ਇਕੱਲ ਹਉਮੈ, ਇਕਾਂਤ ਹਲੀਮੀ।...ਇਸ ਮਾਰਗ 'ਤੇ ਚੱਲਣ ਲਈ ਖੁਦ ਹੀ ਤਹੱਈਆ ਕਰਨਾ ਪੈਣਾ। ਸੰਭਲ ਕੇ ਤੁਰਨਾ, ਸਫਰ ਪੂਰਾ ਕਰਨ ਅਤੇ ਅਪੂਰਨਤਾ ਤੋਂ ਪੂਰਨਤਾ ਪ੍ਰਾਪਤ ਕਰਨਾ ਪੈਣੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਹੈ ਕਿ ਚੁੱਪ ਦੀ ਵੀ ਜ਼ੁਬਾਨ ਹੁੰਦੀ, ਜਿਸ ਦੇ ਬੋਲਾਂ ਵਿਚ ਬਹੁਤ ਕੁਝ ਅਬੋਲ ਹੁੰਦਾ।...ਚੁੱਪ ਕਦੇ ਵੀ ਕਮਜ਼ੋਰੀ ਜਾਂ ਬੁਜ਼ਦਿਲੀ ਨਹੀਂ। ਇਹ ਤਾਂ ਸਮਝਦਾਰੀ ਅਤੇ ਵਕਤ ਦਾ ਤਕਾਜ਼ਾ ਹੁੰਦੀ। ਚੁੱਪ ਨੂੰ ਸਮਝਣ ਲਈ ਸਮਰੱਥਾ, ਸੂਖਮਤਾ ਅਤੇ ਸਿਆਣਪ ਦੀ ਲੋੜ। ਉਨ੍ਹਾਂ ਨਸੀਹਤ ਕੀਤੀ ਹੈ, "ਕਦੇ ਵੀ ਘਰ ਵਿਚ ਚੁੱਪ ਨਾ ਸਿਰਜੋ। ਸਗੋਂ ਇਸ ਚੁੱਪ ਨੂੰ ਕੁਝ ਬੋਲ ਦਿਓ ਤਾਂ ਕਿ ਇਸ ਚੁੱਪ ਵਿਚੋਂ ਸੁਗਮ-ਸੰਗੀਤ, ਮਿੱਠੜੇ ਬੋਲ, ਸ਼ੁਭ-ਕਾਮਨਾਵਾਂ ਅਤੇ ਸ਼ੁਭ-ਚਿੰਤਨ ਦੀਆਂ ਮਧੁਰ ਧੁਨਾਂ ਪੈਦਾ ਹੋਣ।" ਉਹ ਕਹਿੰਦੇ ਹਨ, "ਕੁਝ ਲੋਕ ਚੁੱਪ ਵਿਚ ਹਾਜ਼ਰ ਹੁੰਦੇ ਅਤੇ ਬੋਲਾਂ ਵਿਚ ਗੁੰਮਨਾਮ। ਜਿਹੜੇ ਲੋਕ ਬੋਲਾਂ ਵਿਚ ਹਾਜਰ ਹੋਣ ਤੀਕ ਹੀ ਸੀਮਤ ਹੋਣ, ਉਹ ਰੂਹ ਵਿਚੋਂ ਸਦਾ ਗੈਰ-ਹਾਜਰ ਹੀ ਰਹਿੰਦੇ। ਰੂਹ ਵਿਚ ਹਾਜਰ ਰਹੋ, ਲੋਕ ਸਮਝ ਜਾਣਗੇ। ਬੋਲਾਂ ਵਿਚ ਹਾਜ਼ਰੀ ਦੇ ਕੋਈ ਮਾਅਨੇ ਨਹੀਂ ਹੁੰਦੇ।" -ਸੰਪਾਦਕ*

ਚੁੱਪ ਅਰਥਮਈ, ਸੰਵੇਦਨਾ ਭਰਪੂਰ ਅਤੇ ਸਹਿਜਭਾਵੀ ਵਰਤਾਰਾ, ਜਿਸ ਵਿਚੋਂ ਉਗਮਦਾ ਹੈ ਸ਼ਖਸੀ ਝਲਕਾਰਾ।

ਚੁੱਪ ਦੀ ਜ਼ੁਬਾਨ ਹੁੰਦੀ, ਜਿਸ ਦੇ ਬੋਲਾਂ ਵਿਚ ਬਹੁਤ ਕੁਝ ਅਬੋਲ ਹੁੰਦਾ। ਬਹੁਤ ਕੁਝ ਸੁਣਾਈ ਨਹੀਂ ਦਿੰਦਾ। ਸਿਰਫ ਸੋਝੀ ਹੀ ਇਸ ਨੂੰ ਸਮਝ, ਇਸ ਦੀ ਸੰਵੇਦਨਾ ਨੂੰ ਅਰਥ ਬਖਸ਼ਦੀ।

ਚੁੱਪ ਸਾਡੇ ਅੰਦਰ ਵੀ ਅਤੇ ਬਾਹਰ ਵੀ। ਚੌਗਿਰਦੇ ਵਿਚ ਹਾਜ਼ਰ-ਨਾਜ਼ਰ। ਸਾਡੀਆਂ ਸੋਚਾਂ, ਵਰਤਾਰਿਆਂ, ਭਾਵਾਂ, ਸੁਪਨਿਆਂ, ਸੰਭਾਵਨਾਵਾਂ ਅਤੇ ਸਮਰੱਥਾਵਾਂ ਵਿਚ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੀ, ਪਰ ਮਨੁੱਖ ਚੁੱਪ ਨੂੰ ਕਿਸ ਭਾਵ ਨਾਲ ਲੈਂਦਾ, ਕਿਹੜੇ ਅਰਥਾਂ ਰਾਹੀਂ ਇਸ ਦੀ ਨਿਸ਼ਾਨਦੇਹੀ ਕਰਦਾ, ਕਿਹੜੇ ਸਰੀਰਕ ਪ੍ਰਤੀਕਰਮ ਰਾਹੀਂ ਇਸ ਦੀ ਸੂਖਮਤਾ ਨੂੰ ਸਮਝਦਾ ਅਤੇ ਇਸ ਦੀ ਤਹਿਆਂ ਫਰੋਲਣ ਪ੍ਰਤੀ ਰੁਚਿਤ ਹੁੰਦਾ, ਇਹ ਮਨੁੱਖੀ ਸੰਜੀਦਗੀ, ਪੁੱਖਤਗੀ ਅਤੇ ਪ੍ਰਵਿਰਤੀ 'ਤੇ ਨਿਰਭਰ।

ਚੁੱਪ ਜਦ ਬੋਲਦੀ ਤਾਂ ਇਸ ਨੂੰ ਸੁਣਨਾ ਤੇ ਸਮਝਣਾ ਕਈ ਵਾਰ ਬਹੁਤ ਔਖਾ ਹੁੰਦਾ। ਇਸ ਚੁੱਪ ਨੂੰ ਉਲਥਾਉਣ ਲਈ ਖੁਦ ਨੂੰ ਅੰਤਰੀਵ ਵਿਚ ਉਤਰਨਾ ਪੈਂਦਾ।

ਚੁੱਪ ਸਭ ਤੋਂ ਜ਼ਹੀਨ, ਸੂਖਮ ਅਤੇ ਸਮਝਦਾਰ ਵਿਅਕਤੀਆਂ ਨਾਲ ਹੀ ਆਪਣੇ ਰਾਜ਼ ਸਾਂਝੇ ਕਰਦੀ। ਅਜਿਹੇ ਲੋਕ ਚੁੱਪ ਨੂੰ ਸ਼ਬਦਾਂ, ਸੰਵਾਦ, ਕਾਵਿ-ਕਿਰਤਾਂ ਜਾਂ ਕਲਾ-ਕਿਰਤੀਆਂ ਰਾਹੀਂ ਪ੍ਰਗਟਾਉਣ ਵਿਚ ਸਦਾ ਯਤਨਸ਼ੀਲ ਰਹਿੰਦੇ। ਜੋ ਲੋਕ ਚੁੱਪ ਨੂੰ ਨਹੀਂ ਜਾਣਦੇ ਜਾਂ ਇਸ ਤੋਂ ਅਵੇਸਲੇ ਹੁੰਦੇ, ਉਹ ਮਨੁੱਖ ਨਹੀਂ ਸਗੋਂ ਰੋਬੋਟ ਹੋ ਸਕਦੇ। ਚੁੱਪ ਤਾਂ ਚਿੰਤਕਾਂ, ਚੇਤੰਨ ਅਤੇ ਫਿਕਰਮੰਦ ਵਿਅਕਤੀਆਂ ਦਾ ਪਾਣੀ ਭਰਦੀ।

ਚੁੱਪ, ਮਨੁੱਖ ਦੇ ਅੰਦਰ ਤੋਂ ਅੰਦਰ ਤੀਕ ਦੀ ਯਾਤਰਾ। ਬਾਹਰਲੇ ਸਰੋਕਾਰਾਂ ਤੋਂ ਅੰਦਰਲੀਆਂ ਭਾਵਨਾਵਾਂ ਨੂੰ ਸਮਝਣ ਦੀ ਪ੍ਰਕਿਰਿਆ। ਆਪਣੀ ਬੇਖੁਦੀ ਵਿਚੋਂ ਖੁਦਦਾਰੀ ਅਤੇ ਰਹਿਨੁਮਾਈ ਪ੍ਰਾਪਤ ਕਰਨ ਦਾ ਨਿਸਚਾ।

ਚੁੱਪ ਘਟਨਾਵਾਂ, ਕਿਰਿਆਵਾਂ, ਵਕਤੀ ਵਰਤਾਰਿਆਂ ਜਾਂ ਚੌਗਿਰਦੇ ਵਿਚ ਹੋ ਰਹੇ ਵਿਕਾਸ ਜਾਂ ਵਿਨਾਸ਼ ਕਾਰਨ ਮਨੁੱਖੀ ਮਨ 'ਤੇ ਪ੍ਰਭਾਵ ਪਾਉਂਦੀ। ਕਈ ਵਾਰ ਮਨੁੱਖ ਖੁਦ ਹੀ ਹਾਲਾਤਾਂ ਦਾ ਸਤਾਇਆ ਚੁੱਪ ਹੋ ਜਾਂਦਾ, ਪਰ ਕਈ ਵਾਰ ਮਨੁੱਖ ਦੀ ਚੁੱਪ ਕਾਰਨ ਹਾਲਾਤ ਬਦਲਦੇ।

ਚੁੱਪ ਅਸਥਾਈ ਵੀ ਅਤੇ ਸਥਾਈ ਵੀ। ਅਸਥਾਈ ਚੁੱਪ ਵਿਚੋਂ ਨਵੇਂ ਵਿਚਾਰਾਂ ਦੀਆਂ ਕਿਰਨਾਂ ਫੁੱਟਦੀਆਂ, ਨਰੋਈਆਂ ਕਲਾ-ਕਿਰਤਾਂ ਦੀ ਸਿਰਜਣਾ ਹੁੰਦੀ, ਜਦ ਕਿ ਸਦੀਵੀ ਚੁੱਪ ਤਾਂ ਸਿਵਿਆਂ ਨੂੰ ਜਾਂਦੇ ਰਾਹ ਦੀ ਮਾਰਗ-ਦਰਸ਼ਨਾ। ਖੁਦਾ ਕਰੇ! ਚੁੱਪ ਪਲ ਭਰ ਦੀ ਤਾਂ ਜਰੂਰ ਹੋਵੇ, ਪਰ ਕਦੇ ਵੀ ਚੁੱਪ ਦਾ ਸਦੀਵੀ ਸਾਥ ਮਾਣਨ ਦੀ ਤਮੰਨਾ ਮਨ ਵਿਚ ਨਾ ਪਾਲੋ।

ਚੁੱਪ, ਚੀਖ ਵੀ ਤੇ ਚਹਿਕਣੀ ਵੀ। ਚਾਅ ਵੀ ਤੇ ਚਸਕ ਵੀ। ਚੰਗਿਆੜੀ ਵੀ ਤੇ ਚੋਅ ਵੀ। ਚੰਘਾੜਦੀ ਵੀ ਅਤੇ ਚੌਂਕ ਵੀ ਜਾਂਦੀ। ਚੁੱਪ ਚਾਹਨਾ ਵੀ ਤੇ ਚੁੱਪ ਚਰੂੰਡਦੀ ਵੀ। ਚੰਗੇਰ ਵੀ ਤੇ ਚਰਖੜੀ ਵੀ। ਚਾਲ ਵੀ ਤੇ ਚਕੂੰਦਰ ਵੀ। ਚੁੱਪ, ਚੋਭ ਵੀ ਤੇ ਚਾਪਲੂਸੀ ਵੀ।

ਚੁੱਪ ਨੂੰ ਬੋਲ ਵੀ ਉਲਥਾਉਂਦੇ ਤੇ ਚੁੱਪ ਵੀ। ਕਲਮ ਵੀ ਸਮਝਾਉਂਦੀ ਅਤੇ ਬੁਰਸ਼ ਵੀ। ਇਸ਼ਾਰੇ ਵੀ ਅਤੇ ਮੂਕਤਾ ਵੀ। ਚੁੱਪ ਨੂੰ ਸਮਝਣ ਲਈ ਸਮਰੱਥਾ, ਸੂਖਮਤਾ ਅਤੇ ਸਿਆਣਪ ਦੀ ਲੋੜ।

ਚੁੱਪ ਸਭ ਤੋਂ ਸਮਰੱਥ ਹਥਿਆਰ ਜਦ ਕੋਈ ਬੋਲ ਨਾ ਸਮਝੇ, ਸ਼ਬਦਾਂ ਦੀ ਸੂਝ ਨਾ ਰੱਖਦਾ ਹੋਵੇ ਜਾਂ ਕੋਈ ਸਮੁੱਚ ਨੂੰ ਸਮਝਣ ਤੋਂ ਟਾਲਾ ਵੱਟੇ। ਚੁੱਪ ਕਦੇ ਵੀ ਖਾਲੀ ਨਹੀਂ ਹੁੰਦੀ। ਇਸ ਦੀ ਕੁੱਖ ਵਿਚ ਬਹੁਤ ਕੁਝ ਛੁਪਿਆ ਹੁੰਦਾ। ਚੁੱਪ ਕਦੇ ਵੀ ਅਕਾਰਥ ਨਹੀਂ ਹੁੰਦੀ। ਬਹੁਤ ਕੀਮਤੀ ਹੁੰਦੀ ਹੈ ਚੁੱਪ।

ਚੁੱਪ ਹੋਣ 'ਤੇ ਜਦ ਕੋਈ ਪੁੱਛਦਾ ਹੈ ਕਿ ਚੁੱਪ ਕਿਉਂ ਹਾਂ? ਤਾਂ ਕਹਿਣਾ ਪੈਂਦਾ ਏ ਕਿ ਚੁੱਪ ਦੇਖ ਕੇ ਹੈਰਾਨ ਨਾ ਹੋ ਦੋਸਤ। ਭਰੋਸਾ ਕਰਕੇ ਬਹੁਤ ਕੁਝ ਗਵਾਇਆ ਏ ਤਾਂ ਹੀ ਚੁੱਪ ਹਾਂ। ਅਲਫਾਜ਼ ਤਾਂ ਬਹੁਤ ਕੁਝ ਕਹਿਣਾ ਚਾਹੁੰਦੇ ਨੇ, ਪਰ ਮੇਰਾ ਅੰਦਾਜ਼ ਇਹ ਇਜਾਜ਼ਤ ਨਹੀਂ ਦਿੰਦਾ ਜਨਾਬ।


ਚੁੱਪ ਕਦੇ ਵੀ ਕਮਜ਼ੋਰੀ ਜਾਂ ਬੁਜ਼ਦਿਲੀ ਨਹੀਂ। ਇਹ ਤਾਂ ਸਮਝਦਾਰੀ ਅਤੇ ਵਕਤ ਦਾ ਤਕਾਜ਼ਾ ਹੁੰਦੀ। ਦਸਤਕ ਜਾਂ ਹਾਕ ਤਾਂ ਕੰਨਾਂ ਲਈ ਹੁੰਦੇ, ਪਰ ਚੁੱਪ ਦਾ ਵਾਸਾ ਰੂਹ ਵਿਚ ਹੁੰਦਾ; ਤੇ ਰੂਹ ਤੀਕ ਪਹੁੰਚਣਾ ਹਰੇਕ ਦੇ ਵੱਸ ਨਹੀਂ ਹੁੰਦਾ।

ਕੁਝ ਲੋਕ ਚੁੱਪ ਵਿਚ ਹਾਜ਼ਰ ਹੁੰਦੇ ਅਤੇ ਬੋਲਾਂ ਵਿਚ ਗੁੰਮਨਾਮ। ਜਿਹੜੇ ਲੋਕ ਬੋਲਾਂ ਵਿਚ ਹਾਜਰ ਹੋਣ ਤੀਕ ਹੀ ਸੀਮਤ ਹੋਣ, ਉਹ ਰੂਹ ਵਿਚੋਂ ਸਦਾ ਗੈਰ-ਹਾਜਰ ਹੀ ਰਹਿੰਦੇ। ਰੂਹ ਵਿਚ ਹਾਜਰ ਰਹੋ, ਲੋਕ ਸਮਝ ਜਾਣਗੇ। ਬੋਲਾਂ ਵਿਚ ਹਾਜ਼ਰੀ ਦੇ ਕੋਈ ਮਾਅਨੇ ਨਹੀਂ ਹੁੰਦੇ।

ਹਮੇਸ਼ਾ ਗੁਫਤਗੂ ਦੇ ਗੁੱਲਦਸਤਿਆਂ ਵਿਚੋਂ ਅਰਥ ਤਲਾਸ਼ਣ ਦੀ ਥਾਂ ਕਦੇ ਕਦਾਈਂ ਚੁੱਪ ਨੂੰ ਪੜ੍ਹਨ ਤੇ ਸੁਣਨ ਦੀ ਆਦਤ ਵੀ ਪਾਉਣੀ ਚਾਹੀਦੀ ਹੈ, ਕਿਉਂਕਿ ਉਹ ਹੀ ਸਭ ਤੋਂ ਵੱਡਾ ਅਦੀਬ ਹੁੰਦਾ, ਜੋ ਤੁਹਾਡੀ ਚੁੱਪ ਦੀ ਵੀ ਤਰਜ਼ਮਾਨੀ ਕਰ ਸਕੇ।

ਅੰਦਰਲੀ ਚੁੱਪ ਵਿਚ ਉਤਰਨ ਲਈ ਖੁਦ ਨੂੰ ਸੋਧਤ ਅਤੇ ਸੰਮੋਹਿੱਤ ਕਰਨਾ ਪੈਂਦਾ, ਕਿਉਂਕਿ ਚਿਰਾਂ ਤੀਕ ਚੁੱਪ ਹੀ ਰਹਿ ਕੇ ਅੰਤਰੀਵੀ ਚੁੱਪ ਦਾ ਨਿੱਘ ਨਹੀਂ ਮਾਣਿਆ ਜਾ ਸਕਦਾ। ਗੁਰਬਾਣੀ ਦਾ ਫੁਰਮਾਨ ਹੈ, "ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥"

ਕਬਰਾਂ ਦੀ ਚੁੱਪ ਜਦ ਬੋਲਣ 'ਤੇ ਉਤਾਰੂ ਹੋ ਜਾਵੇ ਤਾਂ ਇਹ ਬੀਤੇ ਦੀਆਂ ਪਰਤਾਂ ਵਿਚੋਂ ਹੋਣੀਆਂ-ਅਣਹੋਣੀਆਂ ਤੇ ਅਮਾਨਵੀ ਵਰਤਾਰਿਆਂ ਦੇ ਪੋਤੜੇ ਫਰੋਲਣ ਲੱਗਦੀ। ਮਨੁੱਖੀ ਕਰਤੂਤਾਂ ਤੇ ਗਲੀਜ਼ਤਾ ਨੂੰ ਪ੍ਰਗਟ ਕਰਦੀ। ਮਨੁੱਖ ਵਿਚ ਵੱਸਦੇ ਹੈਵਾਨ ਨੂੰ ਜੱਗ-ਜਾਹਰ ਕਰਦੀ। ਕਬਰਾਂ ਦੀ ਚੁੱਪ ਵਿਚ ਦਫਨ ਹੁੰਦੀਆਂ ਨੇ ਬੱਚਿਆਂ ਹੱਥੋਂ ਸਤਾਏ ਮਾਪਿਆਂ ਦੀਆਂ ਵਿਲਕਣੀਆਂ, ਅੱਗ ਲਾ ਕੇ ਸਾੜੀਆਂ ਧੀਆਂ ਦਾ ਵਿਰਲਾਪ, ਬਾਪ ਦੇ ਮੋਢੇ 'ਤੇ ਪੁੱਤ ਦੀ ਅਰਥੀ ਦਾ ਰੁਦਨ ਅਤੇ ਸਿਵਿਆਂ ਵਿਚ ਆਪਣਿਆਂ ਲਈ ਰੋਂਦੇ, ਆਪਣਿਆਂ ਦੀਆਂ ਹਿਚਕੀਆਂ, ਹਾਵਿਆਂ ਤੇ ਹੰਝੂਆਂ ਦਾ ਸੈਲਾਬ। ਕਬਰਾਂ, ਚੁੱਪ ਹੀ ਭਲੀਆਂ। ਬੋਲਣ ਲੱਗ ਪੈਣ ਤਾਂ ਕਹਿਰ ਟੁੱਟਦਾ।




ਰਾਤ ਦੀ ਚੁੱਪ ਵਿਚ ਪਸਰੀ ਹੁੰਦੀ ਹੈ ਤਾਰਿਆਂ ਦੀ ਖਾਮੋਸ਼ੀ ਤੇ ਚੰਨ-ਚਾਨਣੀ ਦੀ ਤਾਸੀਰ। ਪਿਆਰ ਪਰੁੱਚੇ ਹੁੰਗਾਰਿਆਂ ਵਿਚ ਅਲਸਾਏ ਜਿਸਮਾਂ ਦਾ ਨੀਂਦ ਦੇ ਆਗੋਸ਼ ਵਿਚ ਜਾਣਾ। ਲੋਕਾਈ ਨੂੰ ਆਪਣੀ ਬਰਕਤਾਂ ਨਾਲ ਵਰਸਾਉਣਾ। ਜ਼ਿੰਦਗੀ ਨੂੰ ਦਮ ਲੈਣ ਦਾ ਸੁਝਾਅ ਅਤੇ ਸਵੇਰ ਲਈ ਸੁੱਚੇ ਸੁਪਨੇ ਲੈਣ ਤੇ ਇਨ੍ਹਾਂ ਨੂੰ ਜੀਵਨ ਦਾ ਹਿੱਸਾ ਬਣਾਉਣ ਦਾ ਚਾਅ। ਇਹ ਅਚੇਤ ਰੂਪ ਵਿਚ ਬਹੁਤ ਕੁਝ ਮਨੁੱਖੀ ਮਾਨਸਿਕਤਾ ਦੇ ਨਾਵੇਂ ਕਰਦੀ, ਜਿਸ ਨੂੰ ਸਮਝ ਕੇ ਅਤੇ ਇਸ ਅਨੁਸਾਰ ਜੀਵਨ ਵਿਉਂਤਣ ਨਾਲ ਜੀਵਨ-ਸੁਗੰਧੀਆਂ ਨੂੰ ਮਾਣਿਆ ਜਾ ਸਕਦਾ। ਕਦੇ ਟਿੱਕੀ ਰਾਤ ਦੇ ਸੰਨਾਟੇ ਨੂੰ ਅੰਦਰਲੇ ਸੰਨਾਟੇ ਦੇ ਰੂਬਰੂ ਕਰਨਾ, ਪਤਾ ਲੱਗੇਗਾ ਕਿ ਮਨੁੱਖੀ ਸੰਨਾਟੇ ਅਤੇ ਰਾਤ ਦੇ ਸੰਨਾਟੇ ਵਿਚ ਕਿੰਨਾ ਅੰਤਰ ਹੈ?

ਕੁਦਰਤ ਦੀ ਬੋਲਦੀ ਚੁੱਪ ਨੂੰ ਮਾਣਨਾ ਹੋਵੇ ਤਾਂ ਕਦੇ ਮਹਾਂਨਗਰ ਤੋਂ ਦੂਰ ਕੁਦਰਤ ਦੇ ਆਗੋਸ਼ ਵਿਚ ਕੁਝ ਦਿਨ ਸੁਸਤਾਉਣਾ। ਤੁਹਾਨੂੰ ਅਹਿਸਾਸ ਹੋਵੇਗਾ ਕਿ ਕੁਦਰਤ ਦੀ ਚੁੱਪ ਵਿਚ ਨਿਆਮਤਾਂ ਦੀ ਭਰਮਾਰ ਹੈ, ਦੇਣਦਾਰੀਆਂ ਹਨ। ਝੋਲੀਆਂ ਭਰ ਕੇ ਵੰਡਣ ਦੀ ਅਦਾ ਹੈ। ਹਰੇਕ ਨੂੰ ਨਿਆਜ਼ਾਂ ਵੰਡਦੀ, ਸਮੁੱਚੇ ਜੀਵ-ਸੰਸਾਰ ਦੇ ਜੀਵਨ ਦਾ ਮੂਲ ਆਧਾਰ ਹੋ ਕੇ ਵੀ ਨਿਮਾਣੀ ਰਹਿਣ ਵਿਚ ਫਖਰ ਮਹਿਸੂਸ ਕਰਦੀ। ਕਦੇ ਕਦਾਈਂ ਇਹ ਚੁੱਪ ਬਹੁਤ ਖਾਮੋਸ਼ ਹੋ ਜਾਂਦੀ ਤਾਂ ਘਾਤਕ ਵੀ ਹੋ ਜਾਂਦੀ। ਕੁਦਰਤੀ ਆਫਤਾਂ ਦੇ ਰੂਪ ਵਿਚ ਮਨੁੱਖ ਨੂੰ ਉਸ ਦੀ ਔਕਾਤ ਦਿਖਉਂਦੀ, ਮਨੁੱਖੀ ਨਿਗੂਣਤਾ ਦੇ ਰੂਬਰੂ ਵੀ ਕਰਦੀ। ਕੁਦਰਤ ਕਦੇ ਵੀ ਨਿਮਾਣੀ, ਨਿਆਸਰੀ ਜਾਂ ਨਿਗੂਣੀ ਨਹੀਂ ਹੁੰਦੀ। ਉਹ ਮਨੁੱਖ ਨੂੰ ਪਰਖਦੀ, ਪਤਿਆਉਂਦੀ ਤੇ ਸਮਝਾਉਂਦੀ ਕਿ ਕਦੇ ਵੀ ਸਿਰਜਣਹਾਰੀ ਦੀ ਕੁੱਖ ਵਿਚ ਜ਼ਹਿਰਾਂ ਨਾ ਬੀਜਣਾ। ਵਰਨਾ ਇਸ ਦਾ ਇਵਜ਼ਾਨਾ ਤਾਂ ਮਨੁੱਖ ਨੂੰ ਹੀ ਭਰਨਾ ਪੈਣਾ।

ਸਮੁੰਦਰ ਦੀ ਚੁੱਪ ਦੀ ਬੋਲਬਾਣੀ ਵਿਚ ਹੁੰਦੀ ਏ ਖੌਰੂ ਪਾਉਂਦੀ ਲਹਿਰਾਂ ਦੀ ਖਾਮੋਸ਼ੀ। ਇਸ ਦੇ ਅੰਤਰੀਵ ਵਿਚ ਵੱਸਦੇ ਜੀਵ-ਸੰਸਾਰ ਦੀ ਹਿਫਾਜਤ ਅਤੇ ਸੁਖਨ-ਲੋਚਾ। ਇਸ ਦੀ ਰਗ ਰਗ ਵਿਚ ਸਮਾਈ ਏ ਕੁਦਰਤੀ ਦਾਤਾਂ ਦੀ ਭਰਮਾਰ। ਸਮੁੰਦਰ ਜਦ ਸ਼ਾਂਤ ਹੁੰਦਾ ਤਾਂ ਉਹ ਖੁਦ ਨਾਲ ਸੰਵਾਦ ਰਚਾਉਂਦਾ। ਇਸ ਦੀ ਚੁੱਪ ਵਿਚ ਇਸ ਵਰਗੀ ਹੀ ਵਿਸ਼ਾਲਤਾ, ਤਰਲਤਾ ਅਤੇ ਪਾਕੀਜ਼ਗੀ ਹੁੰਦੀ ਹੈ। ਕਦੇ ਕਦਾਈਂ ਸਮੁੰਦਰ ਵਰਗੀ ਚੁੱਪ ਜੇ ਮਨੁੱਖ ਆਪਣੇ ਅੰਦਰ ਵਿਚ ਉਤਾਰ ਲਵੇ ਤਾਂ ਉਸ ਨੂੰ ਇਹ ਸੋਝੀ ਆਵੇਗੀ ਕਿ ਮੌਕਾ ਆਉਣ 'ਤੇ ਚੁੱਪ ਵਿਚੋਂ ਕਿਵੇਂ ਆਵਾਜ਼ ਦਨਦਨਾਉਣੀ ਹੈ? ਆਪਣੇ ਕੰਢਿਆਂ ਨੂੰ ਵਿਸਥਾਰ ਦੇ ਕੇ ਮਨੁੱਖ ਦੀਆਂ ਹੋਛੀਆਂ ਕਰਤੂਤਾਂ ਨੂੰ ਕਿਵੇਂ ਠੱਲ੍ਹ ਪਾਉਣੀ ਹੈ? ਸਮੁੰਦਰ ਦੀ ਚੁੱਪ ਵਰਗੀ ਕੋਈ ਹੋਰ ਚੁੱਪ ਨਹੀਂ ਹੁੰਦੀ, ਜੋ ਚੁੱਪ ਹੋ ਕੇ ਚੁੱਪ-ਗੜੁੱਪ ਨਹੀਂ ਹੁੰਦਾ।

ਬਿਰਖਾਂ ਦੀ ਚੁੱਪ ਜਦ ਕਿਸੇ ਬਾਗ ਨੂੰ ਆਪਣੇ ਕਲਾਵੇ ਵਿਚ ਲੈਂਦੀ ਤਾਂ ਬਾਗ-ਬਗੀਚੇ ਮਸੋਸੇ ਜਾਂਦੇ, ਕਿਉਂਕਿ ਬਾਗ ਤਾਂ 'ਵਾਵਾਂ ਨਾਲ ਸਰਸਰਾਉਂਦੇ ਤੇ ਚੋਹਲ-ਮੋਹਲ ਕਰਦੇ ਹੀ ਚੰਗੇ ਲੱਗਦੇ। ਜਦ ਕੋਈ ਸੁੰਨ, ਬਿਰਖ ਨੂੰ ਮੱਲਦੀ ਤਾਂ ਇਸ ਦੀਆਂ ਟਾਹਣੀਆਂ ਨੂੰ ਵਿਰਲਾਪ ਦੀ ਜੂਨ ਹੰਢਾਉਣੀ ਪੈਂਦੀ। ਰੋਂਦੀ ਬਿਰਖੀ ਚੁੱਪ ਵਿਚ ਹੁੰਦਾ ਏ ਆਲ੍ਹਣੇ ਦੇ ਬਿਖਰੇ ਤੀਲਿਆਂ ਦਾ ਦਰਦ, ਬੋਟਾਂ ਦੇ ਚੋਗ ਲਈ ਤਰਲੇ, ਪਰਿੰਦਿਆਂ ਦੀ ਵਿਲਕਣੀ ਅਤੇ ਉਜੜੀਆਂ ਸੱਥਾਂ ਦੀ ਵੈਰਾਨਗੀ। ਬਹੁਤ ਔਖਾ ਹੁੰਦਾ ਏ ਮਹਿਫਿਲ ਤੋਂ ਮਰਨ ਮਿੱਟੀ, ਚਹਿਕਣ ਤੋਂ ਚੀਖ, ਹਾਸਿਆਂ ਤੋਂ ਹਾਵੇ ਅਤੇ ਘਰਾਂ ਨੂੰ ਖੰਡਰਾਂ ਦਾ ਨਾਮ ਦੇਣਾ। ਯਾਦ ਰਹੇ, ਬਿਰਖ ਦੀ ਚੁੱਪ ਵਿਚ ਹੀ ਮਨੁੱਖੀ ਮਾਤਮ ਹੁੰਦਾ। ਮਨੁੱਖੀ ਵਰਤਾਰੇ ਜਦ ਮਾਤਮ ਦੀ ਪੂਜਾ ਕਰਨ ਲੱਗਦੇ ਤਾਂ ਬਿਰਖ ਸਿਰਫ ਸਿਵਿਆਂ ਦੀ ਅਗਨੀ ਸੇਕਣ ਦੇ ਹੀ ਕੰਮ ਆਉਂਦਾ।

ਚਮਨ ਦੀ ਬੋਲ ਰਹੀ ਚੁੱਪ ਵਿਚ ਤਾਰੀ ਹੁੰਦਾ ਹੈ ਤਿਤਲੀਆਂ ਤੇ ਭੌਰਿਆਂ ਦਾ ਰੁਦਨ, ਪੱਤਝੜ ਦਾ ਪ੍ਰਛਾਂਵਾਂ, ਫੁੱਲਾਂ ਦੇ ਮਸਲੇ ਜਾਣ ਦੀ ਪੀੜਾ, ਪੱਤੀਆਂ ਨੂੰ 'ਕੱਲਾ 'ਕੱਲਾ ਕਰਨ ਦੇ ਜਖ਼ਮ, ਸੂਹੀ ਰੰਗਤ ਨੂੰ ਪਿਲੱਤਣ ਵਿਚ ਤਬਦੀਲ ਕਰਨ ਦੀ ਸਾਜਿਸ਼, ਜੜ੍ਹਾਂ ਵਿਚ ਲੱਗੀ ਹੋਈ ਸਿਉਂਕ ਅਤੇ ਮਾਲੀ ਦੇ ਹੱਥ ਵਿਚ ਆਰੀ। ਚਮਨ ਦੀ ਚਿੰਤਾ ਵਿਚ ਡੁੱਬੇ ਕੁਝ ਹੀ ਸੰਵੇਦਨਸ਼ੀਲ ਲੋਕ ਆਪਣੀ ਰੂਹ ਨੂੰ ਜਖ਼ਮੀ ਕਰਦੇ। ਚਿੰਤਾ ਤੋਂ ਚੇਤਨਾ ਤੀਕ ਦਾ ਸਫਰ ਕਰਦੇ। ਕਲੀਆਂ ਦੀ ਹਯਾ ਨੂੰ ਵੇਚਣ ਵਾਲੇ, ਫੁੱਲ ਦੀ ਹਿੱਕ ਨੂੰ ਪਰੋਣ ਵਾਲੇ ਅਤੇ ਲਗਰਾਂ ਤੇ ਡੋਡੀਆਂ ਨੂੰ ਹੋਛੀਆਂ ਨਜ਼ਰਾਂ ਨਾਲ ਤੱਕਣ ਵਾਲਿਆਂ ਨੂੰ ਦੇਖ ਕੇ ਚਮਨ ਚੁੱਪ ਨਾ ਹੋਵੇ ਤਾਂ ਕੀ ਕਰੇ? ਕਿਵੇਂ ਉਹ ਜਿਉਣ ਦਾ ਦਮ ਭਰੇ? ਆਪਣੇ ਹੱਥੀਂ ਆਪਣੇ ਦੁੱਖਾਂ ਨੂੰ ਹਰੇ? ਕਿਉਂਕਿ ਕੋਈ ਵੀ ਉਸ ਲਈ ਦੁਆ ਨਾ ਕਰੇ ਅਤੇ ਨਾ ਹੀ ਉਸ ਦੀਆਂ ਬਲਾਵਾਂ ਨੂੰ ਆਪਣੇ ਜਿਸਮ 'ਤੇ ਜਰੇ। ਚਮਨ ਦੀ ਚੁੱਪ ਦੇ ਗੁੰਗੇ ਦਰਦ ਨੂੰ ਜਰੂਰ ਸੁਣਨਾ ਅਤੇ ਇਸ ਦੇ ਓਹੜ ਪੋਹੜ ਲਈ ਕੋਈ ਹੀਲਾ ਜਰੂਰ ਕਰਨਾ।

ਘਰ ਦੇ ਜ਼ੱਰੇ ਜ਼ੱਰੇ ਵਿਚ ਚੁੱਪ ਦਾ ਵਾਸਾ। ਹਰਦਮ ਕੁਝ ਨਾ ਕੁਝ ਜਰੂਰ ਅਲਾਹੁੰਦੀ, ਪਰ ਵੱਸਦੇ ਲੋਕ ਕੇਹੇ ਨਿਰਮੋਹੇ ਕਿ ਉਹ ਇਸ ਚੁੱਪ ਦੇ ਬੋਲਾਂ ਨੂੰ ਸੁਣਨ ਤੋਂ ਨਾਬਰ। ਫਿਰ ਇਹ ਚੁੱਪ ਮਾਤਮੀ ਸੁਰ ਵਿਚ ਘਰ ਵਿਚ ਫੈਲ ਜਾਂਦੀ। ਅਜੋਕੇ ਸਮਿਆਂ ਵਿਚ ਤਾਂ ਘਰ ਦੀ ਹਰ ਨੁੱਕਰ ਵਿਚ ਹੀ ਚੁੱਪ ਦਾ ਪਹਿਰਾ। ਇਹ ਚੁੱਪ ਚੌਂਕੇ, ਚੁੱਲੇ ਅਤੇ ਖਾਣੇ ਦੇ ਮੇਜ਼ 'ਤੇ ਵੀ। ਸਭ ਤੋਂ ਬੇਰਹਿਮ ਹੁੰਦੀ ਹੈ ਕਮਰਿਆਂ ਵਿਚ ਫੈਲੀ ਚੁੱਪ ਦੀ ਸੰਕੀਰਨਤਾ ਵਿਚ ਖੁਦ ਨੂੰ ਕੋਹਣਾ। ਇਹ ਚੁੱਪ ਅਜੋਕੀ ਜੀਵਨ-ਸ਼ੈਲੀ ਦੀ ਦੇਣ, ਕਿਉਂਕਿ ਅਸੀਂ ਵਿਚਾਰਾਂ ਦੇ ਅਦਾਨ-ਪ੍ਰਦਾਨ, ਗੁਫਤਗੂ ਕਰਨ ਜਾਂ ਆਪਣੀ ਕਹਿਣ ਤੇ ਦੂਸਰੇ ਦੀ ਸੁਣਨਾ ਹੀ ਭੁੱਲ ਗਏ ਹਾਂ। ਆਪਣਾ ਇਕ ਮਸਨੂਈ ਸੰਸਾਰ ਸਿਰਜ ਲਿਆ ਹੈ। ਮਨੁੱਖ ਨੂੰ ਮਨੁੱਖ ਕਹਿਣ ਲੱਗਿਆਂ ਵੀ ਹੋਛਾਪਣ ਲੱਗਦਾ। ਕੋਈ ਨਹੀਂ ਭਰਦਾ ਪਲੰਘ 'ਤੇ ਪਏ ਦੋ ਜਿੰਦਾਂ ਵਿਚਕਾਰ ਪਸਰੀ ਹੋਈ ਚੁੱਪ ਦਾ ਹੁੰਗਾਰਾ। ਕਦੇ ਕੰਧ 'ਤੇ ਲਟਕਦੀ ਬਾਪ ਦੀ ਤਸਵੀਰ ਵਿਚਲੀ ਚੁੱਪ ਨੂੰ ਮੁਖਾਤਬ ਹੋਣਾ, ਤੁਹਾਨੂੰ ਪਤਾ ਲੱਗੇਗਾ ਕਿ ਬਾਪ ਦੀ ਚੀਸ ਦੇ ਕੀ ਅਰਥ ਹੁੰਦੇ ਨੇ? ਜਿਉਂਦੇ ਜੀਅ ਅਸੀਂ ਆਪਣੇ ਬਾਪ ਲਈ ਕੀ ਕੀਤਾ? ਉਸ ਨੇ ਸਾਡੇ ਲਈ ਕੀ ਕੀਤਾ ਸੀ? ਜਦ ਅਨਾਥ ਆਸ਼ਰਮ ਵਿਚ ਮਰੇ ਬਾਪ ਦੀ ਫੋਟੋ ਘਰ ਦੀ ਕੰਧ 'ਤੇ ਲਟਕਾਈ ਜਾਂਦੀ ਤਾਂ ਕੰਧ ਵੀ ਨਮੋਸ਼ੀ ਦੀ ਮਾਰੀ, ਲਿਓੜ ਲਾਹੁਣ ਲੱਗਦੀ। ਕਦੇ ਵੀ ਘਰ ਵਿਚ ਚੁੱਪ ਨਾ ਸਿਰਜੋ। ਸਗੋਂ ਇਸ ਚੁੱਪ ਨੂੰ ਕੁਝ ਬੋਲ ਦਿਓ ਤਾਂ ਕਿ ਇਸ ਚੁੱਪ ਵਿਚੋਂ ਸੁਗਮ-ਸੰਗੀਤ, ਮਿੱਠੜੇ ਬੋਲ, ਸ਼ੁਭ-ਕਾਮਨਾਵਾਂ ਅਤੇ ਸ਼ੁਭ-ਚਿੰਤਨ ਦੀਆਂ ਮਧੁਰ ਧੁਨਾਂ ਪੈਦਾ ਹੋਣ।

ਦਰਾਂ ਦੀ ਚੁੱਪ ਜਦ ਬੋਲਦੀ ਤਾਂ ਸਹਿਮ ਕੇ ਬੈਠੀ ਉਡੀਕ ਡਰ ਜਾਂਦੀ ਅਤੇ ਆਸ ਵਲੂੰਧਰੀ ਜਾਂਦੀ। ਜਦ ਕਿਸੇ ਦਰ ਨੂੰ ਡੋਲੇ ਜਾਣ ਵਾਲੇ ਪਾਣੀ ਅਤੇ ਚੋਏ ਜਾਣ ਵਾਲੇ ਤੇਲ ਦੀ ਬੇਰੁਖੀ ਹੰਢਾਉਣ ਲਈ ਮਜਬੂਰ ਹੋਣਾ ਪਵੇ ਤਾਂ ਚੁੱਪ ਵਿਚੋਂ ਉਗਦੀਆਂ ਨੇ ਕੁੱਖੋਂ ਜਾਇਆਂ ਨੂੰ ਮਿਲਣ ਲਈ ਲਿੱਲਕੜੀਆਂ। ਅੰਤਿਮ ਯਾਤਰਾ ਲਈ ਮੋਢਾ ਦੇਣ ਲਈ ਤਰਲਾ। ਜਦ ਇਹ ਤਰਲਾ, ਅਰਜੋਈ ਅਤੇ ਵਿਲਕਣੀ ਦਾ ਕੋਈ ਹੁੰਗਾਰਾ ਹੀ ਨਹੀਂ ਬਣਦਾ ਤਾਂ ਚੁੱਪ, ਦਰਦ ਵਿਚ ਕਰਾਹੁੰਦੀ, ਆਖਰ ਨੂੰ ਸਦਾ ਲਈ ਹੀ ਚੁੱਪ ਹੋ ਜਾਂਦੀ।

ਬਾਬੇ ਦੀ ਚੁੱਪ ਵਿਚ ਸਭਿਆਚਾਰ ਅਤੇ ਵਿਰਾਸਤ ਦੇ ਮੁੱਖ ਤੇ ਉਗੀਆਂ ਘਰਾਲਾਂ ਦੀ ਇਬਾਦਤ। ਬਾਪ ਦੀ ਚੁੱਪ ਵਿਚ ਘਰ ਦੀਆਂ ਤੰਗੀਆਂ-ਤੁਰਸ਼ੀਆਂ, ਚੋਂਦੀ ਹੋਈ ਛੱਤ, ਥੁੜ੍ਹੀਆਂ ਫੀਸਾਂ, ਲੀਰਾਂ ਹੋਈ ਪੱਗ ਅਤੇ ਤਨ ਦੇ ਲੰਗਾਰਾਂ ਦਾ ਰੁਦਨ। ਮਾਂ ਦੀ ਚੁੱਪ ਵਿਚ ਬੈਠੀ ਹੁੰਦੀ ਹੈ ਕੋਠੀ ਜੇਡੀ ਧੀ ਦੇ ਵਿਆਹ ਦਾ ਫਿਕਰ, ਬੱਚੇ ਦੀ ਚੁੱਪ ਨੂੰ ਉਲਥਾਉਣ ਦੀ ਤੀਬਰਤਾ, ਘਰੋਗੀ ਤੰਗੀਆਂ ਨੂੰ ਬੱਚਿਆਂ ਤੋਂ ਲਕੋਅ ਕੇ ਰੱਖਣ ਦੀ ਜਾਚ ਅਤੇ ਬੱਚਿਆਂ ਦੀਆਂ ਰੀਝਾਂ ਨੂੰ ਗਰੀਬੀ ਦੇ ਪ੍ਰਛਾਂਵੇਂ ਤੋਂ ਬਚਾਉਣ ਦੀ ਤਮੰਨਾ। ਧੀ ਦੀ ਚੁੱਪ ਵਿਚ ਬਾਪ ਦੇ ਸ਼ਮਲੇ ਨੂੰ ਦੁੱਧ ਚਿੱਟਾ ਰੱਖਣ ਦੀ ਚਿੰਤਾ, ਮਾਂ ਦੇ ਚਾਵਾਂ ਨੂੰ ਚਹਿਕਦੇ ਰੱਖਣ ਦੀ ਤੜਫ, ਗੁੱਡੀਆਂ ਪਟੋਲਿਆਂ ਨੂੰ ਵਰਾਉਣ ਦੀ ਲਾਲਸਾ ਅਤੇ ਪੇਕੇ ਤੇ ਸਹੁਰੇ ਘਰਾਂ ਨੂੰ ਸਵਰਗ ਬਣਾਉਣ ਅਤੇ ਮਾਪਿਆਂ ਦੇ ਦੁੱਖਾਂ ਨੂੰ ਵੰਡਾਉਣ ਦੀ ਚਾਹਨਾ।

ਪੁੱਤ ਦੀ ਚੁੱਪ ਵਿਚ ਸੱਖਣੇ ਸੁਪਨਿਆਂ ਦਾ ਸੰਤਾਪ, ਕਾਗਜ਼ ਦਾ ਟੋਟਾ ਬਣੀਆਂ ਡਿਗਰੀਆਂ ਦਾ ਦਰਦ, ਪਿਉ ਦੇ ਕਰਜ਼ੇ ਅਤੇ ਮਾਂ ਦੀ ਸੁਪਨਈ ਸੰਸਾਰ ਦੀ ਅਪੂਰਤੀ ਦਾ ਰੁਦਨ। ਡਿਗਰੀ ਜਦ ਡੰਗੋਰੀ ਨਾ ਬਣੇ, ਸੁਪਨਾ ਜਦ ਸਿਰ ਦਾ ਤਾਜ ਨਾ ਬਣੇ ਅਤੇ ਜਦ ਕੋਈ ਸਿਹਰੇ ਦੀ ਥਾਂ ਸਿਵੇ ਵੱਲ ਨੂੰ ਰੁਖ ਮੋੜਦਾ ਤਾਂ ਪੁੱਤ, ਚੁੱਪ ਦਾ ਹੀ ਚਹੇਤਾ ਬਣ ਜਾਂਦਾ। ਜਦ ਉਹ ਚਾਹ ਕੇ ਮਾਪਿਆਂ ਦੀ ਨਰੋਈ ਪਛਾਣ ਸਿਰਜਣ ਤੋਂ ਨਕਾਰਿਆ ਜਾਂਦਾ ਤਾਂ ਉਸ ਦੀ ਚੁੱਪ ਹੀ ਉਸ ਨੂੰ ਕੋਂਹਦੀ। ਉਸ ਦਾ ਅੰਦਰ ਧੁੱਖਦਾ ਸਿਵਾ ਬਣਾ ਜਾਂਦਾ।

ਨੂੰਹ ਦੀ ਚੁੱਪ ਵਿਚ ਪੇਕਿਆਂ ਦੇ ਘਰ ਮਾਣੀਆਂ ਮੌਜਾਂ ਦਾ ਚੇਤਾ, ਸਹੁਰਿਆਂ ਵਿਚ ਬੇਗਾਨਗੀ ਹੰਢਾਉਣ ਦੀ ਤੋਬਾ ਅਤੇ ਆਪਣੇ ਹੀ ਘਰ ਵਿਚ ਵੀ ਪਰਾਈ ਬਣ ਕੇ ਰਹਿਣ ਦੀ ਮਜਬੂਰੀ। ਨੂੰਹ ਦੀ ਚੁੱਪ ਬਹੁਤੀ ਵਾਰ ਘਰ ਵਿਚ ਉਗੀਆਂ ਕੰਧਾਂ, ਆਈਆਂ ਤਰੇੜਾਂ ਜਾਂ ਚੁਗਲੀਆਂ ਕਰਦੀ ਅੱਗ ਵੀ ਹੁੰਦੀ। ਨਿੱਕੇ ਬੱਚੇ ਦੀ ਚੁੱਪ ਵਿਚ ਆਪਣਾ ਦੁੱਖ, ਪੀੜਾ ਜਾਂ ਬਿਮਾਰੀ ਨੂੰ ਦੱਸਣ ਦੀ ਅਵਾਜ਼ਾਰੀ ਅਤੇ ਲਾਚਾਰੀ। ਗਿੱਲੇ ਹੋਏ ਪੋਤੜੇ ਵਿਚ ਗਲ ਰਹੇ ਚਿੱਤੜਾਂ ਦੀ ਚੀਸ। ਜਦ ਟੁੱਕਰ ਲਈ ਬੋਟ ਵਿਕਾਊ ਹੋ ਜਾਵੇ ਤਾਂ ਚੁੱਪ, ਬੋਟਾਂ ਦੀਆਂ ਆਂਦਰਾਂ ਵਿਚ ਛਹਿ ਕੇ, ਦਰਦ ਕਹਾਣੀਆਂ ਬਣ ਜਾਂਦੀ। ਪੋਤੇ ਦੀ ਚੁੱਪ ਵਿਚ ਪੀੜ੍ਹੀਆਂ ਦੇ ਅੰਤਰ ਦੀ ਬੋਲਬਾਣੀ ਜੋ ਮੂਕ ਰਹਿ ਕੇ, ਅੰਤਰੀਵ ਦੀ ਅਵੱਗਿਆ ਕਰਨ ਤੋਂ ਅਸਮਰਥ ਰਹਿੰਦੀ, ਆਪਣੇ ਆਪ ਨੂੰ ਕੋਹਣ ਤੀਕ ਹੀ ਸੀਮਤ ਹੁੰਦੀ।

ਅਧਿਆਪਕ ਦੀ ਚੁੱਪ ਵਿਚ ਵਿਦਿਆਰਥੀਆਂ ਦਾ ਧੂੰਆਂਖਿਆ ਸੁਪਨ-ਸੰਸਾਰ, ਅੱਖਰਾਂ ਵਿਚ ਸਿਮਟੀ ਅਰਥ-ਵੇਦਨਾ ਅਤੇ ਸ਼ਬਦਾਂ ਵਿਚੋਂ ਮਨਫੀ ਹੋਏ ਸੂਰਜਾਂ ਨੂੰ ਮਾਰੀ ਹੋਈ ਹਾਕ ਹੁੰਦੀ। ਰਾਜਨੀਤਕ ਦੀ ਚੁੱਪ ਵਿਚ ਸਾਜਿਸ਼ੀ ਘਤਿੱਤਾਂ, ਲੋਕਾਂ ਨੂੰ ਕੁਰਸੀਆਂ ਦੇ ਪਾਵੇ ਪਾਉਣ ਦੀਆਂ ਕੋਝੀਆਂ ਚਾਲਾਂ ਅਤੇ ਨਿੱਜੀ ਸੁਆਰਥ ਦੀ ਪੂਰਤੀ ਹੁੰਦੀ ਜਿਹੜੀ ਅਬੋਲ ਰਹਿ ਕੇ, ਬੋਲਣ ਵਾਲਿਆਂ ਨੂੰ ਗੁੰਗਾ ਕਰਨ ਅਤੇ ਕੋਹਣ ਦੇ ਸਮਰੱਥ। ਰਾਜਨੀਤਕ ਦੀ ਚੁੱਪ ਸਾਹਵੇਂ ਕੌਣ ਸਕਦਾ ਏ

(ਬਾਕੀ ਅਗਲੇ ਸਫੇ 'ਤੇ)

ਸ਼ਰਧਾਂਜਲੀ

# ਮੁੱਲ ਵਿਕਦਾ ਸਜਣ ਮਿਲ ਜਾਵੇ...

ਗੁਰਬਾਣੀ ਵਿਚ ਅੰਕਿਤ ਹੈ,
ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥
ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥

ਅਸੀਂ ਡਾ. ਗੁਰਮੀਤ ਸਿੰਘ ਨੂੰ ਕਿਵੇਂ ਤੇ ਕਿੱਥੋਂ ਲੱਭੀਏ? ਉਹ ਤੇ ਕਿਸੇ ਵੀ ਮੁੱਲ ਉੱਤੇ ਮੁੜ ਆਉਣ ਵਾਲਾ ਨਹੀਂ। ਡਾ. ਗੁਰਮੀਤ ਸਿੰਘ 22 ਫਰਬਰੀ 2021 ਨੂੰ ਆਪਣੀ ਸੰਸਾਰਕ ਯਾਤਰਾ ਦੇ 75 ਸਾਲ ਪੂਰੇ ਕਰ ਕੇ ਸਦੀਵੀ ਵਿਛੋੜਾ ਦੇ ਗਿਆ। ਉਹ ਆਪਣੇ ਪਰਿਵਾਰ ਵਿਚ ਆਪਣੀ ਸੁਪਤਨੀ ਡਾ. ਸੁਜਾਨ ਕੌਰ ਅਤੇ ਹੋਣਹਾਰ ਸਪੁੱਤਰ ਅਸੀਸ ਨੂੰ ਰੋਂਦਿਆਂ ਕੁਰਲਾਉਂਦਿਆਂ ਛੱਡ ਗਿਆ। ਸੱਚੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਦਾ ਪਰਿਵਾਰ ਬਹੁਤ ਵੱਡਾ ਸੀ। ਉਨ੍ਹਾਂ ਦਾ ਹਰ ਮਰੀਜ ਉਨ੍ਹਾਂ ਦਾ ਪਰਿਵਾਰਕ ਮੈਂਬਰ ਸੀ। ਆਪਣਾ ਨਿਰਬਾਹ ਚਲਾਉਣ ਲਈ ਹਰ ਕੋਈ ਆਪਣੀ ਸੇਵਾ ਬਦਲੇ

**ਕਿਰਪਾਲ ਸਿੰਘ ਪੰਨੂੰ**
**ਫੋਨ: 905-796-0531**

ਫੀਸ ਲੈਂਦਾ ਹੈ। ਡਾ. ਸਾਹਿਬ ਇਸ ਤੋਂ ਅੱਗੇ ਮਰੀਜ ਦੇ ਨਾਲ ਵਿਅਕਤੀਗਤ ਮੋਹ ਪਾ ਲੈਂਦੇ ਸਨ। ਡਾ. ਸਾਹਿਬ ਦੀਆਂ ਜੀਵਨ ਭਰ ਦੀਆਂ ਦੁੱਖਾਂ ਤਕਲੀਫਾਂ ਨੇ ਉਹਨੂੰ ਆਪਣੇ ਧਰਮ ਵਿਚ ਪਰਪੱਕ ਅਤੇ ਪਰਮਾਤਮਾ ਵਿਚ ਪੂਰਨ ਵਿਸ਼ਵਾਸੀ ਬਣਾ ਦਿੱਤਾ। ਮਾਨਵਤਾ ਦੀ ਸੇਵਾ ਉਨ੍ਹਾਂ ਦਾ ਧਰਮ ਸੀ। ਜੋ ਉਨ੍ਹਾਂ ਨੇ ਆਪਣੇ ਸਾਰੇ ਜੀਵਨ ਵਿਚ ਨਿਸ਼ਠਾ ਨਾਲ ਨਿਭਾਇਆ। ਉਨ੍ਹਾਂ ਦੀ ਇੱਛਾ ਇਸ ਤੋਂ ਹੋਰ ਵੀ ਕਿਤੇ ਵੱਧ ਲੋਕਾਂ ਦੀ ਸੇਵਾ ਕਰਨ ਦੀ ਸੀ, ਪਰ ਹੁੰਦਾ ਹੈ ਓਹੋ ਹੀ, ਜੋ ਮਨਜ਼ੂਰ-ਏ-ਖੁਦਾ ਹੁੰਦਾ ਹੈ।

ਯੂਗਾਂਡਾ ਵਿਚ ਉਹ ਅਜੇ ਬੱਚਾ ਹੀ ਸੀ ਕਿ 'ਈਦੀ ਅਮੀਨੀ' ਦੀ ਧਾੜਵੀ ਹਕੂਮਤ ਨੇ ਉਸ ਦੇ ਮਾਤਾ-ਪਿਤਾ ਖੋਹ ਲਏ। ਇਸ ਬੇਸਹਾਰਾ ਬੱਚੇ ਦੇ ਗੁਆਂਢੀ ਭਲੇ ਲੋਕ ਉਸ ਦੇ ਮਾਂ-ਬਾਪ ਬਣ ਕੇ ਬਹੁੜੇ। ਡਾ. ਸਾਹਿਬ ਦੀ ਪਾਲਣਾ-ਪੋਸਣਾ ਉਨ੍ਹਾਂ ਨੇ ਆਪਣੇ ਤਿੰਨਾਂ ਬੱਚਿਆਂ ਦੇ ਸਮਰੂਪ ਕੀਤੀ ਤੇ ਗੁਰਮੀਤ ਨੂੰ ਆਪਣੇ ਵੱਖਰੇ ਹੋਣ ਦਾ ਪਤਾ ਹੀ ਨਹੀਂ ਚੱਲਿਆ। ਜਦੋਂ ਉਹ ਗ੍ਰੈਜੂਏਸ਼ਨ ਕਰ ਰਿਹਾ ਸੀ ਤਾਂ ਕਿਸੇ ਨੇ ਉਸ ਦੇ ਕੰਨ ਵਲੇਲ ਪਾ ਦਿੱਤੀ ਕਿ ਉਹ ਤਾਂ ਇੱਕ ਗੋਦ ਲਿਆ ਹੋਇਆ ਬੱਚਾ ਹੈ। ਕਈ ਦਿਨ ਉਦਾਸੀ ਅਤੇ ਭੰਨ-ਘੜ ਦੇ ਆਲਮ ਵਿਚ ਰਹਿ ਕੇ, ਅਸਲੀਅਤ ਦਾ ਪਤਾ ਕਰਨ, ਗੁਰਮੀਤ ਹਰਿਦੁਆਰ ਪਹੁੰਚ ਗਿਆ। ਸੋਚ ਸੋਚ ਕੇ ਉਹ ਉਥੋਂ ਵੀ ਖਾਲੀ ਹੀ ਮੁੜ ਆਇਆ ਕਿ ਇਹ ਤੇ ਆਪਣੇ ਮਾਤਾ-ਪਿਤਾ ਉੱਤੇ ਬੇਭਰੋਸਗੀ ਦਾ ਗੁਨਾਹ ਹੈ। ਉਸ ਨੇ ਆਪਣੀ ਮਾਂ ਦੇ ਚਰਨੀਂ ਹੱਥ ਲਾ ਕੇ ਅਸਲੀਅਤ ਜਾਣਨ ਬਾਰੇ ਪੁੱਛਿਆ। 'ਕਿਉਂ ਸਾਡੇ ਕੋਲੋਂ ਕੋਈ ਕਮੀ ਰਹਿ ਗਈ ਹੈ?' ਮਾਂ ਨੇ ਪੁੱਛਿਆ ਅਤੇ ਬਿਨਾ ਉੱਤਰ ਉਡੀਕੇ ਕਮਰੇ ਵਿਚ ਗਈ ਤੇ ਆਪਣੀ ਕੀਤੀ ਹੋਈ ਵਸੀਹਤ ਲਿਆ ਕੇ ਉਹਦੇ ਹੱਥ ਫੜਾ ਦਿੱਤੀ। ਦੋਹਾਂ ਭੈਣਾਂ ਅਤੇ ਦੋਹਾਂ ਭਰਾਵਾਂ ਵਿਚ ਭਾਈਚਾਰੇ ਅਨੁਸਾਰ ਸਭ ਕੁੱਝ ਬਰਾਬਰ ਵੰਡਿਆ ਹੋਇਆ ਸੀ; ਤੇ ਨਾਲੇ ਉਸ ਨੂੰ ਇਹ ਵੀ ਦੱਸਿਆ ਕਿ ਮਿਲੀ ਖਬਰ ਸਹੀ ਸੀ।

ਆਪਣੀ ਸਾਰੀ ਉਮਰ ਉਸ ਨੇ ਆਪਣੇ ਮਾਤਾ-ਪਿਤਾ ਅਤੇ ਭੈਣਾਂ-ਭਰਾਵਾਂ ਦਾ ਪੂਰਾ ਮਾਣ ਸਤਿਕਾਰ ਕੀਤਾ। ਕਿਸੇ ਦੇ ਮਿਹਣਾ ਮਾਰਨ ਉੱਤੇ ਉਸ ਨੇ ਆਪਣੀ ਸਾਰੀ ਜਾਇਦਾਦ ਦਾ ਅਧਿਕਾਰ ਆਪਣੇ ਦੂਜੇ ਭਰਾ ਦੇ ਨਾਂ ਕਰ ਦਿੱਤਾ। ਇੱਕ ਵਾਰ ਪੰਜਾਬ ਵਿਚ ਡਾਕਟਰ ਮੁਫਤ ਮੈਡੀਕਲ ਲਾ ਕੇ ਵਾਪਿਸ ਕੈਨੇਡਾ ਆ ਰਿਹਾ ਸੀ ਕਿ ਦਿੱਲੀ ਏਅਰਪੋਰਟ ਉੱਤੇ ਉਸ ਨੂੰ ਖਬਰ ਮਿਲੀ ਕਿ ਉਸ ਦੀ ਮਾਂ ਬੀਮਾਰ ਹੈ। ਆਪਣੀ ਸੁਪਤਨੀ ਅਤੇ ਬੇਟੇ ਨੂੰ ਜਹਾਜ ਚੜ੍ਹਾ ਕੇ ਵਾਪਿਸ ਜਲੰਧਰ ਆਪਣੀ ਮਾਂ ਕੋਲ ਪਹੁੰਚ ਗਿਆ। ਮਾਂ ਦੇ ਸੁਰਗਵਾਸ ਹੋ ਜਾਣ 'ਤੇ ਸਾਰੀਆਂ ਰਸਮਾਂ ਨਿਭਾ ਕੇ ਫਿਰ ਉਹ ਕੈਨੇਡਾ ਨੂੰ ਗਿਆ।

ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਚ ਉਸ ਦਾ ਐਕਿਉਪ੍ਰੈੱਸ਼ਰ ਦਾ ਨਿੱਜੀ ਕਲਿਨਿਕ ਸੀ। ਡਾਕਟਰ ਕਿਹਾ ਕਰਦਾ ਸੀ ਕਿ ਕਿਸੇ ਵੀ ਸੇਵਾ ਦੀ ਸਾਰਥਕਤਾ ਹੀ ਉਸ ਦੀ ਮਸ਼ਹੂਰੀ ਹੋਇਆ ਕਰਦੀ ਹੈ। ਇੱਕ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਹੋਇਆ ਗਾਹਕ ਅੱਗੇ ਕਈ ਗਾਹਕਾਂ ਕੋਲ ਹੋਈ ਸੇਵਾ ਦੀ ਸ਼ਲਾਘਾ ਕਰਦਾ ਹੈ। ਮੇਰੇ ਪਰਿਵਾਰ ਨਾਲ ਡਾ. ਸਾਹਿਬ ਦਾ ਮਿਲਾਪ ਵੀ ਇੱਕ ਸਬੱਬ ਹੀ ਸੀ। ਪਟਿਆਲੇ ਹਰਿੰਦਰ ਪਾਲ (ਹੈਰੀ) ਸਿੱਧੂ ਦਾ ਮੈਨੂੰ ਫੋਨ ਆਇਆ, "ਪਾਪਾ ਜੀ ਤੁਹਾਡੇ ਸ਼ਹਿਰ ਵਿਚ ਮੇਰੀ ਮੂੰਹ ਬੋਲੀ ਭੈਣ ਸੁਜਾਨ ਕੌਰ ਦਾ ਵਿਆਹ ਹੈ। ਮੈਂ ਤੇ ਨਹੀਂ ਆ ਸਕਾਂਗਾ। ਤੁਸੀਂ ਮੇਰੇ ਵੱਲੋਂ ਉਸ ਵਿਆਹ ਵਿਚ ਜਾ ਆਇਓ।" ਮਿਥੇ ਸਮੇਂ ਤੇ ਮੈਂ ਤੇ ਪਤਵੰਤ ਵਿਆਹ ਵਿਚ ਸ਼ਾਮਲ ਹੋਏ ਅਤੇ ਹੈਰੀ ਸਿੱਧੂ ਵੱਲੋਂ ਆਪਣੇ ਸਾਰੇ ਫਰਜ਼ ਪੂਰੇ ਕੀਤੇ। ਸੁਜਾਨ ਕੌਰ ਨਾਲ ਦੋ ਚਾਰ ਵਾਰ ਫੋਨ 'ਤੇ ਰਾਬਤਾ ਬਣਿਆ, ਫਿਰ ਰੁਝੇਵੇਂ ਭਾਰੂ ਹੋ ਗਏ ਤੇ ਲਗਪਗ ਸਭ ਕੁਝ ਭੁਲ-ਭੁਲਾ ਗਿਆ।



ਬੈਕ ਯਾਰਡ ਵਿਚ ਮੈਂ ਤੇ ਪਤਵੰਤ ਨੇ ਬੜੀ ਰੀਝ ਨਾਲ ਕੰਮ ਕੀਤਾ। ਲਗਨ ਵਿਚ ਪਤਾ ਹੀ ਨਾ ਲੱਗਾ ਕਿ ਕਦੋਂ ਦੋਹਾਂ ਦੇ ਲੱਕ ਦਰਦ ਅਰੰਭ ਹੋ ਗਿਆ। ਆਪਣੇ ਪਿਆਰੇ ਮਿੱਤਰ ਜੋਗਿੰਦਰ ਸਿੰਘ ਗਰੇਵਾਲ ਨਾਲ ਗੱਲ ਕੀਤੀ ਅਤੇ ਉਸ ਨੇ ਡਾ. ਗੁਰਮੀਤ ਸਿੰਘ ਦੇ ਕਲਿਨਿਕ ਜਾਣ ਦੀ ਸਲਾਹ ਦਿੱਤੀ। ਅਪੁਆਇੰਟਮੈਂਟ ਬਣਾ ਕੇ ਅਸੀਂ ਦੋਵੇਂ ਕਲਿਨਿਕ ਪਹੁੰਚ ਗਏ। ਦੇਖਦਿਆਂ ਸਾਰ ਮੈਨੂੰ ਯਾਦ ਆ ਗਿਆ ਤੇ ਮੈਂ ਕਿਹਾ ਕਿ ਡਾ. ਸਾਹਿਬ ਅਸੀਂ ਤਾਂ ਪਹਿਲੋਂ ਵੀ ਮਿਲੇ ਹੋਏ ਹਾਂ। 'ਕਿੱਥੇ?' ਉਨ੍ਹਾਂ ਪੁੱਛਿਆ। 'ਤੁਹਾਡੇ ਵਿਆਹ ਵਿਚ।' ਮੇਰਾ ਉੱਤਰ ਸੀ। ਉਸ ਦਿਨ ਤੋਂ ਪਿੱਛੋਂ ਇਸ ਪਰਿਵਾਰ ਨਾਲ ਅਸੀਂ ਪੱਕੇ ਹੀ ਬੱਝ ਗਏ ਅਤੇ ਸਕਿਆਂ ਵਰਗੇ ਸਬੰਧ ਬਣ ਗਏ ਤੇ ਡਾਕਟਰ ਨੇ ਦਿਲ ਵਿਚ ਮੈਨੂੰ ਆਪਣੇ ਪਿਤਾ ਸਮਾਨ ਥਾਂ ਦਿੱਤੀ। ਡਾ. ਸਾਹਿਬ ਜਦੋਂ ਵੀ ਸਾਡੇ ਘਰ ਆਉਂਦੇ, ਜੋ ਉਹ ਅਕਸਰ ਆਉਂਦੇ ਹੀ ਰਹਿੰਦੇ ਸਨ, ਖਾਲੀ ਹੱਥ ਕਦੀ ਨਹੀਂ ਸੀ ਆਏ, ਕਾਫੀ ਦੇ ਕੱਪ, ਪੀਜ਼ਾ, ਪਕੌੜੇ, ਸਮੋਸੇ ਜਾਂ ਕੁਝ ਹੋਰ ਜਰੂਰ ਲੈ ਕੇ ਆਉਂਦੇ। ਆਪਣੇ ਹਰ ਘਰੇਲੂ ਸਮਾਗਮ ਵਿਚ ਸਾਨੂੰ ਜਰੂਰ ਬੁਲਾਉਂਦੇ। ਬਾਹਰ ਜਲਸੇ ਜਲੂਸਾਂ ਵਿਚ ਸਾਨੂੰ ਆਪਣੇ ਨਾਲ ਲੈ ਕੇ ਜਾਂਦੇ। ਸਾਨੂੰ ਬਹੁਤ ਸਾਰੇ ਮਹਾਂਪੁਰਸ਼ਾਂ ਦੇ ਦਰਸ਼ਨ ਡਾ. ਸਾਹਿਬ ਦੇ ਘਰ ਵਿਚ ਹੀ ਕਰਨ ਦਾ ਮੌਕਾ ਪ੍ਰਾਪਤ ਹੋਇਆ।

ਸਾਡੇ ਮਿਲਾਪ ਤੋਂ ਪਹਿਲੋਂ ਡਾ. ਸਾਹਿਬ ਪੰਜਾਬ ਵਿਚ ਬਹੁਤ ਸਾਰੇ ਸਿਹਤ ਕੈਂਪ ਲਾ ਚੁਕੇ ਸਨ। ਫਿਰ ਸਾਨੂੰ ਵੀ ਉਨ੍ਹਾਂ ਨੇ ਆਪਣੇ ਨਾਲ ਜੋੜ ਲਿਆ। ਮੁੱਖ ਪ੍ਰਬੰਧਕ ਦੇ ਫਰਜ਼ ਮੇਰੇ ਹਿੱਸੇ ਪਾ ਦਿੱਤੇ। ਡਾ. ਸੁਜਾਨ ਵੀ ਹਰ ਕੈਂਪ ਵਿਚ ਡਾ. ਸਾਹਿਬ ਦੇ ਨਾਲ ਹੁੰਦੀ। ਮੇਰੀ ਦੇਖ-ਰੇਖ ਵਿਚ ਦੋ ਕੈਂਪ ਪਾਂਡਵਾਂ (ਫਗਵਾੜਾ), ਦੋ ਜਾਂ ਤਿੰਨ ਸੁਲਤਾਨਪੁਰ ਲੋਧੀ, ਇੱਕ ਫਿਲੌਰ ਦੇ ਕੋਲ ਗੁਰਦੁਆਰਾ ਸ਼ਹੀਦਾਂ, ਕਰਮਸਰ (ਰਾੜਾ ਸਾਹਿਬ) ਮੇਰੇ ਪਿੰਡ ਦੇ ਕੋਲ 4-5, ਸਪੋਰਟਸ ਕਾਲਜ ਸਮਰਾਲਾ, ਮੁਰਾਲੀ (ਖਮਾਣੋਂ), ਕੁਰੂਕਸ਼ੇਤਰ ਯੂਨੀਵਰਸਿਟੀ ਆਦਿ। ਇਨ੍ਹਾਂ ਕੈਂਪਾ ਵਿਚ ਡਾ. ਸਾਹਿਬ ਅੱਠ ਘੰਟੇ ਤੋਂ ਵੱਧ ਰੋਜਾਨਾ ਬਿਲਕੁੱਲ ਮੁਫਤ ਇਲਾਜ ਕਰਦੇ, ਅੰਤ ਵਿਚ ਆਪਣੀ ਸਮਰੱਥਾ ਅਨੁਸਾਰ ਸਥਾਨਕ ਸਹਾਇਕਾਂ ਦੀ ਆਰਥਕ ਮਦਦ ਵੀ ਕਰਦੇ। ਕੈਂਪ ਵਿਚ ਬੀਮਾਰਾਂ ਦੀਆਂ ਲੰਮੀਆਂ ਲਾਈਨਾਂ ਨੂੰ ਸੰਭਾਲਣਾ ਔਖਾ ਹੋ ਜਾਂਦਾ। ਸਥਾਨਕ ਸ੍ਵੈਇੱਛਕ ਸਹਾਇਕ ਆਪਣੇ ਨਾਲ ਜੋੜੇ ਜਾਂਦੇ ਅਤੇ ਸਿਖਾਏ ਜਾਂਦੇ। ਦੂਸਰੇ ਸਾਲ ਲਾਈਨਾਂ ਹੋਰ ਲੰਮੀਆਂ ਹੋ ਜਾਂਦੀਆਂ।

ਡਾ. ਸਾਹਿਬ ਦਾ ਇਲਾਜ ਹੋਮੀਓਪੈਥੀ ਅਤੇ ਬਿਜਲਈ ਮਸ਼ੀਨਾਂ ਦੀ ਵਰਤੋਂ ਨਾਲ ਹੁੰਦਾ। ਭਾਵੇਂ ਬੁਢਾਪਾ ਹੰਢਾ ਰਹੇ ਮਰੀਜਾਂ ਦੇ ਠੀਕ ਹੋਣ ਦੀ ਪ੍ਰਤੀਸ਼ਤ ਘੱਟ ਸੀ, ਪਰ ਬਾਕੀ ਗਰੁੱਪ ਵਾਲੇ ਬਹੁਤ ਸਾਰੇ ਮਰੀਜ ਠੀਕ ਹੋ ਕੇ ਜਾਂਦੇ। ਚਮਤਕਾਰੀ ਵਰਤਾਰੇ ਵਾਲਿਆਂ ਮਰੀਜਾਂ ਦੀ ਗਿਣਤੀ ਵੀ ਕੋਈ ਘੱਟ ਨਹੀਂ ਸੀ। ਉਨ੍ਹਾਂ ਵਿਚੋਂ ਕੁਝ ਕੁ ਦਾ ਵਰਣਨ ਕਰਨਾ ਠੀਕ ਰਹੇਗਾ। ਰਾੜਾ ਸਾਹਿਬ ਦੇ ਕੈਂਪ ਵਿਚ ਬੱਦੋਵਾਲ ਦੀ ਇੱਕ 20-22 ਸਾਲ ਦੀ ਲੜਕੀ ਆਈ, ਜਿਸ ਨੂੰ ਕਾਰ ਵਿਚੋਂ ਚੁੱਕ ਕੇ ਬੈੱਡ ਉੱਤੇ ਪਾਇਆ ਗਿਆ। ਦੱਸਣ ਅਨੁਸਾਰ ਬੁਖਾਰ ਵਿਚ ਗਲਤ ਟੀਕਾ ਲੱਗਣ ਨਾਲ ਉਸ ਦਾ ਲੱਕ ਤੋਂ ਹੇਠਾਂ ਦਾ ਸਾਰਾ ਸਰੀਰ ਨਕਾਰਾ ਹੋ ਗਿਆ ਸੀ। ਲੜਕੀ ਦੀ ਮਾਂ ਨੇ ਪੁੱਛਿਆ ਕਿ ਕੀ ਇਹ ਠੀਕ ਹੋ ਜਾਵੇਗੀ? 'ਅਜੇ ਕੁਝ ਨਹੀਂ ਕਿਹਾ ਜਾ ਸਕਦਾ।' ਡਾਕਟਰ ਦਾ ਜਵਾਬ ਸੀ। ਲੜਕੀ ਦੇ ਮਸ਼ੀਨਾਂ ਲਾ ਕੇ ਅਸੀਂ ਲੰਚ ਕਰਨ ਚਲੇ ਗਏ। ਕੁਝ ਸਮੇਂ ਪਿੱਛੋਂ ਮੁੜੇ ਤਾਂ ਲੜਕੀ ਦਾ ਘਬਰਾਇਆ ਹੋਇਆ ਭਰਾ ਰਸਤੇ ਵਿਚ ਹੀ ਆ ਮਿਲਿਆ। 'ਡਾਕਟਰ ਸਾਹਿਬ ਜਲਦੀ ਚਲੋ, ਭੈਣ ਨੂੰ ਬਹੁਤ ਤਕਲੀਫ ਹੋ ਰਹੀ ਹੈ', ਉਹ ਬੋਲਿਆ। 'ਉਹ ਠੀਕ ਹੋ ਜਾਵੇਗੀ', ਡਾਕਟਰ ਦੇ ਮੂੰਹੋਂ ਨਿਕਲਿਆ। ਪੂਰੇ ਸੱਤ ਦਿਨ ਲੜਕੀ ਕੈਂਪ ਅਰੰਭ ਹੋਣ ਵਾਲੇ ਸਮੇਂ ਕੈਂਪ ਵਿਚ ਲਿਆਂਦੀ ਜਾਂਦੀ ਅਤੇ ਸਮਾਪਤੀ ਵੇਲੇ ਹੀ ਉਸ ਨੂੰ ਵਾਪਸ ਘਰ ਲੈਜਾਇਆ ਜਾਂਦਾ। ਸਾਰਾ ਦਿਨ ਉਸ ਦਾ ਇਲਾਜ ਚੱਲਦਾ। ਅਖੀਰਲੇ ਦਿਨ ਉਹ ਆਪਣੇ ਪੈਰਾਂ ਉੱਤੇ ਆਪ ਖੜ੍ਹੀ ਹੋ ਕੇ ਪੰਜ-ਸੱਤ ਕਦਮ ਚੱਲ ਵੀ ਸਕਦੀ ਸੀ। ਉਸ ਨੂੰ ਆਪ ਹੀ ਕਰਨ ਵਾਲੇ ਅਗਲੇ ਇਲਾਜ ਦੀ ਵਿਧੀ ਸਮਝਾ ਦਿੱਤੀ ਗਈ। ਤਿੰਨ ਮਹੀਨੇ ਪਿੱਛੋਂ ਲੜਕੀ ਨੇ ਕੈਨੇਡਾ ਆਪ ਫੋਨ ਕੀਤਾ, "ਡਾਕਟਰ ਸਾਹਿਬ ਮੈਂ ਹੁਣ ਬਿਲਕੁੱਲ ਠੀਕ ਹਾਂ। ਧਾਰਾਂ ਆਪ ਕੱਢ ਲੈਂਦੀ ਹਾਂ।"

ਮੇਰੇ ਆਪਣੇ ਭਤੀਜੇ ਦੀ ਬੇਟੀ ਦੀ ਮੁਟਿਆਰ ਨਣਦ ਪੌੜੀਆਂ ਤੋਂ ਡਿੱਗ ਜਾਣ ਕਰਕੇ ਬਹੁਤ ਦੁਖੀ ਸੀ। ਮੋਗੇ ਤੋਂ ਚੱਲ ਕੇ ਰਾੜਾ ਸਾਹਿਬ ਕੈਂਪ ਵਿਚ ਆਈ। ਇਲਾਜ ਕਰਨ ਤੋਂ ਪਿੱਛੋਂ ਡਾਕਟਰ ਕਹਿੰਦਾ, ਪੈਰਾਂ ਭਾਰ ਬੈਠ ਕੇ ਦੇਖ। ਉਸ ਨੇ ਡਾਕਟਰ ਵੱਲ ਇਸ ਤਰ੍ਹਾਂ ਦੇਖਿਆ ਜਿਵੇਂ ਕਹਿ ਰਹੀ ਹੋਵੇ ਕਿ ਇਹ ਕਿਵੇਂ ਹੋ ਸਕਦਾ ਹੈ। ਤੂੰ ਦੇਖ ਤਾਂ ਸਹੀ, ਡਾਕਟਰ ਨੇ ਜੋਰ ਪਾ ਕੇ ਕਿਹਾ ਤੇ ਉਹ ਬੈਠ ਗਈ। "ਉਹ! ਮੈਂ ਹੁਣ ਬੈਠ ਸਕਦੀ ਹਾਂ।" ਖੁਸ਼ੀ ਵਿਚ ਪਾਗਲ ਹੋਈ ਉਹ ਚੀਕ ਉੱਠੀ। ਉਹ ਅੱਜ ਤੱਕ ਠੀਕ ਹੈ।

ਸਪੋਰਟਸ ਕਾਲਜ ਸਮਰਾਲਾ ਵਿਖੇ ਕੈਂਪ ਲੱਗਿਆ ਹੋਇਆ ਸੀ ਤੇ ਸ਼ਾਮ ਦੀ ਸਮਾਪਤੀ ਦੇ ਨੇੜੇ ਸੀ। ਡਾਕਟਰ ਨੇ ਕਿਹਾ ਕਿ ਅੰਕਲ ਜੀ ਹੁਣ ਹੋਰ ਪੇਸ਼ੈਂਟ ਨਾ ਲਿਓ। ਅੱਧੇ ਕੁ ਘੰਟੇ ਪਿੱਛੋਂ ਮੈਂ ਪਰਵੇਸ਼ ਦੁਆਰ ਵੱਲ ਬਾਹਰਲੀ ਹਵਾ ਲੈਣ ਆਇਆ ਤਾਂ ਦੋ ਦਾਨੀ ਔਰਤਾਂ ਕਾਰ ਵਿਚੋਂ ਉੱਤਰੀਆਂ। ਹੌਲੀ ਹੌਲੀ ਇੱਕ ਮੁਟਿਆਰ ਲੜਕੀ ਕਾਰ ਵਿਚੋਂ ਉਤਰ ਕੇ ਉਨ੍ਹਾਂ ਦੇ ਨਾਲ ਹੋ ਤੁਰੀ। ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ, ਮੈਂ ਪੁੱਛਿਆ। 'ਇਸ ਲੜਕੀ ਨੂੰ ਗਰਦਨ ਦੀ ਤਕਲੀਫ ਹੈ, ਉਹ ਦਿਖਾਉਣੀ ਹੈ', ਉੱਤਰ ਮਿਲਿਆ। ਮੈਂ ਬੇਨਤੀ ਕੀਤੀ ਕਿ ਹੁਣ ਤਾਂ ਕੈਂਪ ਬੰਦ ਹੋਣ ਵਾਲਾ ਹੈ, ਕੱਲ੍ਹ ਸੁਵੇਰੇ ਹੀ ਆ ਜਾਓ। ਮੈਂ ਤੇ ਅੱਜ ਵੀ ਨਹੀਂ ਸੀ ਆਉਣਾ, ਇੱਕ ਰਿਸ਼ਤੇਦਾਰ ਦੇ ਵਾਰ-ਵਾਰ ਜੋਰ ਪਾਉਣ ਉੱਤੇ ਆਈ ਹਾਂ। ਮੈਨੂੰ ਡਾਕਟਰ ਨੇ ਕਿਹਾ ਹੈ ਕਿ ਮੇਰੀ ਗਰਦਨ ਦਾ ਇਲਾਜ ਸਿਰਫ ਤੇ ਸਿਰਫ ਓਪਰੇਸ਼ਨ ਹੈ। ਲੜਕੀ ਨੇ ਆਪਣੀ ਨਿਰਾਸ਼ਾ ਦਰਸਾਈ। 'ਚੰਗਾ ਆ ਜਾਓ', ਮੈਂ ਕਿਹਾ।

ਉਨ੍ਹਾਂ ਨੂੰ ਇੰਤਜਾਰੀ ਬੈਂਚਾਂ 'ਤੇ ਬੈਠਾ ਕੇ ਮੈਂ ਬੀਬੀਆਂ ਦੇ ਇਲਾਜ ਕਮਰੇ ਵਿਚ ਅੰਦਰ ਗਿਆ। (ਜਿੱਥੇ ਜਾਣ ਦੀ ਸਿਰਫ ਮੈਨੂੰ ਹੀ ਆਗਿਆ ਸੀ।) ਡਾਕਟਰ ਨੂੰ ਕਹਿਣ ਦੀ ਮੇਰੀ ਹਿੰਮਤ ਨਾ ਹੋਈ ਤੇ ਮੈਂ ਡਾ. ਸੁਜਾਨ ਨੂੰ ਇਸ ਸਬੰਧੀ ਬੇਨਤੀ ਕੀਤੀ। ਇਲਾਜ ਕਰ ਰਹੀ ਡਾ. ਸੁਜਾਨ ਨੇ ਮੁੜ ਮੇਰੇ ਵੱਲ ਹੀ ਗੇਂਦ ਰੋੜ੍ਹ ਦਿੱਤੀ। ਅੰਕਲ ਜੀ ਕੀ ਗੱਲ ਹੈ? ਡਾਕਟਰ ਨੇ ਕੁਝ ਵਿਸ਼ੇਸ਼ ਭਾਂਪਦਿਆ ਮੈਨੂੰ ਆਪ ਹੀ ਪੁੱਛ ਲਿਆ। ਦੱਸਿਆ ਤਾਂ ਡਾਕਟਰ ਕਹਿੰਦਾ, 'ਖਾਲੀ ਬੈੱਡ ਉੱਤੇ ਪਾ ਦਿਓ।' ਫਿਰ ਮੈਂ ਆਪਣੇ ਦੂਸਰੇ ਪ੍ਰਬੰਧਾਂ ਵਿਚ ਰੁੱਝ ਗਿਆ। ਉਸ ਦਿਨ ਦੇ ਖਾਤਮੇ ਉੱਤੇ ਡਾਕਟਰ ਨੇ ਦੱਸਿਆ ਕਿ ਅੰਕਲ ਜੀ ਉਹ ਲੜਕੀ ਬਿਲਕੁਲ ਠੀਕ ਹੋ ਕੇ ਚਲੀ ਗਈ ਹੈ। ਪਹਿਲਾਂ ਤਾਂ ਉਹ ਆਪਣੀ ਗਰਦਨ ਨੂੰ ਹੱਥ ਨਾ ਲਾਉਣ ਦੇਵੇ ਅਤੇ ਨਾ ਹੀ ਕਾਲਰ ਖੋਲ੍ਹੇ। ਇਸ ਇਲਾਜ ਵਿਚ ਮੇਰੀ ਵਿਸ਼ੇਸ਼ਤਾ ਹੈ, ਦਾ ਯਕੀਨ ਦੁਆਉਣ ਉੱਤੇ ਉਸ ਨੇ ਇਲਾਜ ਦੀ ਆਗਿਆ ਦਿੱਤੀ। ਪਿੱਛੋਂ ਚੰਗਾ ਫੇਰਾ-ਤੋਰਾ ਕਰਕੇ ਪੂਰੀ ਤਸੱਲੀ ਕਰ ਲੈਣ ਪਿੱਛੋਂ ਮੈਂ ਉਸ ਨੂੰ ਉਸ ਦਾ ਕਾਲਰ ਸੰਭਾਲ ਦਿੱਤਾ।

ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਸਾਡੇ ਕੈਂਪ ਦਾ ਪਹਿਲਾ ਦਿਨ ਸੀ। ਕੌਣ ਕਿੰਨੇ ਪਾਣੀ ਵਿਚ ਹੈ, ਹਰ ਕੋਈ ਬਿਨਾ ਦੱਸੇ ਪੁੱਛੇ ਹੀ ਭਾਂਪ ਲੈਂਦਾ ਹੈ। ਇੱਕ ਪੜ੍ਹੀ-ਲਿਖੀ ਬੀਬੀ ਸਿੱਧੀ ਮੇਰੇ ਕੋਲ ਆਈ ਤੇ ਬੋਲੀ, 'ਅੰਕਲ ਜੀ, ਡਾਕਟਰ ਦੇ ਹੱਥਾਂ ਵਿਚ ਜਾਦੂ ਹੈ।' ਸੁਣ ਕੇ ਮੇਰਾ ਮਨ ਖੁਸ਼ ਹੋ ਗਿਆ ਤੇ ਪੁੱਛਿਆ, 'ਉਹ ਕਿਵੇਂ?' ਬੀਬੀ ਨੇ ਦੱਸਿਆ ਕਿ ਮੈਂ ਗਰਦਨ ਦੀ ਸਮੱਸਿਆ ਤੋਂ ਬਹੁਤ ਦੁਖੀ ਸੀ, ਜਿੱਥੇ ਵੀ ਦੱਸ ਪਈ, ਮੈਂ ਉਸੇ ਡਾਕਟਰ ਕੋਲ ਪਹੁੰਚੀ, ਪਰ ਕੋਈ ਫਾਇਦਾ ਨਾ ਹੋਇਆ। ਡਾਕਟਰ ਸਾਹਿਬ ਨੇ ਪੰਜ ਮਿੰਟ ਨਹੀਂ ਲਾਏ ਕਿ ਹੁਣ ਮੈਂ ਬਿਲਕੁਲ ਠੀਕ ਹਾਂ। ਇਸ ਤਰ੍ਹਾਂ ਜਾਪਦਾ ਹੈ ਕਿ ਮੈਨੂੰ ਕਦੀ ਰੋਗ ਹੋਇਆ ਹੀ ਨਹੀਂ। ਪਿੱਛੋਂ ਪ੍ਰੋਫੈਸਰ ਰੰਧਾਵੇ ਨੇ ਮੈਨੂੰ ਦੱਸਿਆ ਕਿ ਉਹ ਬੀਬੀ ਇੱਕ ਕਾਲਜ ਵਿਚ ਫਿਜਿਕਸ ਦੀ ਲੈਕਚਰਾਰ ਹੈ।

ਬਰੈਂਪਟਨ ਵਿਚ ਮੈਂ ਆਪਣੇ ਇਲਾਜ ਲਈ ਡਾਕਟਰ ਕੋਲ ਗਿਆ ਤਾਂ ਉੱਥੇ ਮੇਰੀ ਇੱਕ 50 ਕੁ ਸਾਲਾਂ ਦੀ ਰੂਸੀ ਬੀਬੀ ਨਾਲ ਗੱਲਬਾਤ ਹੋਈ। ਉਸ ਨੇ ਦੱਸਿਆ ਕਿ ਉਸ ਦੀ ਖੱਬੀ ਲੱਤ ਸੁੱਕਣ ਲੱਗ ਪਈ, ਪੂਰਾ ਭਾਰ ਨਾ ਲਵੇ, ਜਾਪਦਾ ਸੀ ਕਿ ਕੁਝ ਛੋਟੀ ਵੀ ਹੋ ਗਈ ਹੈ। ਮੈਂ ਡਾਕਟਰ ਸਾਹਿਬ ਪਾਸੋਂ ਦੋ ਕੁ ਮਹੀਨੇ ਵਿਚ 7 ਟਰੀਟਮੈਂਟ ਲੈ ਚੁੱਕੀ ਹਾਂ। ਮੈਂ ਪੁੱਛਿਆ, ਹੁਣ ਕਿਵੇਂ ਹੈ? ਉਸ ਨੇ ਆਪਣਾ ਸਕਰਟ ਮੋਟੇ ਪੱਟ ਤੱਕ ਉੱਚਾ ਕਰਦਿਆਂ ਕਿਹਾ ਕਿ ਤੂੰ ਆਪ ਦੇਖ ਲੈ। ਮੈਨੂੰ ਦੋਵੇਂ ਲੱਤਾਂ ਸਿਹਤ ਪੱਖੋਂ ਬਰਾਬਰ ਲੱਗੀਆਂ। 'ਹੋਰ ਕਿੰਨੀਆਂ ਟਰੀਟਮੈਂਟਾਂ ਲੈਣੀਆਂ ਹਨ?' ਮੈਂ ਪੁੱਛਿਆ। 'ਜਿੰਨੀਆਂ ਡਾਕਟਰ ਕਹੇਗਾ', ਉਸ ਦਾ ਉੱਤਰ ਸੀ। ਡਾਕਟਰ ਉੱਤੇ ਉਸ ਦਾ ਪੂਰਨ ਵਿਸ਼ਵਾਸ ਝਲਕ ਰਿਹਾ ਸੀ।

ਕਲਿਨਿਕ ਵਿਚ ਹੀ ਇੱਕ ਵਾਰ ਇੱਕ ਲੜਕੀ ਨੇ ਦੱਸਿਆ ਕਿ ਮੈਂ ਫੈਮਿਲੀ ਡਾਕਟਰ ਕੋਲ ਕਈ ਗੇੜੇ ਮਾਰੇ। ਅੱਜ ਸਾਹਮਣੇ ਹੀ ਅਸੀਂ ਇਲਾਜ ਵਾਸਤੇ ਆਈਆਂ ਸੀ। ਪਤਾ ਲੱਗਿਆ ਕਿ ਉੱਥੇ ਕੋਈ ਇਲਾਜ ਨਹੀਂ ਹੋ ਰਿਹਾ। ਸਬੱਬ ਨਾਲ ਸਾਡੀ ਨਿਗ੍ਹਾ ਇਸ ਕਲਿਨਿਕ ਉੱਤੇ ਪਈ, ਅਸੀ ਮਾਂਵਾਂ-ਧੀਆਂ ਐਵੇਂ ਹੀ ਇੱਥੇ ਆ ਬੜੀਆਂ। ਡਾਕਟਰ ਨੇ ਕਿਹਾ ਕਿ ਉਹ ਇਲਾਜ ਕਰ ਸਕਦਾ ਹੈ। ਬੇਯਕੀਨੀ ਨਾਲ ਲੜਕੀ ਨੇ ਇਲਾਜ ਕਰਵਾਇਆ। ਇਲਾਜ ਸਮੇਂ ਤਕਲੀਫ ਇੰਨੀ ਹੋਈ ਕਿ ਉਸ ਨੇ ਪ੍ਰਣ ਕਰ ਲਿਆ ਕਿ ਮੁੜ ਕੇ ਇੱਥੇ ਨਹੀਂ ਆਉਣਾ। ਰਾਤ ਨੂੰ ਉਸ ਨੇ ਅਨੁਭਵ ਕੀਤਾ ਕਿ ਪਹਿਲਾਂ ਨਾਲੋਂ ਗੌਲਣਯੋਗ ਆਰਾਮ ਹੈ। ਅਗਲੇ ਦਿਨ ਹੀ ਉਹ ਫਿਰ ਕਲਿਨਿਕ ਆ ਗਈਆਂ। ਹੁਣ ਲੜਕੀ ਬਿਲਕੁਲ ਠੀਕ ਹੈ। ਉਸ ਦਾ ਪੇਟ ਕਸੀ ਹੋਈ ਢੋਲਕੀ ਵਾਂਗ ਕਸਿਆ ਜਾਂਦਾ ਸੀ।

ਮੇਰੀ ਸੁਪਤਨੀ ਪਤਵੰਤ ਦੀ ਖੱਬੀ ਲੱਤ ਬਹੁਤ ਸਮੱਸਿਆ ਦੇਣ ਲੱਗ ਪਈ। ਪੈ ਕੇ ਸੱਜੇ ਖੱਬੇ ਹਿਲਾਈ ਵੀ ਨਹੀਂ ਜਾਂਦੀ ਸੀ। ਡਾਕਟਰ ਕੋਲ ਗਏ ਤਾਂ ਕਹਿੰਦਾ ਕਿ ਜੋੜ ਆਪਣੀ ਥਾਂ ਤੋਂ ਹਿੱਲ ਗਿਆ ਹੈ। ਸੈੱਟ ਕੀਤਾ। ਚੀਕਾਂ ਨਿਕਲ ਗਈਆਂ। ਸ਼ਾਮ ਤੱਕ ਲੱਤ ਬਿਲਕੁਲ ਠੀਕ ਹੋ ਗਈ। ਤੇ ਅੱਜ ਤਿੰਨ ਸਾਲ ਪਿੱਛੋਂ ਤੀਕ ਠੀਕ ਚੱਲ ਰਹੀ ਹੈ। ਗੱਲ ਕੀ, ਸਾਨੂੰ ਜਾਂ ਮੇਰੇ ਕਿਸੇ ਸੰਪਰਕੀ ਨੂੰ ਜਦੋਂ ਵੀ ਕੋਈ ਸਰੀਰਕ ਸਮੱਸਿਆ ਆਉਂਦੀ ਤਾਂ ਅਸੀਂ ਡਾ. ਗੁਰਮੀਤ ਦੀ ਸਰਨ ਵਿਚ ਜਾਂਦੇ ਅਤੇ ਉਹ ਹਮੇਸ਼ਾ ਹੀ ਸੁਥਰੀਆਂ ਸਲਾਹਾਂ ਨਾਲ ਬਹੁੜਦਾ, ਜੋ ਸਾਡੇ ਲਈ ਸਦਾ ਉਪਯੋਗੀ ਸਿੱਧ ਹੁੰਦੀਆਂ।

ਸੱਚੀ ਗੱਲ ਹੈ ਕਿ ਡਾਕਟਰ ਸਾਹਿਬ ਵੱਲੋਂ ਕੀਤੇ ਮਾਯੂਸ ਹੋਏ ਬੀਮਾਰਾਂ ਦੇ ਚਮਤਕਾਰੀ ਇਲਾਜਾਂ ਦੀ ਇੱਕ ਲੰਮੀ ਲੜੀ ਹੈ। ਇਸ ਦੇ ਨਾਲ ਨਾਲ ਡਾ. ਸਾਹਿਬ ਨੇ ਆਪਣੇ ਬਹੁਤ ਸਾਰੇ ਸਹਿਯੋਗੀਆਂ ਨੂੰ ਯੋਗ ਸਿੱਖਿਆ ਵੀ ਦਿੱਤੀ। ਉਹ ਆਪਣੇ ਇਲਾਜ ਵਿਚ ਕਿਸੇ ਕੋਲੋਂ ਵੀ ਉਹਲਾ ਨਹੀਂ ਰਖਦੇ ਸਨ। ਨਵੇਂ ਆਏ ਰੋਗਾਂ ਲਈ ਵੀ ਨਿਰੰਤਰ ਖੋਜ ਕਰਦੇ ਰਹਿੰਦੇ ਸਨ।

ਡਾਕਟਰ ਸਾਹਿਬ ਦੇ ਸਤਿਕਾਰੀ ਮਰੀਜ ਅਕਸਰ ਮੈਨੂੰ ਪੁੱਛ ਲੈਂਦੇ ਨੇ ਕਿ ਡਾਕਟਰ ਸਾਹਿਬ ਨੇ ਹੁਣ ਕਦੋਂ ਪੰਜਾਬ ਆਉਣਾ ਹੈ? ਹੁਣ ਮੈਂ ਉਨ੍ਹਾਂ ਦੀ ਆਸ ਨੂੰ ਕੀ ਉੱਤਰ ਦੇਵਾਂ! ਬੜਾ ਔਖਾ ਹੈ ਇਹ ਕਹਿਣਾ ਕਿ ਉਹ ਤਾਂ ਉਨ੍ਹਾਂ ਲੰਮੀਆਂ ਵਾਟਾਂ ਦਾ ਪਾਂਧੀ ਬਣ ਗਿਆ ਹੈ, ਜਿੱਥੋਂ ਕੋਈ ਕਦੀ ਨਹੀਂ ਮੁੜਿਆ। ਸਾਡੇ ਲਈ ਡਾ. ਗੁਰਮੀਤ ਦਾ ਘਾਟਾ ਕਦੀ ਵੀ ਪੂਰਾ ਨਾ ਹੋਣ ਵਾਲਾ ਘਾਟਾ ਹੈ।

# ਚੁੱਪ ਦੀ ਵੀ ਜ਼ੁਬਾਨ ਹੁੰਦੀ ਆ

*(ਪਿਛਲੇ ਸਫੇ ਦੀ ਬਾਕੀ)*

ਬੋਲ?

ਮਿੱਤਰ ਦੀ ਚੁੱਪ ਵਿਚ ਉਮਰ ਭਰ ਦੀ ਸਾਂਝ ਵਿਚਾਲੇ ਪਈ ਦਰਾੜ, ਦਿਲ ਦੀਆਂ ਬਾਤਾਂ ਸਾਂਝੀਆਂ ਕਰਨ ਤੋਂ ਬੇਰੁਖੀ। ਮਿੱਤਰ-ਮੋਢੇ 'ਤੇ ਸਿਰ ਰੱਖ ਕੇ, ਰੋ ਨਾ ਸਕਣ ਦੀ ਪੀੜਾ। ਇਸ ਪੀੜਾ ਵਿਚ ਪਰੁੱਚੀ ਚੁੱਪ, ਚੁੱਪ-ਚੁੱਪ ਰਹਿੰਦੀ ਅਤੇ ਆਖਰ ਨੂੰ ਮਿੱਤਰਤਾ ਦਾ ਮਰਸੀਆ ਹੀ ਗਾਉਣ ਜੋਗੀ ਰਹਿ ਜਾਂਦੀ। ਪਤਨੀ ਦੀ ਚੁੱਪ ਵਿਚ ਅਪੂਰਨ ਰੀਝਾਂ ਦਾ ਦੁੱਖ, ਸੂਲਾਂ ਵਰਗਾ ਸੁੱਖ, ਬੇਪੱਤਰਾ ਰੁੱਖ ਅਤੇ ਕਈ ਵਾਰ ਸੁੰਨੀ ਕੁੱਖ ਦਾ ਦਰਦ ਵੀ ਹੁੰਦਾ। ਇਸ ਚੁੱਪ ਤੋਂ ਚਹਿਕਣ ਤੀਕ ਦਾ ਫਾਸਲਾ ਬਹੁਤ ਲੰਮੇਰਾ ਜਾਂ ਛੁਟੇਰਾ ਵੀ ਹੋ ਸਕਦਾ। ਇਹ ਸਿਰਫ ਦੰਪਤੀ ਦੀ ਆਪਸੀ ਸੂਝ, ਸਮਝ ਅਤੇ ਸੰਵੇਦਨਾ ਹੀ ਨਿਰਧਾਰਤ ਕਰਦੀ।

ਪਰ ਸਭ ਤੋਂ ਅਹਿਮ ਹੁੰਦੀ ਹੈ ਬੰਦੇ ਦੇ ਅੰਦਰ ਬੈਠੀ ਚੁੱਪ ਅਤੇ ਇਸ ਨੂੰ ਮੁਖਾਤਿਬ ਹੋਣਾ। ਇਸ ਚੁੱਪ ਦੀਆਂ ਕਈ ਪਰਤਾਂ ਅਤੇ ਹਰੇਕ ਪਰਤ ਦਾ ਆਪਣਾ ਦਾਈਆ, ਨਜ਼ਰੀਆ, ਦਿੱਖ ਤੇ ਦਰਜਾ। ਜਦ ਬੰਦਾ ਬਾਹਰੋਂ ਦੁਨਿਆਵੀ ਅਲਾਮਤਾਂ ਨਾਲ ਗ੍ਰਸਿਆ ਹੋਵੇ ਤਾਂ ਚੁੱਪ ਬੰਦੇ ਦੇ ਅੰਦਰ ਵੰਨੀਂ ਸਫਰ ਕਰਦੀ। ਉਹ ਚੁੱਪ ਨੂੰ ਆਪਣਾ ਹਾਣੀ ਬਣਾਉਂਦਾ ਹੈ। ਇਸ ਦਾ ਸਾਥ ਹੀ ਜ਼ਿੰਦਗੀ ਦੀਆਂ ਸੁੱਚੀਆਂ ਤੇ ਉਚੀਆਂ ਕਦਰਾਂ-ਕੀਮਤਾਂ ਨਿਸ਼ਚਿਤ ਕਰਨ ਵਿਚ ਅਹਿਮ ਹੁੰਦਾ। ਅਜਿਹੀ ਚੁੱਪ ਦਾ ਨਿੱਘ ਮਾਣਦੇ ਰਹਿਣਾ ਚਾਹੀਦਾ।

## ਸਮਝ ਤੋਂ ਬਾਹਰ

ਦੋ ਪੁਲਿਸ ਵਾਲਿਆਂ ਨੇ ਰਮਨਜੀਤ ਨੂੰ ਗੱਡੀ 'ਚੋਂ ਉਤਰਨ ਨੂੰ ਕਿਹਾ। ਰਮਨਜੀਤ ਨੂੰ ਪਹਿਲਾਂ ਹੀ ਦਮੇ ਦੀ ਬੀਮਾਰੀ ਨਾਲ ਸਾਹ ਲੈਣਾ ਔਖਾ ਹੋਇਆ ਪਿਆ ਸੀ, ਉਹ ਔਖਾ ਸੌਖਾ ਗੱਡੀ ਨੂੰ ਸਾਈਡ ਲਾ ਉਤਰਿਆ।

ਮਾਸਕ ਮੂੰਹ 'ਤੇ ਨਾ ਲੱਗੇ ਹੋਣ ਕਰ ਕੇ ਪੁਲਿਸ ਵਾਲੇ ਦੋ ਹਜ਼ਾਰ ਰੁਪਏ ਦਾ ਚਲਾਨ ਕੱਟਣ ਲੱਗੇ ਤਾਂ ਰਮਨਜੀਤ ਨੇ ਪੁਲਿਸ ਵਾਲੇ ਦੀ ਬਾਂਹ ਫੜ੍ਹ ਲਈ ਤੇ ਗੱਡੀ 'ਚ ਦੋਹਾਂ ਨੂੰ ਬੈਠਣ ਵਾਸਤੇ ਕਹਿਣ ਲੱਗਾ। ਇੱਕ ਪੁਲਿਸ ਵਾਲਾ ਬੋਲਿਆ, "ਲੱਗਦੈ, ਤੈਨੂੰ ਅੰਦਰ ਕਰਨਾ ਪੈਣੈ।"

ਰਮਨਜੀਤ ਬੋਲਿਆ, "ਉਹ ਜੁਰਮਾਨਾ ਵੀ ਦੇ ਦੂ, ਅੰਦਰ ਵੀ ਹੋ ਜੂ, ਬੱਸ ਪੰਜ ਮਿੰਟ ਉਹਦੇ ਨਾਲ ਗੱਡੀ 'ਚ ਬਹਿ ਜਾਣ, ਉਹ ਉਨ੍ਹਾਂ ਨੂੰ ਉਥੇ ਹੀ ਛੱਡ ਦੂ।"

ਪੁਲਿਸ ਵਾਲੇ ਮੰਨ ਗਏ। ਰਮਨਜੀਤ ਨੇ ਗੱਡੀ 'ਚ ਉਨ੍ਹਾਂ ਨੂੰ ਬਿਠਾਇਆ ਤੇ ਮੂੰਹ 'ਚ ਇਨਹੇਲਰ 'ਚ ਕੈਪਸੂਲ ਪਾ ਕੇ ਅੰਦਰ ਨੂੰ ਖਿਚਿਆ ਤੇ ਗੱਡੀ ਵਾਪਿਸ ਮੋੜ ਕੇ ਉਥੇ ਹੀ ਲੈ ਪਹੁੰਚਿਆ, ਜਿੱਥੇ ਉਹ ਉਨ੍ਹਾਂ ਨੂੰ ਲੈ ਕੇ ਜਾਣਾ ਚਾਹੁੰਦਾ ਸੀ। ਉਹਨੇ ਗੱਡੀ ਖੜ੍ਹੀ ਕੀਤੀ ਤੇ ਪੁਲਿਸ ਵਾਲਿਆਂ ਨੂੰ ਉਤਰਨ ਲਈ ਕਿਹਾ, ਗੱਡੀ ਦਾ ਦਰਵਾਜਾ ਬੰਦ ਕਰ ਉਹ ਉਥੇ ਹੀ ਖੜ੍ਹ ਗਿਆ।

ਇੱਕ ਪੁਲਿਸ ਵਾਲੇ ਨੇ ਪੁੱਛਿਆ, "ਹਾਂ ਬਈ ਕਿੱਥੇ ਜਾਣੈ?"

ਰਮਨਜੀਤ ਬੋਲਿਆ, "ਕਿਤੇ ਨ੍ਹੀਂ, ਬੱਸ ਇੱਥੇ ਹੀ, ਇੱਥੇ ਸਬਜ਼ੀ ਮੰਡੀ ਲੱਗੀ ਐ, ਕਿਸੇ ਨੇ ਮਾਸਕ ਨ੍ਹੀਂ ਪਾਇਆ, ਪਹਿਲਾਂ ਇਨ੍ਹਾਂ ਦਾ ਚਲਾਨ ਕੱਟੋ, ਫੇਰ ਉਹ ਦੁਗਣਾ ਅਦਾ ਕਰ ਦੂਗਾ, ਵੋਟ ਦੀ ਕੀਮਤ ਤਾਂ ਸਭ ਦੀ ਬਰਾਬਰ ਏ, ਸਰਕਾਰ ਦੇ ਨਿਯਮ ਬਰਾਬਰ ਲਾਗੂ ਹੋਣੇ ਚਾਹੀਦੇ ਨੇ, ਇਨ੍ਹਾਂ ਨੂੰ ਬੀਮਾਰੀ ਦਾ ਡਰ ਨਹੀਂ, ਜਾਂ ਕੋਈ ਫਾਇਦਾ ਨਹੀਂ, ਇਨ੍ਹਾਂ ਦੇ ਨਹੀਂ ਸਕਣਾ।"

ਪੁਲਿਸ ਵਾਲਿਆਂ ਕੋਲ ਕੋਈ ਜਵਾਬ ਨਹੀਂ ਸੀ, ਇੱਕ ਪੁਲਿਸ ਵਾਲੇ ਨੇ ਕਿਹਾ, "ਇਹ ਸਭ ਉਨ੍ਹਾਂ ਦੀ 'ਸਮਝ ਤੋਂ ਬਾਹਰ' ਐ।" ਤੇ ਉਨ੍ਹਾਂ ਨੇ ਰਮਨਜੀਤ ਦੀ ਪਿੱਠ ਥਪਥਪਾ ਕੇ ਵਾਪਸ ਛੱਡਣ ਨੂੰ ਕਿਹਾ।

*-ਕੰਵਲਜੀਤ ਕੌਰ ਜੁਨੇਜਾ*
*ਫੋਨ: 91-98120-32868*

# ਸ਼੍ਰੋਮਣੀ ਬਾਲ ਲੇਖਕ ਬਲਜਿੰਦਰ ਮਾਨ

ਪੰਜਾਬੀ ਖੇਡ ਸਾਹਿਤ 33



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਬਲਜਿੰਦਰ ਮਾਨ ਬਾਲਕਾਂ ਦਾ ਮਨਭਾਉਂਦਾ ਬਾਲ ਲੇਖਕ ਹੈ। ਭਾਸ਼ਾ ਵਿਭਾਗ ਪੰਜਾਬ ਨੇ ਉਸ ਨੂੰ ਸ਼੍ਰੋਮਣੀ ਬਾਲ ਸਾਹਿਤ ਲੇਖਕ ਅਵਾਰਡ ਨਾਲ ਵਡਿਆਇਆ ਹੈ। ਹੋਰ ਵੀ ਕਈ ਅਦਬੀ ਅਦਾਰਿਆਂ ਨੇ ਬਣਦੇ ਸਰਦੇ ਮਾਨ ਸਨਮਾਨ ਦਿੱਤੇ ਹਨ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਵੱਲੋਂ ਚਲਾਏ ਰਸਾਲੇ 'ਬਾਲ ਸੰਦੇਸ਼' ਦੇ ਬੰਦ ਹੋ ਜਾਣ ਪਿੱਛੋਂ ਮਾਨ 1995 ਤੋਂ 'ਨਿੱਕੀਆਂ ਕਰੂੰਬਲਾਂ' ਨਾਂ ਦਾ ਬਾਲ ਰਸਾਲਾ ਕੱਢਦਾ ਆ ਰਿਹੈ। ਉਸ ਨੇ 25 ਬਾਲ ਸਾਹਿਤਕਾਰ ਅਤੇ 25 ਬਾਲ ਸਾਹਿਤ ਲੇਖਕ 'ਕਰੂੰਬਲਾਂ' ਪੁਰਸਕਾਰ ਨਾਲ ਸਨਮਾਨਿਤ ਕੀਤੇ ਹਨ ਅਤੇ ਸੈਂਕੜੇ ਬੱਚੇ ਬਾਲ ਸਾਹਿਤ ਸਿਰਜਣਾ ਦੇ ਰਾਹ ਪਾਏ ਹਨ। ਉਸ ਦੇ ਪੈਂਤੀ ਸੌ ਵੱਧ ਅਖ਼ਬਾਰੀ ਲੇਖ ਤੇ ਸੱਤ ਸੌ ਤੋਂ ਵੱਧ ਪੁਸਤਕਾਂ ਦੇ ਰੀਵਿਊ ਛਪ ਚੁੱਕੇ ਹਨ। ਉਹ 15 ਬਾਲ ਪੁਸਤਕਾਂ ਤੇ 5 ਹੋਰ ਪੁਸਤਕਾਂ ਦਾ ਸਿਰਜਕ, 5 ਪੁਸਤਕਾਂ ਦਾ ਅਨੁਵਾਦਕ ਅਤੇ 21 ਪੁਸਤਕਾਂ ਦਾ ਸੰਪਾਦਕ ਹੈ। ਅਜੇ ਕਿਹੜਾ ਬੱਸ ਹੈ? ਉਹਦੀ ਕਲਮ ਦੀ ਮੈਰਾਥਨ ਲਗਾਤਾਰ ਜਾਰੀ ਹੈ।

ਮੇਰੇ ਸੰਪਰਕ ਵਿਚ ਉਹ ਆਪਣੀ ਖੇਡ ਪੁਸਤਕ 'ਫੁੱਟਬਾਲ ਜਗਤ ਮਾਹਿਲਪੁਰ' ਦਾ ਮੁੱਖਬੰਦ ਲਿਖਵਾਉਣ ਨਾਲ ਆਇਆ ਸੀ। ਉਹ ਪੁਸਤਕ ਉਸ ਨੇ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਦੇ ਸਹਿਯੋਗ ਨਾਲ 1995 ਵਿਚ ਪ੍ਰਕਾਸ਼ਿਤ ਕੀਤੀ ਜਿਸ ਵਿਚ ਮਾਹਿਲਪੁਰ ਇਲਾਕੇ ਦੇ ਸੌ ਕੁ ਫੁੱਟਬਾਲਰਾਂ ਬਾਰੇ ਜਾਣਕਾਰੀ ਦਿੱਤੀ। ਉਸ ਨੇ 'ਖੇਡ ਜਗਤ ਵਿਚ ਪਹਿਲਾ ਕਦਮ' ਸਿਰਲੇਖ ਹੇਠ ਲਿਖਿਆ: 'ਮਾਹਿਲਪੁਰ' ਜਿਥੇ ਚੀਨੀ ਯਾਤਰੀ ਹਿਊਨਸਾਂਗ ਮਹਾਰਾਜਾ ਹਰਸ਼ਵਰਧਨ ਦੇ ਰਾਜ ਕਾਲ ਵਿਚ ਆਇਆ, ਦੀ ਆਬੋ ਹਵਾ ਨੇ ਮੈਨੂੰ ਲੋਰੀਆਂ ਦਾ ਨਿੱਘ ਦਿੱਤਾ। ਇਸ ਧਰਤੀ ਦੇ ਸੰਧੂਰੀ ਅੰਬਾਂ ਦੀ ਮਹਿਕ ਨੇ ਮੇਰੀ ਕਲਮ ਨੂੰ ਸਭਿਅਕ ਸੂਝ ਬਖ਼ਸ਼ੀ ਅਤੇ ਇਥੋਂ ਦੀ ਅਮੀਰ ਖੇਡ ਵਿਰਾਸਤ ਨੇ ਸਿਹਤ ਅਤੇ ਸੇਧ ਦਾ ਭਰਪੂਰ ਖਜ਼ਾਨਾ ਦਿੱਤਾ। ...ਇਸ ਪੁਸਤਕ ਵਿਚ ਕੌਮੀ ਅਤੇ ਕੌਮਾਂਤਰੀ ਪ੍ਰਤਿਭਾ ਦੇ ਮਾਲਕ ਖਿਡਾਰੀ ਅਤੇ ਖਿਡਾਰਨਾਂ ਹੀ ਸ਼ਾਮਲ ਨਹੀਂ ਸਗੋਂ ਫੁੱਟਬਾਲ ਨਾਲ ਸੰਬੰਧਤ ਰਿਕਾਰਡ ਅਤੇ ਭਾਰਤੀ ਫੁੱਟਬਾਲ ਟੀਮਾਂ ਦੇ ਓਲੰਪਿਕ, ਏਸ਼ੀਅਨ ਅਤੇ ਵਿਸ਼ਵ ਕੱਪਾਂ ਵਿਚ ਭਾਗ ਲੈਣ ਬਾਰੇ ਵੀ ਜਾਣਕਾਰੀ ਦਿੱਤੀ ਹੈ। ਭਾਰਤ ਵਿਚ ਖੇਡੇ ਜਾਂਦੇ ਪ੍ਰਸਿੱਧ ਫੁੱਟਬਾਲ ਕੱਪਾਂ ਅਤੇ ਟਰਾਫੀਆਂ ਦਾ ਵੀ ਵੇਰਵਾ ਦਿੱਤਾ ਹੈ।

ਹਰਬੰਸ ਸਿੰਘ ਬੈਂਸ ਨੇ ਲਿਖਿਆ: ਜਿਹੜੀ ਕੌਮ ਆਪਣੇ ਵਿਰਸੇ ਦੀ ਸੰਭਾਲ ਨਹੀਂ ਕਰਦੀ, ਭਵਿੱਖ ਉਸ ਨੂੰ ਕਦੀ ਮੁਆਫ ਨਹੀਂ ਕਰਦਾ। ਮਾਹਿਲਪੁਰ ਦੀ ਫਿਜ਼ਾ ਵਿਚ ਰੁਕਮਦੀ ਅੰਬੀਆਂ ਦੀ ਮਹਿਕ ਅਤੇ ਫੁੱਟਬਾਲਰਾਂ ਦੀ ਟਹਿਕ ਹਰੇਕ ਲਈ ਖਿੱਚ ਦਾ ਕੇਂਦਰ ਹੈ। ਫੁੱਟਬਾਲ ਦੀ ਅਮੀਰ ਵਿਰਾਸਤ ਨੂੰ ਸਾਂਭਣ ਅਤੇ ਅਗਲੀ ਪੀੜ੍ਹੀ ਦੇ ਹਵਾਲੇ ਕਰਨ ਦਾ ਜ਼ਿੰਮਾ ਪ੍ਰਿੰਸੀਪਲ ਹਰਿਭਜਨ ਸਿੰਘ ਸਪੋਰਟਿੰਗ ਕਲੱਬ ਨੇ ਹਰ ਸਾਲ ਟੂਰਨਾਮੈਂਟ ਕਰਵਾ ਕੇ ਤਾਂ ਨਿਭਾਇਆ ਹੀ ਹੈ, ਨਾਲ ਹਥਲੀ ਪੁਸਤਕ ਦਾ ਪ੍ਰਕਾਸ਼ਨ ਕਰ ਕੇ ਖੇਡ ਸਾਹਿਤ ਨੂੰ ਅਮੀਰ ਅਤੇ ਫੁੱਟਬਾਲ ਦੀ ਨਵੀਂ ਪਨੀਰੀ ਲਈ ਪ੍ਰੇਰਕ ਵੀ ਬਣਾਇਆ ਹੈ। ਸਾਨੂੰ ਮਾਣ ਹੈ ਬਲਜਿੰਦਰ ਮਾਨ ਉਤੇ ਜਿਸ ਨੇ ਇਥੋਂ ਦੇ ਹੀ ਲੇਖਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਵਾਂਗ ਆਪਣੀ ਅਣਥੱਕ ਮਿਹਨਤ, ਸਿਰੜ ਤੇ ਲਗਨ ਨਾਲ ਫੁੱਟਬਾਲ ਖਿਡਾਰੀਆਂ ਬਾਰੇ ਜਾਣਕਾਰੀ ਅਤੇ ਫੁੱਟਬਾਲ ਸੰਸਾਰ ਦੀਆਂ ਅਹਿਮ ਘਟਨਾਵਾਂ ਨੂੰ ਇਕੱਤਰ ਕਰ ਕੇ ਆਪਣੇ ਇਲਾਕੇ ਅਤੇ ਖੇਡ ਜਗਤ ਲਈ ਮਾਅਰਕੇ ਵਾਲੀ ਗੱਲ ਕੀਤੀ ਹੈ।

ਪ੍ਰੇਮ ਗੋਰਖੀ ਨੇ ਲਿਖਿਆ: ਪੰਜਾਬ ਵਿਚ ਦੁਆਬੇ ਦੀ ਧਰਤ ਨੂੰ ਇਹ ਸ਼ਰਫ ਹਾਸਲ ਰਿਹਾ ਹੈ ਕਿ ਇਹਨੇ ਦੁਨੀਆ ਨੂੰ ਬੜੇ ਪ੍ਰਤਿਭਾਵਾਨ ਮਨੁੱਖ ਦਿੱਤੇ ਹਨ। ਚਾਹੇ ਵਿਦਿਅਕ ਖੇਤਰ ਲੈ ਲਓ, ਚਾਹੇ ਵਿਗਿਆਨਕ, ਚਾਹੇ ਕਲਾ, ਚਾਹੇ ਖੇਡ ਖੇਤਰ, ਦੁਆਬੇ ਦੀ ਇਸ ਧਰਤੀ ਦਾ ਕੋਈ ਮੁਕਾਬਲਾ ਨਹੀਂ। ਦੁਆਬੇ ਅੰਦਰ ਹੁਸ਼ਿਆਰਪੁਰ ਜ਼ਿਲ੍ਹੇ ਦਾ ਬੜਾ ਮਹੱਤਵਪੂਰਨ ਤੇ ਵੱਖਰਾ ਸਥਾਨ ਹੈ। ਤੇ ਜ਼ਿਲ੍ਹੇ ਅੰਦਰ ਮਾਹਿਲਪੁਰ ਇਲਾਕੇ ਦੀਆਂ ਧੁੰਮਾਂ ਹਨ। ਅੱਜ ਕੱਲ੍ਹ ਮਾਹਿਲਪੁਰ ਫੁੱਟਬਾਲ ਦੀ ਨਰਸਰੀ ਹੋਣ ਕਰਕੇ ਹੋਰ ਵੀ ਮਸ਼ਹੂਰ ਹੈ। ਇਸ ਦੇ ਨਾਲ ਹੀ ਮਾਣ ਹੁੰਦਾ ਹੈ ਮਾਹਿਲਪੁਰ ਦੇ ਖ਼ਾਲਸਾ ਕਾਲਜ ਦੀਆਂ ਗਰਾਊਂਡਾਂ ਦੀ ਨਰਮ ਤੇ ਸ਼ਗਨਾਂ ਭਰੀ ਮਿਟੀ 'ਤੇ, ਜਿਸ ਨੇ ਅਨੇਕਾਂ ਨਾਮਵਰ ਖਿਡਾਰੀ ਪੈਦਾ ਕੀਤੇ। ਮੈਨੂੰ ਫਖ਼ਰ ਹੈ ਕਿ ਕੁਝ ਸਮਾਂ ਮੈਨੂੰ ਵੀ ਇਸ ਮਿੱਟੀ ਦੀ ਮਹਿਕ ਮਾਣਨ ਦਾ ਮੌਕਾ ਮਿਲਿਆ। ਮੈਂ ਵੀ ਕਦੇ ਖੈਰੜ ਅੱਛਰਵਾਲ, ਭਾਮ, ਸਰਹਾਲਾ ਖੁਰਦ, ਸੈਲਾ, ਪਾਲਦੀ, ਬਿੰਜੋ ਤੇ ਲੰਗੇਰੀ ਦੇ ਖੇਤਾਂ ਵਿਚ ਘੁੰਮਦਿਆਂ, ਖੇਡਦਿਆਂ ਇਸ ਮਿੱਟੀ ਨੂੰ ਚੱਖਿਆ ਤੇ ਇਹਦੇ ਸੁਆਦ ਨੂੰ ਮਾਣਿਆ। ਮਾਹਿਲਪੁਰ ਦੀ ਧਰਤੀ ਆਪਣੇ ਪ੍ਰਤਿਭਾਸ਼ਾਲੀ ਪੁੱਤਰ ਪ੍ਰਿੰਸੀਪਲ ਹਰਭਜਨ ਸਿੰਘ ਨੂੰ ਸਦਾ ਯਾਦ ਰੱਖੇਗੀ।

ਇਤਿਹਾਸ ਵਿਚ ਮਾਹਿਲਪੁਰ ਨੂੰ ਸਿੰਧ ਵਾਦੀ ਦੀ ਸਭਿਅਤਾ ਦਾ ਸ਼ਹਿਰ ਦਰਸਾਇਆ ਗਿਆ ਹੈ। ਚੀਨੀ ਯਾਤਰੀ ਹਿਊਨਸਾਂਗ 635 ਵਿਚ ਜਲੰਧਰ ਤੋਂ ਚੰਬਾ ਵਾਦੀ ਨੂੰ ਜਾਂਦਿਆਂ ਮਹੀਪਾਲਪੁਰ ਵਿਚ ਦੀ ਲੰਘਿਆ ਸੀ ਜਿਸ ਦਾ ਨਾਂ ਬਾਅਦ ਵਿਚ ਮਾਹਿਲਪੁਰ ਪੈ ਗਿਆ। ਇਥੇ 1909 ਵਿਚ ਖ਼ਾਲਸਾ ਹਾਈ ਸਕੂਲ ਹੋਂਦ ਵਿਚ ਆਇਆ ਜਿਸ ਨੇ ਇਲਾਕੇ ਵਿਚ ਪੜ੍ਹਾਈ ਲਿਖਾਈ ਦਾ ਮਾਹੌਲ ਪੈਦਾ ਕੀਤਾ। ਇਥੋਂ ਦਾ ਫੌਜੀ ਬੁੱਕਣ ਸਿੰਘ ਬੈਂਸ ਪਹਿਲੀ ਵਿਸ਼ਵ ਜੰਗ ਦਾ ਹੀਰੋ ਸੀ ਜਿਸ ਦਾ ਬੁੱਤ ਕੈਨੇਡਾ ਵਿਚ ਸੁਭਾਇਮਾਨ ਹੈ। ਇਸੇ ਇਲਾਕੇ ਦਾ ਹਰਜੀਤ ਸਿੰਘ ਸੱਜਣ ਕੈਨੇਡਾ ਦਾ ਡਿਫੈਂਸ ਮਨਿਸਟਰ ਹੈ। ਕਬੱਡੀ ਦਾ ਐਟਮ ਬੰਬ ਸੰਤੋਖ ਸਿੰਘ ਤੋਖੀ, ਢਾਡੀ ਅਮਰ ਸਿੰਘ ਸ਼ੌਂਕੀ, ਪ੍ਰਿੰ. ਦਰਸ਼ਨ ਸਿੰਘ ਕੋਮਲ, ਵਾਰਸ ਭਰਾ, ਦੇਬੀ ਮਖ਼ਸੂਸਪੁਰੀ, ਸਤਿੰਦਰ ਸਰਤਾਜ ਦੇ ਹੋਰ ਬਹੁਤ ਸਾਰੇ ਗਵੱਈਏ ਇਸ ਇਲਾਕੇ ਦੀ ਦੇਣ ਹਨ।






ਬਲਜਿੰਦਰ ਮਾਨ ਅਤੇ (ਸੱਜੇ) ਉਸ ਦੀ ਪੁਸਤਕ 'ਫੁੱਟਬਾਲ ਜਗਤ ਮਾਹਿਲਪੁਰ'

ਮੈਂ ਉਸ ਦੇ ਮੁੱਖਬੰਦ ਦਾ ਸਿਰਲੇਖ 'ਖੇਡ ਅਦਬ ਵਿਚ ਹੋਰ ਵਾਧਾ' ਰੱਖ ਕੇ ਲਿਖਿਆ ਸੀ: ਕਈ ਸਾਲ ਪਹਿਲਾਂ ਦੀ ਗੱਲ ਹੈ, ਇਕ ਸਾਹਿਤਕ ਗੋਸ਼ਟੀ ਵਿਚ ਮੈਥੋਂ ਖੇਡ ਅਦਬ ਦਾ ਜ਼ਿਕਰ ਹੋ ਗਿਆ। ਪਿੱਛੋਂ ਬੋਲਣ ਵਾਲੇ ਇਕ ਆਲੋਚਕ ਨੇ ਕਿਹਾ ਕਿ ਖੇਡ ਅਦਬ ਕੋਈ ਅਦਬ ਨਹੀਂ ਹੁੰਦਾ। ਉਸ ਨੇ ਖੇਡਾਂ ਤੇ ਖਿਡਾਰੀਆਂ ਬਾਰੇ ਪੁਸਤਕਾਂ ਲਿਖਣ ਵਾਲਿਆਂ ਨੂੰ ਸਾਹਿਤਕਾਰ ਕਹਿਣ ਕਹਾਉਣ ਵਾਲਿਆਂ ਦਾ ਮਖੌਲ ਉਡਾਇਆ। ਮੇਰਾ ਕਹਿਣਾ ਸੀ ਕਿ ਰੇਖਾ ਚਿੱਤਰ ਭਾਵੇਂ ਸਾਹਿਤਕਾਰ ਦਾ ਹੋਵੇ, ਅਦਾਕਾਰ ਦਾ ਹੋਵੇ, ਭਾਵੇਂ ਭਲਵਾਨ ਦਾ ਹੋਵੇ, ਜੇਕਰ ਉਹਦੇ ਵਿਚ ਸਾਹਿਤਕ ਛੋਹਾਂ ਹਨ ਤਾਂ ਉਹ ਸਾਹਿਤ ਹੀ ਹੈ। ਮਨੁੱਖੀ ਜਜ਼ਬਿਆਂ ਨਾਲ ਓਤਪੋਤ ਕਿਸੇ ਵੀ ਵਿਸ਼ੇ ਦੀ ਲਿਖਤ ਸਾਹਿਤ ਦੇ ਦਾਇਰੇ ਵਿਚ ਆਉਂਦੀ ਹੈ। ਰੁੱਖਾ ਬੇਜਾਨ ਬਿਰਤਾਂਤ ਅਸਾਹਿਤਕ ਆਖਿਆ ਜਾ ਸਕਦਾ ਹੈ। ਪਰ ਸਾਡੇ ਉਸ ਆਲੋਚਕ ਨੇ ਇਕੋ ਹੀ ਨੰਨਾ ਫੜਿਆ ਹੋਇਆ ਸੀ ਕਿ ਖੇਡਾਂ ਖਿਡਾਰੀਆਂ ਬਾਰੇ ਲਿਖਣ ਵਾਲਿਆਂ ਨੂੰ ਸਾਹਿਤਕਾਰ ਨਹੀਂ ਮੰਨਿਆ ਜਾ ਸਕਦਾ। ਅਖੀਰ ਮੈਨੂੰ ਕਹਿਣਾ ਪਿਆ ਸੀ ਕਿ ਜੇ ਤੁਸੀਂ ਸਾਨੂੰ ਸਾਹਿਤਕਾਰ ਨਹੀਂ ਮੰਨਦੇ ਤਾਂ ਸਿਹਤਕਾਰ ਹੀ ਮੰਨ ਲਓ! ਜੇਕਰ ਸਾਡੇ 'ਚ ਦਮ ਹੋਇਆ ਤਾਂ ਆਉਂਦੇ ਸਾਲਾਂ ਵਿਚ ਅਸੀਂ ਤੁਹਾਨੂੰ ਪੰਜਾਬੀ ਖੇਡ ਅਦਬ ਦੀ ਇਕ ਵੱਖਰੀ ਅਲਮਾਰੀ ਸ਼ਿੰਗਾਰ ਕੇ ਵਿਖਾਵਾਂਗੇ...।

ਆਖਰ ਖੇਡ ਸਾਹਿਤ ਦੀ ਵੱਖਰੀ ਅਲਮਾਰੀ ਸਜ ਹੀ ਗਈ ਹੈ ਜਿਸ ਬਾਰੇ ਇਹ ਕਾਲਮ ਲਿਖਿਆ ਜਾ ਰਿਹੈ।

ਬਲਜਿੰਦਰ ਮਾਨ ਦਾ ਜਨਮ 15 ਮਈ 1964 ਨੂੰ ਪਿਤਾ ਭਜਨਾ ਰਾਮ ਤੇ ਮਾਤਾ ਭਜਨ ਕੌਰ ਦੇ ਘਰ ਗੜ੍ਹਸ਼ੰਕਰ ਨੇੜੇ ਪਿੰਡ ਮਹਿਮਦਵਾਲ ਕਲਾਂ ਵਿਚ ਹੋਇਆ। ਸ਼ਿਵਾਲਕ ਦੀਆਂ ਪਹਾੜੀਆਂ ਦੀ ਗੋਦ 'ਚ ਵਸੇ ਮਹਿਮਦਵਾਲ ਦੀਆਂ ਗਲੀਆਂ 'ਚ ਖੇਡਦਾ ਬਲਜਿੰਦਰ ਮਾਨ ਹੁਣ ਮਾਹਿਲਪੁਰੀਆਂ ਦਾ ਮਾਣ ਹੈ। ਉਸ ਨੇ ਮਹਿਮਦਵਾਲ, ਗੜ੍ਹਸ਼ੰਕਰ ਤੇ ਹੁਸ਼ਿਆਰਪੁਰ ਤੋਂ ਪੜ੍ਹਾਈ ਕਰਦਿਆਂ ਐਮ. ਏ. ਪੰਜਾਬੀ, ਐਮ. ਏ. ਰਾਜਨੀਤੀ ਸ਼ਾਸਤਰ, ਬੀ. ਐਡ. ਤੇ ਜਰਨਲਿਜ਼ਮ ਦੀਆਂ ਡਿਗਰੀਆਂ ਹਾਸਲ ਕੀਤੀਆਂ। ਫਿਰ ਪ੍ਰਾਈਵੇਟ ਸਕੂਲ 'ਸੁਰ ਸੰਗਮ' ਚਲਾਉਣ ਤੇ ਪੱਤਰਕਾਰੀ ਕਰਨ ਨਾਲ ਬੱਚਿਆਂ ਲਈ ਕਈ ਪਰਉਪਕਾਰੀ ਕਾਰਜ ਕੀਤੇ। ਮਿੱਠੀ ਬੋਲ ਬਾਣੀ ਤੇ ਨਿਮਰਤਾ ਉਹਦੇ ਖ਼ਾਸ ਗੁਣ ਹਨ। ਨਸ਼ਿਆਂ ਤੋਂ ਕੋਹਾਂ ਦੂਰ ਹੈ ਤੇ ਭੋਜਨ ਵੀ ਵੈਸ਼ਨੂੰ ਕਰਦਾ ਹੈ। ਉਸ ਦੇ ਯਤਨਾਂ ਨਾਲ ਮਾਹਿਲਪੁਰ ਬਾਲ ਮੇਲਿਆਂ, ਸਭਿਆਚਾਰਕ ਮੇਲਿਆਂ, ਖੇਡ ਮੇਲਿਆਂ, ਕਵੀ ਦਰਬਾਰਾਂ, ਕਹਾਣੀ ਦਰਬਾਰਾਂ ਤੇ ਸਾਹਿਤਕ ਸੈਮੀਨਾਰਾਂ ਦਾ ਕੇਂਦਰ ਬਣ ਗਿਆ। ਅਸ਼ੋਕ ਭੌਰੇ ਨੇ ਉਹਨੂੰ ਨਾਲ ਰਲਾ ਕੇ ਢਾਡੀ ਅਮਰ ਸਿੰਘ ਦੀ ਯਾਦ ਵਿਚ ਮਾਹਿਲਪੁਰ ਦਾ 'ਸ਼ੌਂਕੀ ਮੇਲਾ' ਸ਼ੁਰੂ ਕੀਤਾ ਜਿਸ ਨੂੰ ਮੋਹਨ ਸਿੰਘ ਮੇਲੇ ਵਾਲੇ ਜਗਦੇਵ ਸਿੰਘ ਜੱਸੋਵਾਲ ਦਾ ਥਾਪੜਾ ਰਿਹਾ। ਕਹਿੰਦੇ ਕਹਾਉਂਦੇ ਗਾਇਕ ਸ਼ੌਂਕੀ ਮੇਲੇ ਦੀਆਂ ਹਾਜ਼ਰੀਆਂ ਭਰਦੇ ਰਹੇ। ਬਲਜਿੰਦਰ ਮਾਨ ਅੱਜ ਕੱਲ੍ਹ ਸਰਕਾਰੀ ਮਿਡਲ ਸਕੂਲ ਭਾਰਟਾ ਗਨੇਸ਼ਪੁਰ ਦਾ ਮੁਖੀ ਹੈ। ਰਿਟਾਇਰਮੈਂਟ ਨੇੜੇ ਹੈ ਤੇ ਉਸ ਪਿੱਛੋਂ ਉਸ ਨੇ ਕੁਲਵਕਤੀ ਲੇਖਕ ਹੋ ਜਾਣਾ ਹੈ। ਕਿਸੇ ਸਮਰੱਥ ਅਦਾਰੇ ਨੂੰ ਅਜਿਹੇ ਉੱਦਮੀ ਤੋਂ ਕੰਮ ਲੈਂਦੇ ਰਹਿਣਾ ਚਾਹੀਦੈ ਅਤੇ ਕਿਸੇ ਖ਼ਾਸ ਪ੍ਰੋਜੈਕਟ ਦੀ ਖੋਜ ਵਿਚ ਲਾ ਦੇਣਾ ਚਾਹੀਦੈ।

ਬਲਜਿੰਦਰ ਮਾਨ ਦੀ ਦੂਜੀ ਖੇਡ ਪੁਸਤਕ ਮਾਹਿਲਪੁਰ ਦੇ ਫੁੱਟਬਾਲਰਾਂ ਬਾਰੇ ਹੀ ਹੈ ਜਿਸ ਦਾ ਨਾਂ 'ਮਾਹਿਲਪੁਰ ਦਾ ਫੁੱਟਬਾਲ ਸੰਸਾਰ' ਹੈ ਜੋ 2021 ਵਿਚ ਛਪੀ। ਲਿਖਿਆ ਹੈ: ਇਤਿਹਾਸਕ ਪਿੰਡ ਬਜਵਾੜੇ ਲਾਗੇ ਛਾਉਣੀ ਹੁੰਦੀ ਸੀ ਜਿਥੇ ਅੰਗਰੇਜ਼ ਫੁੱਟਬਾਲ ਖੇਡਿਆ ਕਰਦੇ ਸਨ। ਬਜਵਾੜੇ ਤੇ ਮਾਹਿਲਪੁਰ ਨੇ ਇਸ ਖੇਡ ਨੂੰ ਸਭ ਤੋਂ ਵੱਧ ਪਿਆਰਿਆ। ਬਾਅਦ ਵਿਚ ਮਾਹਿਲਪੁਰ ਫੁੱਟਬਾਲ ਦਾ ਘਰ ਬਣ ਕੇ ਚਮਕ ਉਠਿਆ। ਪ੍ਰਿੰਸੀਪਲ ਹਰਭਜਨ ਸਿੰਘ ਅਤੇ ਲਾਭ ਸਿੰਘ ਹੋਰੀਂ ਲਾਹੌਰ ਕਾਲਜ ਵਿਚ ਫੁੱਟਬਾਲ ਦੇ ਖਿਡਾਰੀ ਸਨ। ਉਨ੍ਹਾਂ ਨੇ ਫੁੱਟਬਾਲ ਦੇ ਬੀਜ ਮਾਹਿਲਪੁਰ ਦੇ ਆਲੇ ਦੁਆਲੇ ਬੋਅ ਕੇ ਫੁੱਟਬਾਲ ਦੀ ਭਰਪੂਰ ਫਸਲ ਬਣਾ ਦਿੱਤਾ। 1934 ਵਿਚ ਇਥੋਂ ਦਾ ਖ਼ਾਲਸਾ ਕਲੱਬ ਤੇ ਬਾਅਦ ਵਿਚ ਈਗਲ ਕਲੱਬ ਫੁੱਟਬਾਲ ਮੁਕਾਬਲਿਆਂ ਵਿਚ ਅੱਗੇ ਲੱਗ ਤੁਰੇ। 1948 ਵਿਚ ਗੁਲਬਰਗ ਸਿੰਘ ਬੈਂਸ ਦੀ ਪਹਿਲਕਦਮੀ ਨਾਲ ਮੈਂਗੋ ਸੀਜ਼ਨ ਫੁੱਟਬਾਲ ਟੂਰਨਾਮੈਂਟ ਸ਼ੁਰੂ ਹੋ ਗਿਆ ਤੇ ਇਹ ਇਲਾਕਾ ਫੁੱਟਬਾਲ ਦਾ ਦੀਵਾਨਾ ਬਣ ਗਿਆ।

ਉਸ ਖੇਡ ਪੁਸਤਕ ਦੇ ਮੁੱਖਬੰਦ 'ਚ ਮੈਂ ਲਿਖਿਆ: ਜਿਵੇਂ ਸੰਸਾਰਪੁਰ ਨੂੰ ਹਾਕੀ ਦਾ ਘਰ ਕਿਹਾ ਜਾਂਦੈ ਉਵੇਂ ਮਾਹਿਲਪੁਰ ਫੁੱਟਬਾਲ ਦਾ ਘਰ ਹੈ। ਸੰਸਾਰਪੁਰੀਆਂ ਨੂੰ ਹਾਕੀ ਦੀ ਜਾਗ ਜਲੰਧਰ ਛਾਉਣੀ ਨੇ ਲਾਈ ਸੀ ਜਦ ਕਿ ਮਾਹਿਲਪੁਰੀਆਂ ਨੂੰ ਫੁੱਟਬਾਲ ਦੀ ਜਾਗ ਬਜਵਾੜੇ ਦੀ ਛਾਉਣੀ ਨੇ ਲਾਈ। ਪਹਿਲਾਂ ਪਹਿਲ ਪੰਜਾਬ ਦੇ ਮੁੰਡੇ ਫੌਜੀ ਛਾਉਣੀਆਂ ਵਿਚ ਅੰਗਰੇਜ਼ ਅਫ਼ਸਰਾਂ ਤੇ ਜੁਆਨਾਂ ਨੂੰ ਹਾਕੀ/ਫੁੱਟਬਾਲ ਖੇਡਦੇ ਵੇਖ ਕੇ ਹਾਕੀ/ਫੁੱਟਬਾਲ ਖੇਡਣ ਲੱਗੇ। ਫਿਰ ਰੀਸ ਅੱਗੇ ਤੋਂ ਅੱਗੇ ਤੁਰਦੀ ਗਈ। ਰੀਸ ਕਰਨਾ ਪੰਜਾਬੀਆਂ ਦਾ ਜੱਦੀ ਪੁਸ਼ਤੀ ਸੁਭਾਅ ਹੈ। ਰੀਸ ਭਾਵੇਂ ਫੌਜਾਂ 'ਚ ਭਰਤੀ ਹੋਣ ਦੀ ਹੋਵੇ, ਭਾਵੇਂ ਬਾਰਾਂ ਆਬਾਦ ਕਰਨ ਦੀ ਹੋਵੇ, ਭਾਵੇਂ ਪਰਦੇਸ ਜਾਣ ਦੀ ਹੋਵੇ ਤੇ ਭਾਵੇਂ ਕਲਕੱਤੇ ਦੇ ਡਰਾਈਵਰ ਬਣਨ ਦੀ ਹੋਵੇ। ਚੁਟਕਲੇ ਚਲਦੇ ਰਹੇ ਕਿ ਕਿਲਾ ਰਾਇਪੁਰ ਵੱਲ ਦੇ ਬੱਚੇ ਤਦ ਹੀ ਜਨਮ ਲੈਂਦੇ ਜਦੋਂ ਕਿਹਾ ਜਾਂਦਾ ਕਿ ਜੰਮ ਪਓ, ਤੁਹਾਨੂੰ ਕਲਕੱਤੇ ਭੇਜ ਦਿਆਂਗੇ! ਉਦੋਂ ਉਸ ਇਲਾਕੇ ਵਿਚ ਕਲਕੱਤੇ ਦੇ ਡਰਾਈਵਰ ਬਣਨ ਦੀ ਰੀਸ ਪਈ ਹੋਈ ਸੀ। ਫਿਰ ਚੁਟਕਲਾ ਚੱਲਿਆ ਕਿ ਸੰਸਾਰਪੁਰ 'ਚ ਬੱਚੇ ਤਦ ਤਕ ਜਨਮ ਨਹੀਂ ਲੈਂਦੇ ਜਦ ਤਕ ਉਨ੍ਹਾਂ ਦੀਆਂ ਮਾਵਾਂ ਸਿਰ੍ਹਾਣੇ ਹਾਕੀ ਨਹੀਂ ਰੱਖੀ ਜਾਂਦੀ! ਮਾਹਿਲਪੁਰੀਆਂ ਨੂੰ ਖੁਦ ਪਤਾ ਹੋਊ ਪਈ ਉਥੇ ਬੱਚੇ ਕਿਹੜੇ ਲਾਲਚ ਨਾਲ ਜੰਮਦੇ ਰਹੇ? ਹੋ ਸਕਦੈ ਉਨ੍ਹਾਂ ਨੂੰ ਫੁੱਟਬਾਲਰ ਬਣਾਉਣ ਦਾ ਲਾਲਚ ਦਿੱਤਾ ਜਾਂਦਾ ਹੋਵੇ। ਹੁਣ ਤਾਂ ਪਤਾ ਹੀ ਹੈ, ਕੀ ਕਿਲਾ ਰਾਇਪੁਰ, ਕੀ ਸੰਸਾਰਪੁਰ ਤੇ ਕੀ ਮਾਹਿਲਪੁਰ, ਪੰਜਾਬ 'ਚ ਸਾਰੇ ਬੱਚੇ ਹੀ ਵਿਦੇਸ਼ ਭੇਜਣ ਲਈ ਆਈਲੈਟਸ ਕਰਾਉਣ ਦੇ ਲਾਲਚ ਨਾਲ ਜੰਮਦੇ ਹਨ!

'ਮਾਹਿਲਪੁਰ ਦਾ ਫੁੱਟਬਾਲ ਸੰਸਾਰ' ਪੁਸਤਕ ਵਿਚ ਫੁੱਟਬਾਲ ਨਾਲ ਸੰਬੰਧਿਤ ਸੌ ਤੋਂ ਵੱਧ ਫੁੱਟਬਾਲ ਸ਼ੌਂਕੀਆਂ ਦੇ ਸੰਖੇਪ ਰੇਖਾ ਚਿੱਤਰ ਉਲੀਕੇ ਹਨ ਅਤੇ ਇਸ ਪੁਸਤਕ ਨੂੰ ਵੀ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਨੇ ਪ੍ਰਕਾਸ਼ਿਤ ਕੀਤਾ ਹੈ। ਮਾਨ ਦੀ ਲਿਖਤ ਵਿਚ ਰਸ ਵੀ ਹੈ ਤੇ ਰੰਗ ਵੀ। ਇਹ ਪੁਸਤਕ ਜਿਥੇ ਮਾਹਿਲਪੁਰ ਇਲਾਕੇ ਦੇ ਫੁੱਟਬਾਲਰਾਂ ਬਾਰੇ ਪ੍ਰਮਾਣਿਕ ਜਾਣਕਾਰੀ ਦਿੰਦੀ ਹੈ ਉਥੇ ਸਾਹਿਤਕ ਸੁਹਜ ਸੁਆਦ ਦੀ ਪੂਰਤੀ ਵੀ ਕਰਦੀ ਹੈ। ਬਲਜਿੰਦਰ ਮਾਨ ਦੀ ਲਿਖਣ ਸ਼ੈਲੀ ਵਿਚ ਦੁਆਬੇ ਦੀਆਂ ਅੰਬੀਆਂ ਵਰਗੀ ਚਾਸ਼ਣੀ ਹੈ ਅਤੇ ਅੰਬਾਂ ਦੇ ਬੂਰ ਵਰਗੀ ਮਹਿਕ। ਕਾਨੇ ਕਮਾਦ ਦੇ ਰਹੁ ਵਰਗਾ ਰਸ ਹੈ। ਉਸ ਦੀ ਰਵਾਂ ਵਾਰਤਕ ਵਿਚ ਦੁਆਬੇ ਦੇ ਚੋਆਂ ਵਰਗਾ ਵਹਿਣ ਹੈ।

ਮੈਂ ਬੇਸ਼ਕ ਮਾਲਵੇ ਦੇ ਪਿੰਡ ਚਕਰ ਦਾ ਜੰਮਪਲ ਹਾਂ ਪਰ ਮੇਰੇ ਉਤੇ ਮਾਝੇ ਤੇ ਦੁਆਬੇ ਦਾ ਪਾਹ ਵੀ ਚੜ੍ਹਿਆ ਹੋਇਐ। ਮੇਰੇ ਵਡੇਰੇ ਮਾਝੇ ਦੇ ਪਿੰਡ ਸਰਹਾਲੀ ਦੇ ਸਨ ਤੇ ਮੇਰਾ ਪਕੇਰੀ ਉਮਰ ਦਾ ਸਮਾਂ ਦੁਆਬੇ 'ਚ 'ਮੁਕੰਦਪੁਰ ਸ਼ਹਿਰ ਨਗੀਨਾ' ਕਹੇ ਜਾਂਦੇ ਪਿੰਡ ਵਿਚ ਬੀਤਿਆ ਜਿਥੇ ਮੈਂ ਅਮਰਦੀਪ ਮੈਮੋਰੀਅਲ ਕਾਲਜ ਦਾ ਪ੍ਰਿੰਸੀਪਲ ਰਿਹਾਂ। ਮੇਰੇ ਨੂੰਹ-ਪੁੱਤ 1997 ਤੋਂ ਉਥੇ ਹੀ ਪੜ੍ਹਾਉਂਦੇ ਹਨ ਜਿਥੇ ਮੇਰਾ ਵੀ ਆਉਣ ਜਾਣ ਬਣਿਆ ਰਹਿੰਦੈ। ਚੰਡੀਗੜ੍ਹ ਤੋਂ ਆਪਣੇ ਪਿੰਡ ਸੂਨੀ ਨੂੰ ਜਾਂਦਾ ਗੁਲਜ਼ਾਰ ਸਿੰਘ ਸੰਧੂ ਵੀ ਕਦੇ ਕਦਾਈਂ ਗੇੜਾ ਮਾਰ ਜਾਂਦੈ। ਬਲਜਿੰਦਰ ਮਾਨ ਦਾ ਵੀ ਮੁਕੰਦਪੁਰ ਵੱਲ ਗੇੜਾ ਵੱਜਦਾ ਰਹਿੰਦੈ। ਮਾਹਿਲਪੁਰ ਕਾਲਜ ਦਾ ਸਵਰਗਵਾਸੀ ਅਥਲੀਟ ਜਰਨੈਲ ਸਿੰਘ ਸਤੰਬਰ 1960 ਵਿਚ ਮੈਨੂੰ ਪੰਜਾਬ ਯੂਨੀਵਰਸਿਟੀ ਦੇ ਲੁਧਿਆਣੇ ਲੱਗੇ ਕੋਚਿੰਗ ਕੈਂਪ ਵਿਚ ਮਿਲਿਆ ਸੀ। ਉਥੇ ਅਸੀਂ ਪੰਦਰਾਂ ਦਿਨ 'ਕੱਠੇ ਰਹੇ। ਉਹ ਇਕ ਲੱਤ 'ਤੇ ਦੌੜਦਾ ਟਰੈਕ ਦਾ ਪੂਰਾ ਚੱਕਰ ਲਾ ਦਿੰਦਾ ਸੀ। ਉਹਦੀਆਂ ਲੱਤਾਂ ਵਿਚ ਲੋਹੜੇ ਦੀ ਤਾਕਤ ਸੀ ਜਿਸ ਕਰਕੇ ਉਹ 800 ਮੀਟਰ ਤੇ 1500 ਮੀਟਰ ਦੀਆਂ ਦੌੜਾਂ ਦਾ ਯੂਨੀਵਰਸਿਟੀ ਤੇ ਇੰਟਰਵਰਸਿਟੀ ਚੈਂਪੀਅਨ ਬਣਿਆ। ਬਾਅਦ ਵਿਚ ਉਹ ਨੈਸ਼ਨਲ ਚੈਂਪੀਅਨ ਬਣਦਾ ਰਿਹਾ।

ਖ਼ਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਹਰਭਜਨ ਸਿੰਘ ਅਕਸਰ ਕਿਹਾ ਕਰਦੇ ਸਨ ਕਿ ਅਥਲੀਟ ਜਰਨੈਲ ਦੀਆਂ ਲੱਤਾਂ ਵਿਚ ਫੁੱਟਬਾਲਰ ਜਰਨੈਲ ਦੀਆਂ ਲੱਤਾਂ ਨਾਲੋਂ ਵੀ ਵਧੇਰੇ ਜਾਨ ਹੈ। ਉਸ ਜਰਨੈਲ ਦਾ ਰੇਖਾ ਚਿੱਤਰ ਮੈਂ 'ਕਲਹਿਰੀ ਮੋਰ' ਦੇ ਸਿਰਲੇਖ ਹੇਠ ਉਲੀਕਿਆ ਸੀ ਜੋ ਸਾਹਿਤਕ ਪਰਚੇ 'ਆਰਸੀ' ਵਿਚ ਛਪਿਆ। ਬਾਅਦ ਵਿਚ ਉਹ ਲੁਧਿਆਣੇ ਸਿਧਵਾਂ ਨਹਿਰ ਦੀ ਪਟੜੀ 'ਤੇ ਕਰਾਸ ਕੰਟਰੀ ਲਾਉਂਦਿਆਂ ਬੇਹੋਸ਼ ਹੋ ਕੇ ਡਿੱਗ ਪਿਆ ਸੀ। ਉਥੋਂ ਉਸ ਨੂੰ ਸੀਐਮਸੀ ਲੈ ਗਏ ਸਨ ਪਰ ਉਹ ਬਚ ਨਹੀਂ ਸੀ ਸਕਿਆ। ਉਦੋਂ ਮੈਂ ਉਹਦੇ ਬਾਰੇ ਲੇਖ ਲਿਖਿਆ 'ਅਖਾੜੇ ਦਾ ਸ਼ਹੀਦ' ਜੋ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ ਪੁਸਤਕਾਂ ਵਿਚ ਸ਼ਾਮਲ ਹੁੰਦਾ ਰਿਹਾ।


ਮਾਹਿਲਪੁਰ ਕਾਲਜ ਦੇ ਫੁੱਟਬਾਲਰ ਜਰਨੈਲ ਸਿੰਘ ਨੂੰ ਜਰਨੈਲ ਪਨਾਮੀਆ ਵੀ ਕਹਿੰਦੇ ਸਨ। ਉਹ ਕਬੱਡੀ ਵੀ ਖੇਡਦਾ ਸੀ ਤੇ ਫੁੱਟਬਾਲ ਵੀ। ਰੋਮ ਦੀਆਂ ਓਲੰਪਿਕ ਖੇਡਾਂ 'ਚੋਂ ਉਹ ਫੁੱਟਬਾਲ ਦੀ ਵਿਸ਼ਵ ਇਲੈਵਨ ਲਈ ਚੁਣਿਆ ਗਿਆ ਸੀ। ਵੀਹਵੀਂ ਸਦੀ ਦਾ ਉਹ ਮਹਾਨ ਫੁੱਟਬਾਲਰ ਸੀ ਜੋ ਵੀਹਵੀਂ ਸਦੀ ਨਾਲ ਹੀ ਖੇਡ ਜਗਤ ਨੂੰ ਅਲਵਿਦਾ ਕਹਿ ਗਿਆ। ਅਕਤੂਬਰ 2000 ਦੇ ਦਿਨ ਸਨ। ਪਨਾਮ ਦੇ ਖੁੱਲ੍ਹੇ ਖੇਤਾਂ ਵਿਚ ਉਹਦੇ ਨਮਿੱਤ ਸ਼ਰਧਾਂਜਲੀ ਸਮਾਗਮ ਹੋਣਾ ਸੀ। ਅਸੀਂ ਅਮਰਦੀਪ ਕਾਲਜ ਮੁਕੰਦਪੁਰ ਤੋਂ ਫੁੱਟਬਾਲਰਾਂ ਦੀ ਬੱਸ ਭਰ ਕੇ ਚੱਲੇ ਸਾਂ। ਪਨਾਮ ਦੀ ਜੂਹ ਵਿਚ ਸੋਗ ਛਾਇਆ ਹੋਇਆ ਸੀ। ਝੋਨਿਆਂ ਦੇ ਵੱਢ ਉੱਜੜੇ, ਧੁੱਪ ਰੋਣਹਾਕੀ ਤੇ ਪੌਣ ਹਾਉਕੇ ਲੈਂਦੀ ਜਾਪਦੀ ਸੀ। ਪਿੰਡ ਦੀਆਂ ਬੀਹੀਆਂ ਵੈਣ ਪਾ ਰਹੀਆਂ ਸਨ। ਦੁਨੀਆਂ ਭਰ 'ਚ ਪਨਾਮ ਦਾ ਨਾਂ ਧੁਮਾਅ ਦੇਣ ਵਾਲਾ ਦਲਾਂ ਦਾ ਮੋਹਰੀ ਜਾਂਦੀ ਵਾਰ ਦੀ ਫਤਿਹ ਬੁਲਾ ਗਿਆ ਸੀ। ਪਹਿਲਾਂ ਅਸੀਂ ਉਸ ਘਰ ਨੂੰ ਸਿਜਦਾ ਕੀਤਾ ਜੀਹਦੀ ਇੱਟ-ਇੱਟ ਤੇ ਕੜੀ-ਕੜੀ ਨਾਲ ਜਰਨੈਲ ਸਿੰਘ ਦੀ ਸਾਂਝ ਜੁੜੀ ਸੀ। ਉਥੇ ਉਹਦੀਆਂ ਖੇਡ-ਨਿਸ਼ਾਨੀਆਂ ਖਿੰਡੀਆਂ ਪਈਆਂ ਸਨ ਜਿਨ੍ਹਾਂ ਨਾਲ ਅਨੇਕਾਂ ਯਾਦਾਂ ਜੁੜੀਆਂ ਹੋਈਆਂ ਸਨ। ਕਦੇ ਉਸ ਘਰ ਵਿਚ ਰੌਣਕਾਂ ਦੀ ਚਹਿਲ-ਪਹਿਲ ਹੁੰਦੀ ਸੀ ਪਰ ਉੱਦਣ ਵੀਰਾਨੀਆਂ ਦਾ ਮਾਤਮ ਸੀ। ਘਰ ਨੂੰ ਜਾਂਦੀ ਭੀੜੀ ਗਲੀ ਜਿਵੇਂ ਹੱਥ ਜੋੜੀ ਕਹਿ ਰਹੀ ਸੀ, ਜਾਣ ਵਾਲਾ ਤਾਂ ਚਲਾ ਗਿਆ, ਵੇਖਣਾ ਕਿਤੇ ਤੁਸੀਂ ਵੀ ਰਾਹ ਨਾ ਭੁੱਲ ਜਾਣਾ...।

ਪਿੰਡੋਂ ਬਾਹਰ ਪੰਡਾਲ ਵਿਚ ਬੁਲਾਰੇ ਜਰਨੈਲ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕਰ ਰਹੇ ਸਨ। ਚਲਾਣਾ ਕਰ ਗਏ ਜੋਧੇ ਖਿਡਾਰੀ ਦੀ ਮਹਾਨਤਾ ਉਜਾਗਰ ਹੋ ਰਹੀ ਸੀ ਤੇ ਉਹਦੀ ਢੁੱਕਵੀਂ ਯਾਦਗਾਰ ਬਣਾਉਣ ਦੇ ਸੁਝਾਅ ਦਿੱਤੇ ਜਾ ਰਹੇ ਸਨ। ਉਸ ਨੇ ਦੋ ਸਾਲ ਏਸ਼ੀਅਨ ਆਲ ਸਟਾਰਜ਼ ਟੀਮ ਦੀ ਜਰਨੈਲੀ ਕੀਤੀ ਸੀ। ਏਸ਼ੀਆ ਮਹਾਂਦੀਪ ਦਾ ਉਹ ਇਕੋ-ਇਕ ਖਿਡਾਰੀ ਸੀ ਜਿਸ ਨੂੰ ਇਹ ਮਾਣ ਮਿਲਿਆ ਸੀ। ਤਿੰਨ ਸਾਲ ਉਹ ਭਾਰਤੀ ਫੁੱਟਬਾਲ ਟੀਮਾਂ ਦਾ ਕਪਤਾਨ ਰਿਹਾ ਸੀ। 1960 ਵਿਚ ਉਹ

(ਬਾਕੀ ਅਗਲੇ ਸਫੇ 'ਤੇ)

# ਪੰਜਾਬ ਸੰਕਟ ਲਈ ਜ਼ਿੰਮੇਵਾਰ 'ਤਨਖਾਹੀਆਂ' ਦੀ ਸ਼ਨਾਖਤ ਕਰਦਾ ਨਾਵਲ

ਅੱਸੀਵਿਆਂ ਦੇ ਪੰਜਾਬ ਸੰਕਟ ਵੱਲੋਂ ਸਾਡੇ ਜਨ ਜੀਵਨ 'ਤੇ ਪਾਏ ਪ੍ਰਭਾਵ ਐਨੇ ਚਿਰ ਸਥਾਈ ਤੇ ਦੀਰਘਕਾਲੀ ਹਨ ਕਿ ਉਨ੍ਹਾਂ ਬਾਰੇ ਸ਼ੁਰੂ ਹੋਏ ਬਹੁ-ਪਰਤੀ ਸੰਵਾਦ ਨੇ ਚਾਰ ਦਹਾਕੇ ਬੀਤ ਜਾਣ 'ਤੇ ਵੀ ਆਪਣੀ ਸਾਰਥਿਕਤਾ ਬਣਾਈ ਹੋਈ ਹੈ। ਪੰਜਾਬ ਦੁਖਾਂਤ ਵਾਪਰਨ ਦੇ ਸਮਾਜਿਕ, ਸਭਿਆਚਾਰਕ, ਆਰਥਿਕ ਤੇ ਰਾਜਨੀਤਕ ਪਿਛੋਕੜੀ ਕਾਰਨ ਕਿਹੜੇ ਹਨ? ਇਸ ਲਈ ਕਿਹੜੀਆਂ ਧਿਰਾਂ ਜ਼ਿੰਮੇਵਾਰ ਹਨ? ਕੀ ਪੰਜਾਬੀਆਂ ਦੇ ਮਨ ਮਸਤਕ 'ਤੇ ਅੱਜ ਤੱਕ ਛਾਏ ਹੋਏ ਇਸ ਦੁਖਾਂਤ ਨੂੰ ਟਾਲਿਆ ਜਾ ਸਕਦਾ ਸੀ? ਪੰਜਾਬ ਨੂੰ ਫਿਰ ਤੋਂ ਅਜਿਹੀ ਹੋਣੀ ਤੋਂ ਬਚਾਉਣ ਲਈ ਕੀ ਕੀਤਾ ਜਾਣਾ ਲੋੜੀਦਾ ਹੈ? ਆਦਿ ਸੁਆਲਾਂ ਦਾ ਜਵਾਬ ਤਲਾਸ਼ ਕਰਨ ਲਈ ਰਚੇ ਸਾਹਿਤ ਦੀ ਸੁਰ ਭਾਵੇਂ ਵਧੇਰੇ ਕਰਕੇ ਕਿਸੇ ਇੱਕ ਧਿਰ ਦਾ ਸਮਰਥਨ ਕਰਨ ਵਾਲੇ ਭਾਵੁਕ ਪ੍ਰਵਚਨ ਹੀ ਸਿਰਜਦੀ ਰਹੀ ਹੈ, ਪਰ ਸਮਾਂ



**ਨਿਰੰਜਣ ਬੋਹਾ, ਮਾਨਸਾ**
**ਫੋਨ: 91-89682-82700**

ਬੀਤਣ 'ਤੇ ਭਾਵੁਕਤਾ ਮੁਕਤ ਵਿਸ਼ਲੇਸ਼ਣੀ ਪਹੁੰਚ ਵਾਲੀਆਂ ਬਹੁਤ ਸਾਰੀਆਂ ਲਿਖਤਾਂ ਵੀ ਲਿਖੀਆਂ ਗਈਆਂ ਹਨ।

ਪੰਜਾਬੀ ਪੱਤਰਕਾਰੀ ਤੇ ਗਲਪਕਾਰੀ ਖੇਤਰ ਵਿਚ ਵੱਖਰੀ ਪਛਾਣ ਰੱਖਣ ਵਾਲੇ ਵਰਿੰਦਰ ਸਿੰਘ ਵਾਲੀਆ ਦੇ ਇਸ ਵਿਸ਼ੇ ਨਾਲ ਸਬੰਧਤ ਨਾਵਲ 'ਤਨਖਾਹੀਏ' ਨੂੰ ਵੱਡਾ ਪਾਠਕੀ ਹੁੰਗਾਰਾ ਮਿਲਣ ਦਾ ਕਾਰਨ ਇਹੀ ਹੈ ਕਿ ਉਸ ਵੱਲੋਂ ਪੰਜਾਬ ਸੰਕਟ ਦਾ ਕੀਤਾ ਵਿਸ਼ਲੇਸ਼ਣ ਤੇ ਵਿਵੇਚਨ ਪੂਰੀ ਤਰ੍ਹਾਂ ਨਿਰਪੱਖ ਤੇ ਬੇਬਾਕ ਹੈ। ਇਸ ਸੰਕਟ ਨੂੰ ਡੂੰਘਾ ਕਰਨ ਜਾਂ ਇਸ ਦਾ ਹੱਲ ਤਲਾਸ਼ਣ ਲਈ ਕਿਸੇ ਵੀ ਧਿਰ ਵੱਲੋਂ ਅਚੇਤ ਜਾਂ ਸੁਚੇਤ ਰੂਪ ਵਿਚ ਵਿਖਾਈ ਕ੍ਰਿਆਸ਼ੀਲਤਾ ਨੂੰ ਨਾਵਲਕਾਰ ਨੇ ਬਹੁਤ ਸਜੀਵਤਾ ਨਾਲ ਰੂਪਮਾਨ ਕੀਤਾ ਹੈ।

ਇਹ ਨਾਵਲ ਪੰਜਾਬ ਦੁਖਾਂਤ ਦੇ ਪੈਦਾ ਹੋਣ ਦੇ ਮੁਢਲੇ ਕਾਰਨ ਭਾਰਤ ਦੀ ਕੇਂਦਰੀ ਹਕੂਮਤ ਵੱਲੋਂ ਘੱਟ ਗਿਣਤੀ ਸਿੱਖਾਂ ਨਾਲ ਕੀਤੇ ਜਾਣ ਵਾਲੀ ਵਿਤਕਰੇਬਾਜ਼ੀ ਵਿਚੋਂ ਤਲਾਸ਼ਦਾ ਹੈ। ਸੰਨ ਸੰਤਾਲੀ ਤੋਂ ਬਾਅਦ ਸਿੱਖ ਕੌਮ ਦੀ ਗੌਰਵਤਾ ਨੂੰ ਨਜ਼ਰਅੰਦਾਜ਼ ਕਰਨ ਤੋਂ ਪੈਦਾ ਹੋਇਆ ਇਹ ਰੋਸ ਪੜਾਅ ਦਰ ਪੜਾਅ ਗੰਭੀਰ ਰੂਪ ਧਾਰਨ ਕਰਦਾ ਗਿਆ ਤੇ ਅੰਤ ਅੱਸੀਵਿਆਂ ਵਿਚ ਵਿਸਫੋਟਕ ਰੂਪ ਵਿਚ ਪ੍ਰਗਟ ਹੋਇਆ। ਨਾਵਲ ਦੀ ਕਹਾਣੀ ਦੀ ਸ਼ੁਰੂਆਤ ਸੰਨ 1971 ਦੇ ਭਾਰਤ-ਪਾਕਿਸਤਾਨ ਜੰਗ ਤੋਂ ਸ਼ੁਰੂ ਹੁੰਦੀ ਹੈ। ਇਸ ਜੰਗ ਨੂੰ ਜੇਤੂ ਮੁਕਾਮ ਤੱਕ ਪਹੁੰਚਾਉਣ ਲਈ ਸਿੱਖ ਸੈਨਿਕਾਂ ਤੇ ਅਫਸਰਾਂ ਨੇ ਅਹਿਮ ਭੂਮਿਕਾ ਨਿਭਾਈ, ਪਰ ਫੌਜ ਵਿਚਲੇ ਅੰਤਰ ਵਿਰੋਧਾਂ ਕਾਰਨ ਇਸ ਜੇਤੂ ਜੰਗ ਦੇ ਅਸਲ ਨਾਇਕ ਬ੍ਰਿਗੇਡੀਅਰ ਸ਼ਬੇਗ ਸਿੰਘ ਦੀ ਜੰਗੀ ਮੁਹਾਰਤ ਤੇ ਕੁਰਬਾਨੀ ਨੂੰ ਨਜ਼ਰ ਅੰਦਾਜ਼ ਕਰਕੇ ਫੌਜ ਵਿਚੋਂ ਅਪਮਾਨਿਤ ਢੰਗ ਨਾਲ ਬਰਖਾਸਤ ਕਰ ਦਿੱਤਾ ਗਿਆ। ਬਹੁ-ਗਿਣਤੀ ਦੀ ਪ੍ਰਤੀਨਿਧਤਾ ਕਰਦੀ ਕੇਂਦਰੀ ਹਕੂਮਤ ਖਿਲਾਫ ਪੈਦਾ ਹੋਈ ਉਸ ਅੰਦਰਲੀ ਰੋਸ ਦੀ ਭਾਵਨਾ ਅੰਤ ਬਦਲਾਖੋਰੀ ਦੀ ਭਾਵਨਾ ਵਿਚ ਤਬਦੀਲ ਹੋ ਗਈ ਤੇ ਫਿਰ ਇਹ ਅਕਾਲ ਤਖਤ ਸਾਹਿਬ ਤੇ ਦਰਬਾਰ ਸਾਹਿਬ ਦੀ ਫੌਜੀ ਦ੍ਰਿਸ਼ਟੀ ਤੋਂ ਕੀਤੀ ਕਿੱਲੇਬੰਦੀ ਦੇ ਰੂਪ ਵਿਚ ਸਾਹਮਣੇ ਆਈ। ਨਾਵਲ ਅਨੁਸਾਰ ਵਿਤਕਰੇਬਾਜ਼ੀ ਤੋਂ ਉਪਜੀ ਸਿੱਖ ਜਗਤ ਦੀ ਬਗਾਵਤੀ ਕ੍ਰਿਆਸ਼ੀਲਤਾ ਅਤੇ ਇਸ ਨੂੰ ਦਬਾਉਣ ਦੀ ਪ੍ਰਤੀਕ੍ਰਿਆਵਾਦੀ ਸੋਚ ਹੀ ਸੰਨ ਸੰਤਾਲੀ ਤੋਂ ਬਾਅਦ ਦੇਸ਼ ਵਿਚ ਹੋਣ ਵਾਲੇ ਦੂਸਰੇ ਵੱਡੇ ਮਨੁੱਖੀ ਕਤਲੇਆਮ ਦਾ ਕਾਰਨ ਬਣੀ ਹੈ।

ਬੰਗਲਾ ਦੇਸ਼ ਨੂੰ ਪਾਕਿਸਤਾਨ ਨਾਲੋਂ ਅਲਗ ਕਰਨ ਲਈ ਬੰਗਾਲੀ ਨੌਜਵਾਨਾਂ ਨੂੰ ਫੌਜੀ ਗੁਰੀਲਾ ਯੁਧ ਦੀ ਸਿਖਲਾਈ ਦੇਣ ਵਾਲੇ ਫੌਜੀ ਜਰਨੈਲ ਦੀ ਮਾਨਸਿਕਤਾ ਜੇ ਭਾਰਤ ਸਰਕਾਰ ਵਿਰੁੱਧ ਗੁਰੀਲਾ ਯੁੱਧ ਲੜਨ ਵਾਲੇ ਸਿੱਖ ਖਾੜਕੂਆਂ ਨੂੰ ਵੀ ਅਜਿਹੀ ਸਿਖਲਾਈ ਦੇਣ ਵਾਲੀ ਬਦਲਾ ਲਊ ਪ੍ਰਵਿਰਤੀ ਧਾਰਨ ਕਰਦੀ ਹੈ ਤਾਂ ਇਹ ਕਿਸੇ ਵੀ ਹਕੂਮਤ ਲਈ ਸਬਕ ਹੈ ਕਿ ਦੇਸ਼ ਲਈ ਲੜਨ ਵਾਲੇ ਹਰ ਸੈਨਿਕ ਨੂੰ ਉਸ ਦੀ ਕਾਰਗੁਜਾਰੀ ਤੇ ਕੁਰਬਾਨੀ ਅਨੁਸਾਰ ਢੁਕਵਾਂ ਸਨਮਾਨ ਦਿੱਤਾ ਜਾਵੇ। ਨਾਵਲ ਇਸ ਇਤਿਹਾਸਕ ਸੱਚ ਦੀ ਵੀ ਸ਼ਿੱਦਤ ਨਾਲ ਬਿਆਨੀ ਕਰਦਾ ਹੈ ਕਿ ਜੇ ਤਰੱਕੀ ਸਮੇਂ ਮੈਰਿਟ ਨੂੰ ਨਜ਼ਰ ਅੰਦਾਜ਼ ਕਰਕੇ ਜਨਰਲ ਕੌਲ ਵਰਗੇ ਕਿਸੇ ਸਿਫਾਰਸ਼ੀ ਨੂੰ ਫੌਜ ਦੀ ਕਮਾਨ ਸੌਂਪੀ ਗਈ ਸੀ ਤਾਂ ਭਾਰਤ ਨੂੰ 1962 ਦੀ ਲੜਾਈ ਵੇਲੇ ਚੀਨ ਕੋਲੋਂ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। 1971 ਦੀ ਜੰਗ ਵੇਲੇ ਬ੍ਰਿਗੇਡੀਅਰ ਸ਼ਬੇਗ ਸਿੰਘ ਨੂੰ ਉਸ ਦੀ ਬਹਾਦੁਰੀ ਅਤੇ ਵਫਾਦਾਰੀ ਲਈ ਅਹਿਮੀਅਤ ਦੇਣ ਦੀ ਥਾਂ ਉਸ ਨੂੰ ਅਪਮਾਨਿਤ ਕੀਤਾ ਗਿਆ ਤਾਂ ਸਾਰੇ ਦੇਸ਼ ਨੂੰ ਇਸ ਦੀ ਕੀਮਤ ਚੁਕਾਉਣੀ ਪਈ।

ਨਾਵਲ ਪੰਜਾਬ ਦੀਆਂ ਦੋਹੇ ਮੁੱਖ ਸਿਆਸੀ ਪਾਰਟੀਆਂ-ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਸਮੱਸਿਆ ਨੂੰ ਉਲਝਾਉਣ ਦਾ ਦੋਸ਼ੀ ਮੰਨਦਿਆਂ ਲੋਕ ਕਟਹਿਰੇ ਵਿਚ ਖੜ੍ਹਾ ਕਰਦਾ ਹੈ। ਨਾਵਲ ਅਨੁਸਾਰ ਐਮਰਜੈਂਸੀ ਤੋਂ ਬਾਅਦ ਹੋਈਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਕਰਾਰੀ ਹਾਰ ਮਿਲੀ ਤੇ ਦੇਸ਼ 'ਤੇ ਲੰਮੇ ਸਮੇ ਤੋਂ ਰਾਜ ਕਰਦੀ ਆ ਰਹੀ ਇਹ ਪਾਰਟੀ ਇਕ ਦਮ ਸੱਤਾ ਦੇ ਹਾਸ਼ੀਏ 'ਤੇ ਪਹੁੰਚ ਗਈ। ਕਾਂਗਰਸ ਸੁਪਰੀਮੋ ਇੰਦਰਾ ਗਾਂਧੀ ਦੇ ਅਹਿਸਾਨਾਂ ਹੇਠ ਦੱਬੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੇ ਉਸ ਨੂੰ ਮੁੜ ਸੱਤਾ ਵਿਚ ਲਿਆਉਣ ਲਈ ਅਜਿਹੀਆਂ ਇਤਿਹਾਸਕ ਗਲਤੀਆਂ ਕੀਤੀਆਂ, ਜਿਸ ਦਾ ਉਸ ਨੂੰ ਮਰਦੇ ਦਮ ਤੱਕ ਪਛਤਾਵਾ ਰਿਹਾ। ਉਸ ਵੱਲੋਂ ਅਕਾਲੀ ਦਲ ਦੇ ਸਥਾਈ ਸਿੱਖ ਵੋਟ ਬੈਂਕ ਵਿਚ ਪਾੜ ਲਾਉਣ ਲਈ ਦਲ ਖਾਲਸਾ ਦੇ ਰੂਪ ਵਿਚ ਗਰਮ ਖਿਆਲੀ ਸਿੱਖਾਂ ਦੀ ਨਵੀਂ ਜੱਥੇਬੰਦੀ ਵੀ






ਕਾਇਮ ਕੀਤੀ ਗਈ ਤੇ ਗਰਮ ਖਿਆਲੀ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਨੂੰ ਸਿੱਖਾਂ ਦੇ ਨਵੇਂ ਆਗੂ ਦੇ ਰੂਪ ਵਿਚ ਵੀ ਉਭਾਰਿਆ ਵੀ ਗਿਆ। ਪੰਜਾਬ ਵਿਚ ਆਪਣੇ ਨੇੜਲੇ ਰਾਜਸੀ ਸ਼ਰੀਕ ਦਰਬਾਰਾ ਸਿੰਘ ਨੂੰ ਉਸ ਦੇ ਮੁੱਖ ਮੰਤਰੀ ਕਾਰਜ ਕਾਲ ਦੌਰਾਨ ਪ੍ਰੇਸ਼ਾਨ ਕਰਨਾ ਵੀ ਉਸ ਦਾ ਲੁਕਵਾਂ ਮੰਤਵ ਰਿਹਾ। ਸਿੱਖ ਨਿਰੰਕਾਰੀ ਕਾਂਡ ਤੋਂ ਬਾਅਦ ਸੰਤ ਭਿੰਡਰਾਂ ਵਾਲੇ ਇਕ ਸ਼ਕਤੀਸ਼ਾਲੀ ਧਾਰਮਿਕ ਆਗੂ ਦੇ ਰੂਪ ਵਿਚ ਸਾਹਮਣੇ ਆਏ ਅਤੇ ਉਨ੍ਹਾਂ ਦੀਆਂ ਧਾਰਮਿਕ ਸਰਗਰਮੀਆਂ ਕਾਂਗਰਸ ਦੀ ਕੇਂਦਰੀ ਸਰਕਾਰ ਦੇ ਮਨਸੂਬਿਆਂ 'ਤੇ ਭਾਰੂ ਪੈਣ ਲੱਗੀਆਂ ਤਾਂ ਸੰਤਾਂ ਦੀ ਚੜ੍ਹਤ ਸਰਕਾਰ ਲਈ ਵੀ ਇਕ ਸਮੱਸਿਆ ਬਣ ਗਈ। ਨਾਵਲ ਦੇ ਵਿਸ਼ਲੇਸ਼ਣੀ ਬੋਧ ਅਨੁਸਾਰ ਸਿੱਖ ਹਿਰਦਿਆਂ ਨੂੰ ਧੁਰ ਅੰਦਰ ਤੱਕ ਵਲੂੰਧਰਣ ਵਾਲਾ ਅਪਰੇਸ਼ਨ ਬਲਿਊ ਸਟਾਰ ਸੰਤਾਂ ਦੀ ਚੜ੍ਹਤ ਨੂੰ ਰੋਕਣ ਦੇ ਨਤੀਜੇ ਵਜੋਂ ਹੀ ਹੋਂਦ ਵਿਚ ਆਇਆ ਸੀ।

ਦੂਸਰੇ ਪਾਸੇ ਸੰਤਾਂ ਦੀ ਸਿੱਖ ਜਗਤ 'ਤੇ ਬਣ ਰਹੀ ਪਕੜ ਅਕਾਲੀ ਦਲ ਨੂੰ ਵੀ ਆਪਣੀ ਹੋਂਦ ਲਈ ਵੱਡਾ ਖਤਰਾ ਲੱਗੀ ਤਾਂ ਇਸ ਨੂੰ ਘੱਟ ਕਰਨ ਲਈ ਧਰਮ ਯੁਧ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਮਰਜੀਵੜਿਆਂ ਦੀ ਇੱਕ ਲੱਖ ਫੌਜ ਤਿਆਰ ਕਰਨ ਦਾ ਐਲਾਨ ਕਰ ਦਿੱਤਾ। ਦੋਹਾਂ ਸੰਤਾਂ ਦੇ ਸਬੰਧਾਂ ਵਿਚਲੀ ਸਿਰੇ ਦੀ ਕੜਵਾਹਟ ਨੇ ਭਰਾ ਮਾਰੂ ਜੰਗ ਦੀ ਸ਼ੁਰੂਆਤ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ। ਅਕਾਲੀ ਲੀਡਰਸ਼ਿਪ ਤੇ ਗਰਮ ਖਿਆਲੀ ਖਾੜਕੂ ਧਿਰਾਂ ਵਿਚਕਾਰ ਚਲਦੇ ਤਣਾਉ ਤੇ ਟਕਰਾਓ ਨੇ ਦੇਸ਼ ਦੀ ਤਾਨਾਸ਼ਾਹ ਪ੍ਰਧਾਨ ਮੰਤਰੀ ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਬਹਾਨਾ ਵੀ ਦਿੱਤਾ ਤੇ ਇਸ ਲਈ ਉਕਸਾਉਣ ਦਾ ਕਾਰਜ ਵੀ ਕੀਤਾ। ਅਕਾਲੀ ਦਲ ਦੇ ਭਾਵੇਂ ਕਾਂਗਰਸ ਪਾਰਟੀ ਨਾਲ ਸਬੰਧ ਕਦੇ ਵੀ ਸੁਖਾਂਵੇ ਨਹੀਂ ਰਹੇ, ਪਰ ਸੰਤ ਜਰਨੈਲ ਸਿੰਘ ਦੀ ਚੜ੍ਹਤ ਨੂੰ ਰੋਕਣ ਲਈ ਦੋਵੇਂ ਪਾਰਟੀਆਂ ਅੰਦਰਖਾਤੇ ਇੱਕ ਹੋ ਗਈਆਂ। ਗੁਪਤ ਮੀਟਿੰਗਾਂ ਵੀ ਕਰਦੀਆਂ ਰਹੀਆਂ। ਇਹ ਨਾਵਲ ਅਪਰੇਸ਼ਨ ਬਲਿਊ ਸਟਾਰ ਬਾਰੇ ਜਾਰੀ ਹੋਏ ਸਰਕਾਰੀ ਵਾਈਟ ਪੇਪਰ ਦੇ ਹਵਾਲੇ ਨਾਲ ਅਕਾਲੀ ਲੀਡਰਸ਼ਿਪ ਤੇ ਕੇਂਦਰ ਸਰਕਾਰ ਵਿਚਕਾਰ ਹੋਈਆਂ ਕੁਝ ਮੀਟਿਗਾਂ ਬਾਰੇ ਜਾਣਕਾਰੀ ਵੀ ਦਿੰਦਾ ਹੈ।

ਨਾਵਲ ਮੀਡੀਆ ਦੇ ਕੁਝ ਹਿੱਸੇ ਵੱਲੋਂ ਆਪਣੇ ਨਿਜੀ ਮੁਫਾਦ ਲਈ ਪੰਜਾਬ ਸੱਮਸਿਆ ਤੋਂ ਲਾਹਾ ਲੈਣ ਦੀਆਂ ਬਦਨੀਤੀਆਂ ਬਾਰੇ ਵੀ ਭਰਵੀਂ ਚਰਚਾ ਕਰਦਾ ਹੈ। ਚਾਹੇ ਕੁਝ ਪੱਤਰਕਾਰ ਇਕ ਜਾਂ ਦੂਜੀ ਧਿਰ ਦੇ ਚਹੇਤੇ ਬਣਨ ਦੀ ਦੌੜ ਇਕਪਾਸੜ ਪੱਤਰਕਾਰੀ ਕਰਦਿਆਂ ਮੌਤ ਦੇ ਮੂੰਹ ਵਿਚ ਵੀ ਜਾ ਪਏ ਤੇ ਕੁਝ ਸੱਚੀ ਸੁੱਚੀ ਪੱਤਰਕਾਰੀ ਕਰਨ ਦਾ ਦਾ ਫਰਜ਼ ਨਿਭਾਉਂਦਿਆਂ ਸ਼ਹੀਦ ਵੀ ਹੋਏ, ਪਰ ਜਸਪਾਲ ਸਿੰਘ ਜੱਸੀ ਤੇ ਉਸ ਦੇ ਪੁੱਤ ਬੀਰੇ ਵਰਗੇ ਪੱਤਰਕਾਰ ਖਾੜਕੂਆਂ ਤੇ ਸਰਕਾਰ ਦੋਹਾਂ ਧਿਰਾਂ ਦੇ ਵਿਸ਼ਵਾਸ ਪਾਤਰ ਬਣ ਕੇ ਆਪਣੀਆਂ ਜੇਬਾਂ ਭਰਦੇ ਰਹੇ। ਸਨਸਨੀਖੇਜ਼ ਪੱਤਰਕਾਰੀ ਰਾਹੀਂ ਆਪਣਾ ਨਾਂ ਬਣਾਉਣ ਅਤੇ ਸਰਕਾਰੀ ਏਜੰਸੀਆਂ ਤੇ ਖਾੜਕੂਆਂ ਤੋਂ ਵੱਖਰੀ ਵੱਖਰੀ ਮਾਇਆ ਬਟੋਰਨ ਵਾਲੇ ਪੱਤਰਕਾਰਾਂ ਨੇ ਉਸ ਸਮੇਂ ਆਪਣੇ ਪੇਸ਼ੇ ਦੇ ਅਸੂਲਾਂ ਨੂੰ ਵੀ ਤਿਆਗ ਦਿੱਤਾ ਤੇ ਜ਼ਮੀਰ ਦੀ ਆਵਾਜ਼ ਨੂੰ ਅਣ-ਸੁਣਿਆਂ ਕਰ ਦਿੱਤਾ।

## ਪੁਸਤਕ ਚਰਚਾ

ਏਰੀਆ ਕਮਾਂਡਰ ਬਾਜ ਸਿੰਘ ਤੇ ਐਸ. ਐਚ. ਓ. ਸੁਰਿੰਦਰ ਸਿੰਘ ਇਸ ਸੰਘਰਸ਼ ਵਿਚ ਸ਼ਾਮਿਲ ਆਪਣੀਆਂ ਆਪਣੀਆਂ ਧਿਰਾਂ ਦੇ ਪ੍ਰਤੀਨਿਧ ਪਾਤਰ ਹਨ, ਇਸ ਲਈ ਨਾਵਲ ਦੇ ਆਖਰੀ ਕਾਂਡ ਵਿਚ ਉਨ੍ਹਾਂ ਦੋਹਾਂ ਵਿਚਕਾਰ ਹੋਇਆ ਸੰਵਾਦ ਸਰਕਾਰ ਤੇ ਖਾੜਕੂ ਧਿਰਾਂ ਵਿਚਾਕਾਰ ਹੋਏ ਸੰਵਾਦ ਦੀ ਹੀ ਤਰਜ਼ਮਾਨੀ ਕਰਦਾ ਹੈ। ਨਾਵਲਕਾਰ ਵੱਲੋਂ ਪੰਜਾਬ ਸਮੱਸਿਆ ਪ੍ਰਤੀ ਅਪਨਾਈ ਵਿਚਾਰਧਾਰਕ ਪਹੁੰਚ ਦਾ ਨਿਚੋੜ ਵੀ ਇਸੇ ਸੰਵਾਦ ਵਿਚ ਹੀ ਛੁਪਿਆ ਵਿਖਾਈ ਦਿੰਦਾ ਹੈ। ਇਸ ਮੌਕੇ ਦੋਵਾਂ ਧਿਰਾਂ ਦੀ ਅੰਤਰ ਆਤਮਾ ਮੰਨਦੀ ਹੈ ਕਿ ਆਮ ਲੋਕ ਸਰਕਾਰੀ ਤੇ ਗੈਰ-ਸਰਕਾਰੀ ਦਹਿਸ਼ਤਗਰਦੀ ਦੇ ਪੁੜਾਂ ਹੇਠ ਬੁਰੀ ਤਰ੍ਹਾਂ ਪਿਸੇ ਹਨ। ਜਦੋਂ ਐਸ. ਐਚ. ਓ. ਸੁਰਿੰਦਰ ਸਿੰਘ ਖਾੜਕੂ ਬਾਜ ਸਿੰਘ ਨੂੰ ਗੋਲੀ ਮਾਰਨ ਤੋਂ ਪਹਿਲਾਂ ਆਪਣੀ ਅੰਤਰ ਆਤਮਾ ਦੀ ਆਵਾਜ਼ ਤੇ ਉਸ ਤੋਂ ਇਹ ਵਾਅਦਾ ਮੰਗਦਾ ਹੈ ਕਿ ਉਹ ਦੁਬਾਰਾ ਜਨਮ ਮਿਲਣ 'ਤੇ ਨਿਰਦੋਸ਼ਾਂ ਦੇ ਖ਼ੂਨ ਨਾਲ ਹੋਲੀ ਨਹੀਂ ਖੇਡੇਗਾ ਤਾਂ ਬਾਜ ਸਿੰਘ ਵੀ ਮੋੜਵੇਂ ਰੂਪ ਵਿਚ ਉਸ ਤੋਂ ਇਹੀ ਮੰਗ ਕਰਦਾ ਹੈ। ਇਸ ਤਰ੍ਹਾਂ ਨਾਵਲ ਕੱਚ ਨੂੰ ਕੱਚ ਤੇ ਸੱਚ ਨੂੰ ਸੱਚ ਕਹਿਣ ਦੀ ਨਿਰਪੱਖ ਵਿਚਾਰਧਾਰਕ ਪਹੁੰਚ ਦੀ ਤਰਜ਼ਮਾਨੀ ਕਰਦਿਆਂ ਆਪਣੀ ਸਮਾਪਤੀ ਵੱਲ ਵਧਦਾ ਹੈ।

ਕਿਸੇ ਨਾਵਲ ਜਾਂ ਕਹਾਣੀ ਵਿਚ ਗਲਪਕਾਰ ਆਪਣੀ ਰਚਨਾ ਦੀ ਉਦੇਸ਼ਾਤਮਿਕ ਪਹੁੰਚ ਨੂੰ ਮਜਬੂਤੀ ਪ੍ਰਦਾਨ ਕਰਨ ਲਈ ਪਾਤਰਾਂ ਦੀ ਮਾਨਸਿਕ ਅਵੱਸਥਾ ਨੂੰ ਉਸ ਪਹੁੰਚ ਅਨੁਸਾਰ ਢਾਲਣ ਸਬੰਧੀ ਬਹੁਤ ਖੁਲ੍ਹ ਲੈ ਸਕਦਾ ਹੈ, ਪਰ ਜਦੋਂ ਉਹ ਇਤਿਹਾਸਕ ਪਾਤਰਾਂ ਦੀ ਮਾਨਸਿਕਤਾ ਨੂੰ ਬਿਆਨ ਕਰ ਰਿਹਾ ਹੋਵੇ ਤਾਂ ਉਹ ਉਨ੍ਹਾਂ ਦੇ ਮੂਲ ਸੁਭਾਅ ਤੇ ਸੋਚ ਵਿਚ ਬਹੁਤੀ ਦਖਲਅੰਦਾਜ਼ੀ ਨਹੀਂ ਕਰ ਸਕਦਾ। ਗਿਆਨੀ ਜੈਲ ਸਿੰਘ ਤੇ ਜਨਰਲ ਸ਼ਬੇਗ ਸਿੰਘ ਵਰਗੇ ਜਗਤ ਪ੍ਰਸਿਧ ਇਤਿਹਾਸਕ ਪਾਤਰਾਂ ਦੀ ਮਾਨਸਿਕਤਾ ਵਿਚ ਸਮੇਂ ਤੇ ਸਥਿਤਿਆਂ ਅਨੁਸਾਰ ਆਉਂਦੇ ਰਹੇ ਉਤਰਾਵਾਂ-ਚੜ੍ਹਾਵਾਂ ਨੂੰ ਸਜੀਵਤਾ ਪ੍ਰਦਾਨ ਕਰਨਾ ਇਸ ਨਾਵਲ ਦਾ ਵਿਸ਼ੇਸ਼ ਹਾਸਿਲ ਹੈ। ਪੱਤਰਕਾਰੀ ਖੇਤਰ ਦੇ ਲੰਮੇ ਅਨੁਭਵ ਨੇ ਪੰਜਾਬ ਸੰਕਟ ਨਾਲ ਸਬੰਧਤ ਤੱਥਾਂ ਤੇ ਅੰਕੜਿਆਂ ਦੀ ਖੋਜ ਅਤੇ ਨਿਰਖ-ਪਰਖ ਕਰਨ ਵਿਚ ਉਸ ਦੀ ਵਿਸ਼ੇਸ਼ ਤੌਰ 'ਤੇ ਮਦਦ ਕੀਤੀ ਹੈ। ਮੈਂ ਇਸ ਨਾਵਲ ਨੂੰ ਪੰਜਾਬ ਸਮੱਸਿਆ ਬਾਰੇ ਸਭ ਤੋਂ ਸੰਤੁਲਿਤ ਵਿਚਾਰਧਾਰਕ ਪਹੁੰਚ ਅਪਨਾਉਣ ਵਾਲੇ ਨਾਵਲਾਂ ਦੀ ਸ਼੍ਰੇਣੀ ਵਿਚ ਰੱਖਦਾ ਹਾਂ।

ਨਾਵਾਲ ਐਵਿਸ ਪਬਲੀਕੇਸ਼ਨਜ਼, ਦਿੱਲੀ ਨੇ ਪ੍ਰਕਾਸ਼ਿਤ ਕੀਤਾ ਹੈ, ਜਿਸ ਦੀ ਕੀਮਤ 395 ਰੁਪਏ ਹੈ ਅਤੇ ਪੰਨੇ 242 ਹਨ।

---

# ਸ਼੍ਰੋਮਣੀ ਬਾਲ ਲੇਖਕ ਬਲਜਿੰਦਰ ਮਾਨ

*(ਪਿਛਲੇ ਸਫੇ ਦੀ ਬਾਕੀ)*

ਵਿਸ਼ਵ ਟੀਮ ਦਾ ਸੈਂਟਰ ਫੂਲ ਬੈਕ ਚੁਣਿਆ ਗਿਆ ਸੀ। ਏਸ਼ੀਆ ਦੀ ਧਰਤੀ ਤੋਂ ਇਹ ਮਾਣ ਭਾਰਤ ਭਰ 'ਚੋਂ ਇਕੱਲੇ ਪੰਜਾਬ ਦੇ ਖਿਡਾਰੀ ਨੂੰ ਹੀ ਮਿਲਿਆ ਸੀ। 1967 ਵਿਚ ਕੁਆਲਾਲੰਪੁਰ ਦੇ ਮਰਦੇਕਾ ਟੂਰਨਾਮੈਂਟ ਸਮੇਂ ਫੀਫਾ ਦੇ ਪ੍ਰਧਾਨ ਸਰ ਸਟੈਨਲੇ ਰਾਊਜ਼ ਨੇ ਏਸ਼ੀਆ ਦੇ ਖੇਡ ਅਧਿਕਾਰੀਆਂ ਨੂੰ ਕਿਹਾ ਸੀ, "ਤੁਹਾਡੇ ਕੋਲ ਜਰਨੈਲ ਸਿੰਘ ਐਸਾ ਖਿਡਾਰੀ ਹੈ ਜਿਹੜਾ ਦੁਨੀਆਂ ਦੀ ਕਿਸੇ ਟੀਮ ਵਿਚ ਵੀ ਚੁਣੇ ਜਾਣ ਦੇ ਯੋਗ ਹੈ।"

ਜਦੋਂ ਉਹ ਅਫ਼ਰੀਕੀ ਦੇਸ਼ਾਂ ਵਿਚ ਖੇਡਿਆ ਤਾਂ ਅਫ਼ਰੀਕਨਾਂ ਨੇ ਉਸ ਨੂੰ 'ਸਿੰਘਾ ਸ਼ੀਬਾ' ਯਾਨੀ ਸਿੰਘ ਸ਼ੇਰ ਕਹਿ ਕੇ ਵਡਿਆਇਆ ਸੀ। ਦਸ ਸਾਲ ਉਹ ਏਸ਼ੀਆ ਦਾ ਸਭ ਤੋਂ ਤਕੜਾ ਖਿਡਾਰੀ ਰਿਹਾ। ਜਿੰਨੇ ਸਾਲ ਉਹ ਕਲਕੱਤੇ ਦੀ ਮੋਹਨ ਬਾਗਾਨ ਕਲੱਬ ਵਿਚ ਖੇਡਿਆ ਉਹਨੂੰ ਪੈਸੇ ਵੀ ਸਭ ਤੋਂ ਵੱਧ ਮਿਲੇ ਤੇ ਪਰਸੰਸਾ ਵੀ ਸਭ ਤੋਂ ਵੱਧ। ਸ਼ਾਇਦ ਹੀ ਕੋਈ ਬੰਗਾਲੀ ਹੋਵੇ ਜਿਹੜਾ ਜਰਨੈਲ ਸਿੰਘ ਦੇ ਨਾਂ ਤੋਂ ਵਾਕਫ਼ ਨਾ ਹੋਵੇ।

ਬਲਜਿੰਦਰ ਮਾਨ ਲਿਖਿਆ: ਜਰਨੈਲ ਸਿੰਘ ਭਾਰਤੀ ਫੁੱਟਬਾਲ ਜਗਤ ਦਾ ਉਹ ਸਿਤਾਰਾ ਹੈ ਜਿਹੜਾ ਫੁੱਟਬਾਲ ਨਾਲ ਮੋਹ ਜਿਤਾਉਂਦਾ ਸਾਈਕਲ 'ਤੇ 60 ਕਿਲੋਮੀਟਰ ਪੈਡਲ ਮਾਰ ਕੇ ਫੁੱਟਬਾਲ ਖਰੀਦਣ ਜਲੰਧਰ ਜਾ ਆਉਂਦਾ ਸੀ। ਪੰਜਾਬ ਨੂੰ ਪਹਿਲੀ ਵਾਰ ਨੈਸ਼ਨਲ ਚੈਂਪੀਅਨਸ਼ਿਪ ਜਿਤਾਉਣ ਦਾ ਸਿਹਰਾ ਜਰਨੈਲ ਸਿੰਘ ਦੇ ਸਿਰ ਬੱਝਦਾ ਹੈ। ਮਾਪਿਆਂ ਨੇ ਉਹਦਾ ਨਾਂ ਜਰਨੈਲ ਸਿੰਘ ਇਸ ਕਰਕੇ ਰੱਖਿਆ ਸੀ ਕਿ ਉਹ ਫੌਜੀ ਜਨਰਲ ਬਣੇ ਪਰ ਉਹ ਫੁੱਟਬਾਲ ਦਾ ਜਰਨੈਲ ਬਣ ਕੇ ਜਿੱਤਾਂ ਦੇ ਝੰਡੇ ਗੱਡਦਾ ਰਿਹਾ। ਉਹ ਦੋ ਵਾਰ ਏਸ਼ੀਅਨ ਆਲ ਸਟਾਰਜ਼ ਟੀਮ ਦਾ ਜਰਨੈਲ ਤੇ ਤਿੰਨ ਵਾਰ ਭਾਰਤ ਦੀਆਂ ਫੁੱਟਬਾਲ ਟੀਮਾਂ ਦਾ ਜਰਨੈਲ ਬਣਿਆ। ਉਹਦਾ ਜਨਮ 20 ਫਰਵਰੀ 1936 ਨੂੰ ਲਾਇਲਪੁਰ ਦੇ ਚੱਕ ਨੰਬਰ 272 ਵਿਚ ਹੋਇਆ ਸੀ। ਦੇਸ਼ ਵੰਡ ਪਿੱਛੋਂ ਉਹਨਾਂ ਦਾ ਪਰਿਵਾਰ ਪਿੰਡ ਪਨਾਮ ਆ ਵਸਿਆ। ਉਹ ਪੰਜਾਬ ਦਾ ਪਹਿਲਾਂ ਫੁੱਟਬਾਲਰ ਹੈ ਜਿਸ ਨੂੰ ਅਰਜਨਾ ਅਵਾਰਡ ਮਿਲਿਆ। 1962 ਵਿਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਸਮੇਂ ਥਾਈਲੈਂਡ ਖਿਲਾਫ਼ ਖੇਡਦਿਆਂ ਉਹਦੇ ਸਿਰ 'ਚ ਸੱਟ ਲੱਗ ਗਈ ਸੀ ਜਿਥੇ ਅੱਠ ਟਾਂਕੇ ਲੱਗੇ। ਡਾਕਟਰ ਵੱਲੋਂ ਰੋਕਣ ਦੇ ਬਾਵਜੂਦ ਉਹ ਸੈਮੀ ਫਾਈਨਲ ਮੈਚ ਖੇਡਿਆ। ਉਸ ਦੇ ਜੇਤੂ ਗੋਲ ਨਾਲ ਭਾਰਤੀ ਟੀਮ ਫਾਈਨਲ ਵਿਚ ਪੁੱਜ ਗਈ। ਫਾਈਨਲ ਮੈਚ 'ਚ ਸਾਊਥ ਕੋਰੀਆ ਸਿਰ ਸੱਟ ਵਾਲੇ ਸਿਰ ਨਾਲ ਹੀ ਗੋਲ ਕਰ ਕੇ ਉਸ ਨੇ ਭਾਰਤ ਨੂੰ ਏਸ਼ੀਆ ਦਾ ਫੁੱਟਬਾਲ ਚੈਂਪੀਅਨ ਬਣਾ ਦਿੱਤਾ।

ਬਲਜਿੰਦਰ ਮਾਨ ਨੇ ਇਸ ਪੁਸਤਕ ਵਿਚ ਜਰਨੈਲ ਸਿੰਘ ਦੀ ਬਾਤ ਨਾਲ ਅਨੇਕਾਂ ਮਾਹਿਲਪੁਰੀਆਂ ਦੀਆਂ ਬਾਤਾਂ ਪਾਈਆਂ ਹਨ। ਉਸ ਨੇ ਲਿਖਿਆ: ਜਿਵੇਂ ਸੰਸਾਰਪੁਰ ਨੂੰ ਹਾਕੀ ਦਾ ਘਰ ਕਿਹਾ ਜਾਂਦਾ ਹੈ ਉਸੇ ਤਰ੍ਹਾਂ ਮਾਹਿਲਪੁਰ ਨੂੰ ਫੁੱਟਬਾਲ ਦੀ ਨਰਸਰੀ ਆਖਿਆ ਜਾਂਦਾ ਹੈ। ਇਹ ਮਾਣ ਪ੍ਰਾਪਤ ਕਰਨ ਲਈ ਇਥੋਂ ਦੇ ਬਜ਼ੁਰਗਾਂ ਅਤੇ ਵੱਡੇ ਵਡੇਰਿਆਂ ਨੇ ਆਪਣੀ ਮਿਹਨਤ ਤੇ ਲਗਨ ਨਾਲ ਇਥੇ ਫੁੱਟਬਾਲ ਦਾ ਬੂਟਾ ਲਾਇਆ। ਫਿਰ ਇਹਦੀ ਪਾਲਣਾ ਪੋਸ਼ਣਾ ਕਰਨ ਵਾਲੇ ਕੋਚ ਤੇ ਅਧਿਆਪਕ ਪੈਦਾ ਕੀਤੇ, ਜਿਨ੍ਹਾਂ ਨੇ ਸਕੂਲਾਂ ਅਤੇ ਕਾਲਜਾਂ ਵਿਚ ਫੁੱਟਬਾਲ ਦਾ ਜਾਗ ਲਗਾ ਕੇ ਨਵੀਂ ਪਨੀਰੀ ਤਿਆਰ ਕੀਤੀ। ਉਹਨਾਂ ਦੀ ਬਦੌਲਤ ਇਸ ਇਲਾਕੇ ਨੂੰ ਪੂਰੀ ਦੁਨੀਆ ਵਿਚ ਫੁੱਟਬਾਲ ਦੀ ਨਰਸਰੀ ਵਜੋਂ ਜਾਣਿਆ ਜਾਂਦਾ ਹੈ।

ਇਸ ਇਲਾਕੇ ਨੇ ਜਿਥੇ ਪ੍ਰਿੰ. ਦਰਸ਼ਨ ਸਿੰਘ ਕੋਮਲ ਵਰਗੇ ਸੰਗੀਤਕਾਰ ਪੈਦਾ ਕੀਤੇ ਉਥੇ ਵਿਰਸੇ ਦੇ ਵਾਰਿਸ ਮਨਮੋਹਨ ਵਾਰਿਸ, ਸੰਗਤਾਰ ਅਤੇ ਕਮਲ ਹੀਰ ਨੂੰ ਵੀ ਪਿੰਡ ਹੱਲੂਵਾਲ ਨੇ ਪਾਲ਼ਿਆ ਪਲੋਸਿਆ। ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ ਦੇ ਵਿਦਿਆਰਥੀ ਰਹੇ ਲੇਖਕ ਗੁਲਜ਼ਾਰ ਸਿੰਘ ਸੰਧੂ ਅਤੇ ਅਜਾਇਬ ਕਮਲ ਵਰਗੇ ਸਾਹਿਤ ਜਗਤ ਵਿਚ ਕੌਮਾਂਤਰੀ ਪ੍ਰਸਿੱਧੀ ਖੱਟ ਚੁੱਕੇ ਹਨ। ਫੁੱਟਬਾਲ ਖੇਤਰ ਵਿਚ ਤਾਂ ਇਸ ਇਲਾਕੇ ਦਾ ਕੋਈ ਸਾਨੀ ਹੀ ਨਹੀਂ। ਭਾਰਤ ਦੇ ਮਸ਼ਹੂਰ ਫੁੱਟਬਾਲ ਕਲੱਬਾਂ ਵਿਚ ਇਥੋਂ ਦੇ ਫੁੱਟਬਾਲਰ ਅੱਜ ਵੀ ਧੁੰਮਾਂ ਪਾ ਰਹੇ ਹਨ ਜਿਨ੍ਹਾਂ ਵਿਚੋਂ ਕਈ ਭਾਰਤੀ ਟੀਮ ਵਿਚ ਸ਼ਾਮਿਲ ਹੋ ਕੇ ਵਿਦੇਸ਼ੀ ਧਰਤੀਆਂ ਤੇ ਵੀ ਆਪਣੀ ਕਲਾ ਦਾ ਮੁਜ਼ਾਹਰਾ ਕਰ ਰਹੇ ਹਨ। ਇੰਡੀਅਨ ਸੁਪਰ ਲੀਗ ਸਮੇਤ ਕਈ ਹੋਰ ਕੌਮੀ ਅਤੇ ਕੌਮਾਂਤਰੀ ਮੁਕਾਬਲਿਆਂ ਵਿਚ ਇਥੋਂ ਦੇ ਖਿਡਾਰੀਆਂ ਦੀ ਚਰਚਾ ਹੁੰਦੀ ਰਹਿੰਦੀ ਹੈ। ਬੰਗਲੁਰੂ ਐਫ਼. ਸੀ. ਦਾ ਹਰਮਨਜੋਤ ਸਿੰਘ ਖਾਬੜਾ, ਪੂਨਾ ਐਫ. ਸੀ. ਦਾ ਗੋਲਕੀਪਰ ਅਮਰਿੰਦਰ ਸਿੰਘ, ਮੁੰਬਈ ਸਿਟੀ ਦਾ ਰਿਕਾਰਡਰ ਫੁੱਟਬਾਲਰ ਬਲਵੰਤ ਸਿੰਘ, ਚੇਨਈ ਸਿਟੀ ਦਾ ਗੋਲਕੀਪਰ ਕਰਨਜੀਤ ਸਿੰਘ, ਮੁਹਾਲੀ ਐਫ. ਸੀ. ਦਾ ਅਮਨਪ੍ਰੀਤ, ਗੋਆ ਕਲੱਬ ਸਲਗਾਉਕਰ ਦਾ ਗਗਨਦੀਪ ਬਾਲੀ ਅਤੇ ਐਫ. ਸੀ. ਗੋਆ ਦੇ ਮਨਵੀਰ ਸਿੰਘ ਸਮੇਤ ਕਈ ਹੋਰ ਫੁੱਟਬਾਲਰ ਮਸ਼ਹੂਰ ਕਲੱਬਾਂ ਵਿਚ ਆਪਣੀ ਖੇਡ ਕਲਾ ਦਾ ਲੋਹਾ ਮੰਨਵਾ ਰਹੇ ਹਨ। ਇਥੋਂ ਦਾ ਖੇਡ ਇਤਿਹਾਸ ਸੁਨਹਿਰੀ ਪੰਨਿਆਂ ਨਾਲ ਭਰਿਆ ਪਿਆ ਹੈ। ਖੇਡਾਂ ਦਾ ਸਭ ਤੋਂ ਵੱਡਾ ਅਰਜਨ ਐਵਾਰਡ ਜਿੱਤਣ ਵਾਲੇ ਪੰਜਾਬੀ ਫੁੱਟਬਾਲਰ ਜਰਨੈਲ ਸਿੰਘ ਅਤੇ ਗੁਰਦੇਵ ਸਿੰਘ ਗਿੱਲ ਇਸ ਇਲਾਕੇ ਦੀ ਪੈਦਾਇਸ਼ ਹਨ ਜਦ ਕਿ ਇੰਦਰ ਸਿੰਘ ਤੇ ਗੁਰਪ੍ਰੀਤ ਸੰਧੂ ਵੀ ਲਾਗਲੇ ਸ਼ਹਿਰਾਂ ਨਾਲ ਸਬੰਧਤ ਹਨ।

ਬਲਜਿੰਦਰ ਮਾਨ ਦੀਆਂ ਕੁਝ ਰਚਨਾਵਾਂ ਦਾ ਹਿੰਦੀ, ਅੰਗਰੇਜ਼ੀ, ਉੜੀਆ ਅਤੇ ਸ਼ਾਹਮੁਖੀ ਲਿੱਪੀ ਵਿਚ ਅਨੁਵਾਦ ਹੋ ਚੁੱਕਾ ਹੈ। ਮਾਣੋ ਬਿੱਲੀ ਵਾਲੇ ਕਮਲਜੀਤ ਨੀਲੋਂ ਦੀ ਸੁਰੀਲੀ ਅਵਾਜ਼ ਵਿਚ ਉਸ ਦੇ ਗੀਤ ਰਿਕਾਰਡ ਹੋ ਚੁੱਕੇ ਹਨ। ਸਾਹਿਤਕ ਸਮਾਰੋਹਾਂ ਤੇ ਸਭਿਆਚਾਰਕ ਮੇਲਿਆਂ 'ਚ ਆਉਣ ਜਾਣ ਹੈ। ਰੇਡੀਓ ਤੇ ਟੀਵੀ ਦਾ ਬੁਲਾਰਾ ਹੈ। ਅਜੇ ਉਸ ਦੀ ਕਲਮ ਚੱਲ ਰਹੀ ਹੈ ਤੇ ਲੱਗਦੈ ਅੰਤਲੇ ਸਾਹਾਂ ਤਕ ਚਲਦੀ ਰਹੇਗੀ।

# ਬੈਚ ਫੁੱਲ ਚੈਰੀ ਪਲੱਮ–ਮਾਨਸਿਕ ਬੇਵਸੀ

ਜੇ ਕੋਈ ਪੁੱਛੇ ਬੰਦੇ ਦੇ ਸਰੀਰ ਦਾ ਸਭ ਤੋਂ ਅਹਿਮ ਅੰਗ ਕਿਹੜਾ ਹੈ, ਨਿਸ਼ਚੇ ਹੀ ਜਵਾਬ ਹੋਵੇਗਾ ਦਿਮਾਗ। ਦਿਮਾਗ ਦੀ ਕਾਰਗੁਜ਼ਾਰੀ ਅਤਿਅੰਤ ਤਰਕਸ਼ੀਲ ਹੁੰਦੀ ਹੈ, ਪਰ ਇਸ ਦੇ ਸਭ ਫੈਸਲੇ ਤਰਕਸ਼ੀਲ ਨਹੀਂ ਹੁੰਦੇ। ਇਸ ਦੇ ਬਹੁਤੇ ਫੈਸਲੇ ਅਚੇਤ ਦਿਮਾਗ ਅਧੀਨ ਹੁੰਦੇ ਹਨ, ਜੋ ਦਿਮਾਗ ਦਾ ਹੀ ਵਧਵਾਂ ਭਾਗ ਹੈ। ਅਚੇਤ ਦਿਮਾਗ ਗਹਿਰੀਆਂ ਪੁਰਾਤਨ ਯਾਦਾਂ ਤੇ ਜੱਦੀ-ਪੁਰਖੀ ਅਸਰਾਂ ਦੇ ਪੁਰਾਤੱਤਵ ਵਾਂਗ ਹੁੰਦਾ ਹੈ। ਇਹ ਤਰਕ ਵਿਵੇਕ ਤੋਂ ਇਲਾਵਾ ਵੱਖ ਵੱਖ ਗ੍ਰੰਥੀਆਂ ਤੋਂ ਆਏ ਹਾਰਮੋਨਾਂ ਦੇ ਪ੍ਰਭਾਵ ਅਨੁਸਾਰ ਚਲਦਾ ਹੈ। ਇਸ ਦੇ ਕੰਮ ਕਾਜ ਨੂੰ ਮਨ ਕਿਹਾ ਜਾਂਦਾ ਹੈ। ਇਸੇ ਲਈ ਮਨ ਨੂੰ ਭਾਵੇਂ ਕਿਸੇ ਨੇ ਦੇਖਿਆ ਨਹੀਂ, ਪਰ ਆਮ ਗੱਲਬਾਤ ਵਿਚ ਦਿਮਾਗ ਦੀ ਥਾਂ ਇਹੀ ਸ਼ਬਦ ਬਹੁਤਾ ਵਰਤਿਆ ਜਾਂਦਾ ਹੈ। ਮਨ ਤਰ੍ਹਾਂ ਤਰ੍ਹਾਂ ਦੀ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਜਾਣਕਾਰੀ ਦਾ ਸੰਕਲਨ ਕਰ ਕੇ ਨਿਰਣੇ ਲੈਂਦਾ ਹੈ ਤੇ ਵਿਅਕਤੀ ਦੇ ਵਿਹਾਰ ਨੂੰ ਸੂਤੇ ਸਿੱਧ ਸਹੀ ਦਿਸ਼ਾ ਵਿਚ ਰੱਖਦਾ ਹੈ। ਸਰੀਰ ਸਬੰਧੀ ਸਾਰੇ ਹਾਵ-ਭਾਵ ਤੇ ਹੋਸ਼-ਹਵਾਸ਼ ਇਸ ਦੇ ਅਧੀਨ ਆਉਂਦੇ ਹਨ। ਸਰੀਰ ਦੀ ਅਜਿਹੀ ਕੋਈ ਪ੍ਰਕ੍ਰਿਤੀ ਜਾਂ ਗਤੀਵਿਧੀ ਨਹੀਂ, ਜੋ ਮਨ ਦੇ ਘੇਰੇ ਤੋਂ ਬਾਹਰ ਹੋਵੇ। ਜੇ ਮਨ ਹਿੱਲ ਜਾਵੇ ਜਾਂ ਹਿੱਲਣ ਦਾ ਭੈ ਖਾਵੇ ਜਾਂ ਫਿਰ ਪੂਰਾ ਹੀ ਬੇਕਾਬੂ ਹੋ ਜਾਵੇ ਤਾਂ ਇਹ ਮਨੁੱਖ ਤੇ ਸਮਾਜ ਲਈ ਸਿਹਤਮੰਦ ਕੰਮ ਨਹੀਂ ਕਰ ਸਕਦਾ। ਜੇ ਉਹ ਬੇਲਗਾਮ ਹੋ ਜਾਵੇ ਤਾਂ ਉਹ ਮਨੁੱਖ ਤੋਂ ਅਜਿਹੇ ਕਾਰੇ ਕਰਵਾਏਗਾ, ਜੋ ਉਸ ਨੂੰ ਜੰਜੀਰਾਂ ਵਿਚ ਜਕੜਾ ਦੇਣਗੇ ਜਾਂ ਸਲਾਖਾਂ ਪਿੱਛੇ ਬੰਦ ਕਰਵਾ ਦੇਣਗੇ।

ਜਦੋਂ ਕਿਸੇ 'ਤੇ ਅਜਿਹੀ ਨੌਬਤ ਆ ਜਾਵੇ ਤਾਂ ਚੈਰੀ ਪਲੱਮ (Cherry Plum) ਯਾਦ ਆਉਂਦੀ ਹੈ ਜਾਂ ਯਾਦ ਕਰ ਲੈਣੀ ਚਾਹੀਦੀ ਹੈ। ਕਈ ਪਾਠਕ ਸੋਚਣਗੇ ਕਿ ਸ਼ਾਇਦ ਇਹ ਫੁੱਲ ਦਵਾ ਕੁਝ ਇਕ ਹਿੱਲੇ ਦਿਮਾਗ ਵਾਲੇ ਬੀਮਾਰਾਂ ਲਈ ਹੋਵੇਗੀ, ਜੋ ਹਸਪਤਾਲਾਂ ਵਿਚ ਭਰਤੀ ਕੀਤੇ ਜਾਣ ਦੀ ਕਗਾਰ 'ਤੇ ਹੋਣ; ਪਰ ਇੱਦਾਂ ਨਹੀਂ ਹੈ। ਆਮ ਜ਼ਿੰਦਗੀ ਵਿਚ ਪੈਰ ਪੈਰ 'ਤੇ ਅਜਿਹੀਆਂ ਸਥਿਤੀਆਂ ਆਉਂਦੀਆਂ ਹਨ, ਜਦੋਂ ਮਨੁੱਖੀ ਮਨ ਕੰਟਰੋਲ ਵਿਚ ਨਹੀਂ ਰਹਿੰਦਾ। ਫਿਰ ਉਹ ਆਪ ਮੁਹਾਰਾ ਹੋ ਕੇ ਫੈਸਲੇ ਲੈਂਦਾ ਹੈ ਤੇ ਦਿਮਾਗ 'ਤੇ ਭਾਰ ਪਾਉਂਦਾ ਹੈ। ਮਨ ਤੇ ਦਿਮਾਗ ਵਿਚ ਦਰਾੜ ਪੈਦਾ ਹੋਣ ਨਾਲ ਵਿਅਕਤੀ ਦੇ ਜੀਵਨ ਵਿਚ ਤਣਾਓ ਆ ਜਾਂਦਾ ਹੈ। ਖੂਨ ਤੇ ਦਿਲ ਦੇ ਰੋਗ ਲੱਗ ਜਾਂਦੇ ਹਨ। ਬੇਵਸੀ ਵਿਚ ਲਏ ਫੈਸਲਿਆਂ ਦੇ ਸੇਕ ਨਾਲ ਪਰਿਵਾਰਕ ਤੇ ਸਮਾਜਿਕ ਤਾਣਾ-ਬਾਣਾ ਭ੍ਰਸਟ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਚੈਰੀ ਪਲੱਮ ਇਕ ਢਾਲ ਦਾ ਕੰਮ ਕਰਦੀ ਹੈ। ਨਿਰਸੰਦੇਹ ਇਹ ਬੈਚ ਫੁੱਲ ਚਿਕਿਤਸਾ ਪ੍ਰਣਾਲੀ ਦੀਆਂ ਸਿਰਕੱਢ ਦਵਾਈਆਂ ਵਿਚੋਂ ਇਕ ਹੈ। ਇਸ ਦੀ ਚਾਰ ਚੁਫੇਰੀ ਵਰਤੋਂ ਤੇ ਚੱਕਰਵਰਤੀ ਸਿੱਟਿਆਂ ਕਰਕੇ ਹੀ ਡਾਕਟਰ ਬੈਚ ਨੇ ਇਸ ਨੂੰ ਰੈਸਕਿਊ ਰੈਮਿਡੀ ਦੀਆਂ ਪੰਜ ਦਵਾਈਆਂ ਵਿਚ ਸ਼ਾਮਲ ਕੀਤਾ ਹੈ।

ਇਹ ਦਵਾਈ ਡਰ ਤੇ ਬੁਖਲਾਹਟ ਦੀ ਹਾਲਤ ਵਿਚ ਵਰਤੀ ਜਾਂਦੀ ਹੈ। ਇਹ ਡਰ ਐਸਪਨ ਵਾਂਗ ਕਿਸੇ ਅਣਪਛਾਤੀ ਬਲਾਅ ਦਾ ਨਹੀਂ ਹੁੰਦਾ, ਸਗੋਂ ਅਚਨਚੇਤ ਪਰਗਟ ਹੋਏ ਕਿਸੇ ਅਜਿਹੇ ਸੰਕਟ ਦਾ ਹੁੰਦਾ ਹੈ, ਜਿਸ ਨੂੰ ਵੇਖ ਮਨੁੱਖ ਬੇਵਸੀ ਦੀ ਹਾਲਤ ਵਿਚ ਚਲਾ ਜਾਂਦਾ ਹੈ। ਉਸ ਨੂੰ ਭੈ ਹੋ ਜਾਂਦਾ ਹੈ ਕਿ ਉਹ ਇਸ ਨਾਲ ਕਿਵੇਂ ਨਿਬੜੇਗਾ! ਇਹ ਭੈ ਨੌਕਰੀ ਜਾਣ ਤੋਂ ਬਾਅਦ ਗੁਜ਼ਾਰੇ ਦੀ ਮੁਸ਼ਕਿਲ ਦਾ ਜਾਂ ਬੀਮਾਰ ਪਤਨੀ ਦੇ ਮਰਨ ਤੋਂ ਬਾਅਦ ਘਰ ਸੰਭਾਲਣ ਜਿਹਾ ਹੋ ਸਕਦਾ ਹੈ। ਇਹ ਉਹ ਡਰ ਹੈ, ਜਿਸ ਕਾਰਨ ਪ੍ਰੀਖਿਆ ਵਿਚ ਵਾਰ ਵਾਰ ਫੇਲ੍ਹ ਹੋਣ ਵਾਲੇ ਵਿਦਿਆਰਥੀ ਦੂਜਿਆਂ ਨੂੰ ਮੂੰਹ ਨਹੀਂ ਦਿਖਾਉਂਦੇ। ਜੀਵਨ ਵਿਚ ਹਜਾਰਾਂ ਹੋਰ ਅਜਿਹੀਆਂ ਪ੍ਰਸਥਿਤੀਆਂ ਆਉਂਦੀਆਂ ਹਨ, ਜਿਨ੍ਹਾਂ ਵਿਚ ਇਹ ਡਰ ਕੰਧ ਵਾਂਗ ਅੱਗੇ ਖੜ੍ਹੋ ਜਾਂਦਾ ਹੈ। ਡਰ ਦੀ ਇਸ ਪੀੜਾ ਕਾਰਨ ਵਿਅਕਤੀ ਗੰਭੀਰ ਰੂਪ ਨਾਲ ਬੀਮਾਰ ਹੋ ਜਾਂਦਾ ਹੈ ਤੇ ਆਤਮ ਹੱਤਿਆ ਤੀਕ ਪਹੁੰਚ ਜਾਂਦਾ ਹੈ। ਚੈਰੀ ਪਲੱਮ ਉਨ੍ਹਾਂ ਦੀ ਵਿਵਸਤਤਾ ਨੂੰ ਦੂਰ ਹੀ ਨਹੀਂ ਕਰਦੀ, ਸਗੋਂ ਮਾਨਸਿਕ ਸਹਾਰਾ ਦੇ ਕੇ ਉਨ੍ਹਾਂ ਨੂੰ ਇਸ ਸਥਿਤੀ 'ਚੋਂ ਬਾਹਰ ਕੱਢਦੀ ਹੈ। ਇਸ ਹਾਲਤ ਵਿਚੋਂ ਉਪਜੀਆਂ ਸਭ ਤਕਲੀਫਾਂ ਨੂੰ ਇਹ ਦੂਰ ਕਰਦੀ ਹੈ।

ਚੈਰੀ ਪਲੱਮ ਦੇ ਮਰੀਜ਼ਾਂ ਨੂੰ ਹੋਰਾਂ ਤੋਂ ਇਲਾਵਾ ਆਪਣੇ ਆਪ ਤੋਂ ਵੀ ਭੈ ਆਉਣ ਲਗਦਾ ਹੈ। ਉਹ ਸੋਚਦੇ ਹਨ, ਕਿਤੇ ਉਹ ਕੁਝ ਅਣਸੁਖਾਵਾਂ ਨਾ ਕਰ ਬੈਠਣ। ਕਈ ਲੋਕ ਗੁੱਸਾ ਆਉਣ ਨਾਲ ਮਨ 'ਤੇ ਕਾਬੂ ਖੋ ਬੈਠਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਤੋੜ ਭੰਨ ਤੇ ਗਾਲ੍ਹੀ ਗਲੋਚ ਕਰਨਾ ਸਹੀ ਨਹੀਂ ਹੈ ਤੇ ਇਨ੍ਹਾਂ ਦੇ ਨਾਖੁਸ਼ਗਵਾਰ ਨਤੀਜੇ ਨਿਕਲ ਸਕਦੇ ਹਨ, ਪਰ ਉਹ ਦਿਮਾਗ ਦੀ ਇਸ ਸੁਝਾਉਣੀ ਨੂੰ ਅਣਗੌਲੀ ਕਰ ਦਿੰਦੇ ਹਨ ਤੇ ਮਨ ਦੀ ਗੱਲ ਮੰਨਣ ਲਈ ਮਜ਼ਬੂਰ ਹੋ ਜਾਂਦੇ ਹਨ। ਉਹ ਸੋਚਦੇ ਹਨ ਕਿ ਬਾਅਦ ਦੇ ਸਿੱਟਿਆਂ ਨਾਲ ਤਾਂ ਨਿਪਟ ਲੈਣਗੇ, ਪਰ ਜੇ ਤਤਕਾਲੀ ਤੌਰ 'ਤੇ ਗੁੱਸਾ-ਗਾਲ੍ਹੀ ਤੋਂ ਖੁੰਝ ਗਏ ਤਾਂ ਸਦੀਵੀ ਘਾਟਾ ਪੈ ਜਾਵੇਗਾ। ਗੁੱਸੇ ਕਾਰਨ ਘਰ ਵਿਚ ਉਹ ਛੋਟੀ ਛੋਟੀ ਗੱਲ 'ਤੇ ਲੜਦੇ ਰਹਿੰਦੇ ਹਨ ਤੇ ਅੰਤ ਤਲਾਕ ਲੈ ਲੈਂਦੇ ਹਨ। ਉਹ ਮੱਥਾ ਕੁਟਦੇ ਹਨ, ਕੰਧਾਂ ਵਿਚ ਸਿਰ ਮਾਰਦੇ ਹਨ, ਅੱਗ ਲਾ ਦਿੰਦੇ ਹਨ, ਫਾਹਾ ਲੈ ਲੈਂਦੇ ਹਨ ਜਾਂ ਕੋਈ ਹੋਰ ਹਿੰਸਕ ਕਾਰਾ ਵੀ ਕਰ ਦਿੰਦੇ ਹਨ। ਆਪਣੇ ਮਨ ਦੇ ਤੀਬਰ ਵੇਗ ਅੱਗੇ ਬੇਵਸ ਹੋਏ ਉਹ ਰੁਕ ਨਹੀਂ ਸਕਦੇ। ਵੇਲੇ ਸਿਰ ਦਿੱਤੀ ਚੈਰੀ ਪਲੱਮ ਅਜਿਹੇ ਲੋਕਾਂ ਨੂੰ ਸੁਮੱਤ ਬਖਸ਼ਦੀ ਹੈ। ਕਈ ਅਣਸੁਖਾਵੀਆਂ ਪਰਿਵਾਰਕ ਤੇ ਸਮਾਜਿਕ ਵਾਰਦਾਤਾਂ ਨੂੰ ਰੋਕਣ ਵਿਚ ਇਹ ਦਵਾ ਅਤਿਅੰਤ ਸਹਾਈ ਹੋ ਸਕਦੀ ਹੈ।

ਅੱਜ ਕੱਲ੍ਹ ਅਨੇਕਾਂ ਨੌਜਵਾਨ ਪਿਆਰ ਮੁਹੱਬਤ ਤੇ ਵਿਆਹ ਸ਼ਾਦੀ ਦੇ ਮਸਲਿਆਂ ਕਾਰਨ ਆਪਣੀ ਜਾਨ ਦੇ ਦਿੰਦੇ ਹਨ। ਅਕਸਰ ਉਹ ਅਜਿਹੀ ਥਾਂ ਦਿਲ ਲਾ ਬੈਠਦੇ ਹਨ, ਜਿੱਥੇ ਉਨ੍ਹਾਂ ਨੂੰ ਸਮਾਜਿਕ ਪ੍ਰਵਾਨਗੀ ਮਿਲਣ ਦੀ ਕੋਈ ਆਸ ਨਹੀਂ ਹੁੰਦੀ। ਕਿਤੇ ਸਭਿਆਚਾਰ, ਕਿਤੇ ਜਾਤ, ਕਿਤੇ ਔਕਾਤ, ਕਿਤੇ ਕਾਨੂੰਨ, ਕਿਤੇ ਜਨੂੰਨ, ਕਿਤੇ ਖਾਪ ਤੇ ਕਿਤੇ ਮਾਂ-ਬਾਪ ਦੀ ਵਿਰੋਧਤਾ ਉਨ੍ਹਾਂ ਦੇ ਸਬੰਧਾਂ ਵਿਚ ਰੁਕਾਵਟ ਬਣ ਜਾਂਦੀ ਹੈ। ਜੇ ਉਹ ਵਿਦਰੋਹ ਕਰਨ ਤਾਂ ਉਨ੍ਹਾਂ ਦੇ ਮਾਂ-ਪਿਓ ਹੀ ਸਮਾਜਿਕ ਬਦਨਾਮੀ ਦੇ ਡਰੋਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੰਦੇ ਹਨ। ਕਈ ਵਾਰ ਤਾਂ ਉਹ ਉਨ੍ਹਾਂ ਨੂੰ ਸ਼ਾਦੀ ਦੀਆਂ ਰਸਮਾਂ ਤੋਂ ਬਾਅਦ ਵੀ ਨਹੀਂ ਬਖਸ਼ਦੇ। ਜੇ ਅਜਿਹੇ ਜੋੜਿਆਂ ਨੂੰ ਲੱਗੇ ਕਿ ਉਨ੍ਹਾਂ ਦੇ ਖੁਆਬ ਪੂਰੇ ਨਹੀਂ ਹੋਣਗੇ ਤਾਂ ਉਹ ਆਪ ਵੀ ਆਤਮਘਾਤ ਦਾ ਇਕਰਾਰ ਕਰ ਲੈਂਦੇ ਹਨ। ਅਜਿਹੇ ਹਾਲਾਤ ਵਿਚ ਮੁਹੱਬਤੀ ਜੋੜਿਆਂ ਤੇ ਉਨ੍ਹਾਂ ਦੇ ਮਾਪਿਆਂ ਦੇ ਮਨ ਬੇਵੱਸ ਤੇ ਬੇਲਗਾਮ ਹੋਏ ਵੱਖ ਵੱਖ ਦਿਸ਼ਾਵਾਂ ਵਿਚ ਚਲਦੇ ਹਨ। ਚੈਰੀ ਪਲੱਮ ਦੀਆਂ ਕੁਝ ਹੀ ਖੁਰਾਕਾਂ ਦੋਹਾਂ ਧਿਰਾਂ ਦੀ ਸੋਚ ਠਿਕਾਣੇ ਲਿਆ ਸਕਦੀਆਂ ਹਨ ਤੇ ਅਨਮੋਲ ਮਨੁੱਖੀ ਜਾਨਾਂ ਦਾ ਘਾਣ ਹੋਣੋਂ ਬਚਾ ਸਕਦੀਆਂ ਹਨ। ਹੋਮਿਓਪੈਥੀ ਵਿਚ ਅਲ੍ਹੜ ਪਿਆਰ ਦਾ ਭੂਤ ਉਤਾਰਨ ਦੀਆਂ ਕਈ ਹੋਰ ਦਵਾਈਆਂ ਦਾ ਵੀ ਚਿਰੋਕਣਾ ਪਤਾ ਹੈ।

ਡਾਕਟਰ ਜੇ. ਟੀ. ਕੈਂਟ ਨੇ ਆਪਣਾ ਇਕ ਕੇਸ ਲਿਖਦਿਆਂ ਦੱਸਿਆ ਹੈ ਕਿ ਇਕ ਅਲੜ੍ਹ ਉਮਰ ਦੀ ਮੁਟਿਆਰ ਆਪਣੇ ਕੋਚਵਾਨ ਦੀ ਮੁਹੱਬਤ ਵਿਚ ਪਾਗਲ ਹੋਈ ਉਸ ਨਾਲ ਸ਼ਾਦੀ ਕਰਨ ਦੀ ਜਿੱਦ ਫੜ ਬੈਠੀ। ਮਾਂ-ਪਿਓ ਨੇ ਸਮਝਾਇਆ ਤਾਂ ਉਹ ਮਰਨ ਦੀ ਧਮਕੀ ਦੇਣ ਲੱਗੀ। ਨੈਟਰਮ ਮਿਊਰੈਟੀਕਮ (Natrum Muraticum) ਦੀ ਸਿਰਫ ਇਕ ਖੁਰਾਕ ਨੇ ਹੀ ਉਸ ਦੇ ਪਿਆਰ ਦਾ ਨਸ਼ਾ ਉਤਾਰ ਦਿੱਤਾ। ਡਾ. ਕੈਂਟ ਲਿਖਦੇ ਹਨ ਕਿ ਉਹ ਦਵਾ ਲੈਣ ਦੇ ਦੂਜੇ ਹੀ ਦਿਨ ਮੱਥੇ 'ਤੇ ਹੱਥ ਰੱਖ ਕੇ ਕਹਿਣ ਲੱਗੀ, "ਉੱਫ ਮੈਂ ਕਿੰਨੀ ਪਾਗਲ ਸਾਂ।" ਚੈਰੀ ਪਲੱਮ ਵੀ ਇਸੇ ਤਰ੍ਹਾਂ ਦਾ ਅਸਰ ਕਰਦੀ ਹੈ। ਕੀ ਕਿਸੇ ਕੋਲ ਉਹ ਸ਼ਬਦ ਹਨ, ਜਿਨ੍ਹਾਂ ਰਾਹੀਂ ਹੋਮਿਓਪੈਥਿਕ ਤੇ ਬੈਚ ਫੁੱਲ ਦਵਾਈਆਂ ਦੀ ਪ੍ਰਸ਼ੰਸਾ ਕੀਤੀ ਜਾ ਸਕੇ? ਬਹੁਤੇ ਲੋਕ ਤਾਂ ਇਨ੍ਹਾਂ ਰਾਹੀਂ ਹੱਲ ਹੁੰਦੀਆਂ ਸਮੱਸਿਆਵਾਂ ਨੂੰ ਲਾਇਲਾਜ਼ ਹੀ ਸਮਝਦੇ ਹਨ।

ਪਿਆਰ-ਮੁਹੱਬਤ ਤਾਂ ਫਿਰ ਵੀ ਧਨਾਤਮਿਕ (Positive) ਮਸਲੇ ਹਨ, ਪਰ ਉਨ੍ਹਾਂ ਮਨੁੱਖੀ ਭਾਵਨਾਵਾਂ ਦਾ ਕੀ ਬਣੇ, ਜੋ ਸਰਾ-ਸਰ ਰਿਣਾਤਮਿਕ (Negative) ਹੁੰਦੀਆਂ ਹਨ? ਕਈ ਖੂਨ ਦਾ ਇਕ ਤੁਪਕਾ ਦੇਖਦਿਆਂ ਹੀ ਕਿਸੇ ਦਾ ਕਤਲ ਕਰਨ ਬਾਰੇ ਸੋਚਣ ਲੱਗ ਪੈਂਦੇ ਹਨ। ਕਈਆਂ ਦੇ ਮਨ ਵਿਚ ਚਾਕੂ ਦੇਖਦਿਆਂ ਹੀ ਕਿਸੇ ਦਾ ਗਲਾ ਕੱਟਣ ਦਾ ਖਿਆਲ ਘੁੰਮਣ ਲੱਗ ਜਾਂਦਾ ਹੈ। ਕਈ ਟਾਈ ਲੱਗੀ ਜਾਂ ਗਲ ਵਿਚ ਚੁੰਨੀ ਪਈ ਦੇਖ ਕੇ ਹੀ ਗਲਾ ਘੁੱਟਣ ਦੀ ਹਸਰਤ ਕਰਨ ਲਗਦੇ ਹਨ। ਕਈ ਪਰਾਈ ਇਸਤਰੀ ਨੂੰ ਇੱਕਲੀ ਦੇਖ ਉਸ ਦੀ ਇੱਜ਼ਤ 'ਤੇ ਹੱਥ ਪਾਉਣ ਲਈ ਤੱਤਪਰ ਹੋ ਜਾਂਦੇ ਹਨ। ਕਈ ਅੱਖ ਬਚਾ ਕੇ ਸਟੋਰ 'ਚੋਂ ਕੋਈ ਛੋਟੀ ਮੋਟੀ ਚੀਜ਼ ਚੁੱਕ ਲੈਂਦੇ ਹਨ ਤੇ ਕਈ ਫੇਸਬੁੱਕ ਜਾਂ ਇੰਸਟਾਗਰਾਮ ਨਾਲੋਂ ਤੋੜਿਆਂ ਨਹੀਂ ਟੁੱਟਦੇ। ਕਈ ਚਾਹ ਦੇ ਟਾਈਮ ਤੋਂ ਹੀ ਪਹਿਲਾਂ ਕੰਮ ਛੱਡ ਕੇ ਬਹਿ ਜਾਂਦੇ ਹਨ ਤੇ ਕਈ ਸਿਰੜੀ ਰਾਤ ਨੂੰ ਵੀ ਕੰਮੋਂ ਨਹੀਂ ਮੁੜਦੇ। ਕਈ ਵੱਡੇ ਹੋ ਕੇ ਵੀ ਬਿਸਤਰਾ ਗਿੱਲਾ ਕਰਨੋਂ ਨਹੀਂ ਹਟਦੇ ਤੇ ਕਈਆਂ ਦੇ ਮੂੰਹ ਵਿਚ ਮਿਠਾਈ ਦੇਖ ਕੇ ਪਾਣੀ ਭਰ ਆਉਂਦਾ ਹੈ। ਕਈਆਂ ਦਾ ਬਾਥ-ਰੂਮ ਕੋਲ ਪਹੁੰਚਦਿਆਂ ਤੀਕ ਪਿਸ਼ਾਬ ਨਿਕਲ ਜਾਂਦਾ ਹੈ ਤੇ




ਕਈ ਭੁੱਖ ਕਾਰਨ ਵਰਤ ਤੋੜ ਲੈਂਦੇ ਹਨ। ਕਈ ਲੋਭ ਲਾਲਚ ਕਾਰਨ ਜ਼ਮੀਰ ਤਿਆਗ ਦਿੰਦੇ ਹਨ ਅਤੇ ਕਈ ਨੌਂ ਸੌ ਵਾਰ ਹੱਜ ਜਾ ਕੇ ਚੂਹਾ ਖਾਣ ਵਾਲੀ ਬਿੱਲੀ ਵਾਂਗ ਉਮਰ ਭਰ ਦੀ ਇਮਾਨਦਾਰੀ ਤੋਂ ਬਾਅਦ ਬੇਇਮਾਨ ਹੋ ਜਾਂਦੇ ਹਨ। ਇਨ੍ਹਾਂ ਸਭਨਾਂ ਦਾ ਮਨ ਕਿਸੇ ਆਦਤ, ਅਰਮਾਨ ਜਾਂ ਲਾਲਸਾ ਕਾਰਨ ਬੇ-ਵਸੀ ਦਾ ਮਾਰਿਆ ਹੁੰਦਾ ਹੈ। ਇਨ੍ਹਾਂ ਨੂੰ ਚੈਰੀ ਪਲੱਮ ਦੀ ਲੋੜ ਹੁੰਦੀ ਹੈ।

ਇਹ ਤਾਂ ਹਾਲੇ ਕੁਝ ਵੀ ਨਹੀਂ। ਅਜੋਕੇ ਸਮੇਂ ਵਿਚ ਮਨੁੱਖੀ ਮਨ ਵਿਚ ਸਬਰ, ਸੰਤੋਖ ਤੇ ਸੰਜਮ ਦੀ ਘਾਟ ਪਸਰਦੀ ਜਾ ਰਹੀ ਹੈ। ਧਰਮ ਪੰਖ ਲਾ ਕੇ ਉਡ ਗਿਆ ਹੈ। ਮਨ ਜੀਤੈ ਜਗ ਜੀਤ ਦਾ ਸੰਕਲਪ ਵਿਸਰ ਗਿਆ ਹੈ। ਹਿੰਸਾ, ਲਾਲਸਾ ਤੇ ਲਾਚਾਰੀ ਸਿਖਰ 'ਤੇ ਪਹੁੰਚ ਗਈਆਂ ਹਨ। ਔਰਤਾਂ, ਮਰਦ, ਬੱਚੇ ਤੇ ਬਜੁਰਗ ਸਭ ਬਾਜ਼ਾਰਵਾਦ ਦਾ ਸ਼ਿਕਾਰ ਹੋ ਰਹੇ ਹਨ। ਅਖਬਾਰ, ਰਸਾਲੇ, ਟੀ. ਵੀ. ਆਦਿ ਵਿਚ ਕਿਸੇ ਨਵੀਂ ਚੀਜ਼ ਦੀ ਐਡ ਦੇਖ ਕੇ ਉਹ ਝਟ ਖਰੀਦਣ ਲਈ ਤਿਆਰ ਹੋ ਜਾਂਦੇ ਹਨ। ਉਹ ਨਾ ਆਪਣੀ ਲੋੜ ਵਲ ਦੇਖਦੇ ਹਨ ਤੇ ਨਾ ਜੇਬ ਦੀ ਸਮਤਾ ਵਲ, ਬਸ ਇੱਛਾ ਦੀ ਤੀਬਰਤਾ ਅੱਗੇ ਝੁਕ ਜਾਂਦੇ ਹਨ। ਘਰ ਵਿਚ ਔਰਤਾਂ ਦੇ ਅਣਗਿਣਤ ਗਹਿਣੇ ਕੱਪੜੇ, ਮਰਦਾਂ ਦੀਆਂ ਬਹੁ-ਭਾਂਤੀ ਗੱਡੀਆਂ, ਬੱਚਿਆਂ ਦੇ ਢੇਰਾਂ ਖਿਡਾਉਣੇ ਮਨੁੱਖੀ ਮਨ ਦੀ ਬੇਲਗਾਮੀ ਦਾ ਸੰਕੇਤ ਹਨ। ਚਾਰੇ ਪਾਸੇ ਪਦਾਰਥਵਾਦ ਦੀ ਹੇੜ੍ਹ ਦੇਖ ਕੇ ਲਗਦਾ ਹੈ ਕਿ ਬਹੁਤੇ ਸੰਸਾਰ ਵਾਸੀਆਂ ਨੇ ਚੈਰੀ ਪਲੱਮ ਕਦੇ ਦੇਖੀ ਵੀ ਨਹੀਂ ਹੋਣੀ।

ਜੇ ਇਕ ਪਾਸੇ ਕੁਝ ਚੀਜ਼ਾਂ ਦੀ ਅਣਹੋਂਦ ਮਨੁੱਖ ਦਾ ਸਬਰੋ-ਕਰਾਰ ਤੋੜਦੀ ਹੈ ਤਾਂ ਦੂਜੇ ਪਾਸੇ ਕਈ ਚੀਜ਼ਾਂ ਦੀ ਹੋਂਦ ਉਸ ਦਾ ਧੀਰਜ ਪਰਖਦੀ ਹੈ। ਅਜਿਹੀ ਹੀ ਇਕ ਸ਼ੈਅ ਅਸਹਿ ਪੀੜਾ ਹੈ, ਜੋ ਮਨੁੱਖ ਦੇ ਹੰਝੂ ਕਢਾ ਦਿੰਦੀ ਹੈ। ਦਰਵਾਜੇ ਵਿਚ ਉਂਗਲੀ ਨਪੀੜੀ ਜਾਣ ਦਾ ਦਰਦ, ਔਰਤ ਦਾ ਪ੍ਰਸੂਤੀ ਦਰਦ, ਬੱਚੇ ਦਾ ਦੰਦੀਆਂ ਕੱਢਣ ਵੇਲੇ ਦਾ ਦਰਦ, ਕਿਸੇ ਦੇ ਚੁਭਵੇਂ ਬੋਲਾਂ ਦਾ ਦਰਦ, ਕਿਸੇ ਦੇ ਗਲਤ ਵਿਹਾਰ ਕਾਰਨ ਹਰਖ ਦੇ ਉਬਾਲੇ ਦਾ ਦਰਦ, ਕਿਸੇ ਦੇ ਸਦੀਵੀ ਵਿਛੋੜੇ ਦਾ ਦਰਦ ਆਦਿ ਅਜਿਹੀਆਂ ਪੀੜਾਂ ਹਨ, ਜਿਨ੍ਹਾਂ ਦੇ ਹੋਣ ਨਾਲ ਪ੍ਰਾਣੀ ਫੁੱਟ ਫੁੱਟ ਰੋਂਦਾ ਹੈ। ਇਉਂ ਕਹੋ ਕਿ ਦਰਦ ਨਾਲ ਮਨੁੱਖ ਦੇ ਸੋਫੀਪੁਣੇ ਦੀ ਹੱਦ ਟੱਪ ਜਾਂਦੀ ਹੈ। ਅਜਿਹੇ ਦਰਦ ਜਿਨ੍ਹਾਂ ਦਾ ਨਾਮ ਭਾਵੇਂ ਕੋਈ ਹੋਵੇ, ਪਰ ਉਹ ਪੀੜਤ ਨੂੰ ਚੀਕਾਂ ਤੇ ਹੰਝੂਆਂ ਨਾਲ ਰੋਣ ਲਈ ਮਜ਼ਬੂਰ ਕਰ ਦੇਣ, ਚੈਰੀ ਪਲੱਮ ਨਾਲ ਠੀਕ ਹੁੰਦੇ ਹਨ। ਇਸ ਫੁੱਲ-ਦਵਾਈ ਦੀਆਂ ਕੁਝ ਖੁਰਾਕਾਂ ਹੀ ਰੋਗੀ ਵਿਚ 'ਰੁਖਾਂ ਦੀ ਜੀਰਾਂਦ' ਭਰ ਦੇਣਗੀਆਂ। ਇਹ ਨਾ ਸਮਝੋ ਕਿ ਚੈਰੀ-ਪਲੱਮ ਇਕ ਦਰਦ ਦੀ ਦਵਾਈ ਜਾਂ ਦੁਖ-ਭੰਜਨੀ (Pain-killer) ਗੋਲੀ ਹੈ। ਇਹ ਤਾਂ ਰੋਗੀ ਦੇ ਅੰਦਰੂਨੀ ਵਿਗਾੜਾਂ ਨੂੰ ਠੀਕ ਕਰਦੀ ਹੈ ਤੇ ਉਸ ਦੀ ਪੀੜਾ ਆਪਣੇ ਆਪ ਠੀਕ ਹੋ ਜਾਂਦੀ ਹੈ।

ਇਸ ਬਾਰੇ ਸਮਝਾਉਂਦਿਆਂ ਡਾ. ਵੀ. ਕੇ. ਕ੍ਰਿਸ਼ਨਾਮੂਰਤੀ ਲਿਖਦੇ ਹਨ, "ਚੈਰੀ ਪਲੱਮ ਦਾ ਕੌਤਕ ਦੇਖਣ ਲਈ ਉੱਤਮ ਥਾਂ ਮੈਟਰਨਿਟੀ ਹਸਪਤਾਲ ਦਾ ਪ੍ਰਸੂਤ ਵਾਰਡ ਹੈ। ਕਿਸੇ ਦਿਨ ਅੱਧੀ ਰਾਤ ਨੂੰ ਅਜਿਹੇ ਵਾਰਡ ਦੇ ਵਰਾਂਡੇ ਵਿਚ ਜਾਓ, ਤੁਹਾਨੂੰ ਸੈਂਕੜੇ ਹੋਣ ਵਾਲੀਆਂ ਮਾਂਵਾਂ ਅਸਹਿ ਪ੍ਰਸੂਤੀ ਪੀੜਾਂ ਨਾਲ ਕੁਰਲਾਉਂਦੀਆਂ ਸੁਣਾਈ ਦੇਣਗੀਆਂ। ਉਹ ਆਪਣੇ ਬੱਚਿਆਂ ਨੂੰ ਸੰਸਾਰ ਵਿਚ ਲਿਆਉਣਾ ਚਾਹੁੰਦੀਆਂ ਹਨ, ਪਰ ਉਨ੍ਹਾਂ ਦੀਆਂ ਬੱਚੇਦਾਨੀਆਂ ਦੇ ਮੂੰਹ ਬਹੁਤ ਤੰਗ ਹੁੰਦੇ ਹਨ। ਉਹ ਵਿਰਲਾਪ ਕਰਦੀਆਂ ਹਨ। ਅਸੀਂ ਇਨ੍ਹਾਂ ਨੂੰ ਪੰਜ ਪੰਜ ਮਿੰਟ ਦੇ ਫਰਕ ਨਾਲ ਤਿੰਨ ਖੁਰਾਕਾਂ ਦੇ ਦਿੰਦੇ ਹਾਂ ਤੇ ਤੁਰੰਤ ਹੀ ਉਹ ਆਪਣੇ ਬੱਚਿਆਂ ਨੂੰ ਕੁਦਰਤੀ ਢੰਗ ਨਾਲ ਜਨਮ ਦੇ ਦਿੰਦੀਆਂ ਹਨ। ਅਸੀਂ ਆਪ੍ਰੇਸ਼ਨ ਕਰ ਕੇ ਉਨ੍ਹਾਂ ਦੀਆਂ ਬੱਚੇਦਾਨੀਆਂ ਦਾ ਮੂੰਹ ਨਹੀਂ ਖੋਲ੍ਹਦੇ, ਕੇਵਲ ਉਨ੍ਹਾਂ ਦੇ ਅਸਹਿ ਦਰਦਾਂ ਲਈ ਚੈਰੀ ਪਲੱਮ ਦਿੰਦੇ ਹਾਂ। ਬਾਕੀ ਦੇ ਕੰਮ ਇਹ ਦਵਾ ਆਪ ਕਰਦੀ ਹੈ, ਪਰ ਇਸ ਦਾ ਇਹ ਮਤਲਬ ਨਹੀਂ ਕਿ ਇਹ ਬੱਚਿਆਂ ਨੂੰ ਸੌਖਿਆਂ ਜਮਾਉਣ ਦੀ ਦਵਾ ਹੈ।"

ਡਾ. ਕ੍ਰਿਸ਼ਨਾਮੂਰਤੀ ਇਸ ਦਵਾਈ ਬਾਰੇ ਜੋ ਅੱਗੇ ਦੱਸਦੇ ਹਨ, ਉਹ ਹੋਰ ਵੀ ਦਿਲਚਸਪ ਤੇ ਖਾਸ ਹੈ। ਉਹ ਲਿਖਦੇ ਹਨ, "ਜਿਨ੍ਹਾਂ ਔਰਤਾਂ ਨੂੰ ਪ੍ਰਸੂਤੀ ਪੀੜਾ ਲਈ ਚੈਰੀ ਪਲੱਮ ਦਿੱਤੀ ਸੀ, ਮੈਂ ਉਨ੍ਹਾਂ ਨੂੰ ਇਕ ਪਾਸੇ ਬੁਲਾ ਕੇ ਕਿਹਾ ਕਿ ਉਹ ਸਭ ਇਸ ਦੀ ਇਕ ਇਕ ਖੁਰਾਕ ਹਰ ਰੋਜ ਖਾਇਆ ਕਰਨ। ਉਹ ਕਹਿਣ ਲੱਗੀਆਂ ਕਿ ਸਰ ਜੀ, ਬੱਚਾ ਹੋਣ ਤੋਂ ਬਾਅਦ ਇਸ ਦੀ ਕੀ ਜਰੂਰਤ ਹੈ। ਮੈਂ ਸਮਝਾਇਆ ਕਿ ਹੁਣ ਲੈਣ ਨਾਲ ਉਨ੍ਹਾਂ ਨੂੰ ਭਵਿੱਖ ਵਿਚ ਅਜਿਹੀਆਂ ਦਰਦਾਂ ਕਦੇ ਨਹੀਂ ਹੋਣਗੀਆਂ। ਮੇਰੇ ਕਹਿਣ ਅਨੁਸਾਰ ਉਨ੍ਹਾਂ ਨੇ ਦਵਾਈ ਲੈਣੀ ਸ਼ੁਰੂ ਕਰ ਦਿੱਤੀ। ਕੁਝ ਹਫਤਿਆਂ ਵਿਚ ਹੀ ਉਨ੍ਹਾਂ ਸਾਰੀਆਂ ਨੇ ਸੰਗੀਤ ਸਿੱਖਣਾ ਸ਼ੁਰੂ ਕਰ ਦਿੱਤਾ ਤੇ ਬਹੁਤ ਹੀ ਵਧੀਆ ਗਾਉਣ ਲੱਗ ਪਈਆਂ। ਗਾਉਣ ਤੇ ਰੋਣ-ਦੋਹਾਂ ਦਾ ਸਬੰਧ ਗਲੇ ਦੇ ਗਲੇਡੂਆਂ ਨਾਲ ਹੁੰਦਾ ਹੈ। ਕੁਦਰਤ ਨੇ ਉਨ੍ਹਾਂ ਨੂੰ ਜੋ ਗਲੇ ਦੀ ਸ਼ਕਤੀ ਦਿੱਤੀ ਸੀ, ਉਹ ਰਿਣਾਤਮਿਕ ਰੂਪ ਧਾਰ ਕੇ ਚੀਕ-ਪੁਕਾਰ ਬਣ ਗਈ ਸੀ। ਚੈਰੀ ਪਲੱਮ ਨੇ ਉਨ੍ਹਾਂ ਦੀ ਰਿਣ ਸ਼ਕਤੀ ਨੂੰ ਧਨਾਤਮਿਕ ਬਣਾ ਦਿੱਤਾ ਸੀ। ਉਹ ਸਟੇਜਾਂ, ਕਲੱਬਾਂ ਤੇ ਰੇਡੀਓ ਸਟੇਸ਼ਨਾਂ 'ਤੇ ਗਾਉਣ ਲੱਗੀਆਂ, ਜਿਸ ਨਾਲ ਉਨ੍ਹਾਂ ਨੇ ਮਾਇਆ ਤੇ ਮਾਣ-ਦੋਵੇਂ ਖੱਟੇ। ਤਦੇ ਤਾਂ ਕਹਿੰਦੇ ਹਨ ਕਿ ਇਹ ਦਵਾਈ ਦਰਦ ਤੇ ਗਰੀਬੀ-ਦੋਵੇਂ ਦੂਰ ਕਰਦੀ ਹੈ। ਮੇਰੀ ਜਾਚੇ ਪ੍ਰਸਿੱਧ ਮਡੋਨਾ, ਸੁਬਾਲਕਸ਼ਮੀ, ਸੁਧਾ ਰਘੂਨਾਥਨ, ਸੌਮਯਾ ਤੇ ਲਤਾ ਮੰਗੇਸਕਰ ਜਿਹੀਆਂ ਪ੍ਰਸਿੱਧ ਗੱਵਿਤਰੀਆਂ ਵੀ ਚੈਰੀ ਪਲੱਮ ਦੇ ਧਨਾਤਮਿਕ ਗੁਣਾਂ ਨਾਲ ਹੀ ਨਿਵਾਜ਼ੀਆਂ ਹੋਈਆਂ ਹਨ। ਇਨ੍ਹਾਂ ਨੇ ਇਨ੍ਹਾਂ ਗੁਣਾਂ ਦੀ ਸ਼ੁਧਤਾ ਨੂੰ ਕਾਇਮ ਰੱਖਿਆ। ਜੇ ਇਨ੍ਹਾਂ ਦੇ ਮਾਪੇ ਇਨ੍ਹਾਂ ਨੂੰ ਪੜ੍ਹਾ ਲਿਖਾ ਕੇ ਕਿਸੇ ਹੋਰ ਕਿੱਤੇ ਵਿਚ ਪਾ ਦਿੰਦੇ ਤਾਂ ਅੱਜ ਇਹ ਕਿਤੇ ਬੈਂਕਾਂ ਜਾਂ ਸਕੂਲਾਂ ਦੀਆਂ ਨਿਮਨ-ਪੁਗਾਰੀ ਨੌਕਰੀਆਂ ਕਰਦੀਆਂ ਹੁੰਦੀਆਂ। ਉਸ ਤੰਗੀ ਤੁਰਸ਼ੀ ਦੇ ਜੀਵਨ ਵਿਚ ਦੁੱਖੀ ਹੋਈਆਂ ਇਹ ਗਲਾ ਫਾੜ ਫਾੜ ਰੋਂਦੀਆਂ ਕੁਰਲਾਉਂਦੀਆਂ ਹੁੰਦੀਆਂ। ਕਈ ਤਾਂ ਕਦੋਂ ਦੀਆਂ ਆਤਮ-ਹੱਤਿਆਵਾਂ ਦੀ ਬਲੀ ਚੜ੍ਹ ਗਈਆਂ ਹੁੰਦੀਆਂ।"

ਪਿਛਲੇ ਕਈ ਦਹਾਕਿਆਂ ਤੋਂ ਭਾਰਤੀ ਕਿਸਾਨ ਵੀ ਗਰੀਬੀ ਤੇ ਭੁਖਮਰੀ ਦੇ ਮਾਰੇ ਆਤਮ-ਹਤਿਆਵਾਂ ਕਰਦੇ ਚਲੇ ਆ ਰਹੇ ਹਨ। ਅਜੋਕੇ ਸਮੇਂ ਵਿਚ ਇਹ ਵਾਰਦਾਤਾਂ ਇੰਨੀਆਂ ਵਧ ਗਈਆਂ ਹਨ ਕਿ ਇਨ੍ਹਾਂ ਨੂੰ ਇਕ ਸਮਾਜਿਕ ਮਹਾਂਮਾਰੀ ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਰੁਝਾਨ ਦਾ ਕਾਰਨ ਕਿਸਾਨਾਂ ਦੇ ਸਿਰ ਚੜ੍ਹਿਆ ਕਰਜ਼ਾ ਦੱਸਿਆ ਜਾਂਦਾ ਹੈ। ਹਰੇ ਇਨਕਲਾਬ ਤੋਂ ਬਾਅਦ ਖੇਤੀ ਉਪਜਾਂ ਦੇ ਲਾਭਕਾਰੀ ਭਾਅ ਨਾ ਮਿਲਣ ਕਾਰਨ ਕਿਸਾਨਾਂ ਦੀ ਹਾਲਤ ਇੰਨੀ ਪਤਲੀ ਹੋ ਗਈ ਹੈ ਕਿ ਉਨ੍ਹਾਂ ਨੂੰ ਕਰਜ਼ੇ 'ਤੇ ਨਿਰਭਰ ਹੋਣਾ ਹੀ ਪੈਂਦਾ ਹੈ। ਕਰਜ਼ਾ ਨਾ ਮੋੜ ਸਕਣ ਦੀ ਸਥਿਤੀ ਵਿਚ ਉਨ੍ਹਾਂ ਨੂੰ ਕਰਜ਼ਦਾਰਾਂ ਦੇ ਤਕਰਾਰ ਤੇ ਸਮਾਜਿਕ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਅੰਤ ਉਨ੍ਹਾਂ ਦੀ ਜ਼ਮੀਨ ਵਿਕ ਜਾਂਦੀ ਹੈ ਤੇ ਉਹ ਕੰਗਾਲ ਹੋ ਜਾਂਦੇ ਹਨ। ਮਾੜੇ ਸਿਸਟਮ ਅੱਗੇ ਬੇਵਸੀ ਕਾਰਨ ਉਹ ਭਿਆਨਕ ਮਾਨਸਿਕ ਪੀੜਾ ਦਾ ਸ਼ਿਕਾਰ ਹੋ ਜਾਂਦੇ ਹਨ ਤੇ ਮਾਯੂਸੀ ਦੇ ਆਲਮ ਵਿਚ ਖੁਦਕਸ਼ੀ ਦਾ ਅੱਕ ਚੱਬ ਲੈਂਦੇ ਹਨ। ਲੱਖਾਂ ਲੇਖਕ, ਬੁਧੀਜੀਵੀ, ਸਮਾਜ ਸੇਵਕ, ਆਮ ਲੋਕ ਤੇ ਸਮੂਹ ਰਾਜਨੀਤਕ ਦਲ ਇਸ ਮੁੱਦੇ 'ਤੇ ਨਿਰੰਤਰ ਹਾਹਾਕਾਰ ਮਚਾਉਂਦੇ ਆ ਰਹੇ ਹਨ, ਪਰ ਉਹ ਇਸ ਮਸਲੇ ਦਾ ਕੋਈ ਪੱਕਾ ਤਾਂ ਕੀ, ਕੱਚਾ ਹੱਲ ਵੀ ਨਹੀਂ ਕੱਢ ਸਕੇ। ਇਸ ਦਾ ਪੱਕਾ ਤੇ ਫੌਰੀ ਇਲਾਜ਼ ਚੈਰੀ ਪਲੱਮ ਜਾਪਦਾ ਹੈ। ਜੇ ਕਿਸਾਨ ਹਿਤੈਸ਼ੀ ਹੁਣ ਵੀ ਕਰਜ਼ ਥੱਲੇ ਦਬੇ ਕਿਸਾਨਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਚੈਰੀ ਪਲੱਮ ਦੇਣ ਤਾਂ ਇਸ ਵਬਾ ਦੀ ਰੋਕ ਥਾਮ ਹੋ ਸਕਦੀ ਹੈ। ਇਸ ਦਵਾ ਦੀਆਂ ਅਸੀਮਤ ਧਨਾਤਮਿਕ ਸ਼ਕਤੀਆਂ ਆਪਣੇ ਆਪ ਉਨ੍ਹਾਂ ਦੇ ਅਧੀਰ ਮਨ ਵਿਚ ਧੀਰਜਤਾ ਪੈਦਾ ਕਰ ਕੇ ਹਾਲਾਤ ਨਾਲ ਨਿਬੜਨ ਦਾ ਰਾਹ ਖੋਲ੍ਹਣਗੀਆਂ। ਭਾਵ ਸਾਰਥਿਕ ਸੋਚ ਪ੍ਰਬਲ ਕਰ ਕੇ ਇਹ ਸ਼ਕਤੀਆਂ ਉਨ੍ਹਾਂ ਨੂੰ ਆਤਮ-ਨਿਰਭਰਤਾ ਦੇ ਨਵੇਂ ਸੋਮੇ ਦਰਸਾਉਣਗੀਆਂ।

ਜਿਨ੍ਹਾਂ ਕਾਰਨਾਂ ਕਰ ਕੇ ਕਰਜ਼ਾਈ ਕਿਸਾਨ ਆਤਮ-ਹੱਤਿਆਵਾਂ ਕਰਦੇ ਹਨ, ਉਨ੍ਹਾਂ ਕਰਕੇ ਹੀ ਉਨ੍ਹਾਂ ਦੇ ਨੌਜਵਾਨ ਵਾਰਸ ਨਸ਼ਿਆਂ ਵਿਚ ਗਰਕ ਜਾਂਦੇ ਹਨ। ਅਨਪੜ੍ਹਤਾ, ਬੇਰੁਜ਼ਗਾਰੀ ਤੇ ਮਾਇਕ ਲਾਚਾਰੀ ਦੇ ਸਤਾਏ ਇਹ ਨੌਜਵਾਨ ਆਪਣੇ ਜੀਵਨ ਦੇ ਬੇਨੂਰ ਭਵਿੱਖ ਤੋਂ ਘਬਰਾ ਕੇ ਨਸ਼ਿਆਂ ਦੇ ਸਰੂਰ ਵਲ ਤਿਲਕ ਪੈਂਦੇ ਹਨ। ਜ਼ਰਦਾ, ਸ਼ਰਾਬ, ਭੁੱਕੀ, ਸਮੈਕ, ਚਿੱਟਾ ਆਦਿ ਜਿਹੇ ਕੋਹੜ ਉਨ੍ਹਾਂ ਦੇ ਘਰੇਲੂ ਜੀਵਨ ਤੇ ਆਰਥਿਕਤਾ ਨਾਲ ਖਿਲਵਾੜ ਕਰਦੇ ਹਨ। ਇਲਾਜ਼ ਵਜੋਂ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿਚ ਭਰਤੀ ਕਰਾਇਆ ਜਾਂਦਾ ਹੈ, ਜਿੱਥੇ ਉਹ ਨਸ਼ਾ ਛਡਾਊ ਦਵਾਈ ਨੂੰ ਹੀ ਨਸ਼ੇ ਵਜੋਂ ਵਰਤਣਾ ਸ਼ੁਰੂ ਕਰ ਦਿੰਦੇ ਹਨ। ਹੈ ਕਿਸੇ ਕੋਲ ਨਸ਼ੇ ਦੀ ਵਹਿਬਤ ਦਾ ਕੋਈ ਇਲਾਜ਼?

ਇਸ ਦਾ ਇਲਾਜ਼ ਵੀ ਬੈਚ ਫੁੱਲ ਦਵਾਈਆਂ ਹੀ ਹਨ। ਇਸ ਪ੍ਰਣਾਲੀ ਵਿਚ ਨਸ਼ਾ ਛਡਾਊ ਕੇਂਦਰਾਂ ਵਾਂਗ ਸਭ ਨਸ਼ੇੜੀਆਂ ਦਾ ਇਲਾਜ਼ ਘੱਟ ਨਸ਼ੇ ਵਾਲੀ ਇਕੋ ਦਵਾ ਨਾਲ ਨਹੀਂ ਹੁੰਦਾ। ਉਸ ਨਸ਼ੇ ਵਾਲੀ ਦਵਾਈ ਦੇ ਬੁਰੇ ਪ੍ਰਭਾਵ ਦਵਾਈ ਛੱਡਣ ਤੋਂ ਬਾਅਦ ਪਤਾ ਚਲਦੇ ਹਨ। ਕਈਆਂ ਦੇ ਹੱਥ ਕੰਬਣ ਲਗ ਪੈਂਦੇ ਹਨ, ਕਈਆਂ ਨੂੰ ਕੜੱਲ ਪੈਣੇ ਸ਼ੁਰੂ ਹੋ ਜਾਂਦੇ ਹਨ ਤੇ ਕਈਆਂ ਨੂੰ ਪਹਿਲੇ ਨਸ਼ੇ ਦੀ ਤਲਬ ਲੱਗਣੀ ਸ਼ੁਰੂ ਹੋ ਜਾਂਦੀ ਹੈ। ਉਨ੍ਹਾਂ ਵਿਚੋਂ ਬਹੁਤੇ ਫਿਰ ਨਸ਼ੇ ਵਿਚ ਜਾ ਡਿਗਦੇ ਹਨ ਤੇ ਵਾਰ ਵਾਰ ਉੱਥੇ ਹੀ ਫਸੇ ਰਹਿੰਦੇ ਹਨ। ਉਹ ਕੇਂਦਰ ਇਹ ਨਹੀਂ ਜਾਣਦੇ ਕਿ ਸਭ ਨਸ਼ਾ ਲੈਣ ਵਾਲਿਆਂ ਦੀਆਂ ਆਦਤਾਂ ਤੇ ਮਜ਼ਬੂਰੀਆਂ ਵੱਖੋ ਵੱਖ ਹੁੰਦੀਆਂ ਹਨ। ਇਸ ਲਈ ਸਭ ਦੀਆਂ ਦਵਾਈਆਂ ਵੀ ਉਨ੍ਹਾਂ ਦੇ ਵਿਹਾਰ ਮੁਤਾਬਿਕ ਹੋਣੀਆਂ ਚਾਹੀਦੀਆਂ ਹਨ। ਸ਼ਰਾਬ ਦੀ ਮਿਸਾਲ ਹੀ ਲੈ ਲਵੋ- ਕਈ ਮੂਡ ਠੀਕ ਕਰਨ ਲਈ ਪੀਂਦੇ ਹਨ ਤੇ ਕਈ ਕੰਡਾ (Kick) ਲੈਣ ਲਈ। ਇਸ ਤੋਂ ਇਲਾਵਾ ਕਈ ਸ਼ੌਕ ਵਜੋਂ, ਕਈ ਟਾਨਿਕ ਵਜੋਂ, ਕਈ ਦਵਾ ਵਜੋਂ, ਕਈ ਦਿਖਾਵੇ ਦੀ ਟੌਹਰ ਵਜੋਂ, ਕਈ ਗਮ ਦੂਰ ਕਰਨ ਲਈ, ਕਈ ਸਮਾਜਿਕ ਫੰਕਸ਼ਨਾਂ ਦੇ ਬਹਾਨੇ ਅਤੇ ਕਈ ਯਾਰ ਬੇਲੀਆਂ ਦੀ ਸੰਗਤ ਕਰਨ ਲਈ ਪੀਣ ਦੇ ਆਦੀ ਹੁੰਦੇ ਹਨ। ਕਈ ਰਾਤ ਨੂੰ ਤੌਬਾ ਕਰ ਕੇ ਸਵੇਰੇ ਫਿਰ ਪੀਣੀ ਸ਼ੁਰੂ ਕਰ ਦਿੰਦੇ ਹਨ। ਕਈ ਕਹਿਣਗੇ ਕਿ ਇਹ ਉਨ੍ਹਾਂ ਦੀ ਆਖਰੀ ਬੋਤਲ ਜਾਂ ਅਖਰੀ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬ 'ਚ ਧਰਤੀ ਹੇਠਲਾ ਪਾਣੀ ਕਿਵੇਂ ਬਚਾਇਆ ਜਾਵੇ?

4 ਮਾਰਚ 2021 ਨੂੰ ਬਜਟ ਇਜਲਾਸ ਦੇ ਚੌਥੇ ਦਿਨ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਉੱਤੇ ਚਿੰਤਾ ਜਾਹਰ ਕੀਤੀ ਗਈ। ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਦੀ ਗੰਭੀਰ ਸਮੱਸਿਆ ਨੂੰ ਸਮਝਦਿਆਂ ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਪੰਜਾਬ ਸਰਕਾਰ ਨੂੰ ਇਸ ਸਮੱਸਿਆ ਦੇ ਹੱਲ ਲਈ ਤੇਜ਼ੀ ਨਾਲ ਕਦਮ ਚੁੱਕਣ ਲਈ ਕਿਹਾ ਗਿਆ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਹਾਊਸ ਦੀ ਇਕ ਉੱਚ ਪੱਧਰੀ ਕਮੇਟੀ ਬਣਾਉਣ ਦਾ ਐਲਾਨ ਕਰਦਿਆਂ ਆਖਿਆ ਕਿ ਇਹ ਕਮੇਟੀ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਬਾਰੇ ਸਟੇਟਸ ਰਿਪੋਰਟ ਅਤੇ ਪਾਣੀ ਰੀਚਾਰਜ ਕਰਨ ਦੇ ਤਰੀਕਿਆਂ ਤੇ ਸਾਧਨਾਂ ਸਬੰਧੀ ਆਪਣੀਆਂ ਤਜਵੀਜ਼ਾਂ ਪੇਸ਼ ਕਰੇਗੀ। ਇਹ ਕਮੇਟੀ ਤਿੰਨ ਮਹੀਨਿਆਂ ਅੰਦਰ ਆਪਣੀਆਂ ਤਜਵੀਜ਼ਾਂ ਦੀ ਰਿਪੋਰਟ ਪੇਸ਼ ਕਰੇਗੀ।

**ਡਾ. ਗਿਆਨ ਸਿੰਘ***
**ਫੋਨ: 424-422-7025**

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਲਈ ਕਈ ਕਾਰਨ ਹਨ। ਇਨ੍ਹਾਂ ਕਾਰਨਾਂ ਵਿਚੋਂ ਸਭ ਤੋਂ ਅਹਿਮ ਧਰਤੀ ਹੇਠਲੇ ਪਾਣੀ ਦੀ ਖੇਤੀਬਾੜੀ ਲਈ ਸਿੰਚਾਈ ਦੇ ਰੂਪ ਵਿਚ ਵਰਤੋਂ ਹੈ। ਲੇਖਕ ਡਾ. ਸੁਰਿੰਦਰ ਸਿੰਘ ਅਤੇ ਹਰਵਿੰਦਰ ਸਿੰਘ ਵੱਲੋਂ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਬਾਰੇ ਕੀਤੇ ਗਏ ਖੋਜ ਅਧਿਐਨ, ਜਿਸ ਨੂੰ ਉਨ੍ਹਾਂ ਦੀ ਪੁਸਤਕ 'ਗਰਾਊਂਡ ਵਾਟਰ ਡਿਵੈਲਪਮੈਂਟ ਇਨ ਪੰਜਾਬ' ਵਿਚ ਪ੍ਰਕਾਸ਼ਿਤ ਕੀਤਾ ਗਿਆ, ਤੋਂ ਸਾਹਮਣੇ ਆਇਆ ਹੈ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਵਾਲੇ ਉਹ ਵਿਕਾਸ ਖੰਡ ਹਨ, ਜਿਨ੍ਹਾਂ ਵਿਚ ਫਸਲਾਂ ਪੈਦਾ ਕਰਨ ਲਈ ਸਿੰਚਾਈ ਵਾਲੇ ਪਾਣੀ ਦੀ ਉਸ ਦੀ ਉਪਲਬਧ ਮਾਤਰਾ ਦੇ ਮੁਕਾਬਲੇ ਕਿਤੇ ਵੱਧ ਵਰਤੋਂ ਹੋ ਰਹੀ ਹੈ। ਫਸਲਾਂ ਦੇ ਜੋੜ ਅਤੇ ਧਰਤੀ ਹੇਠਲੇ ਪਾਣੀ ਦੇ ਸੰਤੁਲਨ ਵਿਚ ਗੂੜ੍ਹਾ ਸਹਿ-ਸਬੰਧ ਹੈ। ਮਿਸਾਲ ਵਜੋਂ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਵਾਲੇ ਵਿਕਾਸ ਖੰਡਾਂ ਵਿਚ ਕਣਕ ਅਤੇ ਝੋਨੇ ਦੀ ਬੀਜਾਈ/ਲਵਾਈ ਕੀਤੀ ਜਾਂਦੀ ਹੈ। ਪੰਜਾਬ ਵਿਚ ਕਣਕ ਅਤੇ ਝੋਨੇ ਦੀਆਂ ਦੋ ਫਸਲਾਂ ਕੁੱਲ ਬੀਜੇ ਗਏ ਰਕਬੇ ਦਾ ਤਿੰਨ-ਚੌਥਾਈ ਤੋਂ ਵੱਧ ਹਿੱਸਾ ਹਨ।

ਪੰਜਾਬ ਵਿਚ ਸਿੰਚਾਈ ਦੇ ਸਾਧਨਾਂ ਵਿਚ ਵਾਧਾ ਹੋਣ ਨਾਲ ਫਸਲਾਂ ਥੱਲੇ ਆਉਣ ਵਾਲੇ ਰਕਬੇ ਦਾ ਵਧਣਾ ਵੀ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਦਾ ਇਕ ਕਾਰਨ ਹੈ। ਪੰਜਾਬ ਦੇ ਅੰਕੜਾਸਾਰਾਂ ਤੋਂ ਸਾਹਮਣੇ ਆਇਆ ਹੈ ਕਿ ਜਿਨ੍ਹਾਂ ਵਿਕਾਸ ਖੰਡਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਗਿਰ ਰਿਹਾ ਹੈ, ਉਨ੍ਹਾਂ ਵਿਚ ਸੂਬੇ ਦੀ ਔਸਤ ਫਸਲੀ ਘਣਤਾ ਨਾਲੋਂ ਵਧੇਰੇ ਫਸਲੀ ਘਣਤਾ ਹੈ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਸਬੰਧੀ ਝੋਨੇ ਦੀ ਲਵਾਈ/ਬਿਜਾਈ ਹੇਠ ਆਇਆ ਰਕਬਾ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਝੋਨੇ ਦੀਆਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਲਈ ਸਿੰਚਾਈ ਦੀ ਲੋੜ ਮੱਕੀ, ਨਰਮਾ ਅਤੇ ਹੋਰ ਬਹੁਤ ਸਾਰੀਆਂ ਫਸਲਾਂ ਦੀ ਤੁਲਨਾ ਵਿਚ ਬਹੁਤ ਹੀ ਜ਼ਿਆਦਾ ਹੈ। ਇਸ ਦਾ ਇਕ ਵੱਡਾ ਕਾਰਨ ਝੋਨੇ ਦੀ ਫਸਲ ਲਈ ਛੱਪੜ-ਸਿੰਚਾਈ ਵਿਧੀ ਦਾ ਜ਼ਿਆਦਾਤਰ ਪ੍ਰਚਲਤ ਹੋਣਾ ਹੈ। ਪੰਜਾਬ ਵਿਚ 1973 ਤੋਂ ਪਿੱਛੋਂ ਵਿਸ਼ੇਸ਼ ਕਰਕੇ ਪਰੰਪਰਾਗਤ ਤੌਰ ਉੱਤੇ ਗੈਰ-ਝੋਨਾ ਖੇਤਰਾਂ ਅਤੇ ਬਹੁਤ ਹੀ ਘੱਟ ਬਾਰਿਸ਼ ਹੋਣ ਵਾਲੇ ਇਲਾਕਿਆਂ ਵਿਚ ਝੋਨੇ ਦੀ ਲਵਾਈ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ। ਲਗਭਗ ਉਹ ਸਾਰੇ ਇਲਾਕੇ/ਵਿਕਾਸ ਖੰਡ, ਜਿਨ੍ਹਾਂ ਵਿਚ ਕੁੱਲ ਬੀਜੇ ਜਾਣ ਵਾਲੇ ਰਕਬੇ ਵਿਚੋਂ ਵਧੇਰਾ ਰਕਬਾ ਝੋਨੇ ਦੀ ਲਵਾਈ ਨੂੰ ਦਿੱਤਾ ਜਾਂਦਾ ਹੈ, ਉਹ ਇਲਾਕੇ/ਵਿਕਾਸ ਖੰਡ ਹਨ,





ਜਿਨ੍ਹਾਂ ਵਿਚ ਧਰਤੀ ਹੇਠਲੇ ਪਾਣੀ ਦਾ ਨਕਾਰਾਤਮਕ ਸੰਤੁਲਨ ਹੈ। ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਦੀ ਕਾਮਯਾਬੀ ਦੇ ਨਤੀਜੇ ਵਜੋਂ ਕਣਕ ਦੀ ਉਤਪਾਦਕਤਾ ਤੇ ਉਤਪਾਦਨ ਵਿਚ ਹੋਏ ਅਥਾਹ ਵਾਧੇ ਅਤੇ ਉਸ ਦੇ ਨਤੀਜੇ ਵਜੋਂ ਕੇਂਦਰ ਸਰਕਾਰ ਦੁਆਰਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਣ ਨੂੰ ਧਿਆਨ ਵਿਚ ਰੱਖਦਿਆਂ ਕੇਂਦਰ ਸਰਕਾਰ ਦੁਆਰਾ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਾਉਣੀ ਦੀਆਂ ਹੋਰ ਜਿਨਸਾਂ ਦੇ ਮੁਕਾਬਲੇ ਵਿਚ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਜ਼ਿਆਦਾ ਮਿੱਥ ਕੇ ਅਤੇ ਉਸ ਕੀਮਤ ਉੱਪਰ ਝੋਨੇ ਦੇ ਖਰੀਦਣ ਨੂੰ ਯਕੀਨੀ ਬਣਾ ਕੇ ਝੋਨੇ ਦੀ ਫਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਉੱਪਰ ਮੜ੍ਹ ਦਿੱਤੀ ਗਈ ਹੈ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਕਾਰਨ ਪੈਦਾ ਹੋਣ ਵਾਲੀਆਂ ਕੁਝ ਅਹਿਮ ਸਮੱਸਿਆਵਾਂ ਨੂੰ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਨਾਉਣ ਤੋਂ ਪਹਿਲਾਂ ਸਿੰਚਾਈ ਆਮ ਤੌਰ ਉੱਤੇ ਖੂਹਾਂ ਅਤੇ ਨਹਿਰਾਂ ਦੁਆਰਾ ਕੀਤੀ ਜਾਂਦੀ ਸੀ। ਇਹ ਜੁਗਤ ਅਪਨਾਉਣ ਨਾਲ ਸਿੰਚਾਈ ਦੀਆਂ ਲੋੜਾਂ ਵਿਚ ਵੱਡਾ ਵਾਧਾ ਹੋਇਆ, ਜਿਸ ਦੇ ਨਤੀਜੇ ਵਜੋਂ ਸਿੰਚਾਈ ਦਾ ਮੁੱਖ ਸਾਧਨ ਟਿਊਬਵੈੱਲ ਬਣ ਗਏ। 1960-61 ਦੌਰਾਨ ਪੰਜਾਬ ਵਿਚ ਟਿਊਬਵੈੱਲਾਂ ਦੀ ਗਿਣਤੀ ਸਿਰਫ 7445 ਸੀ, ਜੋ ਵਰਤਮਾਨ ਸਮੇਂ ਵਿਚ ਅਥਾਹ ਵਾਧਾ ਦਰਸਾਉਂਦੀ ਹੋਈ 15 ਲੱਖ ਦੇ ਕਰੀਬ ਹੋ ਗਈ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਇੰਨੀ ਤੇਜ਼ੀ ਨਾਲ ਡਿੱਗ ਰਿਹਾ ਹੈ ਕਿ ਮੋਨੋਬਲਾਕ ਮੋਟਰਾਂ ਦੇ ਕੰਮ ਛੱਡਣ ਕਾਰਨ ਸਬਮਰਸੀਬਲ ਮੋਟਰਾਂ ਲਾਉਣੀਆਂ ਪਈਆਂ ਹਨ ਅਤੇ ਇਨ੍ਹਾਂ ਮੋਟਰਾਂ ਦੇ ਬੋਰਾਂ ਨੂੰ ਵਾਰ ਵਾਰ ਡੂੰਘਾ ਕਰਨਾ ਪੈ ਰਿਹਾ ਹੈ। ਸਿੰਚਾਈ ਦਾ ਇਹ ਸਾਧਨ ਬਹੁਤ ਹੀ ਮਹਿੰਗਾ ਹੋਣ ਕਾਰਨ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਵੱਸ ਤੋਂ ਬਾਹਰ ਹੈ, ਜਿਸ ਲਈ ਉਹ ਜਾਂ ਤਾਂ ਕਰਜ਼ਾ ਲੈਂਦੇ ਹਨ ਜਾਂ ਜਦੋਂ ਕਰਜ਼ਾ ਨਹੀਂ ਮਿਲਦਾ ਤਾਂ ਆਪਣੀ ਪਹਿਲਾਂ ਤੋਂ ਹੀ ਛੋਟੀ ਜਿਹੀ ਜੋਤ ਦਾ ਕੁਝ ਹਿੱਸਾ ਵੀ ਵੇਚ ਦਿੰਦੇ ਹਨ। ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਨੀਤੀਆਂ ਕਿਸਾਨ-ਵਿਰੋਧੀ ਬਣਾਏ ਜਾਣ ਕਾਰਨ ਹਾਲ ਦੀ ਘੜੀ ਪੰਜਾਬ ਸਰਕਾਰ ਖੇਤੀਬਾੜੀ ਸਿੰਚਾਈ ਲਈ ਬਿਜਲੀ ਦੀ ਪੂਰਤੀ ਮੁਫਤ ਕਰ ਰਹੀ ਹੈ। ਇਸ ਦੇ ਸਿੱਟੇ ਵਜੋਂ ਪੰਜਾਬ ਸਰਕਾਰ ਨੂੰ ਲਗਾਤਾਰ ਵਧਦਾ ਹੋਇਆ ਵਿੱਤੀ ਬੋਝ ਸਹਿਣਾ ਪੈ ਰਿਹਾ ਹੈ। ਪੰਜਾਬ ਵਿਚ ਖੇਤੀਬਾੜੀ ਖੇਤਰ ਲਈ ਸਿੰਚਾਈ ਦੀਆਂ ਲੋੜਾਂ ਨਾਲੋਂ ਬਿਜਲੀ ਦੀ ਪੂਰਤੀ ਘੱਟ ਹੋਣ ਕਾਰਨ ਕਿਸਾਨਾਂ ਨੂੰ ਸਬਮਰਸੀਬਲ ਮੋਟਰਾਂ ਆਪਣੇ ਜਾਂ ਕਿਰਾਏ ਉੱਤੇ ਲਏ ਟਰੈਕਟਰਾਂ ਅਤੇ ਜਨਰੇਟਰਾਂ ਉੱਪਰ ਚਲਾਉਣੀਆਂ ਪੈਂਦੀਆਂ ਹਨ, ਜਿਸ ਉੱਪਰ ਹੋਣ ਵਾਲਾ ਖਰਚ ਉਨ੍ਹਾਂ ਸਿਰ ਕਰਜ਼ੇ ਨੂੰ ਹੋਰ ਵਧਾ ਰਿਹਾ ਹੈ।

1980 ਵਿਚ ਪੰਜਾਬ ਦੇ 3712 ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਥੁੜ੍ਹ ਦੀ ਸਮੱਸਿਆ ਸੀ, 2007 ਦੌਰਾਨ ਇਹ ਗਿਣਤੀ 8515 ਹੋ ਗਈ ਸੀ। ਵਰਤਮਾਨ ਸਮੇਂ ਦੌਰਾਨ ਇਹ ਗਿਣਤੀ ਹੋਰ ਜ਼ਿਆਦਾ ਹੋਣ ਦੇ ਨਾਲ ਨਾਲ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪ੍ਰਲੰਦੇ ਵਿਚੋਂ ਖੇਤੀਬਾੜੀ ਉਤਪਾਦਨ ਲਈ ਵਰਤੀਆਂ ਜਾ ਰਹੀਆਂ ਰਸਾਇਣਕ ਖਾਦਾਂ, ਕੀਟਨਾਸ਼ਕ, ਨਦੀਨਨਾਸ਼ਕ, ਉੱਲੀਨਾਸ਼ਕ ਅਤੇ ਹੋਰ ਰਸਾਇਣਾਂ/ਜ਼ਹਿਰਾਂ ਧਰਤੀ ਹੇਠਲੇ ਪਾਣੀ ਵਿਚ ਘੁਲ ਗਈਆਂ ਹਨ, ਜਿਸ ਦੇ ਨਤੀਜੇ ਵਜੋਂ ਪੰਜਾਬ ਦੇ ਜ਼ਿਆਦਾਤਰ ਖੇਤਰਾਂ ਵਿਚ ਧਰਤੀ ਹੇਠਲਾ ਪਾਣੀ ਸਿੱਧੇ ਤੌਰ ਉੱਤੇ ਪੀਣ ਵਾਲਾ ਹੀ ਨਹੀਂ ਰਿਹਾ। ਪਾਣੀ ਬਿਨਾ ਜੀਵਨ ਸੰਭਵ ਨਹੀਂ, ਇਸ ਲਈ ਪਾਣੀ ਜੀਵਨ ਲਈ ਅੰਮ੍ਰਿਤ ਹੈ। ਧਰਤੀ ਉੱਪਰ ਹਰ ਤਰ੍ਹਾਂ ਦੀ ਜ਼ਿੰਦਗੀ ਲਈ ਪਾਣੀ ਦੀ ਅਹਿਮੀਅਤ ਨੂੰ ਸਮਝਦਿਆਂ ਇਸ ਸਾਲ ਸੰਯੁਕਤ ਰਾਸ਼ਟਰ ਨੇ ਪਾਣੀ ਦਿਵਸ ਮਨਾਉਣ ਲਈ ਵਿਸ਼ਾ 'ਪਾਣੀ ਦੀ ਕਦਰ ਕਰੋ' ਰੱਖਿਆ ਹੈ। ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਲਗਾਤਾਰ ਡਿੱਗ ਰਹੇ ਪੱਧਰ ਕਾਰਨ ਇੱਥੋਂ ਦੇ ਰਹਿਣ ਵਾਲੇ ਅੱਜ ਵੀ ਸੰਤਾਪ ਭੋਗ ਰਹੇ ਹਨ ਅਤੇ ਆਉਣ ਵਾਲੇ ਸਮੇਂ ਦੌਰਾਨ ਪਾਣੀ ਦੀ ਭਾਰੀ ਥੁੜ੍ਹ ਜਿਹੜੀ ਮੁਸੀਬਤ ਬਣ ਕੇ ਪੰਜਾਬ ਦੇ ਲੋਕਾਂ ਨੂੰ ਘੇਰੇਗੀ, ਇਸ ਦਾ ਆਸਾਨੀ ਨਾਲ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ।

***ਕੇਂਦਰ ਸਰਕਾਰ ਅਤੇ ਨੀਤੀ ਆਯੋਗ ਪੰਜਾਬ ਸਰਕਾਰ ਅਤੇ ਇੱਥੋਂ ਦੇ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਬਾਰੇ ਬਹੁਤ ਸਾਰੀਆਂ ਨਸੀਹਤਾਂ/ਹਦਾਇਤਾਂ ਦਿੰਦੇ ਰਹਿੰਦੇ ਹਨ, ਪਰ ਕੇਂਦਰ ਸਰਕਾਰ ਆਪਣੀਆਂ ਖੇਤੀਬਾੜੀ ਨੀਤੀਆਂ ਰਾਹੀਂ ਆਪ ਹੀ ਇਸ ਦੇ ਉਲਟ ਚੱਲ ਰਹੀ ਹੈ। ਜੇ ਕੇਂਦਰ ਸਰਕਾਰ ਨੇ ਆਪਣੀਆਂ ਖੇਤੀਬਾੜੀ ਨੀਤੀਆਂ ਨੂੰ ਵੱਖ-ਵੱਖ ਖੇਤਰਾਂ ਦੇ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਕਿਸਾਨ-ਪੱਖੀ ਨਾ ਬਣਾਇਆ ਤਾਂ ਆਉਣ ਵਾਲੇ ਸਮੇਂ ਦੌਰਾਨ ਪੰਜਾਬ ਵਿਚ ਝੋਨੇ ਦੀ ਲਵਾਈ ਤਾਂ ਦੂਰ ਦੀ ਗੱਲ ਰਹੀ, ਇੱਥੋਂ ਦੇ ਕਿਸਾਨਾਂ ਨੂੰ ਪਾਣੀ ਦੀਆਂ ਘੱਟ ਲੋੜ ਵਾਲੀਆਂ ਫਸਲਾਂ ਲਈ ਪਾਣੀ ਨਹੀਂ ਮਿਲ ਸਕੇਗਾ।***

ਕੇਂਦਰ ਸਰਕਾਰ ਅਤੇ ਨੀਤੀ ਆਯੋਗ ਪੰਜਾਬ ਸਰਕਾਰ ਅਤੇ ਇੱਥੋਂ ਦੇ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਬਾਰੇ ਬਹੁਤ ਸਾਰੀਆਂ ਨਸੀਹਤਾਂ/ਹਦਾਇਤਾਂ ਦਿੰਦੇ ਰਹਿੰਦੇ ਹਨ, ਪਰ ਕੇਂਦਰ ਸਰਕਾਰ ਆਪਣੀਆਂ ਖੇਤੀਬਾੜੀ ਨੀਤੀਆਂ ਰਾਹੀਂ ਆਪ ਹੀ ਇਸ ਦੇ ਉਲਟ ਚੱਲ ਰਹੀ ਹੈ। ਜੇ ਕੇਂਦਰ ਸਰਕਾਰ ਨੇ ਆਪਣੀਆਂ ਖੇਤੀਬਾੜੀ ਨੀਤੀਆਂ ਨੂੰ ਵੱਖ-ਵੱਖ ਖੇਤਰਾਂ ਦੇ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਕਿਸਾਨ-ਪੱਖੀ ਨਾ ਬਣਾਇਆ ਤਾਂ ਆਉਣ ਵਾਲੇ ਸਮੇਂ ਦੌਰਾਨ ਪੰਜਾਬ ਵਿਚ ਝੋਨੇ ਦੀ ਲਵਾਈ ਤਾਂ ਦੂਰ ਦੀ ਗੱਲ ਰਹੀ, ਇੱਥੋਂ ਦੇ ਕਿਸਾਨਾਂ ਨੂੰ ਪਾਣੀ ਦੀਆਂ ਘੱਟ ਲੋੜ ਵਾਲੀਆਂ ਫਸਲਾਂ ਲਈ ਪਾਣੀ ਨਹੀਂ ਮਿਲ ਸਕੇਗਾ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਲਗਾਤਾਰ ਤੇਜ਼ੀ ਨਾਲ ਡਿੱਗ ਰਿਹਾ ਪੱਧਰ ਅਜਿਹੀਆਂ ਨੀਤੀਆਂ ਦੀ ਮੰਗ ਕਰਦਾ ਹੈ, ਜਿਨ੍ਹਾਂ ਨਾਲ ਉਪਯੋਗੀ ਕਦਮ ਚੁੱਕੇ ਜਾਣ। ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਦੇ ਵਧੇਰੇ ਹੋਣ ਲਈ ਢੁਕਵੀਆਂ ਆਦਾਨ ਅਤੇ ਉਤਪਾਦ ਕੀਮਤਾਂ ਤੇ ਮੰਡੀਕਰਨ ਦੇ ਯਕੀਨੀ ਹੋਣ ਦੇ ਨਾਲ ਨਾਲ ਖੇਤੀਬਾੜੀ ਦਾ ਸਦਾ ਲਈ ਚੱਲਦਾ ਰਹਿਣਾ ਪੰਜਾਬ ਦੇ ਵਿਕਾਸ ਦਾ ਧੁਰਾ ਹੋਣਾ ਚਾਹੀਦਾ ਹੈ। ਪੰਜਾਬ ਵਿਚ ਫਸਲੀ-ਵਿਭਿੰਨਤਾ ਲਿਆਉਣ ਲਈ ਇੱਥੋਂ ਦੇ ਫਸਲਾਂ ਦੇ ਜੋੜ/ਫਸਲੀ-ਚੱਕਰ ਵਿਚ ਕਣਕ-ਝੋਨੇ ਦੀ ਬੀਜਾਈ/ਲਵਾਈ ਦੀ ਥਾਂ ਖੇਤੀਬਾੜੀ ਵਿਗਿਆਨੀਆਂ ਦੀ ਰਾਇ ਅਨੁਸਾਰ ਕਣਕ-ਮੱਕੀ, ਕਣਕ-ਨਰਮਾ/ਕਪਾਹ, ਕਣਕ-ਬਾਸਮਤੀ ਝੋਨਾ (ਬਾਸਮਤੀ ਝੋਨੇ ਲਈ ਝੋਨੇ ਦੀਆਂ ਪ੍ਰਚਲਤ ਕਿਸਮਾਂ ਨਾਲੋਂ ਸਿੰਚਾਈ ਦੀ ਲੋੜ ਕਿਤੇ ਘੱਟ ਅਤੇ ਪੰਜਾਬ ਖੇਤੀਬਾੜੀ-ਜਲਵਾਯੂ ਹਾਲਤਾਂ ਦੇ ਸਦਕਾ ਦੁਨੀਆਂ ਦਾ ਸਭ ਤੋਂ ਵਧੀਆ ਝੋਨਾ ਪੰਜਾਬ ਵਿਚ ਹੀ ਪੈਦਾ ਹੁੰਦਾ ਹੈ-ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦਾ ਇਕ ਖੋਜ ਅਧਿਐਨ) ਜਾਂ ਹੋਰ ਢੁਕਵੀਆਂ ਫਸਲਾਂ ਬੀਜਾਈਆਂ/ਲਵਾਈਆਂ ਜਾਣ। ਅਜਿਹਾ ਕਰਨ ਲਈ ਉਨ੍ਹਾਂ ਫਸਲਾਂ ਦੀਆਂ ਵਾਜਬ ਲਾਹੇਵੰਦ ਕੀਮਤਾਂ ਤੈਅ ਕਰਨੀਆਂ ਪੈਣਗੀਆਂ ਅਤੇ ਉਨ੍ਹਾਂ ਕੀਮਤਾਂ ਉੱਪਰ ਕੇਂਦਰ ਸਰਕਾਰ ਨੂੰ ਉਨ੍ਹਾਂ ਦੀ ਖਰੀਦਦਾਰੀ ਯਕੀਨੀ ਬਣਾਉਣੀ ਪਵੇਗੀ।

ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦਾ ਮੁੱਦਾ ਮੁਲਕ ਦੀ ਸੁਪਰੀਮ ਕੋਰਟ ਵਿਚ ਹੈ। ਸਮਾਂ ਬੀਤਣ ਨਾਲ ਦਰਿਆਵਾਂ ਵਿਚ ਪਾਣੀ ਘਟ ਗਿਆ ਹੈ। ਪੰਜਾਬ ਵਿਚ ਸਿਰਫ 27 ਫੀਸਦੀ ਰਕਬਾ ਹੀ ਨਹਿਰੀ ਪਾਣੀ ਨਾਲ ਸਿੰਜਿਆ ਜਾ ਰਿਹਾ ਹੈ ਅਤੇ ਬਾਕੀ ਦਾ 73 ਫੀਸਦੀ ਰਕਬਾ ਟਿਊਬਵੈੱਲਾਂ ਉੱਪਰ ਨਿਰਭਰ ਹੈ। ਦਰਿਆਈ ਪਾਣੀਆਂ ਸਬੰਧੀ ਪੰਜਾਬ ਨੂੰ ਇਨਸਾਫ ਦਿੱਤਾ ਜਾਵੇ। ਇਸ ਲਈ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਰਿਪੇਰੀਅਨ ਸਿਧਾਂਤ ਨੂੰ ਅਪਨਾਇਆ ਜਾਵੇ। ਸਾਰਾ ਸਾਲ ਚੱਲਣ ਵਾਲੇ ਦਰਿਆਵਾਂ ਅਤੇ ਬਾਰਿਸ਼ ਦੇ ਮੌਸਮ ਵਿਚ ਚੱਲਣ ਵਾਲੀਆਂ ਨਦੀਆਂ ਉੱਪਰ ਚੈੱਕ-ਡੈਮ ਬਣਾ ਕੇ ਹੜ੍ਹਾਂ ਤੋਂ ਛੁਟਕਾਰਾ ਦਿਵਾਇਆ ਅਤੇ ਇਸ ਪਾਣੀ ਨੂੰ ਨਹਿਰੀ ਸਿੰਚਾਈ ਪ੍ਰਬੰਧ ਨੂੰ ਸੁਧਾਰਨ ਲਈ ਸਰਕਾਰ ਨੂੰ ਲੋੜੀਂਦਾ ਨਿਵੇਸ਼ ਕਰਦੇ ਹੋਏ ਨਹਿਰੀ ਸਿੰਚਾਈ ਨੂੰ ਵਰਤਮਾਨ ਪੱਧਰ ਤੋਂ ਕਾਫੀ ਜ਼ਿਆਦਾ ਵਧਾਉਣ ਦੀ ਲੋੜ ਹੈ। ਪੰਜਾਬ ਵਿਚ ਟੋਭਿਆਂ/ਛੱਪੜਾਂ ਉੱਪਰ ਨਾਜਾਇਜ਼ ਕਬਜ਼ਿਆਂ ਨੂੰ ਹਟਾਇਆ ਅਤੇ ਉਨ੍ਹਾਂ ਦੀ ਸਾਲਾਨਾ ਸਫਾਈ ਯਕੀਨੀ ਬਣਾਈ ਜਾਵੇ। ਡਰੇਨਾਂ ਦੀ ਸਫਾਈ ਕੀਤੀ ਜਾਵੇ ਅਤੇ ਉਨ੍ਹਾਂ ਵਿਚ ਥੋੜ੍ਹੀ ਥੋੜ੍ਹੀ ਦੂਰੀ ਉੱਤੇ ਬੋਰ ਕੀਤੇ ਜਾਣ, ਜਿਸ ਨਾਲ ਵਾਧੂ ਪਾਣੀ ਧਰਤੀ ਵਿਚ ਰਿਸ ਸਕੇ। ਇਸ ਤੋਂ ਬਿਨਾ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਡਿੱਗਣ ਤੋਂ ਬਚਾਉਣ ਲਈ ਮੀਂਹ ਦਾ ਪਾਣੀ ਇਕੱਠਾ ਕੀਤਾ ਜਾਵੇ (ਰੇਨ-ਹਾਰਵੈਸਟਿੰਗ) ਅਤੇ ਪੁਰਾਣੇ ਅਤੇ ਨਵੇਂ ਖੂਹਾਂ ਦੀ ਵਰਤੋਂ ਕੀਤੀ ਜਾਵੇ।

ਸਿੰਚਾਈ ਵਾਲੇ ਪਾਣੀ ਦੀ ਸੁਚੱਜੀ ਵਰਤੋਂ ਦੇ ਸਬੰਧ ਵਿਚ ਨਿਮਨ ਕਿਸਾਨੀ ਅਤੇ ਭੂਮੀ-ਵਿਹੂਣੇ ਖੇਤ ਮਜ਼ਦੂਰਾਂ ਦੇ ਹੱਕ ਵਿਚ ਕੀਤੇ ਜਾਣ ਵਾਲੇ ਭੂਮੀ ਸੁਧਾਰ ਕਾਫੀ ਲਾਹੇਵੰਦ ਸਾਬਤ ਹੋ ਸਕਦੇ ਹਨ, ਕਿਉਂਕਿ ਨਿਮਨ ਕਿਸਾਨ ਆਪਣੇ ਖੇਤਾਂ ਵਿਚ ਬਹੁਤ ਛੋਟੇ ਕਿਆਰੇ ਬਣਾ ਕੇ ਪਾਣੀ ਦੀ ਸੁਚੱਜੀ ਵਰਤੋਂ ਕਰਦੇ ਹਨ। ਸਿੰਚਾਈ ਦੀਆਂ ਨਵੀਆਂ/ਕਿਫਾਇਤੀ ਤਕਨੀਕਾਂ/ਵਿਧੀਆਂ ਦੇ ਵਿਕਾਸ ਲਈ ਖੋਜ ਅਤੇ ਵਿਕਾਸ ਕਾਰਜਾਂ ਉੱਪਰ ਨਿਵੇਸ਼ ਨੂੰ ਵਧਾਇਆ ਜਾਵੇ ਅਤੇ ਇਨ੍ਹਾਂ ਤਕਨੀਕਾਂ/ਵਿਧੀਆਂ ਨੂੰ ਅਪਨਾਉਣ ਲਈ ਨਿਮਨ ਕਿਸਾਨਾਂ ਨੂੰ ਤਰਜੀਹੀ ਸਬਸਿਡੀਆਂ ਦਿੱਤੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਤੇਜ਼ੀ ਨਾਲ ਡਿੱਗਦੇ ਪੱਧਰ ਨੂੰ ਰੋਕਣ ਲਈ ਉਪਰੋਕਤ ਸੁਝਾਵਾਂ ਤੋਂ ਬਿਨਾ ਉਦਯੋਗਾਂ, ਸ਼ਹਿਰਾਂ ਅਤੇ ਪਿੰਡਾਂ ਵਿਚ ਪਾਣੀ ਦੀ ਨਾਜਾਇਜ਼ ਵਰਤੋਂ ਨੂੰ ਸਖਤੀ ਨਾਲ ਰੋਕਣ ਦੀ ਲੋੜ ਹੈ। ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ ਕਿ ਉਹ ਪਾਣੀ ਦੀ ਵਰਤੋਂ ਸਬੰਧੀ ਸੰਜਮੀ ਸੁਭਾਅ ਅਤੇ ਇਸ ਤਰ੍ਹਾਂ ਦੀ ਸੋਚ ਬਣਾਉਣ ਤਾਂ ਕਿ ਉਨ੍ਹਾਂ ਨੂੰ ਇਹ ਅਹਿਸਾਸ ਹੋਵੇ ਕਿ ਪਾਣੀ ਦੀ ਅਜਾਈਂ ਗੁਆਈ ਹੋਈ ਇਕ ਬੂੰਦ ਵੀ ਸਾਡੀ ਨਾ-ਮੁਆਫ ਕੀਤੀ ਜਾਣ ਵਾਲੀ ਗਲਤੀ ਹੈ, ਕਿਉਂਕਿ ਇਹ ਮਸਲਾ ਸਰਕਾਰੀ/ਸਮਾਜਿਕ ਜ਼ਿੰਮੇਵਾਰੀ ਦੇ ਨਾਲ ਨਾਲ ਵਿਅਕਤੀਗਤ ਕਿਰਦਾਰ ਅਤੇ ਇਤਿਹਾਸਕ ਭੂਮਿਕਾ ਦਾ ਵੀ ਹੈ। ਧਰਤੀ ਹੇਠਲੇ ਪਾਣੀ ਨੂੰ ਪੀਣਯੋਗ ਬਣਾਉਣ ਲਈ ਜ਼ਰੂਰੀ ਹੈ ਕਿ ਸਰਕਾਰ ਦੁਆਰਾ ਖੇਤੀਬਾੜੀ ਉਤਪਾਦਨ ਲਈ ਰਸਾਇਣਾਂ/ਜ਼ਹਿਰਾਂ ਦੀ ਵਰਤੋਂ ਨੂੰ ਸਖਤੀ ਨਾਲ ਨਿਯੰਤਰਣ ਕੀਤੇ ਜਾਣ ਦੇ ਨਾਲ ਨਾਲ ਕੁਦਰਤੀ ਖੇਤੀਬਾੜੀ ਦੇ ਵਿਕਾਸ ਲਈ ਖੋਜ ਅਤੇ ਵਿਕਾਸ ਕਾਰਜਾਂ ਲਈ ਲੋੜੀਂਦਾ ਵਿੱਤ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਉਦਯੋਗਾਂ, ਸ਼ਹਿਰਾਂ ਅਤੇ ਪਿੰਡਾਂ ਦੇ ਰਸਾਇਣਾਂ, ਧਾਤਾਂ, ਜ਼ਹਿਰਾਂ ਭਰਪੂਰ ਪਾਣੀ ਨੂੰ ਦਰਿਆਵਾਂ, ਨਦੀਆਂ, ਨਹਿਰਾਂ, ਡਰੇਨਾਂ, ਟੋਬਿਆਂ/ਛੱਪੜਾਂ ਆਦਿ ਵਿਚ ਪਾਉਣ ਨੂੰ ਸਖਤੀ ਨਾਲ ਰੋਕਣਾ ਪਵੇਗਾ।

---

****ਸਾਬਕਾ ਪ੍ਰੋਫੈਸਰ,***
***ਅਰਥ-ਵਿਗਿਆਨ ਵਿਭਾਗ,***
***ਪੰਜਾਬੀ ਯੂਨੀਵਰਸਿਟੀ, ਪਟਿਆਲਾ।***

# ਬੈਚ ਫੁੱਲ ਚੈਰੀ ਪਲੱਮ-ਮਾਨਸਿਕ ਬੇਵਸੀ

*(ਪਿਛਲੇ ਸਫੇ ਦੀ ਬਾਕੀ)*

ਪੈਗ ਹੈ, ਪਰ ਉਹ ਆਪਣੇ ਬਚਨਾਂ 'ਤੇ ਨਹੀਂ ਟਿਕਦੇ। ਕਈ ਮਹੀਨਾ ਦੋ ਮਹੀਨੇ ਛੱਡ ਵੀ ਦਿੰਦੇ ਹਨ, ਪਰ ਜਦੋਂ ਕਿਸੇ ਠੇਕੇ ਕੋਲੋਂ ਦੀ ਲੰਘਦੇ ਹਨ, ਜਾਂ ਲਾਲ ਪਰੀ ਦੀ ਬੋਤਲ ਪਈ ਦੇਖਦੇ ਹਨ ਤਾਂ ਉਨ੍ਹਾਂ ਦੇ ਸਬਰੋ-ਕਰਾਰ ਦਾ ਬੰਨ੍ਹ ਟੁੱਟ ਜਾਂਦਾ ਹੈ। ਇਕ ਵਾਰ ਪੀਣਾ ਸ਼ੁਰੂ ਕਰਨ ਤਾਂ ਫਿਰ ਉਹ ਹਫਤਾ ਦਸ ਦਿਨ ਪੀਂਦੇ ਹੀ ਰਹਿੰਦੇ ਹਨ। ਸਭ ਨਸ਼ਾ ਕਰਨ ਦੇ ਆਦੀ ਇਕ ਤਰ੍ਹਾਂ ਨਾਲ ਆਪਣੀ ਆਪਣੀ ਆਦਤ ਤੋਂ ਮਜ਼ਬੂਰ ਹੁੰਦੇ ਹਨ। ਉਹ ਜੋ ਵੀ ਸਮਝਦੇ, ਕਰਦੇ ਜਾਂ ਕਹਿੰਦੇ ਹਨ, ਉਹ ਉਨ੍ਹਾਂ ਦੇ ਮਨ ਦੀ ਭਾਸ਼ਾ ਹੁੰਦੀ ਹੈ। ਬੈਚ ਪ੍ਰਣਾਲੀ ਵਿਚ ਉਨ੍ਹਾਂ ਦੇ ਮਨ ਦੀ ਬੋਲੀ ਸਮਝ ਕੇ ਹੀ ਉਨ੍ਹਾਂ ਦੀ ਦਵਾਈ ਨਿਸ਼ਚਿਤ ਕੀਤੀ ਜਾਂਦੀ ਹੈ। ਇਨ੍ਹਾਂ ਵਿਚੋਂ ਚੈਰੀ ਪਲੱਮ ਸਿਰਫ ਉਸ ਕਿਸਮ ਦੇ ਨਸ਼ੱਈਆਂ ਨੂੰ ਠੀਕ ਕਰਦੀ ਹੈ, ਜਿਨ੍ਹਾਂ ਦਾ ਮਨ ਸ਼ਰਾਬ ਦੀ ਬੋਤਲ ਦੇਖਦਿਆਂ ਬੇਕਾਬੂ ਹੋ ਜਾਂਦਾ ਹੈ।

ਇਹ ਦਵਾਈ ਨਸ਼ੇੜੀਆਂ ਦੀ ਬੇਲਗਾਮ ਤਲਬ ਨੂੰ ਦੂਰ ਕਰਕੇ ਉਨ੍ਹਾਂ ਦੇ ਮਨ ਦੀ ਤਿਲਕਣੀ ਧਰਾਤਲ 'ਤੇ ਚੱਟਾਨ ਵਾਂਗ ਖੜ੍ਹੀ ਹੋ ਜਾਂਦੀ ਹੈ ਤੇ ਉਨ੍ਹਾਂ ਨੂੰ ਡਿਗਣ ਤੋਂ ਰੋਕਦੀ ਹੈ। ਇਹ ਉਨ੍ਹਾਂ ਦੇ ਹਾਰਮੋਨਿਕ ਤਵਾਜ਼ਨ ਨੂੰ ਸਹੀ ਕਰਦੀ ਹੈ, ਜਿਸ ਨਾਲ ਉਨ੍ਹਾਂ ਦੀਆਂ ਆਦਤਨ ਮਜ਼ਬੂਰੀਆਂ ਕਮਜ਼ੋਰ ਹੋ ਜਾਂਦੀਆਂ ਹਨ। ਚੈਰੀ ਪਲੱਮ ਦੀਆਂ ਸਵੇਰ ਸ਼ਾਮ ਦੋ ਖੁਰਾਕਾਂ ਤੇ ਨਸ਼ੇ ਦੀ ਤੋੜ ਵੇਲੇ ਦੋ ਹੋਰ ਖੁਰਾਕਾਂ ਕੁਝ ਮਹੀਨੇ ਦੇਣ ਨਾਲ ਉਹ ਆਪਣੀ ਇਸ ਆਦਤ ਤੋਂ ਸਦਾ ਲਈ ਨਵਿਰਤ ਹੋ ਜਾਣਗੇ। ਡਾ. ਕ੍ਰਿਸ਼ਨਾਮੂਰਤੀ ਅਨੁਸਾਰ ਇਹੀ ਲੋਕ ਠੀਕ ਹੋ ਕੇ ਫਿਰ ਟਾਈਪ ਜਾਂ ਸੰਗੀਤਕ ਸਾਜਾਂ ਵਿਚ ਦਿਲਚਸਪੀ ਲੈਣ ਲੱਗ ਪੈਣਗੇ, ਕਿਉਂਕਿ ਇਨ੍ਹਾਂ ਦੇ ਹੱਥਾਂ ਦੀਆਂ ਉਂਗਲੀਆਂ ਹੁਣ ਨਸ਼ਾ ਤਿਆਰ ਕਰਨ ਦੀਆਂ ਨੈਗੇਟਿਵ ਹਰਕਤਾਂ ਤੋਂ ਮੁਕਤ ਹੋ ਕੇ ਸੰਗੀਤ ਵਾਦਨ ਦਾ ਅਨੰਦਮਈ ਕਾਰਜ ਕਰਨਾ ਸ਼ੁਰੂ ਕਰ ਦੇਣਗੀਆਂ।

# ਪੂਣੀ ਪੂਣੀ ਹੋ ਕੇ ਨੀ ਮੇਰੀ ਜਿੰਦ ਕੱਤੀਦੀ ਜਾਵੇ

13 ਮਾਰਚ 2021 ਨੂੰ ਮੇਰੀ ਮਾਂ ਨੂੰ ਅਕਾਲ ਚਲਾਣਾਂ ਕੀਤਿਆਂ ਪੂਰੇ ਪੰਦਰਾਂ ਸਾਲ ਬੀਤ ਜਾਣੇ ਹਨ। ਕਈ ਵਾਰ ਇੰਜ ਲੱਗਦਾ ਹੈ ਕਿ ਮਾਂ ਨੂੰ ਵਿਛੜਿਆਂ ਯੁੱਗ ਬੀਤ ਗਏ ਅਤੇ ਕਈ ਵਾਰ ਇੰਜ ਜਾਪਦਾ ਹੈ, ਜਿਵੇਂ ਕੱਲ੍ਹ ਦੀ ਗੱਲ ਹੋਵੇ! ਦਿਨਾਂ ਨੇ ਲੰਘਦੇ ਜਾਣਾ ਹੈ, ਪਰ ਮੇਰੀ ਮਾਂ ਦੀ ਯਾਦ ਮੇਰੇ ਮਨ 'ਤੇ ਉਵੇਂ ਹੀ ਤਾਜ਼ਾ ਹੈ, ਜਿਵੇਂ ਪਹਿਲਾਂ ਸੀ। ਕਦੇ-ਕਦੇ ਮੈਨੂੰ ਗੁਰਦਾਸ ਮਾਨ ਦਾ ਗੀਤ ਬੜਾ ਚੇਤੇ ਆਉਂਦਾ ਹੈ, "ਪੀਤ ਪ੍ਰਾਹੁਣੀ, ਨ੍ਹਾ-ਧੋ ਕੇ

ਸ਼ਿਵਚਰਨ ਜੱਗੀ ਕੁੱਸਾ
jaggikussa@yahoo.de

ਜਦ, ਗ਼ਮ ਦੀ ਚਰਖੀ ਡਾਹਵੇ, ਪੂਣੀ ਪੂਣੀ ਹੋ ਕੇ ਨੀ ਮੇਰੀ ਜਿੰਦ ਕੱਤੀਦੀ ਜਾਵੇ...!" ਇਸ ਫ਼ਾਨੀ ਜੱਗ ਤੋਂ ਤੁਰ ਹਰ ਇਕ ਨੇ ਜਾਣਾ ਹੈ। ਪਰ ਜਾਣ ਵਾਲ਼ੇ ਦੀਆਂ ਯਾਦਾਂ ਤੁਹਾਨੂੰ ਕਦਾਚਿਤ ਨਹੀਂ ਭੁੱਲਦੀਆਂ। ਅਤੇ ਉਹ ਵੀ, ਜਦ ਤੁਹਾਡਾ ਜਾਣ ਵਾਲ਼ਾ ਅੰਤ ਦਾ ਨਜ਼ਦੀਕੀ ਹੋਵੇ! ਮਾਂ ਦੀ ਆਉਣ ਵਾਲੀ ਬਰਸੀ ਬਾਰੇ ਸੋਚਦਿਆਂ-ਸੋਚਦਿਆਂ ਕੁਝ ਯਾਦਾਂ ਤਾਜ਼ੀਆਂ ਹੋਈਆਂ, ਜੋ ਮੈਂ ਆਪਣੇ ਪਾਠਕਾਂ ਦੇ ਨਾਲ ਸਾਂਝੀਆਂ ਕਰ ਰਿਹਾ ਹਾਂ।

ਉਦੋਂ ਮੈਂ ਸ਼ਾਇਦ ਦਸਵੀਂ ਵਿਚ ਪੜ੍ਹਦਾ ਹੁੰਦਾ ਸੀ। ਸਾਡੇ ਮੋਗੇ ਏਰੀਏ ਵਿਚ 'ਪੰਜਾਬ ਸਟੂਡੈਂਟਸ ਯੂਨੀਅਨ' ਦਾ ਬੜਾ ਬੋਲਬਾਲਾ ਅਤੇ ਜ਼ੋਰ ਹੁੰਦਾ ਸੀ। ਕੁਝ ਕਾਲਜ ਪੜ੍ਹਦੇ ਵਿਦਿਆਰਥੀ ਸਾਡੀ ਡਿਊਟੀ ਕੰਧਾਂ 'ਤੇ ਕੁਝ ਇਸ਼ਤਿਹਾਰ ਲਾਉਣ ਦੀ ਲਾ ਦਿੰਦੇ। ਜਿਸ ਨੂੰ ਮੈਂ ਅਤੇ ਮੇਰਾ ਦੋਸਤ 'ਤਾਰ' ਬੜੇ ਚਾਅ ਨਾਲ ਨਿਭਾਉਂਦੇ। ਅਸੀਂ ਉਹ ਇਸ਼ਤਿਹਾਰ ਪਿੰਡ ਦੇ ਸਕੂਲ, ਧਰਮਸ਼ਾਲਾ ਦੀਆਂ ਕੰਧਾਂ 'ਤੇ ਲੇਵੀ ਨਾਲ ਲਾ ਆਉਂਦੇ। ਇਨ੍ਹਾਂ ਇਸ਼ਤਿਹਾਰਾਂ ਦਾ ਉਦੋਂ ਗੌਰਮਿੰਟ ਵੱਲੋਂ ਬਹੁਤ ਵਿਰੋਧ ਕੀਤਾ ਜਾਂਦਾ ਸੀ ਅਤੇ ਇਹ ਇਸ਼ਤਿਹਾਰ ਲਾਉਣ ਵਾਲ਼ੇ ਨੂੰ ਪੁਲੀਸ ਵੀ ਫੜ ਕੇ ਲਿਜਾ ਸਕਦੀ ਸੀ ਅਤੇ ਕੋਈ ਕੇਸ ਵੀ ਪਾ ਸਕਦੀ ਸੀ। ਚੜ੍ਹਦੀ ਜੁਆਨੀ 'ਚ ਨਾ ਤਾਂ ਘਰ ਦੀ ਕੋਈ ਜ਼ਿੰਮੇਵਾਰੀ ਸਿਰ 'ਤੇ ਸੀ ਅਤੇ ਨਾ ਹੀ ਕਿਸੇ ਕਬੀਲਦਾਰੀ ਦਾ ਫ਼ਿਕਰ ਫ਼ਾਕਾ! ਜਿਸ ਕਰਕੇ ਆਯਾਸ਼ ਦਿਮਾਗ ਹਰ ਪੱਖੋਂ ਬੇਪ੍ਰਵਾਹ ਅਤੇ ਬੇਫ਼ਿਕਰ ਸੀ। ਇਹ ਇਸ਼ਤਿਹਾਰ ਸਾਨੂੰ ਆਮ ਲੋਕਾਂ ਤੋਂ ਚੋਰੀ ਸਵੇਰ ਦੇ ਦੋ-ਤਿੰਨ ਵਜੇ 'ਗੁਪਤ' ਲਾਉਣ ਦਾ ਹੁਕਮ ਸੀ, ਤਾਂ ਕਿ ਕੋਈ ਪੁਲੀਸ ਕੋਲ਼ ਚੁਗਲੀ ਨਾ ਕਰ ਦੇਵੇ!

ਇੱਕ ਰਾਤ ਸਵੇਰੇ ਦੇ ਤਿੰਨ ਕੁ ਵਜੇ ਅਸੀਂ ਸਕੂਲ ਦੀਆਂ ਕੰਧਾਂ 'ਤੇ ਇਸ਼ਤਿਹਾਰ ਲਾ ਕੇ ਆ ਰਹੇ ਸੀ। ਗੂੜ੍ਹੀ ਰਾਤ ਦਾ ਹਨ੍ਹੇਰਾ ਕਾਫ਼ੀ ਸੰਘਣਾਂ ਸੀ। ਜਦ ਅਸੀਂ ਸੱਜਣ ਬੱਕਰੀਆਂ ਵਾਲ਼ੇ ਦੇ ਵਾੜੇ ਕੋਲ਼ ਆਏ ਤਾਂ ਸਾਨੂੰ ਸੁੰਨੇ ਪਏ ਰਾਹ ਦੇ ਐਨ੍ਹ ਵਿਚਕਾਰ ਕੋਈ ਲਾਵਾਰਿਸ 'ਸਮਾਨ' ਜਿਹਾ ਪਿਆ ਨਜ਼ਰ ਆਇਆ। ਉਦੋਂ ਅਜੇ ਸਾਡੇ ਪਿੰਡ ਸਿਰਫ਼ ਇਕ ਹੀ ਸੜਕ ਬਣੀ ਸੀ। ਬਾਕੀ ਰਾਹ ਅਜੇ ਕੱਚੇ ਹੀ ਸਨ।

"ਉਏ ਤਾਰ..! ਔਹ ਕੀ ਪਿਐ...?" ਮੈਂ ਹੈਰਾਨ ਹੋ ਕੇ ਰਾਹ 'ਤੇ ਪਏ ਸਮਾਨ ਵੱਲ ਦੇਖਦਿਆਂ ਆਪਣੇ ਬੇਲੀ ਤਾਰ ਨੂੰ ਪੁੱਛਿਆ। ਤਾਰ ਦੇ ਸਾਡੇ ਪਿੰਡ ਨਾਨਕੇ ਹਨ ਅਤੇ ਉਹ ਆਮ ਤੌਰ 'ਤੇ ਸਾਡੇ ਪਿੰਡ ਹੀ ਪਲਿਆ ਅਤੇ ਵੱਡਾ ਹੋਇਆ ਸੀ। ਸਾਡੀ ਯਾਰੀ ਜਿੰਨੀ ਉਸ ਟਾਈਮ ਸੀ, ਉਤਨੀ ਹੀ ਅੱਜ ਹੈ! ਅੱਜ ਕੱਲ੍ਹ ਉਹ ਇਟਲੀ ਵਿਚ ਹੈ ਅਤੇ ਅਵਤਾਰ ਸਿੰਘ ਸਿੱਧੂ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ।

"ਕਿਸੇ ਦੇ ਸਮਾਨ ਦੀ ਕੋਈ ਗੰਢ ਡਿੱਗ ਪਈ ਲੱਗਦੀ ਐ...!" ਤਾਰ ਨੇ ਵੀ ਨੇੜੇ ਹੁੰਦਿਆਂ ਅੱਖਾਂ ਦੀ ਸ਼ਿਸ਼ਤ ਬੰਨ੍ਹਦਿਆਂ ਕਿਹਾ।

ਜਦ ਅਸੀਂ ਸਮਾਨ ਦੇ ਕੁਝ ਨੇੜੇ ਹੋਏ ਤਾਂ ਡਿੱਗੇ ਪਏ ਸਮਾਨ ਵਿਚੋਂ ਕੁਝ ਹਿਲਿਆ ਤਾਂ ਟਿਕੀ ਕਾਲ਼ੀ ਸਿਆਹ ਰਾਤ ਵਿਚ ਡਰ ਨਾਲ ਸਾਡਾ ਤ੍ਰਾਹ ਨਿਕਲ ਗਿਆ ਅਤੇ ਅਸੀਂ ਸਹਿਮ ਕੇ ਕਰਮ ਪਿੱਛੇ ਹਟ ਗਏ।

"ਇਹ ਕੀ ਹੋਇਆ...?" ਸਾਡੇ ਘਤਿੱਤੀ ਦਿਮਾਗ ਮੈਦਾਨ ਛੱਡਣ ਦੇ ਹੱਕ ਵਿਚ ਨਹੀਂ ਸਨ।

"ਠਹਿਰ ਜਾਹ..! ਮੈਂ ਛੱਪੜ ਕੋਲ਼ੋਂ ਅੱਕ ਦਾ ਡੰਡਾ ਤੋੜ ਕੇ ਲਿਆਉਨੈਂ ਤੇ ਫੇਰ ਇਹਨੂੰ ਹਿਲਾ ਕੇ ਦੇਖਦੇ ਐਂ..!"

ਜਦ ਮੈਂ ਰਾਈਆਂ ਦੇ ਛੱਪੜ ਕੋਲ਼ੋਂ ਅੱਕ ਦਾ ਡੰਡਾ ਤੋੜ ਕੇ ਲਿਆਇਆ ਤਾਂ ਡੰਡੇ ਦੇ ਆਸਰੇ ਅਸੀਂ ਸ਼ੇਰ ਬਣ ਗਏ। ਅੱਕ ਦੇ ਡੰਡੇ ਨੂੰ ਹੁਣ ਅਸੀਂ 'ਅਸਾਲਟ' ਸਮਝ ਨਿੱਡਰ ਹੋ ਗਏ। ਜਦ ਮੈਂ ਅੱਕ ਦੇ ਡੰਡੇ ਨਾਲ ਸਮਾਨ ਕੋਲ਼ ਹੋਇਆ ਤਾਂ ਸਮਾਨ ਵਿਚੋਂ ਅੱਗੇ ਵਾਂਗ ਫਿਰ 'ਕੁਝ' ਹਿੱਲਿਆ। ਡਰ ਤਾਂ ਸਾਨੂੰ ਫਿਰ ਵੀ ਲੱਗਿਆ। ਦਿਲ ਧੜਕੇ। ਪਰ ਡੰਡੇ ਦੇ ਹੌਸਲੇ ਨਾਲ ਮੈਂ ਸਮਾਨ ਨੂੰ ਜ਼ੋਰ ਨਾਲ ਹਿਲਾਇਆ। ਕਿਸੇ ਦਾ 'ਟੂਣਾਂ' ਕੀਤਾ ਹੋਇਆ ਸੀ। ਟੂਣੇ 'ਤੇ ਇਕ ਕਾਲ਼ਾ ਕੁੱਕੜ ਲੱਤਾਂ, ਖੰਭ ਅਤੇ ਚੁੰਝ ਬੰਨ੍ਹ ਕੇ ਰਾਹ 'ਤੇ ਰੱਖਿਆ ਹੋਇਆ ਸੀ। ਉਸ ਦੇ ਪਾਸੇ ਪੰਜ ਚਿੱਟੇ ਆਂਡੇ ਪਏ ਸਨ ਅਤੇ ਸੰਧੂਰ ਅਤੇ ਹੋਰ ਨਿੱਕ-ਸੁੱਕ ਰੱਖਿਆ ਹੋਇਆ ਸੀ।

"ਓਏ ਬਾਹਲਾ ਦੱਬ ਕੇ ਨਾ ਫਰੋਲ..! ਆਂਡੇ ਟੁੱਟ ਜਾਣਗੇ..!" ਤਾਰ ਨੇ ਮੈਨੂੰ ਦੱਬਵੇਂ ਬੋਲਾਂ ਨਾਲ ਤਾੜਨਾ ਜਿਹੀ ਕੀਤੀ।

ਜ਼ਿਆਦਾ ਹੀ ਗਹੁ ਜਿਹੇ ਨਾਲ ਦੇਖਣ ਕਾਰਨ ਹੁਣ ਸਾਨੂੰ ਹਨ੍ਹੇਰੇ ਵਿਚ ਵੀ ਤਕਰੀਬਨ ਹਰ ਚੀਜ਼ ਸਾਫ਼ ਦਿਸ ਰਹੀ ਸੀ।

ਪੰਜ ਚਿੱਟੇ ਆਂਡੇ ਚੁੱਕ ਕੇ ਤਾਰ ਨੇ ਲੰਮੇ ਕੁੜਤੇ ਦੇ ਗੀਝੇ ਵਿਚ ਪਾ ਲਏ ਅਤੇ ਮੈਂ ਕੁੱਕੜ ਚੁੱਕ ਕੇ ਕੱਛ ਵਿਚ ਦੇ ਲਿਆ। ਕੁੱਕੜ ਦੀ ਚੁੰਝ ਅਸੀਂ ਉਸੀ ਤਰ੍ਹਾਂ ਹੀ ਬੱਝੀ ਰਹਿਣ ਦਿੱਤੀ। ਸੋਚਿਆ ਕਿ ਜੇ ਇਸ ਦੀ ਚੁੰਝ ਖੋਲ੍ਹ ਦਿੱਤੀ ਤਾਂ ਇਹ ਟਿਕੀ ਰਾਤ ਵਿਚ ਰੌਲ਼ਾ ਪਾਵੇਗਾ। ਹੁਣ ਸਾਡੇ ਅੱਗੇ ਇਕ ਹੋਰ ਔਕੜ ਸੀ ਕਿ ਆਂਡੇ ਤਾਂ ਬੋਲਦੇ ਨਹੀਂ, ਛੁਪਾ ਲਏ ਜਾਣਗੇ। ਪਰ ਕੁੱਕੜ ਨੂੰ ਕਿੱਥੇ ਰੱਖਾਂਗੇ...? ਨਾ ਤਾਂ ਕੁੱਕੜ ਸਾਡੇ ਰੱਖੇ ਹੋਏ ਸਨ ਅਤੇ ਨਾ ਹੀ ਤਾਰ ਕੇ। ਸਾਡੇ ਦੋਵਾਂ ਦੇ ਪ੍ਰੀਵਾਰ, ਮੱਧ-ਵਰਗੀ ਕਿਸਾਨ ਪ੍ਰੀਵਾਰ ਸਨ।

ਟੂਣੇ ਵਾਲ਼ਾ ਕੁੱਕੜ ਸਾਡੇ ਲਈ ਇਕ ਤਰ੍ਹਾਂ ਨਾਲ 'ਨਜਾਇਜ਼ ਹਥਿਆਰ' ਬਣਿਆ ਹੋਇਆ ਸੀ। ਜੱਕਾਂ-ਤੱਕਾਂ ਕਰਦਿਆਂ ਅਸੀਂ ਸਵੇਰ ਕਰ ਦਿੱਤੀ ਅਤੇ ਸਾਡੇ ਗੁਆਂਢੀ ਚਰਨੇ ਦੇ ਘਰ ਚਲੇ ਗਏ। ਚਰਨੇ ਕਾ ਖੁੱਲ੍ਹਾ ਡੁੱਲ੍ਹਾ ਪੇਂਡੂ ਘਰ ਸੀ ਅਤੇ ਉਸ ਨੇ ਛੇ-ਸੱਤ ਕੁਕੜੀਆਂ ਅਤੇ ਦੋ ਕੁ ਕੁੱਕੜ ਰੱਖੇ ਹੋਏ ਸਨ। ਅਸੀਂ ਸਾਰੀ ਗੱਲ ਉਸ ਨੂੰ ਜਾ ਦੱਸੀ ਅਤੇ ਚੁੰਝ ਖੋਲ੍ਹ ਕੇ ਕੁੱਕੜ ਉਸ ਦੇ ਖੁੱਡੇ ਵੜਦਾ ਕਰ ਦਿੱਤਾ ਅਤੇ ਤਾਰ ਦੇ ਨਾਨਕਿਆਂ ਦੇ ਘਰ ਆ ਗਏ।

ਤਾਰ ਦੀ ਮਾਮੀ ਬਾਹਰਲੇ ਘਰੇ ਗੋਹਾ-ਕੂੜਾ ਕਰ ਰਹੀ ਸੀ। ਉਸ ਦੀ ਗ਼ੈਰਹਾਜ਼ਰੀ ਦਾ ਲਾਭ ਉਠਾਉਂਦਿਆਂ ਹੋਇਆਂ ਨੇ ਅਸੀਂ ਪੰਜੇ ਆਂਡੇ ਤੜਕ ਲਏ ਅਤੇ ਖਾ ਕੇ ਫ਼ੁਰਤੀ ਨਾਲ ਉਥੋਂ ਨਿਕਲਣ ਦੀ ਕੀਤੀ। ਮੁਸ਼ਕਿਲ ਇਹ ਸੀ ਕਿ ਨਾ ਤਾਂ ਤਾਰ ਦੇ ਪਰਿਵਾਰ ਦਾ ਕੋਈ ਜੀਅ ਆਂਡਾ-ਮੀਟ ਖਾਂਦਾ ਸੀ ਅਤੇ ਨਾ ਹੀ ਸਾਡਾ! ਜਦ ਤਾਰ ਦੀ ਮਾਮੀ ਗੋਹੇ-ਕੂੜੇ ਤੋਂ ਵਿਹਲੀ ਹੋ ਕੇ ਭਾਂਡੇ ਧੋਣ ਲੱਗੀ ਤਾਂ ਉਸ ਨੂੰ ਸਾਡੇ ਕੂਕਿਆਂ ਦੇ ਡੋਲ ਵਾਂਗ ਮਾਂਜੇ ਪਤੀਲੇ ਵਿਚੋਂ ਵੀ ਆਂਡੇ ਬਣਾਇਆਂ ਦਾ ਪਤਾ ਚੱਲ ਗਿਆ ਅਤੇ ਉਸ ਨੇ ਰੌਲ਼ਾ ਪਾ ਕੇ ਘੜਥੱਲੀ ਸਿਰ 'ਤੇ ਚੁੱਕ ਲਈ। ਉਨ੍ਹਾਂ ਦੇ 'ਵੈਸ਼ਨੂੰ' ਚੁੱਲ੍ਹੇ 'ਤੇ ਅਸੀਂ ਆਂਡੇ ਜੁ ਤੜਕ ਲਏ ਸਨ ਅਤੇ ਉਨ੍ਹਾਂ ਦਾ ਚੁੱਲ੍ਹਾ 'ਭ੍ਰਿਸ਼ਟਿਆ' ਗਿਆ ਸੀ। ਕੁਦਰਤੀਂ ਤਾਰ ਦੇ ਬੀਜੀ ਵੀ ਪੇਕੀਂ ਆਏ ਹੋਏ ਸਨ। ਜਦ ਤਾਰ ਦੀ ਮਾਮੀ ਨੇ ਉਸ ਨੂੰ ਦੂਜੇ ਘਰੋਂ ਬੁਲਾਇਆ ਤਾਂ ਤਾਰ ਦੇ ਬੀਜੀ ਨੇ ਸਾਨੂੰ ਲੱਭਣਾ ਸ਼ੁਰੂ ਕਰ ਦਿੱਤਾ। ਅਸੀਂ ਕੁੱਕੜ ਨੂੰ ਕਿਸੇ ਪਾਸੇ ਲਾਉਣ ਦੀਆਂ ਸਕੀਮਾਂ ਵਿਚ ਰੁੱਝੇ ਹੋਏ ਸਾਂ। ਨਾ ਤਾਂ ਕੁੱਕੜ ਨੂੰ ਵੱਢਣ ਦੇ ਹੱਕ ਵਿਚ ਤਾਰ ਸੀ ਅਤੇ ਨਾ ਹੀ ਮੈਂ! ਹਾਲਾਂ ਕਿ ਚਰਨੇ ਨੇ ਸਾਨੂੰ ਕਿਹਾ ਸੀ ਕਿ ਇਸ ਨੂੰ ਵੱਢ ਕੇ ਬਣਾ ਲੈਂਦੇ ਹਾਂ ਅਤੇ ਬਣਿਆਂ-ਬਣਾਇਆ ਕੁੱਕੜ ਸਾਰੇ ਹੀ ਵੰਡ ਲਵਾਂਗੇ। ਮਾਰਨ ਦੇ ਹੱਕ ਵਿਚ ਸਾਡੇ ਵਿਚੋਂ ਕੋਈ ਵੀ ਨਹੀਂ ਸੀ। ਅਸੀਂ ਚਰਨੇ ਨੂੰ ਇਨਾ ਹੀ ਕਿਹਾ ਕਿ ਅਸੀਂ ਇਹਦਾ ਪ੍ਰਬੰਧ ਕਰਕੇ ਆਉਂਦੇ ਹਾਂ ਅਤੇ ਸਾਡੇ ਆਉਣ ਤੱਕ ਇਸ ਨੂੰ ਵੱਢਿਆ ਨਾ ਜਾਵੇ। ਉਸ ਨੇ ਸਾਡੀ ਗੱਲ ਮੰਨ ਲਈ ਅਤੇ ਅਸੀਂ ਮਜ਼ਬੀ ਸਿੱਖਾਂ ਦੇ ਵਿਹੜੇ ਨੂੰ ਤੁਰ ਗਏ।

ਦੁਪਿਹਰ ਤੋਂ ਪਹਿਲਾਂ ਪਹਿਲਾਂ ਅਸੀਂ ਵਿਹੜੇ ਵਾਲ਼ੇ 'ਬਾਗੀ' ਨਾਲ ਕੁੱਕੜ ਦਾ ਮੁੱਲ ਤੋੜ ਲਿਆ। ਉਸ ਨੇ ਸਾਡਾ 'ਟੂਣੇ' ਵਾਲ਼ਾ ਕੁੱਕੜ ਪੈਂਤੀ ਰੁਪਏ ਵਿਚ ਖ਼ਰੀਦਣਾ ਪ੍ਰਵਾਨ ਕਰ ਲਿਆ। ਉਦੋਂ ਪੈਂਤੀ ਰੁਪਏ ਵੀ ਬਹੁਤ ਹੁੰਦੇ ਸਨ। ਤਖ਼ਤੂਪੁਰੇ ਦੇ ਮਾਘੀ ਮੇਲੇ ਵੇਲ਼ੇ ਸਾਨੂੰ ਦਸ ਰੁਪਏ ਮਿਲਦੇ ਹੁੰਦੇ ਸਨ ਅਤੇ ਦਸ ਰੁਪਏ ਨਾਲ 'ਧੰਨ-ਧੰਨ' ਹੋ ਜਾਂਦੀ ਸੀ। ਅਸੀਂ ਕੁੱਕੜ ਚੁੱਕ ਬਾਗੀਆਂ ਦੇ ਹਵਾਲੇ ਕਰ ਦਿੱਤਾ ਅਤੇ ਪੈਂਤੀ ਰੁਪਏ ਜੇਬ ਵਿਚ ਪਾ ਲਏ। ਜਦ ਅਸੀਂ ਘਰ ਪਹੁੰਚੇ ਤਾਂ ਤਾਰ ਦੇ ਬੀਜੀ, ਜੋ ਮੇਰੇ ਭੂਆ ਜੀ ਲੱਗਦੇ ਸਨ, ਮੇਰੀ ਮਾਂ ਕੋਲ਼ ਬੈਠੇ ਦੇਖ ਕੇ ਸਾਡੇ ਕਾਲਜੇ ਧੜਕੇ ਅਤੇ ਘਬਰਾਹਟ ਨਾਲ ਰੰਗ ਬੱਗੇ ਪੂਣੀ ਹੋ ਗਏ। ਜਦ ਮੈਂ ਅਤੇ ਤਾਰ ਪੁੱਠੇ ਪੈਰੀਂ ਵਾਪਸ ਭੱਜਣ ਲੱਗੇ ਤਾਂ ਭੂਆ ਜੀ ਦੇ ਮਿੱਠੇ ਬੋਲਾਂ ਨੇ ਸਾਨੂੰ ਬੰਨ੍ਹ ਮਾਰ ਲਿਆ, "ਆਜੋ ਪੁੱਤ, ਆਜੋ..! ਥੋਨੂੰ ਕੋਈ ਨੀ ਕੁਛ ਕਹਿੰਦਾ..!" ਭੂਆ ਦੇ ਸ਼ਾਂਤਮਈ ਬੋਲਾਂ ਨੇ ਸਾਡੀ ਧੜਕਦੀ ਕੌਡੀ ਸ਼ਾਂਤ ਕਰ ਦਿੱਤੀ ਅਤੇ ਅਸੀਂ ਸਾਊ ਜਿਹੇ ਬਣ ਕੇ ਭੂਆ ਜੀ ਦੇ ਮੰਜੇ ਕੋਲ਼ ਆ ਗਏ। ਸਾਡੇ ਮਨ ਦਾ ਡਰ ਇਕ ਇਹ ਹੀ ਸੀ ਕਿ ਸਾਨੂੰ ਕੁੱਕੜ ਕੱਛ



ਵਿਚ ਦੇਈ ਜਾਂਦਿਆਂ ਨੂੰ ਅੱਧੇ ਪਿੰਡ ਨੇ ਦੇਖਿਆ ਸੀ ਅਤੇ ਹੁਣ ਘਰਦਿਆਂ ਦੇ ਤਲੈਂਬੜਾਂ ਦਾ ਖ਼ੌਫ਼ ਸਾਡਾ ਕਾਲਜਾ ਕੱਢੀ ਜਾ ਰਿਹਾ ਸੀ।

"ਜਿਹੜੇ ਪੁੱਤ ਆਪਣੇ ਘਰੇ ਆਂਡੇ ਬਣਾਏ ਸੀ, ਉਹ ਤੁਸੀਂ ਕਿੱਥੋਂ ਲਿਆਏ...?" ਭੂਆ ਜੀ ਦਾ ਸਹਿਜ ਸੁਆਲ ਵੀ ਸਾਡੇ ਮੌਰਾਂ ਵਿਚ ਫ਼ੌਹੜੇ ਵਾਂਗ ਆ ਪਿਆ।

ਅਸੀਂ ਚੁੱਪ ਸੀ। ਕੀ ਉੱਤਰ ਦਿੰਦੇ...? ਜੇ ਟੂਣੇ ਦਾ ਜ਼ਿਕਰ ਕਰਦੇ ਸੀ ਤਾਂ ਸ਼ਾਮਤ ਆਉਣੀ ਲਾਜ਼ਮੀ ਸੀ ਅਤੇ ਸਾਡੇ ਮੋਛੇ ਪੈ ਜਾਣੇ ਸਨ। ਪੁਰਾਣੇ ਖ਼ਿਆਲਾਂ ਅਨੁਸਾਰ ਟੂਣਾਂ ਟੱਪ ਕੇ ਕਿਸੇ 'ਬਲਾਅ' ਨੂੰ ਦਾਵਤ ਦੇਣੀ ਸੀ। ਪਰ ਅਸੀਂ ਤਾਂ ਟੂਣੇ ਦਾ 'ਚਕਰਚੂੰਢਾ' ਕਰ ਦਿੱਤਾ ਸੀ ਅਤੇ ਕੁੱਕੜ ਕੱਛ ਵਿਚ ਲੈ, ਬੜੀ ਸ਼ਾਨ ਨਾਲ ਸਾਰੇ ਪਿੰਡ ਵਿਚ ਘੁੰਮਦੇ ਰਹੇ ਸਾਂ! ਸਾਡਾ ਦਿਲ ਸੰਸੇ ਨਾਲ ਲੋਟ-ਪੋਟਣੀਆਂ ਖਾ ਰਿਹਾ ਸੀ।

"ਰਾਹ 'ਤੇ ਪਏ ਟੂਣੇ ਆਲ਼ੇ ਆਂਡੇ ਤੁਸੀਂ ਚੱਕੇ ਐ..?" ਮੇਰੀ ਮਾਂ ਦੇ ਅਗਲੇ ਸੁਆਲ ਦਾ ਅਗਨ-ਬਾਣ ਸਿੱਧਾ ਸਾਡੇ ਸਿਰ 'ਚ ਆ ਵੱਜਿਆ।

ਅਸੀਂ ਡਰ ਕੇ ਇਕ ਦੂਜੇ ਵੱਲ ਝਾਕੇ। ਬਿਨਾਂ ਸ਼ੱਕ ਟੂਣੇ ਵਾਲੀ ਗੱਲ ਸਾਰੇ ਪਿੰਡ ਵਿਚ 'ਦੰਦ-ਕਥਾ' ਬਣੀ ਹੋਈ ਸੀ ਅਤੇ ਉਸ ਨੂੰ 'ਖੁਰਦ-ਬੁਰਦ' ਕਰਨ ਦੇ ਮੁੱਖ ਦੋਸ਼ੀ ਅਸੀਂ ਬਣੇ ਹੋਏ ਸਾਂ ਅਤੇ ਲੋਕ ਭਾਂਤ-ਭਾਂਤ ਦੀਆਂ ਭਿਆਨਕ ਗੱਲਾਂ ਕਰ ਕੇ ਸਾਡੇ ਘਰਦਿਆਂ ਦੇ ਹੌਲ ਪਾਈ ਜਾ ਰਹੇ ਸਨ। ਕੋਈ ਆਖ ਰਿਹਾ ਸੀ ਕਿ ਇਨ੍ਹਾਂ ਨੇ ਟੂਣੇ ਨੂੰ ਲੱਤਾਂ ਮਾਰੀਆਂ ਤੇ ਕੁੱਕੜ ਚੁੱਕਿਆ, ਆਂਡੇ ਖਾਧੇ, ਥੋਡੇ ਜੁਆਕ ਹੁਣ ਨਹੀਂ ਬਚਦੇ। ਪਰ ਸਾਨੂੰ ਸਭ ਤੋਂ ਵੱਧ ਘਰਦਿਆਂ ਦੇ ਗੁੱਸੇ ਦਾ 'ਹਊਆ' ਡਰਾਈ ਜਾ ਰਿਹਾ ਸੀ।

"ਤੇ ਖਾਧੇ ਵੀ ਭਾਬੀ ਇਨ੍ਹਾਂ ਨੇ ਈ ਐਂ...! ਨਿੱਜ ਨੂੰ ਜਾਣੇ ਕਿੱਡੇ ਬੇਡਰ ਐ..!" ਭੂਆ ਜੀ ਨੇ ਅਗਲੀ ਬਰਛੀ ਸਾਡੇ ਵੱਲ ਚਲਾਈ ਅਤੇ ਅਸੀਂ ਹੋਰ ਦਹਿਲ ਗਏ।

ਹੁਣ ਸਾਡੇ ਕੋਲ਼ ਇਕਬਾਲ ਕਰਨ ਤੋਂ ਇਲਾਵਾ ਕੋਈ ਰਾਹ ਨਹੀਂ ਸੀ।

ਅਸੀਂ ਮੰਨ ਗਏ ਕਿ ਟੂਣੇ ਦਾ ਮਲੀਆਮੇਟ ਵੀ ਅਸੀਂ ਕੀਤਾ ਸੀ ਅਤੇ ਆਂਡੇ ਵੀ ਅਸੀਂ ਹੀ ਚੁੱਕ ਕੇ ਖਾਧੇ ਸਨ।

"ਤੇ ਉਹ ਕੁੱਕੜ ਕਿੱਥੇ ਐ ਪੁੱਤ..?" ਸਾਡੇ ਇਕਬਾਲੀਆ ਬਿਆਨਾਂ 'ਤੇ ਭੂਆ ਜੀ ਵੀ ਕੁਝ ਸੁਲ੍ਹਾ ਵਿਚ ਆ ਗਏ।

"ਉਹ ਤਾਂ ਅਸੀਂ ਵੇਚ'ਤਾ..!"

"ਨ੍ਹੀ ਮੈਂ ਮਰਜਾਂ..! ਕਿੱਥੇ..? ਕੀਹਨੂੰ...?" ਪੁਲੀਸ ਰਿਮਾਂਡ ਵਾਲਿਆਂ ਵਾਂਗ ਸਾਡੇ ਵੱਲ ਸੁਆਲਾਂ ਦੀ ਬੁਛਾੜ ਆ ਰਹੀ ਸੀ।

"ਵਿਹੜੇ ਵਾਲ਼ੇ ਬਾਗੀਆਂ ਨੂੰ..!"

"ਕਿੰਨੇ ਦਾ...?"

"ਪੈਸੇ ਕਿੱਥੇ ਐ...?"

ਛਿੱਤਰ-ਪੌਲਾ ਹੋਣ ਤੋਂ ਪਹਿਲਾਂ ਹੀ ਮੈਂ ਗੀਝੇ ਵਿਚੋਂ ਕੱਢ ਕੇ ਪੈਂਤੀ ਰੁਪਏ ਭੂਆ ਜੀ ਦੇ ਹੱਥ 'ਤੇ ਰੱਖ ਦਿੱਤੇ।

"ਚਲੋ...! ਸਾਡੇ ਨਾਲ ਚੱਲੋ...!" ਮੇਰੀ ਮਾਂ ਨੇ ਸਾਨੂੰ ਅਤੀਅੰਤ ਤਲਖ਼ੀ ਨਾਲ ਕਿਹਾ।

"ਕਿੱਥੇ..?" ਸਾਹ ਸਾਡੇ ਸੰਘ ਅੰਦਰ ਹੀ ਅੜ ਗਿਆ।

"ਬਾਗੀਆਂ ਦੇ..! ਪੈਸੇ ਮੋੜ ਕੇ ਆਉਣੇ ਐਂ..! ਤੇ ਨਾਲ਼ੇ ਥੋਨੂੰ ਗੁਰਦੁਆਰੇ ਲੈ ਕੇ ਜਾਣੈਂ..! ਮੱਥਾ ਟਿਕਾਅ ਕੇ ਅਰਦਾਸ ਕਰਵਾਉਣੀ ਐਂ..!"

ਗੁਰਦੁਆਰੇ ਵਾਲੀ ਗੱਲ ਤਾਂ ਸਾਨੂੰ ਕੋਈ ਮਾੜੀ ਨਾ ਲੱਗੀ। ਪਰ ਪੈਸੇ ਵਾਪਸ ਕਰਨ ਵਾਲ਼ੀ ਗੱਲ ਨੇ ਸਾਡਾ ਲਹੂ ਪੀ ਲਿਆ।

ਸਾਡੀ ਦੁਚਿੱਤੀ ਜਿਹੀ ਦੇਖ ਕੇ ਮਾਂ ਨੇ ਮੇਰੀ ਡਰੂ ਰਗ ਫੜ ਲਈ।

"ਜੇ ਨਾ ਪੈਸੇ ਮੋੜੇ, ਮੈਂ ਤੇਰੇ ਪਿਉ ਨੂੰ ਦੱਸੂੰਗੀ...! ਫ਼ੇਰ੍ਹ ਕਿੰਨੇ ਚਾਂਭਲੇ ਐਂ ਨ੍ਹੀ..! ਅੱਜ ਭੰਨਾਉਣੀ ਐਂ ਥੋਡੇ ਪਾਸੇ..! ਥੋਨੂੰ ਕਿਸੇ ਦਾ ਡਰ-ਭਉ ਈ ਨ੍ਹੀ ਰਿਹਾ..!"

'ਪਿਉ' ਦੇ ਨਾਂ ਨੂੰ ਅਸੀਂ ਭੂਆ ਅਤੇ ਮਾਂ ਦੇ ਅੱਗੇ ਲੱਗ ਤੁਰੇ ਅਤੇ ਬਾਗੀਆਂ ਦੇ ਪੈਂਤੀ ਰੁਪਏ ਵਾਪਸ ਕਰ ਦਿੱਤੇ। ਪੈਸੇ ਵਾਪਸ ਕਰਦਿਆਂ ਸਾਡਾ ਦਿਲ ਘਟਦਾ ਸੀ। ਪਰ ਵੱਸ ਕੋਈ ਨਹੀਂ ਸੀ। ਸਭ ਤੋਂ ਵੱਡਾ ਡਰ ਸਾਨੂੰ ਬਾਪੂ ਜੀ ਦੀ 'ਡਾਂਗ' ਦਾ ਸੀ। ਬਾਪੂ ਕੁੱਟਣ ਲੱਗਿਆ ਭੋਰਾ ਕਿਰਕ ਨਹੀਂ ਕਰਦਾ ਸੀ, ਬੱਸ ਚਿੱਬ ਪਾ ਦਿੰਦਾ ਸੀ।

ਪੈਸੇ ਵਾਪਸ ਕਰਨ ਤੋਂ ਬਾਅਦ ਸਾਨੂੰ ਗੁਰਦੁਆਰੇ ਲਿਜਾਇਆ ਗਿਆ। ਮੱਥਾ ਟਿਕਾਅ ਕੇ ਗਿਆਨੀ ਜੀ ਤੋਂ ਅਰਦਾਸ ਵੀ ਕਰਵਾਈ ਅਤੇ ਅੱਗੇ ਵਾਸਤੇ ਸੁਮੱਤ ਬਖ਼ਸ਼ਣ ਲਈ ਗੁਰੂ

## ਬਰਸੀ 'ਤੇ ਵਿਸ਼ੇਸ਼

ਮਹਾਰਾਜ ਅੱਗੇ ਬੇਨਤੀ ਵੀ ਹੋਈ। ਮੱਥਾ ਟੇਕਣ ਤੋਂ ਬਾਅਦ ਅਸੀਂ ਘਰਾਨੀਂ ਦੇ ਕੇ ਫਿਰ ਬਾਗੀਆਂ ਕੋਲ਼ ਆ ਗਏ ਅਤੇ ਆਪਣੇ ਪੈਂਤੀ ਰੁਪਏ ਵਾਪਸ ਮੰਗਣ ਲੱਗੇ। ਸਾਡੀ ਹਿੰਡ ਜਿਹੀ ਦੇਖ ਕੇ ਬਾਗੀ ਬੋਲਿਆ, "ਚਲੋ, ਇਹ ਪੈਸੇ ਮੈਂ ਥੋਡੇ ਘਰਦਿਆਂ ਨੂੰ ਈ ਮੋੜੂੰਗਾ..!" ਉਸ ਦੀ ਗੱਲ ਸੁਣ ਕੇ ਸਾਡੇ ਫਿਰ ਹਰਾਸ ਮਾਰੇ ਗਏ ਅਤੇ ਦਿਲ ਦੇ ਕੁੱਤੇ 'ਫੇਲ੍ਹ' ਹੁੰਦੇ ਲੱਗੇ। ਗੱਲ ਹੱਥੋਂ ਨਿਕਲਦੀ ਦੇਖ ਕੇ ਮੈਂ ਬਾਗੀ ਨੂੰ ਸੰਬੋਧਨ ਹੋਇਆ, "ਤਾਇਆ ਜੀ, ਤੁਸੀਂ ਇਉਂ ਕਰੋ..! ਅੱਧੇ ਪੈਸੇ ਤੁਸੀਂ ਰੱਖ ਲਓ ਤੇ ਅੱਧੇ ਸਾਨੂੰ ਦੇ ਦਿਓ..!"

"ਚਲੋ ਮੈਂ ਥੋਨੂੰ ਪੰਦਰਾਂ ਰੁਪਈਏ ਦੇ ਦਿੰਨੈਂ, ਖ਼ੁਸ਼..?" ਤਾਏ ਨੇ ਵੀ ਸਾਨੂੰ ਬੇਵੱਸ ਜਿਹਾ ਦੇਖ ਕੇ ਪੈਂਤੜਾ ਮੱਲਿਆ।

"ਚਲੋ ਤੁਸੀਂ ਸੋਲਾਂ ਦੇ ਦਿਓ, ਅਸੀਂ ਅੱਠ-ਅੱਠ ਕਰਲਾਂਗੇ, ਤਾਇਆ ਜੀ..!" ਮੈਂ ਜਾਂਦੇ ਚੋਰ ਦੀ ਤੜਾਗੀ ਖਿੱਚਣ ਦੀ ਹੱਦ ਤੱਕ ਪਹੁੰਚ ਗਿਆ।

ਉਸ ਨੇ ਸਾਨੂੰ ਸੋਲਾਂ ਰੁਪਏ ਦੇ ਦਿੱਤੇ। ਅਸੀਂ ਹਾਰੇ ਹੋਏ ਜੁਆਰੀਏ ਵਾਂਗ ਮੂੰਹ ਜਿਹਾ ਲਟਕਾਈ ਵਾਪਸ ਆ ਗਏ।

"ਯਾਰ ਆਪਣਾ ਕੁੱਕੜ ਭੰਗ ਦੇ ਭਾੜੇ ਈ ਗਿਆ..! ਐਵੇਂ ਅੱਧੀ ਰਾਤ ਦੇ ਮੋਰ ਜੀ ਕਰਦੇ ਫਿਰਦੇ ਸੀ..!" ਤਾਰ ਨੇ ਆਖਿਆ।

"ਆਪਣਾ ਕੁੱਕੜ...?" ਮੈਂ ਵਿਅੰਗਮਈ ਹੱਸ ਪਿਆ, "ਕੁੱਕੜ ਕਿਹੜਾ ਆਪਣੇ ਬਾਪੂ ਆਲਾ ਸੀ..? ਚੱਲ ਛੱਡ ਤਾਰ..! ਆਪਾਂ ਕਿਹੜਾ ਮੰਡੀ ਤੋਂ ਲੈ ਕੇ ਆਏ ਸੀ..? ਟੂਣੇ ਆਲ਼ਿਆਂ ਦਾ ਕੁੱਕੜ, ਆਪਾਂ ਕਿਹੜਾ ਉਹਨੂੰ ਦਾਣਾਂ ਪਾਉਂਦੇ ਰਹੇ ਐਂ..? ਜਿੰਨੇ ਕੁ ਪੱਲੇ ਪਏ ਵਾਧੂ ਐ, ਅਗਲੇ ਹਫ਼ਤੇ ਫ਼ਿਲਮ ਦੇਖਾਂਗੇ..!" ਮੈਂ ਆਪਣੇ ਅਤੇ ਤਾਰ ਦੇ ਮਨ ਨੂੰ ਧਰਵਾਸ ਜਿਹਾ ਦੇਣ ਲਈ ਕਿਹਾ।

ਜਦ ਅਸੀਂ ਦੰਦੀਆਂ ਜਿਹੀਆਂ ਕੱਢਦੇ ਘਰੇ ਪਹੁੰਚੇ ਤਾਂ ਮਾਂ ਅਜੇ ਵੀ ਖਿਝੀ ਪਈ ਸੀ।

"ਲੈ ਅੱਜ ਤਾਂ ਥੋਡੀ ਜਾਨ ਗਈ, ਬਖ਼ਸ਼ੀ..! ਜੇ ਮੁੜ ਕੇ ਕਿਸੇ ਦਾ ਟੂਣਾਂ ਛੇੜਿਆ, ਸਿੱਧਾ ਤੇਰੇ ਪਿਉ ਨੂੰ ਦੱਸੂੰ..! ਉਹ ਤੋੜੂ ਤੇਰੀਆਂ ਪੱਸਲੀਆਂ..! ਕਿੰਨਾਂ ਫ਼ੇਰ੍ਹ ਮਸਤਿਐ ਇਹੇ..!" ਮਾਂ ਨੇ ਸਾਨੂੰ ਖ਼ਬਰਦਾਰ ਕੀਤਾ। ਪਰ ਅਗਲੇ ਹਫ਼ਤੇ ਫ਼ਿਲਮ ਦੇਖਣ ਦੇ ਚਾਅ ਨੇ ਸਾਨੂੰ ਪਈਆਂ ਗਾਲ਼ਾਂ ਦਾ ਅਹਿਸਾਸ ਭੁਲਾ ਦਿੱਤਾ।

ਮਾਂ ਦੀਆਂ ਅਜਿਹੀਆਂ ਪੁਰਾਣੀਆਂ ਯਾਦਾਂ ਉਸ ਦੀ ਬਰਸੀ ਦੇ ਨੇੜ-ਤੇੜ ਆ ਕੇ ਮੈਨੂੰ ਮੱਲੋਮੱਲੀ ਯਾਦ ਆ ਜਾਂਦੀਆਂ ਹਨ।

## ਉਠ ਨਾਰੀ ਹੰਭਲਾ ਮਾਰ

ਸਦੀਆਂ ਤੋਂ ਨਾਰੀ ਰਹੀ ਸ਼ਿਕਾਰ
ਉਠ ਨਾਰੀ ਹੁਣ ਹੰਭਲਾ ਮਾਰ
ਇਸ ਸਿਸਟਮ 'ਤੇ ਸੱਟ ਤੂੰ ਮਾਰ
ਆਪਣਾ ਅਕਸ਼ ਨਵਾਂ ਨਿਖਾਰ
ਉਠ ਨਾਰੀ ਹੁਣ ਹੰਭਲਾ...।

ਤੂੰ ਸਹਿਕ ਸਹਿਕ ਜੀਣਾ ਛੱਡ ਦੇ
ਹੀਣ ਭਾਵਨਾ ਦਿਲ 'ਚੋਂ ਕੱਢ ਦੇ
ਨਾ ਬਣ ਅਬਲਾ, ਗੁਲਾਮੀ ਤੱਜ ਦੇ
ਚੰਡੀ ਦੇਵੀ ਦਾ ਰੂਪ ਲੈ ਧਾਰ
ਉਠ ਨਾਰੀ ਹੁਣ ਹੰਭਲਾ...।

ਟੀ. ਵੀ. 'ਤੇ ਆਉਣ ਦਾ ਰੂਪ ਵਟਾ ਦੇ
ਆਪਣੀ ਅਕਸ਼ ਸ਼ੀਹਣੀ ਦਿਖਲਾ ਦੇ
ਫਿਸਲਾਉਣਾ ਤੈਨੂੰ ਚਾਹੁੰਦੇ ਨੇ ਜੋ
ਸੱਟ ਕਰਾਰੀ ਉਨ੍ਹਾਂ 'ਤੇ ਮਾਰ
ਉਠ ਨਾਰੀ ਹੁਣ ਹੰਭਲਾ...।

ਤੇਰੇ 'ਤੇ ਲਾਉਣ ਪਾਬੰਦੀਆਂ ਜਿਹੜੇ
ਕਰਨੇ ਉਨ੍ਹਾਂ ਦੇ ਪੈਣੇ ਨਬੇੜੇ
ਜੋ ਤੈਨੂੰ ਮੰਡੀ ਦੀ ਵਸਤ ਬਣਾਉਂਦੇ
ਪ੍ਰਚੰਡ ਹੋ ਕੇ ਤੂੰ ਕਰਦੇ ਵਾਰ
ਉਠ ਨਾਰੀ ਹੁਣ ਹੰਭਲਾ...।

ਹੁਣ ਛੱਡ ਦਾਇਰਿਆਂ ਵਿਚ ਰਹਿਣਾ
ਪੂਰੀ ਆਜ਼ਾਦੀ ਨੂੰ ਤੈਂ ਲੈਣਾ
ਹੁਣ ਚੁੱਪ ਸਮੁੰਦਰ ਵਾਂਗ ਨਾ ਰਹਿ ਤੂੰ
ਤੂਫ਼ਾਨ ਦਾ ਬਣ ਜਾ ਉਛਾਲ
ਉਠ ਨਾਰੀ ਹੁਣ ਹੰਭਲਾ...।

ਮੀਲ ਪੱਥਰ ਵਾਂਗ ਗੱਡੀ ਜੇ ਰਹਿ ਗਈ
ਮਿਲਣੀ ਤੈਨੂੰ ਨਾ ਕੋਈ ਢੋਈ
ਤੈਨੂੰ ਧਨ ਕੁਬੇਰ ਨੇ ਚੋਗਾ ਪਾਉਂਦੇ
ਦੇ ਕੰਜਰ ਕੁੱਤੇ ਦੀ ਉਨ੍ਹਾਂ ਨੂੰ ਗਾਲ
ਉਠ ਨਾਰੀ ਹੁਣ ਹੰਭਲਾ...।

ਤੂੰ ਪੱਲੇ ਬੰਨ੍ਹ ਲੈ ਸਹਿਜ ਸੰਜਮ ਨੂੰ
ਸਿਰ 'ਤੇ ਤਰਕ ਦੀ ਚੁੰਨੀ ਲੈ ਲੈ
ਹੋਂਦ ਆਜ਼ਾਦੀ ਬਹਾਲ ਕਰਨ ਲਈ
ਮੋਹਣ 'ਭੰਵਰੇ' ਨਾਲ ਕਰ ਇਕਰਾਰ
ਉਠ ਨਾਰੀ ਹੁਣ ਹੰਭਲਾ...।

ਨਾ ਰਾਵਣ ਕਦੇ ਧਰਤ ਤੋਂ ਮੁੱਕਣੇ
ਨਾ ਬਾਬਰ ਹਮਲੇ ਕਰਨੋ ਰੁਕਣੇ
ਅਬਦਾਲੀ ਨਵੇਂ ਪੱਛਮ ਤੋਂ ਆਏ
ਅੱਖ ਉਨ੍ਹਾਂ ਦੀ ਨੂੰ ਤੂੰ ਤਾੜ
ਉਠ ਨਾਰੀ ਹੁਣ ਹੰਭਲਾ...।

ਧਰਮਾਂ ਤੈਨੂੰ ਗੁਲਾਮ ਬਣਾਇਆ
ਬਰਾਬਰ ਨਾ ਤੈਨੂੰ ਦਰਸਾਇਆ
ਤੈਨੂੰ ਉਨ੍ਹਾਂ ਨੇ ਅਬਲਾ ਕਹਿ ਕੇ
ਮਰਦ ਦਾ ਗਲਬਾ ਤੇਰੇ ਪਾਇਆ
ਹੁਣ ਗੁਲਾਮੀ ਜੂਲਾ ਦੇ ਉਤਾਰ
ਉਠ ਨਾਰੀ ਹੁਣ ਹੰਭਲਾ...।

ਜਗੀਰਦਾਰੀ ਤੈਨੂੰ ਧੌਂਸ ਵਿਖਾ ਕੇ
ਮਰਦ ਪ੍ਰਧਾਨ ਸਮਾਜ ਬਣਾਇਆ
ਸਰਮਾਏਦਾਰੀ ਮੰਡੀ ਵਸਤ ਬਣਾ ਕੇ
ਖੁੱਲ੍ਹੀ ਮੰਡੀ ਵਿਚ ਵਿਕਣੇ ਲਾਇਆ
ਵੈਰੀਆਂ ਲਈ ਬਣ ਜਾ ਲਲਕਾਰ
ਉਠ ਨਾਰੀ ਹੁਣ ਹੰਭਲਾ ਮਾਰ।

-ਮੋਹਣ ਭੰਵਰਾ
ਨਿਊ ਯਾਰਕ।
ਫ਼ੋਨ: 1-646-512-4800

# ਆਪਣੀ ਘੜੀ ਦੁਨੀਆਂ ਦੇ ਜਲਾਵਤਨੀਆਂ ਦੀ ਕਥਾ

## ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ ਦੀ ਫਿਲਮ 'ਲਾ ਅਵੈਨਚਰਾ' ਬਾਬਤ ਚਰਚਾ ਕੀਤੀ ਗਈ ਹੈ। -ਸੰਪਾਦਕ***




*ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ ਦੀ ਫਿਲਮ 'ਲਾ ਅਵੈਨਚਰਾ' ਦੇ ਇਕ ਦ੍ਰਿਸ਼ ਵਿਚ ਲੀਆ ਮਸਾਰੀ, ਗੈਬਰੀਅਲ ਫਰਜ਼ੇਤੀ ਅਤੇ ਮੋਨਿਕਾ ਵਿਤੀ।*

ਸਿਨੇਮਾ ਸਮੇਤ ਕਲਾ ਦੇ ਕਿਸੇ ਵੀ ਰੂਪ ਜਾਂ ਵੰਨਗੀ ਨੂੰ ਬਿਆਨਣ ਦਾ ਕੰਮ ਉਸ ਨੂੰ ਬਣਾਉਣ ਪਿੱਛੇ ਕੰਮ ਕਰਦੀ ਵਿਚਾਰਧਾਰਾ ਅਤੇ ਸਿਆਸਤ ਨੂੰ ਸਮਝਣ ਤੋਂ ਬਿਨਾਂ ਨਹੀਂ ਹੋ ਸਕਦਾ। ਸਿਨੇਮਾ ਦਾ ਵਿਸ਼ਲੇਸ਼ਣ ਕਰਦਿਆਂ ਫਿਲਮ ਅਤੇ ਫਿਲਮਸਾਜ਼ ਦੀਆਂ ਸਮਾਜਿਕ ਤੰਦਾਂ ਤੇ ਸਿਆਸੀ-ਆਰਥਿਕ ਪਿਛੋਕੜ ਫਰੋਲਣਾ ਜਿੱਥੇ ਫਿਲਮ ਵਿਚ ਵਰਤੇ ਗਏ ਸੰਕੇਤਾਂ, ਚਿੰਨ੍ਹਾਂ ਤੇ ਪ੍ਰਤੀਕਾਂ ਦੀ ਵਰਤੋਂ ਦੀ ਜ਼ਰੂਰਤ ਨੂੰ ਸਪਸ਼ਟ ਕਰਦਾ ਹੈ, ਉਥੇ ਇਨ੍ਹਾਂ ਦੀ ਕਲਾਤਮਿਕ ਮਹੱਤਤਾ ਸਬੰਧੀ ਬਣੇ ਮਾਪਦੰਡਾਂ ਬਾਰੇ ਵੀ ਨਵੀਂ ਦ੍ਰਿਸ਼ਟੀ ਦੇਣ ਵਿਚ ਸਮਰੱਥ ਹੈ। ਇਸ ਦੇ ਨਾਲ ਹੀ ਜਦੋਂ ਅਸੀਂ ਮਾਈਕਲਏਂਜਲੋ ਅੰਤੋਨੀਓਨੀ ਵਰਗੇ ਫਿਲਮਸ਼ਾਜ ਦੀਆਂ ਫਿਲਮਾਂ ਨੂੰ ਦੇਖਣ ਬੈਠਦੇ ਹਾਂ ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਉਸ ਦੀਆਂ ਫਿਲਮਾਂ ਵਿਚੋਂ ਸਮਾਜਿਕ, ਆਰਥਿਕ ਤੇ ਸਭਿਆਚਾਰਕ ਤੱਤ ਨਿਤਾਰਨ ਦੇ ਨਾਲ-ਨਾਲ ਉਨ੍ਹਾਂ ਵਿਚਲੇ ਸੁਹਜ, ਸੂਖਮਤਾ ਅਤੇ ਦਾਰਸ਼ਨਿਕ-ਬੌਧਿਕ ਪਰਤਾਂ ਨੂੰ ਵੀ ਨਿਤਾਰ ਸਕੀਏ।

ਇਸ ਦੇ ਨਾਲ ਹੀ ਕਲਾ ਦੇ ਕਿਰਦਾਰ ਅਤੇ ਉਹ ਕਿਸ ਦੇ ਹੱਕ ਵਿਚ ਭੁਗਤਦੀ ਹੈ, ਇਹ ਵੀ ਸੁਲਘਦਾ ਸਵਾਲ ਬਣ ਜਾਂਦਾ ਹੈ। ਕੀ ਉਸ ਕਲਾ ਨੂੰ ਬੁਰੀ ਕਲਾ ਕਿਹਾ ਜਾ ਸਕਦਾ ਹੈ ਜਿਹੜੀ ਸਿਰਫ ਤੇ ਸਿਰਫ ਕਿਸੇ ਕਲਾਕਾਰ ਜਾਂ ਫਿਲਮਸਾਜ਼ ਦਾ ਸਵੈ-ਪ੍ਰਗਟਾਵਾ ਹੀ ਹੁੰਦੀ ਹੈ? ਕੀ ਹੁੰਦਾ ਹੈ ਜੇਕਰ ਕੋਈ ਫਿਲਮਸਾਜ਼ ਕਲਾ ਦੀ ਵਰਤੋਂ ਤੇ ਸਮਝ ਨੂੰ ਉਸ ਦੀਆਂ ਪ੍ਰੰਪਰਾ ਵਾਲੀਆਂ ਲੀਹਾਂ ਤੇ ਵਿਧੀ-ਵਿਧਾਨ ਤੋਂ ਹਟ ਕੇ ਸਮੇਂ ਅਤੇ ਸਪੇਸ ਨੂੰ ਬਿਲਕੁੱਲ ਨਵੇਂ ਤਰੀਕੇ ਨਾਲ ਸੋਚਦਾ ਤੇ ਦੇਖਦਾ ਹੈ? ਅਸੀਂ ਮਾਈਕਲਏਂਜਲੋ ਅੰਤੋਨੀਓਨੀ ਬਾਰੇ ਇਹ ਦਾਅਵਾ ਉਸ ਦੀ ਹਰ ਫਿਲਮ ਦੇਖਦੇ ਹੋਏ ਕਰ ਸਕਦੇ ਹਾਂ। ਉਸ ਦੀਆਂ ਤਿੰਨ ਫਿਲਮਾਂ ਦੀ ਲੜੀ ਵਿਚੋਂ ਪਹਿਲੀ ਫਿਲਮ 'ਲਾ ਅਵੈਨਚਰਾ' ਦੀ ਕਹਾਣੀ ਵਿਚ ਜਿਸ ਤਰ੍ਹਾਂ ਉਸ ਨੇ ਦੂਜੀ ਸੰਸਾਰ ਜੰਗ ਤੋਂ ਬਾਅਦ ਇਟਲੀ ਦੀ ਉਚ ਵਰਗ ਜਮਾਤ ਦੇ ਖੋਖਲੇਪਣ ਦਾ ਖਾਕਾ ਖਿੱਚਦਿਆਂ ਉਨ੍ਹਾਂ ਦੀ ਜ਼ਿੰਦਗੀ ਵਿਚ ਆਈ ਨਿਰਾਰਥਕਤਾ ਅਤੇ ਬੇਹੇਪਣ ਦਾ ਚਿਤਰਨ ਕੀਤਾ ਹੈ, ਉਸ ਨੂੰ ਦੇਖਦਿਆਂ ਉਨ੍ਹਾਂ ਦੇ ਹਾਲਾਤ 'ਤੇ ਅਜੀਬ ਤਰਸ ਵੀ ਆਉਂਦਾ ਹੈ ਅਤੇ ਮਣਾਂ-ਮੂੰਹੀਂ ਗੁੱਸਾ ਵੀ ਆਉਂਦਾ ਹੈ। ਅਜਿਹੇ ਹਾਲਾਤ 'ਤੇ ਟਿੱਪਣੀ ਕਰਦਿਆਂ ਕਾਰਲ ਮਾਰਕਸ ਅਤੇ ਫਰੈਂਡਰਿਕ ਏਂਗਲਜ਼ ਲਿਖਦੇ ਹਨ ਕਿ ਬੁਰਜੂਆ ਜਮਾਤ ਨੇ ਇੱਕ ਇਨਸਾਨ ਅਤੇ ਦੂਜੇ ਇਨਸਾਨ ਦਾ ਰਿਸ਼ਤਾ ਪੈਸੇ-ਧੇਲੇ ਦੇ ਲੈਣ-ਦੇਣ ਤੱਕ ਮਹਿਦੂਦ ਕਰ ਦਿੱਤਾ ਹੈ। ਇਸ ਨੇ ਮੋਹ-ਮੁਹੱਬਤ ਵਰਗੀਆਂ ਸ਼ੈਆਂ ਨੂੰ ਵੀ ਨਾਪਣ-ਗਿਣਨ ਦੇ ਘੇਰੇ ਵਿਚ ਲਿਆ ਧਰਿਆ ਹੈ।

ਫਿਲਮ 'ਲਾ ਅਵੈਨਚਰਾ' ਦੀ ਕਹਾਣੀ ਦੇ ਕਿਰਦਾਰ ਸਵੈ-ਭਰਮਾਂ ਦੇ ਸਿਰਜੇ ਖਿਆਲਾਂ ਵਿਚ ਨਜ਼ਰਬੰਦ ਹਨ। ਉਨ੍ਹਾਂ ਦੀ ਜਮਾਤ ਜੰਗ ਤੋਂ ਬਾਅਦ ਦੀ ਟੁੱਟ-ਭੱਜ ਵਿਚ ਆਪਣੀ ਸਾਰਥਕਤਾ ਗੁਆ ਬੈਠੀ ਹੈ। ਸਾਰੀ ਫਿਲਮ ਵਿਚ ਲੱਗਦਾ ਰਹਿੰਦਾ ਹੈ ਕਿ ਕੋਈ ਵੀ ਕਿਰਦਾਰ ਕਿਸੇ ਵੀ ਸਮੇਂ ਲਾਪਤਾ ਹੋ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਉਹ ਇਤਿਹਾਸ ਵਿਚੋਂ ਹੀ ਹੌਲੀ-ਹੌਲੀ ਲਾਪਤਾ ਹੋ ਰਹੀ ਜਮਾਤ ਹੈ। ਇਟਲੀ ਦੇ ਲੋਕਾਂ ਨੇ ਇਸ ਜਮਾਤ ਤੋਂ ਲੈਣਾ ਕੀ ਹੈ ਜਦੋਂ ਉਨ੍ਹਾਂ ਨੂੰ ਇਹ ਸਾਫ ਹੋ ਚੁੱਕਿਆ ਹੈ ਕਿ ਇਸ ਜਮਾਤ ਨੇ ਹਮੇਸ਼ਾ ਉਨ੍ਹਾਂ ਦੇ ਦੁਸ਼ਮਣਾਂ ਦੀ ਧਿਰ ਦੇ ਹੱਕ ਵਿਚ ਹੀ ਭੁਗਤਣਾ ਹੈ। ਇਸੇ ਕਾਰਨ ਲੋਕਾਂ ਨੇ ਉਨ੍ਹਾਂ ਦੇ ਜੀਵਨ ਵਿਚ ਦਿਲਚਸਪੀ ਲੈਣੀ ਹੀ ਬੰਦ ਕਰ ਦਿੱਤੀ ਹੈ। ਉਹ ਹੁਣ ਆਪਣੀ ਮਾਇਆ ਦਾ ਦਿਖਾਵਾ ਕਰਨ ਤਾਂ ਕਿੱਥੇ ਕਰਨ? ਉਨ੍ਹਾਂ ਦੇ ਕੀਮਤੀ ਕੱਪੜਿਆਂ, ਮਹਿੰਗੀਆਂ ਗੱਡੀਆਂ ਤੇ ਆਲੀਸ਼ਾਨ ਮਕਾਨਾਂ ਦੀਆਂ ਕਤਾਰਾਂ ਦੇ ਪਿੱਛੇ ਉਨ੍ਹਾਂ ਦੀ ਬੇਮਤਲਬ ਤੇ ਖੋਖਲੀ ਜ਼ਿੰਦਗੀ ਕਦੋਂ ਤੱਕ ਛੁਪ ਸਕਦੀ ਹੈ?


ਦਰਅਸਲ, ਉਨ੍ਹਾਂ ਦੇ ਚਿਹਰੇ ਡਰਾਂ ਦੇ ਚਿਹਰੇ ਹਨ। ਉਨ੍ਹਾਂ ਦੀ ਮੁਸਕਰਾਹਟ ਵਿਚ ਗਹਿਰੀ ਉਦਾਸੀ ਹੈ। ਉਨ੍ਹਾਂ ਦੇ ਸ਼ਬਦਾਂ ਪਿੱਛੇ ਭੈਅ ਅਤੇ ਦਹਿਸ਼ਤ ਦਾ ਸਾਮਰਾਜ ਹੈ। ਹਰ ਸਮੇਂ ਸਾਵਧਾਨ ਅਤੇ ਚੰਗੇ ਬਣੇ ਰਹਿਣ ਦੀ ਥੋਥੀ ਤੇ ਵੇਲਾ ਵਹਾ ਚੁੱਕੀ ਨੈਤਿਕਤਾ ਨੇ ਉਨ੍ਹਾਂ ਦਾ ਸਾਹ ਸੂਤਿਆ ਹੋਇਆ ਹੈ। ਉਨ੍ਹਾਂ ਨੂੰ ਮਰਿਆਂ ਹੋਇਆਂ 'ਤੇ ਅਫਸੋਸ ਕਰਨਾ ਭੁੱਲ ਗਿਆ ਹੈ। ਉਨ੍ਹਾਂ ਨੂੰ ਨਹੀਂ ਪਤਾ ਕਿ ਕਿਸੇ ਨਾਲ ਗਲੇ ਕਿਵੇਂ ਮਿਲਣਾ ਹੈ। ਉਨ੍ਹਾਂ ਦੀ ਨਜ਼ਰ ਇਸ ਦੁਨੀਆ ਨੂੰ ਮੁਹੱਬਤ ਦੀ ਨਜ਼ਰ ਨਾਲ ਚੁੰਮਣਾ ਭੁੱਲ ਚੁੱਕੀ ਹੈ (ਬਕੌਲ ਪਾਸ਼)। ਉਨ੍ਹਾਂ ਨੂੰ ਨਹੀਂ ਪਤਾ ਕਿ ਗਵਾਚਿਆਂ ਦੀ ਭਾਲ ਕਿਵੇਂ ਕਰਨੀ ਹੈ? ਉਨ੍ਹਾਂ ਨੂੰ ਹਵਾ, ਪਾਣੀ ਤੇ ਧਰਤੀ ਦਾ ਧੰਨਵਾਦ ਕਰਨਾ ਭੁੱਲ ਗਿਆ ਹੈ। ਆਦਮੀ ਤਾਂ ਕੀ, ਉਹ ਜਾਨਵਰਾਂ ਦੀਆਂ ਅੱਖਾਂ ਵਿਚ ਝਾਕਣ ਦਾ ਵੱਲ ਭੁੱਲ ਚੁੱਕੀ ਜਮਾਤ ਹੈ। ਉਨ੍ਹਾਂ ਦੀਆਂ ਜੜ੍ਹਾਂ ਪੂੰਜੀ ਨੇ ਸਰਾਪ ਦਿੱਤੀਆ ਹਨ। ਸਮਾਜਿਕ ਤੌਰ 'ਤੇ ਉਹ ਭੁੱਲ ਚੁੱਕੇ ਹਨ ਕਿ ਉਨ੍ਹਾਂ ਦੇ ਜੰਮਣ ਦਾ ਮਕਸਦ ਕੀ ਹੈ। ਪੈਸਾ ਉਨ੍ਹਾਂ ਦਾ ਖੁਦਾ ਅਤੇ ਖਸਮ ਹੈ। ਉਨ੍ਹਾਂ ਨੂੰ ਨਹੀਂ ਪਤਾ ਕਿ ਕਿਸੇ ਨੂੰ ਚੇਤੇ ਕਿਵੇਂ ਕਰਨਾ ਹੈ ਜਾਂ ਭੁੱਲਣਾ ਕਿਵੇਂ ਹੈ? ਉਹ ਬੰਦਿਆਂ ਨਾਲੋਂ ਵੱਧ ਚੀਜ਼ਾਂ 'ਤੇ ਯਕੀਨ ਕਰਨ ਦੀ ਭਿਆਨਕ ਬਿਮਾਰੀ ਤੋਂ ਪੀੜਤ ਹਨ। ਉਨ੍ਹਾਂ ਨੂੰ ਸਮਾਜਿਕ ਬੇਲਾਗਤਾ ਦਾ ਰੋਗ ਅਤੇ ਇਕਲਾਪੇ ਦੀ ਲਾਗ ਲੱਗ ਚੁੱਕੀ ਹੈ।

ਉਹ ਮਹਿੰਗੇ ਭਾਂਡੇ ਖਰਾਬ ਹੋਣ ਦੇ ਡਰੋਂ ਸਵਾਦ ਖਾਣੇ ਤੱਕ ਨਹੀਂ ਖਾ ਸਕਦੇ। ਉਹ ਆਪਣੇ ਨਰਮ ਗੱਦਿਆਂ 'ਤੇ ਦੁਨੀਆ ਦੇ ਸਭ ਤੋਂ ਮਾੜੇ ਸੁਪਨੇ ਦੇਖਦੇ ਹਨ। ਉਨ੍ਹਾਂ ਦੀ ਜ਼ਿੰਦਗੀ ਵਿਚ ਇੱਕ ਚੀਜ਼ ਹੀ ਸਥਿਰ ਤੇ ਲੰਮੇ ਸਮੇਂ ਲਈ ਟਿਕਦੀ ਹੈ, ਤੇ ਉਹ ਹੈ ਉਨ੍ਹਾਂ ਦੀ ਆਪਸੀ ਈਰਖਾ ਤੇ ਵਿਸ਼ਵਾਸ ਦੀ ਕਮੀ। ਉਹ ਆਪਣੇ ਹੀ ਪਰਛਾਵਿਆਂ 'ਤੇ ਸ਼ੱਕ ਕਰਨ ਵਾਲੀ ਜਮਾਤ ਹੈ। ਇਹ ਜਮਾਤ ਇਤਿਹਾਸ ਨਾਲ ਸਦਾ ਹੀ ਠੱਗੀ ਕਰਦੀ ਰਹੀ ਹੈ। ਇਸ ਦੀ ਹੋਂਦ ਹੀ ਇਸ ਦੀ ਬੇਈਮਾਨੀ ਅਤੇ ਮੁਨਾਫੇ ਦੇ ਅਸ਼ਲੀਲ ਫਲਸਫੇ ਵਿਚ ਪਈ ਹੈ। ਇਸ ਜਮਾਤ ਨੂੰ ਬਹੁਤੀ ਵਾਰ ਇਹ ਵੀ ਪਤਾ ਨਹੀਂ ਲੱਗਦਾ ਕਿ ਉਸ ਦਾ ਸਿਰਫ ਕਲਬੂਤ ਰਹਿ ਗਿਆ ਹੈ, ਰੂਹ ਤਾਂ ਚਿਰਾਂ ਦੀ ਮਰ ਚੁੱਕੀ ਹੈ!

ਮਾਈਕਲਏਂਜਲੋ ਅੰਤੋਨੀਓਨੀ ਦਾ ਕੈਮਰਾ ਬਹੁਤ ਬੇਕਿਰਕੀ ਅਤੇ ਬਾਰੀਕੀ ਨਾਲ ਇਨ੍ਹਾਂ ਦੀ ਜ਼ਿੰਦਗੀ ਛਾਣਦਾ ਹੈ। ਉਹ ਕਹਿੰਦਾ ਹੈ, "ਇਨ੍ਹਾਂ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਮੈਂ ਇਨ੍ਹਾਂ ਵਿਚ ਹੀ ਪਲ ਕੇ ਜਵਾਨ ਹੋਇਆ ਹਾਂ। ਇਹ 'ਕੁੱਝ ਵੀ ਨਹੀਂ' ਦੇ ਜਵਾਰਭਾਟੇ ਵਿਚ ਫਸ ਚੁੱਕੀ ਜਮਾਤ ਹੈ। ਇਹ ਲਾਪਤਾ ਹੋ ਰਹੇ ਬੰਦਿਆਂ ਦੀ ਜਮਾਤ ਹੈ।"

ਇਹ ਜਾਣਨਾ ਦਿਲਚਸਪ ਹੈ ਕਿ ਜਿਸ ਦੌਰ ਵਿਚ ਇਹ ਫਿਲਮ ਬਣੀ ਹੈ, ਉਹ ਦੌਰ ਗੁਕੀ ਵਰਗੇ ਫੈਸ਼ਨ ਬਰਾਂਡ, ਫੀਏਟ ਵਰਗੀ ਕਾਰ ਅਤੇ ਮਹਿੰਗੇ ਸਮੁੰਦਰੀ ਸਫਰਾਂ 'ਤੇ ਜਾਣ ਦੀ ਭੇਡਚਾਲ ਦਾ ਦੌਰ ਹੈ। ਉਸ ਦੀ ਇਸ ਫਿਲਮ ਦੀ ਕਹਾਣੀ ਅਨੁਸਾਰ ਉਚ ਵਰਗ ਨਾਲ ਸਬੰਧਿਤ ਦੋ ਪ੍ਰੇਮੀ ਸਮੁੰਦਰੀ ਸਫਰ 'ਤੇ ਨਿਕਲੇ ਹਨ ਅਤੇ ਉਨ੍ਹਾਂ ਨਾਲ ਪ੍ਰੇਮਿਕਾ ਦੀ ਦੋਸਤ ਵੀ ਜਾ ਰਹੀ ਹੈ। ਸਫਰ ਦੌਰਾਨ ਹੀ ਪ੍ਰੇਮਿਕਾ ਗੁੰਮ ਹੋ ਜਾਂਦੀ ਹੈ ਅਤੇ ਪ੍ਰੇਮੀ ਤੇ ਪ੍ਰੇਮਿਕਾ ਦੀ ਉਹ ਦੋਸਤ ਉਸ ਦੀ ਤਲਾਸ਼ ਵਿਚ ਜੁਟ ਜਾਂਦੇ ਹਨ ਪਰ ਹੌਲੀ-ਹੌਲੀ ਦਰਸ਼ਕਾਂ ਨੂੰ ਇਹ ਸਮਝ ਆਉਣਾ ਸ਼ੁਰੂ ਹੋ ਜਾਂਦਾ ਹੈ ਕਿ ਤਲਾਸ਼ ਦੀ ਆੜ ਵਿਚ ਉਹ ਦੋਵੇਂ ਇਸ ਸਮੇਂ ਨੂੰ ਆਪਸ ਵਿਚ ਐਸ਼ਪ੍ਰਸਤੀ ਲਈ ਬਿਤਾਉਣ ਲੱਗ ਪਏ ਹਨ। ਉਸ ਗੁਆਚੀ ਜਾਨ ਦਾ ਦੁੱਖ ਅਤੇ ਦਰਦ ਸਿਰਫ ਉਨ੍ਹਾਂ ਦੇ ਰਸਮੀ ਸ਼ਬਦਾਂ ਵਿਚ ਬਚਿਆ ਰਹਿ ਗਿਆ ਹੈ ਤੇ ਉਹ ਦੁਨੀਆ ਸਾਹਮਣੇ ਇਸ ਪਾਖੰਡ ਦਾ ਖੂਬ ਦਿਖਾਵਾ ਕਰਦੇ ਹਨ; ਇਥੋਂ ਤੱਕ ਕਿ ਅੰਤ ਤੱਕ ਪਹੁੰਚਦਿਆਂ ਉਹ ਆਪਸ ਵਿਚ ਹੀ ਝੂਠ ਰਾਹੀਂ ਇੱਕ-ਦੂਜੇ ਨੂੰ ਧੋਖਾ ਦੇਣ ਲੱਗ ਪੈਂਦੇ ਹਨ। ਇੱਥੇ ਇਸ ਫਿਲਮ ਦਾ ਅੰਤ ਹੋ ਜਾਂਦਾ ਹੈ। ਫਿਲਮ ਦੇਖਦਿਆ ਸਾਫ ਸਮਝ ਆਉਂਦੀ ਹੈ ਕਿ ਕਿਵੇਂ ਇਸ ਜਮਾਤ ਨੇ ਸਵਾਰਥੀ ਹਿੱਤਾਂ ਲਈ ਪਿਆਰ ਤੇ ਇਨਸਾਨੀਅਤ ਨੂੰ ਵੀ ਖਬਤੀ ਰੁਝਾਨ ਅਤੇ ਜਿਊਣ ਨੂੰ ਤਮਾਸ਼ੇ ਵਿਚ ਬਦਲ ਦਿੱਤਾ ਹੈ। ਇਹ ਆਪਣੀ ਹੀ ਰਚੀ ਅਤੇ ਘੜੀ ਦੁਨੀਆ ਵਿਚੋਂ ਖੁਦ ਹੀ ਜਲਾਵਤਨ ਹੋਏ ਲੋਕਾਂ ਦੀ ਕਹਾਣੀ ਹੈ। ਉਨ੍ਹਾਂ ਦੀ ਜਮਾਤ ਹੀ ਉਨ੍ਹਾਂ ਦਾ ਕਿਰਦਾਰ ਹੈ।

ਮਾਈਕਲਏਂਜਲੋ ਅੰਤੋਨੀਓਨੀ ਦੀ ਫਿਲਮ 'ਲਾ ਅਵੈਨਚਰਾ' ਵਿਚ ਫਿਲਮਸਾਜ਼ ਉਨ੍ਹਾਂ ਸਮਾਜਿਕ ਹਾਲਾਤ ਅਤੇ ਜਮਾਤੀ ਸਮਾਜੀਕਰਨ ਦਾ ਚਿਤਰਨ ਕਰਦਾ ਹੈ ਜੋ ਕਿਸੇ ਵੀ ਮਨੁੱਖ ਦੇ ਕਿਰਦਾਰ ਤੇ ਵਰਤਾਉ ਦਾ ਆਧਾਰ ਬਣਦਾ ਹੈ। ਬੁਰਜੂਆਜ਼ੀ ਵਿਚ ਪਈ ਸਤਹੀ ਨੈਤਕਿਤਾ ਅਤੇ ਉਚ ਸਮਾਜਿਕ ਜਮਾਤ ਦੇ ਪਾਖੰਡ 'ਤੇ ਸਵਾਲ ਖੜ੍ਹਾ ਕਰਦਾ ਉਸ ਦਾ ਕੈਮਰਾ ਇਸ ਜਮਾਤ ਵਿਚ ਜਨਮੇ ਬੰਦਿਆਂ ਦੇ ਅੰਦਰੂਨੀ ਕਲੇਸ਼ਾਂ ਤੇ ਉਨ੍ਹਾਂ ਦੀ ਹੋਣੀ ਨੂੰ ਜ਼ਬਾਨ ਦਿੰਦਾ ਹੈ।





*ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ (ਖੱਬੇ) ਅਤੇ (ਸੱਜੇ) ਫਿਲਮ 'ਲਾ ਅਵੈਨਚਰਾ' ਦਾ ਇਕ ਹੋਰ ਦ੍ਰਿਸ਼।*

# ਕਿਆਰਾ ਦਾ ਨਿਆਰਾਪਣ



ਸਾਲ 2020 ਕਰੋਨਾ ਮਹਾਮਾਰੀ ਕਾਰਨ ਸਭ ਵਰਗਾਂ ਲਈ ਮਾੜਾ ਹੀ ਰਿਹਾ ਹੈ। ਫਿਲਮੀ ਦੁਨੀਆ ਲਈ ਵੀ ਇਹ ਸਾਲ ਬਹੁਤ ਹੀ ਮਾੜਾ ਸਾਬਤ ਹੋਇਆ ਹੈ। ਕਰੋਨਾ ਦੇ ਹਮਲੇ ਤੋਂ ਬਾਅਦ ਕੋਈ ਫਿਲਮ ਢੰਗ ਨਾਲ ਰਿਲੀਜ਼ ਨਹੀਂ ਹੋਈ, ਨਵੀਆਂ ਫਿਲਮਾਂ ਦੀ ਸ਼ੂਟਿੰਗ ਉੱਕਾ ਹੀ ਬੰਦ ਹੋ ਗਈ। ਫਿਰ ਕੁਝ ਲੋਕਾਂ ਨੇ ਹੋਰ ਮੰਚਾਂ ਰਾਹੀਂ ਆਪਣੀ ਹਾਜ਼ਰੀ ਲੁਆਉਣੀ ਆਰੰਭ ਕੀਤੀ ਪਰ ਫਿਲਮ ਰਿਲੀਜ਼ ਵਰਗੀ ਗੱਲ ਫਿਰ ਵੀ ਨਾ ਬਣੀ ਅਤੇ ਸਭ ਨੇ ਆਪਣੀ ਡੋਰਾਂ ਫਿਲਮ ਰਿਲੀਜ਼ 'ਤੇ ਹੀ ਰੱਖੀਆਂ।

ਹੁਣ ਰਤਾ ਕੁ ਸਾਹ ਆਇਆ ਹੈ ਤਾਂ ਫਿਲਮਾਂ ਰਿਲੀਜ਼ ਹੋਣ ਲੱਗੀਆਂ ਹਨ ਅਤੇ ਨਵੀਆਂ ਫਿਲਮਾਂ ਦੀ ਸ਼ੂਟਿੰਗ ਬਗੈਰਾ ਵੀ ਸ਼ੁਰੂ ਹੋਈ ਹੈ। ਅਦਾਕਾਰਾ ਕਿਆਰਾ ਅਡਵਾਨੀ ਦੀ ਫਿਲਮ 'ਸ਼ੇਰਸ਼ਾਹ' 2 ਜੁਲਾਈ 2020 ਨੂੰ ਰਿਲੀਜ਼ ਹੋਣੀ ਸੀ ਜੋ ਹੁਣ ਪੂਰੇ ਇਕ ਸਾਲ ਬਾਅਦ 3 ਜੁਲਾਈ 2021 ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫਿਲਮ ਦਾ ਹੀਰੋ ਸਿਧਾਰਥ ਮਲਹੋਤਰਾ ਹੈ ਅਤੇ ਇਹ ਫਿਲਮ ਪਰਮਵੀਰ ਚੱਕਰ ਵਿਜੇਤਾ ਕੈਪਟਨ ਵਿਕਰਮ ਬਤਰਾ ਦੇ ਜੀਵਨ ਉਤੇ ਆਧਾਰਿਤ ਹੈ। ਇਸ ਫਿਲਮ ਵਿਚ ਸਿਧਾਰਥ ਨੇ ਡਬਲ ਰੋਲ ਕੀਤਾ ਹੈ। ਉਸ ਨੇ ਵਿਕਰਮ ਦੇ ਜੌੜੇ ਭਰਾ ਵਿਸ਼ਾਲ ਦਾ ਕਿਰਦਾਰ ਵੀ ਨਿਭਾਇਆ ਹੈ। 'ਸ਼ੇਰਸ਼ਾਹ' ਤੋਂ ਇਲਾਵਾ ਕਿਆਰਾ ਦੀਆਂ ਦੋ ਹੋਰ ਫਿਲਮਾਂ ਦੀ ਸ਼ੂਟਿੰਗ ਵੀ ਚੱਲ ਰਹੀ ਹੈ; ਇਹ ਫਿਲਮਾਂ ਹਨ: 'ਭੂਲ ਭਲੱਈਆ-2' ਅਤੇ 'ਜੁਗ ਜੁਗ ਜੀਓ'।

ਕਿਆਰਾ ਅਡਵਾਨੀ ਜਿਸ ਦਾ ਅਸਲੀ ਆਲੀਆ ਅਡਵਾਨੀ ਹੈ, ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 2014 ਵਿਚ ਫਿਲਮ 'ਫੁਗਲੀ' ਨਾਲ ਕੀਤੀ ਸੀ। ਬਾਕਸ ਆਫਿਸ ਉਤੇ ਇਹ ਫਿਲਮ ਕਾਮਯਾਬ ਰਹੀ ਸੀ। ਹੁਣ ਕਿਆਰਾ ਅਡਵਾਨੀ ਨੂੰ 'ਸ਼ੇਰਸ਼ਾਹ' ਤੋਂ ਬੜੀਆਂ ਆਸਾਂ ਹਨ।

ਕਿਆਰਾ ਦਾ ਕਹਿਣਾ ਹੈ ਕਿ ਉਹ ਫਿਲਮਾਂ ਪਿੱਛੇ ਨਹੀਂ ਭੱਜਦੀ ਅਤੇ ਨਾ ਹੀ ਕਦੀ ਭੱਜੇਗੀ। ਉਂਜ, ਉਹ ਚਾਹੁੰਦੀ ਹੈ ਕਿ ਉਹ ਆਪਣੀ ਅਦਾਕਾਰੀ ਦੇ ਸਿਰ ਉਤੇ ਫਿਲਮੀ ਦੁਨੀਆ ਅੰਦਰ ਆਪਣਾ ਨਾਮ ਕਮਾਵੇ ਅਤੇ ਦਰਸ਼ਕਾਂ ਦੇ ਦਿਲਾਂ ਉਤੇ ਚਿਰਾਂ ਤੱਕ ਰਾਜ ਕਰੇ।

XPressCargo

Tel.: 317-426-5410
Ext. 2001 & 2403

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com